ਕੁਲ ਸੰਸਾਰ ਇਕ ਪਰਿਵਾਰ...

# ਨਵੀਂ ਦੁਨੀਆ

# Nawi Dunia

Free




20 ਅਕਤੂਬਰ 1905 : ਉਘੇ ਸ਼ਾਇਰ ਪ੍ਰੋ. ਮੋਹਨ ਸਿੰਘ ਦਾ ਜਨਮ ਦਿਨ


ਸਾਲ : 4 ਅੰਕ : 10 Phone : 780 465 9118, 403 830 7007, 204 510 6284 : Fax: 780 465 0661, e-mail: info@nawidunia.com ਅਕਤੂਬਰ 2013





ਕਮਿਊਨਿਸਟ ਪਾਰਟੀ ਕਨੇਡਾ ਵਲੋਂ ਪਬਲਿਕ ਆਟੋ... ਪੰਨਾ-3



ਸਰਕਾਰੀਆ ਨੇ ਬਾਜਵਾ ਖ਼ਿਲਾਫ਼ .... ਪੰਨਾ-9



.... ਭਗਤ ਸਿੰਘ ਕਿਵੇਂ ਬਣਿਆ : ਵਿਸ਼ਣੂ ਖਰੇ ਪੰਨਾ-27



ਨਾਬਰ : ਹੱਕ ਇਨਸਾਫ਼ ਦੀ ਬਾਤ ਪੰਨਾ-46


# ‘ਸ਼ੱਟਡਾਊਨ’ ਕਰ ਦੇਵੇਗਾ ਅਮਰੀਕਾ ਨੂੰ ਦੀਵਾਲੀਆ

ਨਿਊਯਾਰਕ (ਨਦਬ) : ਦੁਨੀਆ ਦੇ ਸਭ ਤੋਂ ਵੱਡੀ ਮਹਾਂ ਸ਼ਕਤੀ ਅਖਵਾਉਂਦਾ ਅਮਰੀਕਾ ਸਿਆਸੀ ਅੜਿੱਕੇ ਕਾਰਨ ਡੂੰਘੇ ਆਰਥਕ ਸੰਕਟ ਵਿਚ ਘਿਰ ਗਿਆ ਹੈ। ਵਿਰੋਧੀ ਧਿਰ ਅਤੇ ਹਕੂਮਤੀ ਧਿਰ ਦੀ ਖਿੱਚੋਤਾਣ ਵਿਚ ਸਰਕਾਰੀ ਬਜਟ, ਸੰਸਦ ਵਿਚ ਅਟਕਿਆ ਪਿਆ ਹੈ ਅਤੇ ‘ਸ਼ੱਟਡਾਊਨ’ (ਗੈਰ ਜ਼ਰੂਰੀ ਸਰਕਾਰੀ ਸੇਵਾ ਬੰਦ/ਕੰਮਬੰਦੀ) ਦੇ ਹਾਲਾਤ ਬਣ ਗਏ ਹਨ। ਹਾਲਤ ਇਹ ਹੈ ਕਿ ਅਮਰੀਕੀ ਸਰਕਾਰ ਕੋਲ ਖ਼ਰਚ ਚਲਾਉਣ ਲਈ ਪੈਸਾ ਨਹੀਂ ਹੈ। ਅਮਰੀਕੀ ਸਰਕਾਰ ਨੇ ਆਪਣੀਆਂ ਨਾਕਾਮੀਆਂ ਦਾ ਨਜ਼ਲਾ ਸਾਧਾਰਨ ਸਰਕਾਰੀ ਮੁਲਾਜ਼ਮਾਂ ’ਤੇ ਹੀ ਸੁੱਟਿਆ ਹੈ ਤੇ ਅੱਠ ਲੱਖ ਮੁਲਾਜ਼ਮਾਂ ਨੂੰ ਬਿਨਾਂ ਤਨਖ਼ਾਹੋਂ ਛੁੱਟੀ ’ਤੇ ਭੇਜ ਦਿੱਤਾ ਹੈ। ਆਰਥਕ ਮਾਹਰ ਮੰਨਦੇ ਹਨ ਕਿ ਅਮਰੀਕਾ ਵਿਹਾਰਕ ਤੌਰ ’ਤੇ ਦੀਵਾਲੀਆ ਵੀ ਹੋ ਸਕਦਾ ਹੈ। ਰਾਸ਼ਟਰਪਤੀ ਬਰਾਕ ਓਬਾਮਾ ਅਤੇ ਵਿਰੋਧੀ ਧਿਰ ਵਿਚਾਲੇ ਸਮਾਂ ਰਹਿੰਦਿਆਂ ਜੇਕਰ ਸਹਿਮਤੀ ਨਾ ਬਣੀ ਤਾਂ ਅਮਰੀਕਾ ਕਰਜ਼ ਲਾਹੁਣ ਵਿਚ ਨਾਕਾਮ ਹੋ ਜਾਵੇਗਾ। ਇਸ ਦਾ ਅਸਰ ਸਾਰੇ ਸੰਸਾਰ ਦੀਆਂ ਅਰਥ ਵਿਵਸਥਾਵਾਂ ’ਤੇ ਪਵੇਗਾ ਤੇ ਅਮਰੀਕਾ ਦੇ ਡਿਫ਼ਾਲਟਰ ਹੋਣ ਦਾ ਵੀ ਖ਼ਤਰਾ ਵੱਧ ਜਾਵੇਗਾ। ਦੱਸਣਯੋਗ ਹੈ ਕਿ ਅਮਰੀਕੀ ਸਰਕਾਰ ਦੇ ਕਰਜ਼ੇ ਦੀ ਸੀਮਾ 16700 ਅਰਬ ਡਾਲਰ ਹੈ ਤੇ ਇਹ 17 ਅਕਤੂਬਰ ਨੂੰ ਖ਼ਤਮ ਹੋ ਜਾਵੇਗੀ। ਇਸ ਹਿਸਾਬ ਨਾਲ ਅਮਰੀਕਾ ਲਈ ਅਕਤੂਬਰ ਮਹੀਨੇ ਦਾ ਮੱਧ ਦਾ ਸਮਾਂ ਬੇਹੱਦ ਅਹਿਮ ਹੈ ਤੇ ਜੇ ਇਵੇਂ ਹੀ ਰਿਹਾ ਤਾਂ ਅਮਰੀਕਾ ਨੂੰ ਦੀਵਾਲੀਆ ਹੋਣ ਤੋਂ ਸ਼ਾਇਦ ਹੀ ਕੋਈ ਬਚਾ ਸਕੇ।



## ਚਾਰਾ ਘੁਟਾਲੇ ਵਿਚ ਲਾਲੂ ਨੂੰ ਪੰਜ ਸਾਲ ਦੀ ਕੈਦ

ਰਾਂਚੀ (ਨਦਬ) : ਰਾਂਚੀ ਦੀ ਵਿਸ਼ੇਸ਼ ਅਦਾਲਤ ਨੇ ਚਾਰਾ ਘੁਟਾਲੇ ਦੇ ਮਾਮਲੇ ਵਿਚ ਬਿਹਾਰ ਦੇ ਸਾਬਕਾ ਮੁੱਖ ਮੰਤਰੀ ਲਾਲੂ ਪ੍ਰਸਾਦ ਯਾਦਵ ਨੂੰ ਪੰਜ ਸਾਲ ਦੀ ਸਜ਼ਾ ਸੁਣਾਈ ਹੈ। ਨਾਲ ਹੀ ਅਦਾਲਤ ਨੇ 25 ਲੱਖ ਦਾ ਜੁਰਮਾਨਾ ਵੀ ਕੀਤਾ ਹੈ। ਇਸ ਘੁਟਾਲੇ ਦੇ ਹੋਰ ਦੋਸ਼ੀ ਸਾਬਕਾ ਮੁੱਖ ਮੰਤਰੀ ਜਗਨਨਾਥ ਮਿਸ਼ਰ ਨੂੰ ਚਾਰ ਸਾਲ ਦੀ ਸਜ਼ਾ ਤੇ ਦੋ ਲੱਖ ਰੁਪਏ ਜੁਰਮਾਨਾ ਕੀਤਾ ਗਿਆ ਹੈ।


☛ ਬਾਕੀ ਸਫ਼ਾ 41 ’ਤੇ


## ਦਾਗੀ ਸੰਸਦ ਮੈਂਬਰਾਂ ਬਾਰੇ ਆਰਡੀਨੈਂਸ ਵਾਪਸ



ਨਵੀਂ ਦਿੱਲੀ (ਨਦਬ) : ਭਾਰਤ ਦੇ ਦਾਗੀ ਸੰਸਦ ਮੈਂਬਰਾਂ ਅਤੇ ਵਿਧਾਇਕਾਂ ਨੂੰ ਬਚਾਉਣ ਲਈ ਲਿਆਂਦਾ ਜਾਣਾ ਵਾਲਾ ਆਰਡੀਨੈਂਸ ਕੈਬਨਿਟ ਨੇ ਵਾਪਸ ਲੈਣ ਦਾ ਫ਼ੈਸਲਾ ਕੀਤਾ ਹੈ। ਪ੍ਰਧਾਨ ਮੰਤਰੀ ਦੀ ਅਗਵਾਈ ਵਿਚ ਹੋਈ ਕੈਬਨਿਟ ਦੀ ਮੀਟਿੰਗ ਵਿਚ ਆਰਡੀਨੈਂਸ ਅਤੇ ਬਿਲ ਵਾਪਸ ਲੈਣ ਦਾ ਫ਼ੈਸਲਾ ਕੀਤਾ ਗਿਆ। ਮੀਟਿੰਗ ਤੋਂ ਬਾਅਦ ਸੂਚਨਾ ਅਤੇ ਪ੍ਰਸਾਰਨ ਮੰਤਰੀ ਮਨੀਸ਼ ਤਿਵਾੜੀ ਨੇ ਕਿਹਾ,


☛ ਬਾਕੀ ਸਫ਼ਾ 41 ’ਤੇ



3rd in CANADA FOR CENTURY 21-2005
Century 21 Canada Masters Hall of Fame Inductee
Sweg Deol "Your Key Connection To Real Estate"



Please call for all your Commercial Real Estate Needs in Hotel, Motel, Apartments & Shopping Centers
Land Parcels Available in throughout Alberta
A.L.L. Stars Realty Ltd., 312 Saddleback Road, T6J 4R7
Cell: (780) 951-9873 Bus: (780) 434-4700





## ਕਨੇਡਾ ਦੀ ਆਬਾਦੀ 35 ਮਿਲੀਅਨ ਤੋਂ ਟੱਪੀ

ਓਟਾਵਾ, (ਨਦਬ) : ਕਨੇਡਾ ਦੀ ਆਬਾਦੀ 35 ਮਿਲੀਅਨ ਤੋਂ ਟੱਪ ਗਈ ਹੈ, ਜੋ ਪਿਛਲੇ ਸਾਲ ਨਾਲੋਂ 1.2% ਵੱਧ ਹੈ। ਇਹ ਜਾਣਕਾਰੀ ਸਟੈਟਿਕਸ ਕਨੇਡਾ ਨੇ ਜਾਰੀ ਕੀਤੀ ਹੈ। ਇਸ ਵੇਲੇ ਕਨੇਡਾ ਦੀ ਆਬਾਦੀ 35,158,300 ਹੈ ਜੋ ਪਿਛਲੇ ਸਾਲ ਨਾਲੋਂ 4,04,000 ਵੱਧ ਹੈ। ਰਿਪੋਰਟ ਅਨੁਸਾਰ 1986-1990 ਨੂੰ ਛੱਡ ਕੇ ਇਹ ਵਾਧਾ 0.8 ਤੋਂ 1.2% ਦੇ ਵਿਚਕਾਰ ਹੀ ਰਿਹਾ ਹੈ। ਪਿਛਲੇ ਸਾਲ ਵਿਚ ਸਭ ਤੋਂ ਜ਼ਿਆਦਾ ਵਾਧਾ ਅਲਬਰਟਾ 3.4% ਨੂਨਾਵੱਟ 2.5% ਅਤੇ ਸਸਕੈਚਵਨ 1.9% ਸੀ। ਇਹ ਵਾਧਾ ਵੱਡੀ ਗਿਣਤੀ ਵਿਚ ਇੰਮੀਗਰਾਂਟਾਂ ਦਾ ਇਨ੍ਹਾਂ ਸੂਬਿਆਂ ਵਿਚ ਆਉਣਾ ਜਾਂ ਬਾਕੀ ਸੂਬਿਆਂ ਵਿਚੋਂ ਲੋਕਾਂ ਦਾ ਇਨ੍ਹਾਂ ਸੂਬਿਆਂ ਵਿਚ ਜਾਣ ਕਰ ਕੇ ਹੋਇਆ ਹੈ।


ALL INDIA RESTAURANT & SWEETS



Full service customized catering for Event Planning/Weddings/ Birthdays/ Anniversaries for upto 800 persons.
Special rates for temples or churches Reunions
4249-23 Ave. Edmonton, AB. Canada
Tel: 780-463-7770 www.allindiarestaurant.ca

Super Visa Medical Insurance
- ਸੁਪਰਵੀਜ਼ਾ ਐਪਲੀਕੇਸ਼ਨ ਲਈ ਮੈਡੀਕੈਲ ਇੰਸ਼ੋਰੈਂਸ ਲੈਣਾ ਜਰੂਰੀ।
- ਅਸੀਂ ਤੁਹਾਡੀ ਜਰੂਰਤ ਮੁਤਾਬਕ ਵਧੀਆ ਅਤੇ ਸਸਤੀ ਇਸ਼ੋਰੈਂਸ ਲੈ ਕੇ ਦਿੰਦੇ ਹਾਂ।
For more information please call
780-465-6900 Jasvir Deol
403-830-7007 Jessie Singh



REALTY EXECUTIVES
ਕਿਸੇ ਵੀ ਤਰ੍ਹਾਂ ਦੀ ਪ੍ਰਾਪਟੀ ਵੇਚਣ ਜਾਂ ਖ਼੍ਰੀਦਣ ਲਈ ਨੁਸਰਤ ਅਲੀ ਅਖਤਰ ਨੂੰ ਸੰਪਰਕ ਕਰੋ
780-994-1600 (CELL)
780-450-6300 (24 HRS)
FAX: 780-450-6670
NUSRAT ALI AKHTAR
ASSOCIATE
aakhtar@realtyexecutives.com
www.aliakhtar.com
MLS MULTIPLE LISTING SERVICE
REALTOR
4107-99 St NW, Edmonton



Sohail Quadri, MLA
Edmonton Mill Woods
I am accessible anytime at
edmonton.millwoods@assembly.ab.ca
http://quadri.mypcmla.ca
101 9807 -34 Ave Edmonton AB T6E 5X9
(780)414-1000 (780)850- 4080

Roof Trusses
Floor Systems
Lumber - Stairs
ZyTech
BUILDING SYSTEMS INC.
High Quality Materials, Best Prices, On Time Delivery, Complete Framing Package, Full Range Of I Joists, Fully Automated - Roof Truss Manufacturing Facility One Call - Award Winning Service, Effective On Site, Engineering & Design Friendly, Multi-Cultural, Solution Oriented Staff, Community Supporter
ਰਘੁਬੀਰ ਸਿੰਘ ਭੰਡਾਲ 780 554 9192
ਜਸਪਾਲ ਸਿੰਘ ਭੰਡਾਲ 403 226 7136



Sarjan Luthra
B.Sc, L.LB
LUTHRA LAW GROUP
FREE CASE EVALUTION
Personal Injuries Representation
Real Estate Transactions
Immigration Law
Residential Real Estate Transactions
Criminal Case
Family Law Dispute & Mediation Service
Commercial Litigation
SARJAN LUTHRA TEAM
Barrister, Solicitor & Notary Public
ਪੰਜਾਬੀ, ਹਿੰਦੀ, ਉਰਦੂ ਅਤੇ ਅਰਬੀ ਵਿੱਚ ਸੇਵਾਵਾਂ ਲਈ ਮਿਲੋ
Services in Hindi, Punjabi, Urdu & Arabic
780 466 4660
Fax: 780 463 4205

WARD 10
HAFIS DEVJI
780-908-3914
#106, 4211-106th ST
Edmonton, AB, T6J 6L7



ਮੈਂ ਭਵਿੱਖ ’ਚ ਭਾਈਚਾਰ ਦੀ ਆਵਾਜ਼ ਬਣਾਂਗਾ।
IT’S Our FUTURE
Twitter hafisdevji
Facebook vote4hafis
VOTE4HAFIS.CA



# Supreme Pizza

ਸੁਪਰੀਮ ਪੀਜ਼ਾ

Chicken Wings Hot, Honey Garlic

Menisa Plaza (on Millwood Road) 1079 Knottwood Road East NW Edmonton

**780 485 1213 or 780 485 1231**

Try Us Tonight For Best Deal In Town
**3 For 1**
Any 3 Toppings
12” Medium - 14” Large

ਅਧਰਕ, ਧਨੀਆ, ਲਾਲ ਪਿਆਜ਼ ਅਤੇ ਹਰੀਆਂ ਮਿਰਚਾਂ ਵਾਲਾ ਕਰਾਰਾ ਤੇ ਸਵਾਦੀ ਪੀਜ਼ਾ

ਅੰਮ੍ਰਿਤਧਾਰੀ ਵੀਰਾਂ ਤੇ ਭੈਣਾਂ ਲਈ ਖਾਸ ਸੁੱਚਮ ਨਾਲ ਪੀਜ਼ਾ ਤਿਆਰ ਕੀਤਾ ਜਾਂਦਾ ਹੈ

Paneer Pizza · Vegetarian · Supreme Special · Chicken Special · The Pasta Niche



Kuldip S. Powar

# POWAR HOMES LTD.

Quality Custom Home Builder

ਪਾਵਰ ਹੋਮਸ਼ ਕੋਲ ਸ਼ਹਿਰ ਦੇ ਹਰ ਖੇਤਰ ਵਿੱਚ ਲਾਟਾਂ ਉਪਲਬਧ,
ਰਹਿਣ ਲਈ ਘਰ ਬਣਾਉਣਾ ਚਾਹੁੰਦੇ ਹੋ ਜਾਂ
ਘਰ ਬਣਵਾ ਕੇ ਵੇਚਣਾ ਚਾਹੁੰਦੇ ਹੋ, ਚੋਖਾ ਫਾਇਦਾ ਦਿਵਾਉਣ
ਦਾ ਵਾਅਦਾ, ਬੋਮਾਉਂਟ ਵਿਚ ਛੋਟੇ ਅਤੇ ਵੱਡੇ ਘਰ
ਬਣਾਉਣ ਲਈ ਲਾਟਾਂ ਤਿਆਰ ਬਰ ਤਿਆਰ ਹਨ.

ਘਰ ਬਣਾ ਕੇ ਵੇਚਣ ਤੱਕ ਦੀਆਂ ਸੇਵਾਵਾਂ ਦਿੰਦੇ ਹਾਂ. ਵਾਜਬ ਕੀਮਤਾਂ,
ਤਸੱਲੀ ਬਖ਼ਸ਼ ਕੰਮ ਅਤੇ ਭਰੋਸੇਯੋਗ ਸੇਵਾਵਾਂ ਲਈ
ਰਣਜੀਤ ਸਿੰਘ ਪਵਾਰ ਅਤੇ
ਕੁਲਦੀਪ ਸਿੰਘ ਪਵਾਰ ਨਾਲ ਸੰਪਰਕ ਕਰੋ.

Fax: 780-406-6797
Email: ranjit_pawar@hotmail.com



Ranjit S. Powar

Contact At:
Ph: 780-695-6595

# A & K INSULATION & DRYWALL LTD.

Best Quailty at Reasonable Rates





ਹੋਟਲ, ਮੋਟਲ, ਬਿਜ਼ਨਿਸ, ਰਿਹਾਇਸ਼ੀ ਜਾਂ ਕਿਸੇ ਵੀ ਤਰ੍ਹਾਂ ਦੀ ਬਿਲਡਿੰਗ ਲਈ ਡਰਾਈਵਾਲ, ਇੰਸੁਲੇਸ਼ਨ, ਟੇਪਿੰਗ ਜਾਂ ਟੈਕਸਚਰ ਦੇ ਕੰਮ ਲਈ ਸੰਪਰਕ ਕਰੋ

**Rana : 780-245-5191 Joga : 780-245-5192**

# EXCEL TAX & BUSINESS SOLUTIONS

Our Goal : Client Satisfaction | Net Filling, Quick Refund

Specializing:
Trucking, Real Estate, Gas Station, Hotel, Motel & Franchise Business Accounting

- Corporate Tax Returns
- Personal & Self Employed Tax Returns
- GST Returns - WCB Returns - T4 Returns - ROE
- Small Business Set Up & Tax Planning
- Year End Processing
- Canada Revenue Agency (CRA) Audit Representation
- Computerized Bookkeeping & Payroll Services
- Financial Statement Preparation (Notice to Readers)

**Call: Pritpal Kooner**

PLEASE NOTE NEW ADDRESS
Unit# 218-4218A 97 St, Edmonton AB T6E 5Y6

Ph: 780-469-4985 Fax: 780-469-4926 Cell: 780-952-2860
exceltax@yahoo.ca
Evening & Weekend with Appointments only

# EAGLEROCK GOLF COURSE

50549, RANGE ROAD 234 EDMONTON, AB

ਜਨਮ ਦਿਨ , ਲੇਡੀਜ ਸੰਗੀਤ
ਵਿਆਹ-ਸ਼ਾਦੀਆਂ ਪਾਰਟੀਆਂ
50 ਤੋਂ ਲੈ ਕੇ 200 ਆਦਮੀਆਂ ਤੱਕ
ਦਾ ਪੰਜਾਬੀ ਖਾਣੇ ਦਾ ਖਾਸ ਪ੍ਰਬੰਧ

Birthday Parties,
Ladies Sangeet,
Golf Tournaments,
Catering,Wedding
Banquet





eaglerock GOLF COURSE

ਵਧੇਰੇ ਜਾਣਕਾਰੀ ਲਈ ਫੋਨ ਕਰੋ:

Linda :
780-464-4653 Ext: 2
Cell: 780-720-6895

# ADVANCE DRIVING SCHOOL LTD.

www.advancedrivingschool.ca



2 Locations to Serve You!

- Lady Instructor Available
- Defensive Classes to Restore Demerits
- Free Pick up & Drop off
- Government Approved Courses For Insurance Discount
- 10 Hours on road & 15 Hours in classroom
- Training for Driving Instructor

9253-34A Ave
Edmonton, AB

10211-100 Ave
Fort Saskatchewan, AB

**780 660 4090**

# ALPHA Tent Rentals

All Events Big or Small

We are in this Business Since 2001



**Tents** All Size and Different Colours
**Tables** Rectangular & Round **Chairs** All Colours
**Lights**, Dance Floor, Heaters, Fans,
**Catering Equipment,** Coffee Brewers,
Big Burners, Big Pots (Patila), Cutlery and Plates,
**Portable Bars** Beer Tubs Ice Boxes
**Carpet, Stantions, Linens and Clips.**

Ladies Sangeet Jago Equipment

ਧਾਰਮਿਕ ਅਤੇ ਸਮਾਜਿਕ ਸਮਾਗਮਾਂ ਲਈ ਵਿਸ਼ੇਸ਼ ਛੋਟ

Guaranteed Low Prices Open Seven Days a Week

**Umrao Ghinger: 780 237 5556**
www.alphatentrentals.com
**Office: 780 490 5354**





## ਸੁਪਰੀਮ ਕੋਰਟ ਨੇ ਵੋਟਰਾਂ ਨੂੰ ਦਿੱਤਾ 'ਰਾਈਟ ਟੂ ਰੀਜੈਕਟ'




ਨਵੀਂ ਦਿੱਲੀ (ਨਦਬ) ਸੁਪਰੀਮ ਕੋਰਟ ਨੇ ਸ਼ੁਕਰਵਾਰ ਨੂੰ ਇੱਕ ਇਤਿਹਾਸਿਕ ਫ਼ੈਸਲਾ ਸੁਣਉਂਦੇ ਹੋਏ ਕਿਹਾ ਕਿ ਵੋਟਰਾਂ ਨੂੰ ਨਾਂਹਪੱਖੀ ਵੋਟ ਪਾਕੇ ਸਾਰੇ ਉਮੀਦਵਾਰਾਂ ਨੂੰ ਰੀਜੈਕਟ ਕਰਨ ਦਾ ਅਧਿਕਾਰ ਹੈ। ਅਦਾਲਤ ਨੇ ਚੋਣ ਕਮਿਸ਼ਨ ਨੂੰ ਇਹ ਆਦੇਸ਼ ਦਿੱਤੇ ਹਨ ਕਿ ਵੋਟਿੰਗ ਮਸ਼ੀਨਾਂ ਵਿੱਚ ਇੱਕ ਅਜਿਹਾ ਬਟਨ ਲਗਾਇਆ ਜਾਵੇ ਜਿਸ ਦੁਆਰਾ ਵੋਟਰ ਸਾਰੇ ਉਮੀਦਵਾਰਾਂ ਨੂੰ ਖਾਰਿਜ ਕਰ ਸਕਣ। ਮਸ਼ੀਨ ਵਿੱਚ 'ਇਨ੍ਹਾਂ ਵਿੱਚੋਂ ਕੋਈ ਨਹੀਂ' ਦਾ ਬਦਲ ਹੋਣਾ ਚਾਹੀਦਾ ਹੈ। ਸੁਪਰੀਮ ਕੋਰਟ ਦਾ ਕਹਿਣਾ ਹੈ ਕਿ ਇਸ ਸਾਲ ਹੋਣ ਵਾਲੀਆਂ ਵਿਧਾਨ ਸੱਭਾ ਚੋਣਾਂ ਦਰਮਿਆਨ ਇਹ ਪ੍ਰਣਾਲੀ ਲਾਗੂ ਹੋਣੀ ਚਾਹੀਦੀ ਹੈ। ਸੁਪਰੀਮ ਕੋਰਟ ਨੇ ਇਹ ਫੈਸਲਾ ਪੀਪਲਜ਼ ਯੂਨੀਅਨ ਫਾਰ ਸਿਵਿਲ ਲਿਬਰਟੀ (ਪੀਸੀਐਲ) ਦੀ ਦਰਖਾਸਤ ਤੇ ਸੁਣਵਾਈ ਕਰਦਿਆਂ ਹੋਇਆਂ ਸੁਣਾਇਆ। ਪੀਸੀਐਲ ਨੇ ਇਹ ਦਰਖਾਸਤ 2004 ਵਿੱਚ ਦਾਇਰ ਕੀਤੀ ਸੀ।ਇਸ ਸੰਗਠਨ ਨੇ ਵੋਟਰਾਂ ਲਈ ਨਾਂਹ ਪੱਖੀ ਵੋਟਿੰਗ ਦੀ ਮੰਗ ਕੀਤੀ ਸੀ।ਕੋਰਟ ਨੇ ਕਿਹਾ ਕਿ ਲੋਕਤੰਤਰ ਅਤੇ ਦੇਸ਼ ਨੂੰ ਚਲਾਉਣ ਲਈ ਚੰਗੇ ਉਮੀਦਵਾਰਾਂ ਦੀ ਚੋਣ ਕਰਨ ਲਈ ਇਹ ਬਦਲ ਜਰੂਰੀ ਹੈ। ਇਸ ਸਾਲ ਦਸੰਬਰ ਵਿੱਚ ਦਿੱਲੀ, ਮੱਧ ਪ੍ਰਦੇਸ਼, ਰਾਜਸਥਾਨ, ਮਿਜ਼ੋਰਾਮ ਅਤੇ ਛਤੀਸਗੜ੍ਹ ਵਿੱਚ ਹੋਣ ਵਾਲੀਆਂ ਵਿਧਾਨ ਸੱਭਾ ਚੋਣਾਂ ਵਿੱਚ ਇਸ ਦਾ ਲਾਭ ਹੋ ਸਕਦਾ ਹੈ।

## ਕਮਿਊਨਿਸਟ ਪਾਰਟੀ ਕਨੇਡਾ ਵਲੋਂ ਪਬਲਿਕ ਆਟੋ ਇੰਨਸ਼ੋਰੈਂਸ ਦੀ ਮੰਗ ਦੇ ਹੱਕ 'ਚ ਭਰਵਾਂ ਮੁਜ਼ਾਹਰਾ



ਬਰੈਂਪਟਨ (ਹਰਿੰਦਰ ਹੁੰਦਲ) ਪਬਲਿਕ ਆਟੋ ਇੰਨਸ਼ੋਰੰਸ ਦੀ ਮੰਗ ਨੂੰ ਲੈ ਕੇ ਕਮਿਊਨਿਸਟ ਪਾਰਟੀ ਕਨੇਡਾ ਵਲੋਂ ਬਰੈਂਪਟਨ ਵਿਚ ਲਿੰਡਾ ਜੈਫਰੀ, ਮਿਊਂਸਪੈਲਟੀ ਮਾਮਲੇ ਅਤੇ ਹਾਊਸਿੰਗ ਮੰਤਰੀ ਦੇ ਦਫਤਰ 2250 ਬੋਵੇਅਰਡ ਡਰਾਇਵ ਈਸਟ ਸਾਹਮਣੇ 22 ਸਤੰਬਰ ਨੂੰ 2 ਤੋ 3 ਵਜੇ ਦਰਮਿਆਨ ਮੁਜ਼ਾਹਰਾ ਕੀਤਾ ਗਿਆ, ਜਿਸ ਨੂੰ ਲੋਕਾਂ ਵਲੋ ਭਰਵਾਂ ਹੁੰਗਾਰਾ ਦਿੱਤਾ ਗਿਆ। ਇਸ ਮੌਕੇ ਬੋਲਦਿਆਂ ਕਮਿਊਨਿਸਟ ਪਾਰਟੀ ਦੀ ਉਨਟਾਰੀਓ ਸੂਬਾ ਸਕੱਤਰ ਕਾਮਰੇਡ ਲਿਜ਼ ਰੌਲੀ ਨੇ ਕਿਹਾ ਕਿ ਉਨਟਾਰੀਓ ਸੂਬਾ ਆਟੋ ਇੰਨਸ਼ੋਰੰਸ ਦੇ ਪੱਖ ਤੋਂ ਕਨੇਡਾ ਦਾ ਸਭ ਤੋ ਮਹਿੰਗਾਂ ਸੂਬਾ ਅਤੇ ਬਰੈਂਪਟਨ ਉਨਟਾਰੀਓ ਦਾ ਸਭ ਤੋ ਮਹਿੰਗਾ ਸ਼ਹਿਰ ਬਣ ਗਿਆ ਹੈ। ਕਾ. ਲਿਜ਼ ਨੇ ਦੱਸਿਆ ਕਿ ਇੰਨਸ਼ੋਰੈਂਸ ਕੰਪਨੀਆਂ ਨੇ 2012 ਵਿਚ 414 ਅਰਬ ਦਾ ਮੁਨਾਫਾ ਕੀਤਾ ਜੋ ਕਿ 2011 ਨਾਲੋਂ 24 ਪ੍ਰਤੀਸ਼ਤ ਜ਼ਿਆਦਾ ਸੀ। ਉਨਟਾਰੀਓ ਵਿਚ ਇੰਨਸ਼ੋਰੈਂਸ ਦਰਾਂ ਹੋਰ ਰਾਜਾਂ ਨਾਲੋ ਪੰਜ ਗੁਣਾਂ ਵੱਧ ਹਨ ਕਿਉਂਕਿ ਹਰ ਜਾਰੀ ਕੀਤੀ ਜਾਂਦੀ ਨੀਤੀ ਵਿਚ 12 ਪ੍ਰਤੀਸ਼ਤ ਦਾ ਸਿੱਧਾ ਮੁਨਾਫਾ ਜੋੜਿਆ ਜਾ ਰਿਹਾ ਹੈ। 2010 ਵਿਚ ਨਵੀਂ ਇੰਨਸ਼ੋਰੈਂਸ ਨੀਤੀ ਤਹਿਤ ਇੰਨਸ਼ੋਰੈਂਸ ਸਹੂਲਤਾਂ ਵਿਚ ਭਾਰੀ ਕਟੌਤੀਆਂ ਕੀਤੀਆਂ ਗਈਆਂ ਜਦ ਕਿ ਇੰਨਸ਼ੋਰੈਂਸ ਦਰਾਂ ਲਗਾਤਾਰ ਵਧ ਰਹੀਆਂ ਹਨ। ਕਾ. ਲਿਜ਼ ਨੇ ਕਿਹਾ ਕਿ ਲੋਭੀ ਕੰਪਨੀਆਂ ਨੂੰ ਖ਼ਤਮ ਕਰ ਕੇ ਪਬਲਿਕ ਇੰਨਸ਼ੋਰੈਂਸ ਤਹਿਤ ਹੀ ਲੋਕਾਂ ਨੂੰ ਸਸਤੀਆਂ ਦਰਾਂ 'ਤੇ ਚੰਗੀਆਂ ਸਹੂਲਤਾਂ ਵਾਲੀਆਂ ਆਟੋ ਇੰਨਸ਼ੋਰੈਂਸ ਸੇਵਾਵਾਂ ਨੂੰ ਯਕੀਨੀ ਬਣਾਇਆ ਜਾ ਸਕਦਾ ਹੈ। ਉਨਟਾਰੀਓ ਸਰਕਾਰ ਨੂੰ ਲੋਕਾਂ ਦੇ ਹਿਤਾਂ ਨੂੰ ਧਿਆਨ ਵਿਚ ਰੱਖਦਿਆਂ ਤੁਰੰਤ ਪਬਲਿਕ ਆਟੋ ਇੰਨਸ਼ੋਰੰਸ ਸੇਵਾਵਾਂ ਸ਼ੁਰੂ ਕਰਨੀਆਂ

## ਨੋਵਾ ਸਕੋਸ਼ੀਆ 'ਚ ਲਿਬਰਲਾਂ ਦੀ ਜਿੱਤ

ਹੈਲੀਫੈਕਸ (ਨਦਬ) : ਐਨਡੀਪੀ ਨੂੰ ਸੱਤਾ ਤੋਂ ਬਾਹਰ ਕਰਦਿਆਂ ਨੋਵਾ ਸਕੋਸ਼ੀਆ ਵਿੱਚ ਲਿਬਰਲਾਂ ਨੇ ਜਿੱਤ ਦਾ ਪਰਚਮ ਲਹਿਰਾ ਦਿੱਤਾ ਹੈ। ਲਿਬਰਲਾਂ ਨੂੰ ਬਹੁਮਤ ਹਾਸਲ ਹੋਇਆ ਹੈ। ਐਨਡੀਪੀ ਦੇ ਕਈ ਕੈਬਨਿਟ ਆਗੂਆਂ ਨੂੰ ਤਾਂ ਆਪਣੀਆਂ ਸੀਟਾਂ ਤੋਂ ਹੀ ਹੱਥ ਧੋਣੇ ਪਏ ਤੇ ਕਈਆਂ ਨੂੰ ਸਖ਼ਤ ਮੁਕਾਬਲੇ ਦਾ ਸਾਹਮਣਾ ਕਰਨਾ ਪਿਆ। ਐਨਡੀਪੀ ਆਗੂ ਡੈਰਲ ਡੈਕਸਟਰ ਆਪਣੇ ਕੋਲ ਹਾਰਬਰ ਪੋਰਟਲੈਂਡ ਵੈਲੀ ਹਲਕੇ ਵਿੱਚ ਫਾਡੀ ਰਹੇ। ਐਨਾਪੌਲਿਸ ਹਲਕੇ ਤੋਂ ਜਿੱਤ ਦਰਜ ਕਰਵਾਉਣ ਵਾਲੇ ਆਗੂ ਸਟੀਫਨ ਮੈਕਨੀਲ ਨੇ ਸਰਕਾਰ ਵੱਲੋਂ ਘੱਟ ਖਰਚਾ ਕਰਨ, ਊਰਜਾ ਖੇਤਰ ਵਿੱਚ ਸਖ਼ਤ ਟੱਕਰ ਦੇਣ ਤੇ ਕਲਾਸਾਂ ਦਾ ਆਕਾਰ ਨਿੱਕਾ ਰੱਖਣ ਦੇ ਅਧਾਰ ਉੱਤੇ ਆਪਣੀ ਚੋਣ ਮੁਹਿੰਮ ਚਲਾਈ ਤੇ ਸਫਲ ਰਹੇ। ਡੈਕਸਟਰ ਨੇ ਵੋਟਰਾਂ ਨੂੰ ਉਨ੍ਹਾਂ ਦੀ ਸਰਕਾਰ ਨੂੰ ਇੱਕ ਹੋਰ ਮੌਕਾ ਦੇਣ, ਫੈਡਰਲ ਨੇਵੀ ਬੇੜਿਆਂ ਦੇ ਨਿਰਮਾਣ ਸਬੰਧੀ ਪ੍ਰੋਜੈਕਟ ਵਿੱਚ ਰੋਜ਼ਗਾਰ ਦੇ ਮੌਕੇ ਵਧਣ, ਸੰਤੁਲਿਤ ਬਜਟ ਤੇ ਐਮਰਜੰਸੀ ਰੂਮਜ਼ ਨੂੰ ਬੰਦ ਨਾ ਕਰਨ ਦੀ ਆਪਣੀ ਸਰਕਾਰ ਦੀ ਪ੍ਰਾਪਤੀ ਦੇ ਅਧਾਰ ਉੱਤੇ ਵੋਟ ਮੰਗੀ ਪਰ ਕਾਮਯਾਬ ਨਹੀਂ ਹੋ ਸਕੇ। ਪ੍ਰੋਗਰੈਸਿਵ ਕੰਜ਼ਰਵੇਟਿਵ ਆਗੂ ਜੇਮੀ ਬੈਲੀ ਨੇ ਕੰਬਰਲੈਂਡ ਸਾਊਥ ਹਲਕੇ ਵਾਲੀ ਆਪਣੀ ਸੀਟ ਉੱਤੇ ਜਿੱਤ ਦਰਜ ਕਰਵਾਈ। ਉਨ੍ਹਾਂ ਟੈਕਸਾਂ ਵਿੱਚ ਕਟੌਤੀ ਤੇ ਬਿਜਲੀ ਦੀਆਂ ਦਰਾਂ ਸਥਿਰ ਰੱਖਣ ਦਾ ਵਾਅਦਾ ਕੀਤਾ ਤੇ ਮੋਰਚਾ ਫਤਹਿ ਕਰ ਲਿਆ। ਜਦੋਂ 7 ਸਤੰਬਰ ਨੂੰ ਚੋਣਾਂ ਕਰਵਾਉਣ ਦਾ ਐਲਾਨ ਕੀਤਾ ਗਿਆ ਸੀ ਤਾਂ ਉਸ ਸਮੇਂ ਐਨਡੀਪੀ ਦੀ ਵਿਧਾਨ ਸਭਾ ਵਿੱਚ 31 ਸੀਟਾਂ ਨਾਲ ਬਹੁਮਤ ਸਰਕਾਰ ਸੀ ਜਦਕਿ ਲਿਬਰਲਾਂ ਕੋਲ 12 ਸੀਟਾਂ ਤੇ ਟੋਰੀਜ਼ ਕੋਲ ਸੱਤ ਸੀਟਾਂ ਸਨ।

VOTE Nita Jalkanen
October 21, 2013
Ward 2 (CANDIDATE)

Elect NITA JALKANEN as your Ward 2 representative on October 21, 2013.

Nita is committed to being YOUR VOICE on our next City Council.

VOTE FOR A POSITIVE CHANGE.

www.NitaJalkanen.com
Email nitaj@telus.net Phone 780-909-2855
Facebook Nita Jalkanen Twitter @NitaJalkanen



SAHARA INSURANCE GROUP
PERFECT BLEND FOR YOUR INSURANCE & INVESTMENT



DEEP GREWAL
204-996-2571

CALL US TODAY FOR SUPER VISA INSURANCE
SUPER VISA INSURANCE AT VERY LOW PRICE

Life Insurance
Mortgage Insurance
Disability Insurance
Visitor Insurance
RESP, RRSP
Open Investment
Retirement Planning
Dental Insurance

Associated with all major Life Insurance Companies

Associated with all major Life Insurance Companies
Unit # F-10, 1833 INKSTER BLVD, WINNIPEG, MB R2X 1R3
Fax : (204) 480-8708
info@saharainsurancegroup .ca www.saharainsurancegroup.ca

Maple
DENTAL CLINIC
ਦੰਦਾਂ ਸਬੰਧੀ ਹਰ ਬਿਮਾਰੀ ਦਾ ਇਲਾਜ

Dr. Sandeep Dhaliwal
DMD

Take Home Whitening Kits
with new patient exams & cleaning !

Services Provided
Cosmetic and preventive Dentistry including:
» Cleaning » Crowns & Bridges
» Invisalign » Partial & Full Dentures
» Fillings » Sports & Night Guards
» Root Canals » Teeth Whitening
» TMJ » Extractions

Clinic Hours:
Monday & Friday: 9 am to 5 pm
Tuesday, Wednesday & Thursday: 11 am to 7 pm
Saturday: 9 am to 4 pm

Accepting New Patients

Appointments @780-440-5001

4444-36 Ave NW Edmonton, AB T6L 3S1

ਨਵੀਂ ਦੁਨੀਆ

# ਮੌਂਟਰੀਅਲ ਵਿਚ ਚਾਰਟਰ ਵਿਰੋਧੀ ਮੁਜ਼ਾਹਰਾਕਾਰੀਆਂ ਨੇ ਕੀਤੀ ਰੈਲੀ

ਮੌਂਟਰੀਅਲ (ਨਦਬ) ਕਿਊਬਿਕ ਦੇ ਵਿਵਾਦਗ੍ਰਸਤ ਚਾਰਟਰ ਖ਼ਿਲਾਫ਼ ਆਵਾਜ਼ ਉਠਾਉਣ ਲਈ ਸੈਂਕੜੇ ਮੁਜ਼ਾਹਰਾਕਾਰੀਆਂ ਨੇ ਡਾਊਨ ਟਾਊਨ ਮੌਂਟਰੀਅਲ ਵਿਚ ਇਕੱਠੇ ਹੋ ਕੇ ਰੈਲੀ ਕੀਤੀ। ਜੇ ਇਹ ਚਾਰਟਰ ਮਨਜ਼ੂਰ ਹੋ ਜਾਂਦਾ ਹੈ ਤਾਂ ਇਸ ਨਾਲ ਜਨਤਕ ਕਰਮਚਾਰੀਆਂ ਵੱਲੋਂ ਆਪਣੇ ਧਰਮ ਨਾਲ ਸਬੰਧਤ ਚਿੰਨ੍ਹ ਧਾਰਨ ਕਰਨ ਉੱਤੇ ਰੋਕ ਲੱਗ ਜਾਵੇਗੀ। ਇਸ ਤੋਂ ਭਾਵ ਹੋਵੇਗਾ ਕਿ ਸਰਕਾਰੀ ਕਰਮਚਾਰੀ ਕੰਮ ਵਾਲੀ ਥਾਂ ਉੱਤੇ ਨਾ ਤਾਂ ਪੱਗ ਬੰਨ੍ਹ ਸਕਣਗੇ ਤੇ ਨਾ ਹੀ ਹੈੱਡਸਕਾਰਫ ਪਾ ਸਕਣਗੇ। ਇਸ ਰੈਲੀ ਦੇ ਪ੍ਰਬੰਧਕ ਕੈਨ ਟੇਲਰ ਨੇ ਆਖਿਆ ਕਿ ਇਸ ਚਾਰਟਰ ਨਾਲ ਕਿਊਬਿਕ ਵਾਸੀਆਂ ਦੇ ਬਰਾਬਰ ਹੱਕਾਂ ਦੀ ਉਲੰਘਣਾ ਹੋਵੇਗੀ। ਮੈਕਗਿੱਲ ਯੂਨੀਵਰਸਿਟੀ ਵਿਚ ਫ਼ਿਲਾਸਫ਼ੀ ਦੇ ਪ੍ਰੋਫੈਸਰ ਤੇ ਆਰਡਰ ਆਫ਼ ਕਨੇਡਾ ਨਾਲ ਸਨਮਾਨਤ ਚਾਰਲਸ ਟੇਲਰ ਨੇ ਆਖਿਆ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਇਹ ਸਾਡੇ ਸਮਾਜ ਦੀ ਮੌਲਿਕ ਵਿਸ਼ੇਸ਼ਤਾਈ ਹੈ ਕਿ ਸਾਰਿਆਂ ਨੂੰ ਇੱਕੋ ਜਿਹੇ ਅਧਿਕਾਰ ਮਿਲਣ। ਜੇ ਅਸੀਂ ਇਸ ਆਜ਼ਾਦੀ ਨੂੰ ਵੀ ਗਵਾ ਦਿੱਤਾ ਤਾਂ ਆਪਣੇ ਬੱਚਿਆਂ ਤੇ ਉਨ੍ਹਾਂ ਤੋਂ ਅਗਲੀ ਪੀੜ੍ਹੀ ਨੂੰ ਦੇਣ ਲਈ ਸਾਡੇ ਕੋਲ ਕੁੱਝ ਨਹੀਂ ਬਚੇਗਾ। ਟੇਲਰ ਨੇ ਆਖਿਆ ਕਿ ਅਸੀਂ ਉਨ੍ਹਾਂ ਦੀ ਖ਼ਾਤਰ ਹੀ ਇੱਥੇ ਇਕੱਠੇ ਹੋਏ ਹਾਂ। ਇਸ ਵਿਵਾਦਗ੍ਰਸਤ ਚਾਰਟਰ ਦੇ ਵਿਰੋਧ ਵਿਚ ਤੇ ਪੱਖ ਵਿਚ ਰੈਲੀਆਂ ਮੌਂਟਰੀਅਲ ਵਿਚ ਹੋ ਚੁੱਕੀਆਂ ਹਨ। ਪਿੱਛੇ ਜਿਹੇ ਕਰਵਾਏ ਗਏ ਸਰਵੇਖਣਾਂ ਤੋਂ ਸਾਹਮਣੇ




ਆਇਆ ਹੈ ਕਿ ਕਿਊਬਿਕ ਵਿਚ ਇਸ ਚਾਰਟਰ ਦੀ ਹਮਾਇਤ ਕਰਨ ਵਾਲਿਆਂ ਦੀ ਵੀ ਚੰਗੀ ਗਿਣਤੀ ਹੈ ਪਰ ਇਸ ਚਾਰਟਰ ਦਾ ਵਿਰੋਧ ਕਰਨ ਵਾਲਿਆਂ ਦੀ ਵੱਡੀ ਤਾਦਾਦ ਕਿਊਬਿਕ ਤੇ ਪ੍ਰੋਵਿੰਸ ਤੋਂ ਬਾਹਰ ਮੌਜੂਦ ਹੈ। ਇਸ ਮਹੀਨੇ ਦੇ ਸ਼ੁਰੂ ਵਿਚ ਫੈਡਰਲ ਸਰਕਾਰ ਵੀ ਇਹ ਆਖ ਚੁੱਕੀ ਹੈ ਕਿ ਉਹ ਇਸ ਚਾਰਟਰ ਦੇ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰਨ ਬਾਰੇ ਵਿਚਾਰ ਕਰ ਰਹੀ ਹੈ। ਮਲਟੀਕਲਚਰਿਜ਼ਮ ਮੰਤਰੀ ਜੇਸਨ ਕੇਨੀ ਵੀ ਇਹ ਆਖ ਰਹੇ ਹਨ ਕਿ ਉਹ ਇਸ ਤਰ੍ਹਾਂ ਦੇ ਕਿਸੇ ਵੀ ਰੁਝਾਨ ਦੇ ਖ਼ਿਲਾਫ਼ ਹਨ, ਜਿਸ ਤਹਿਤ ਕਨੇਡੀਅਨਾਂ ਨੂੰ ਆਪਣੇ ਧਰਮ ਦਾ ਪਾਲਨ ਕਰਨ ਤੋਂ ਰੋਕਿਆ ਜਾਵੇ ਜਾਂ ਸਮਾਜ ਵਿਚ ਸ਼ਮੂਲੀਅਤ ਕਰਨ ਤੋਂ ਵਰਜਿਆ ਜਾਵੇ। ਐਨ.ਡੀ.ਪੀ. ਤੇ ਲਿਬਰਲ ਪਾਰਟੀਆਂ ਵੀ ਇਸ ਪ੍ਰਸਤਾਵ ਦੀ ਨਿਖੇਧੀ ਕਰ ਚੁੱਕੀਆਂ ਹਨ।

## ਅਸੀਂ ਸਿੱਖਾਂ ਦੇ ਅਧਿਕਾਰਾਂ ਲਈ ਲੜਾਂਗੇ : ਐਨ.ਡੀ.ਪੀ.

ਓਟਾਵਾ (ਨਦਬ) : ਕਿਊਬਿਕ ਸਰਕਾਰ ਵੱਲੋਂ ਪੀ ਕਿਊ ਚਾਰਟਰ ਆਫ਼ ਵੈਲਿਊਜ਼ ਲਿਆਉਣ ਲਈ ਕੀਤੀ ਜਾ ਰਹੀ ਚਾਰਾਜੋਈ ਕਾਰਨ ਖੜ੍ਹੀ ਹੋਈ ਨਵੀਂ ਚਿੰਤਾ ਦੇ ਮੱਦੇਨਜ਼ਰ ਐਨ.ਡੀ.ਪੀ. ਆਗੂ ਟੌਮ ਮਲਕੇਅਰ ਨੇ ਸੰਸਥਾਤਮਕ ਪੱਖਪਾਤ ਖ਼ਿਲਾਫ਼ ਲੜਨ ਦਾ ਵਾਅਦਾ ਕੀਤਾ ਹੈ। ਅਜਿਹਾ ਉਨ੍ਹਾਂ ਵੱਲੋਂ ਸਿੱਖ ਸੈਨਿਕਾਂ ਦੇ ਸਨਮਾਨ ਵਿਚ ਕਰਨ ਦਾ ਤਹੱਈਆ ਪ੍ਰਗਟਾਇਆ ਗਿਆ ਹੈ। ਮਲਕੇਅਰ ਨੇ ਆਖਿਆ ਕਿ ਦੋਵਾਂ ਵਿਸ਼ਵ ਜੰਗਾਂ ਵਿਚ ਸਿੱਖ ਸੈਨਿਕਾਂ ਨੇ ਸਾਡੀ ਆਜ਼ਾਦੀ ਦੀ ਲੜਾਈ ਵਿਚ ਬਹੁਮੁੱਲਾ ਯੋਗਦਾਨ ਪਾਇਆ। ਉਨ੍ਹਾਂ ਆਖਿਆ ਕਿ ਸਿੱਖਾਂ ਨੇ ਦੋਵਾਂ ਵਿਸ਼ਵ ਜੰਗਾਂ ਵਿਚ ਇਹ ਪੱਗਾਂ ਬੰਨ੍ਹ ਕੇ ਹੀ ਆਪਣੇ ਯੋਧਿਆਂ ਵਾਲੇ ਜੌਹਰ ਵਿਖਾਏ। 200,000 ਸਿੱਖ ਸੈਨਿਕਾਂ ਨੇ ਸਾਡੇ ਲਈ ਲੜਦਿਆਂ ਆਪਣੀਆਂ ਜਾਨਾਂ ਵਾਰ ਦਿੱਤੀਆਂ, 90,000 ਸਿੱਖ ਸੈਨਿਕ ਮਾਰੇ ਗਏ ਤੇ 100,000 ਜ਼ਖ਼ਮੀ ਹੋ ਗਏ। ਮਲਕੇਅਰ ਨੇ ਆਖਿਆ ਕਿ ਇਹ ਪੱਗਾਂ ਧਾਰਨ ਕਰ ਕੇ ਸਿੱਖਾਂ ਨੂੰ ਜੰਗ ਵਿਚ ਸਾਡੇ ਲਈ ਲੜਨ ਲਈ ਕੋਈ ਮੁਸ਼ਕਲ ਪੇਸ਼ ਨਹੀਂ ਆਈ। ਉਨ੍ਹਾਂ ਇਹ ਵੀ ਆਖਿਆ ਕਿ ਹੁਣ ਫਿਰ ਪੁਲਿਸ ਵਿਚ ਕੰਮ ਕਰਨ ਵਾਲੇ ਸਿੱਖਾਂ ਦੀਆਂ ਪੱਗਾਂ ਉੱਤੇ ਪਾਬੰਦੀ ਲਾਉਣਾ ਤਾਂ ਪੱਖਪਾਤ ਵਾਲੀ ਗੱਲ ਹੈ। ਉਨ੍ਹਾਂ ਆਖਿਆ ਕਿ ਉਹ ਇਸ ਖ਼ਿਲਾਫ਼ ਸੰਘਰਸ਼ ਕਰਨਗੇ।

## ਕਨੇਡਾ ਦੇ ਇਤਿਹਾਸ ਵਿਚ ਅਲਬਰਟਾ ਦੇ ਹੜ੍ਹ ਸਭ ਤੋਂ ਮਹਿੰਗੀ ਕੁਦਰਤੀ ਤ੍ਰਾਸਦੀ

ਅਲਬਰਟਾ (ਨਦਬ) ਇੰਸ਼ੋਰੈਂਸ ਬਿਊਰੋ ਆਫ਼ ਕਨੇਡਾ ਦਾ ਕਹਿਣਾ ਹੈ ਕਿ ਜੂਨ ਦੇ ਮਹੀਨੇ ਦੱਖਣੀ ਅਲਬਰਟਾ ਵਿਚ ਆਏ ਹੜ੍ਹ ਕਨੇਡਾ ਦੇ ਇਤਿਹਾਸ ਵਿਚ ਸਭ ਤੋਂ ਮਹਿੰਗੀ ਕੁਦਰਤੀ ਤ੍ਰਾਸਦੀ ਰਹੀ ਹੈ। ਬਿਊਰੋ ਦਾ ਇਹ ਵੀ ਕਹਿਣਾ ਹੈ ਕਿ ਜਿਸ ਸੰਪਤੀ ਦਾ ਬੀਮਾ ਹੋਇਆ ਹੈ, ਉਸ ਨੂੰ ਹੋਏ ਨੁਕਸਾਨ ਦਾ ਤਾਜ਼ਾ ਅੰਦਾਜ਼ਾ 1.7 ਅਰਬ ਡਾਲਰ ਤੋਂ ਵੀ ਟੱਪ ਗਿਆ ਹੈ। ਆਈ.ਬੀ.ਸੀ. ਦੇ ਵੈਸਟਰਨ ਤੇ ਪੈਸੀਫਿਕ ਖੇਤਰਾਂ ਦੇ ਵਾਈਸ ਪ੍ਰੈਜ਼ੀਡੈਂਟ ਬਿੱਲ ਐਡਮਜ਼ ਨੇ ਆਖਿਆ ਕਿ ਇਹ ਅੰਕੜੇ ਵੀ ਅਜੇ ਪੱਕੇ ਨਹੀਂ ਹਨ ਤੇ ਇਨ੍ਹਾਂ ਵਿਚ ਵਾਧਾ ਹੋਣ ਦੀ ਸੰਭਾਵਨਾ ਹੈ। ਕੈਲਗਰੀ ਤੇ ਹੋਰਨਾਂ ਕਮਿਊਨਿਟੀਜ਼ ਵਿਚ, ਜਿਸ ਦਿਨ ਵੱਧ ਮੀਂਹ ਪੈਣ ਮਗਰੋਂ ਸਥਿਤੀ ਵਿਗੜਨ ਲੱਗੀ ਸੀ ਤੇ ਐਮਰਜੰਸੀ ਐਲਾਨ ਦਿੱਤੀ ਗਈ ਸੀ, ਉਸ ਦਿਨ ਤੋਂ ਇਸ ਕੁਦਰਤੀ ਆਫ਼ਤ ਕਾਰਨ ਚਾਰ ਵਿਅਕਤੀ ਮਾਰੇ ਜਾ ਚੁੱਕੇ ਹਨ ਤੇ 100,000 ਹੋਰ ਬੇਘਰ ਹੋ ਚੁੱਕੇ ਹਨ। ਪ੍ਰਾਪਰਟੀ ਕਲੇਮ ਸਰਵਿਸਿਜ਼ ਕਨੇਡਾ, ਜੋ ਕਿ ਦੇਸ਼ ਵਿਚ ਤਬਾਹਕਾਰੀ ਘਟਨਾਵਾਂ ਨਾਲ ਹੋਣ ਵਾਲੇ ਨੁਕਸਾਨ ਦਾ ਰਿਕਾਰਡ ਰੱਖਦੀ ਹੈ, ਨੇ ਦੱਸਿਆ ਕਿ ਹੜ੍ਹਾਂ ਤੋਂ ਬਾਅਦ ਹੁਣ ਤਕ 25,000 ਕਲੇਮ ਦਾਇਰ ਕੀਤੇ ਜਾ ਚੁੱਕੇ ਹਨ। ਫੈਡਰਲ ਪਬਲਿਕ ਸੇਫ਼ਟੀ ਮੰਤਰੀ ਸਟੀਫਨ ਬਲੈਨੇ ਨੇ ਆਖਿਆ ਕਿ ਅਲਬਰਟਾ ਨੂੰ ਜਲਦ ਹੀ ਹੜ੍ਹਾਂ ਤੋਂ ਹੋਏ ਨੁਕਸਾਨ ਦੀ ਪੂਰਤੀ ਲਈ ਓਟਾਵਾ ਤੋਂ 500 ਮਿਲੀਅਨ ਡਾਲਰ ਦੀ ਅੰਤਰਿਮ ਮਦਦ ਮਿਲ ਜਾਵੇਗੀ। ਇੰਸ਼ੋਰੈਂਸ ਬਿਊਰੋ ਆਫ਼ ਕਨੇਡਾ ਦੇ ਪ੍ਰਧਾਨ ਡੌਨ ਫੌਰਜਰਸਨ ਦਾ ਕਹਿਣਾ ਹੈ ਕਿ ਵਾਤਾਵਰਨ ਵਿਚ ਹੋ ਰਹੀਆਂ ਤਬਦੀਲੀਆਂ ਕਾਰਨ ਮੌਸਮ ਦੇ ਪੈਟਨ ਦੀ ਪੇਸ਼ੀਨਗੋਈ ਕੀਤੀ ਜਾਣੀ ਅਸੰਭਵ ਹੁੰਦੀ ਜਾ ਰਹੀ ਹੈ ਤੇ ਇਸ ਕਾਰਨ ਹੀ ਇੰਸ਼ੋਰੈਂਸ ਸਨਅਤ ਨੂੰ ਵੀ ਘਾਟਾ ਪੈ ਰਿਹਾ ਹੈ।

## ਐਡਮਿੰਟਨ ਦੇ ਸਾਬਕਾ ਪੁਲੀਸ ਅਫ਼ਸਰ ਵਲੋਂ ਆਪਣੇ ਹੀ ਮਹਿਕਮੇ ’ਤੇ ਗੰਭੀਰ ਦੋਸ਼

ਐਡਮਿੰਟਨ (ਨਦਬ) : ਲਾਸਾਨੀ ਰਿਕਾਰਡ ਵਾਲੇ ਸਾਬਕਾ ਪੁਲਿਸ ਅਧਿਕਾਰੀ ਡੈਰੇਕ ਹੱਫ ਨੇ ਐਡਮਿੰਟਨ ਪੁਲਿਸ ਸਫ਼ਾਂ ਵਿਚ ਭ੍ਰਿਸ਼ਟਾਚਾਰ ਦੇ ਇਲਜ਼ਾਮ ਜਨਤਕ ਤੌਰ ਉੱਤੇ ਲਾਏ ਹਨ। ਉਸ ਨੇ ਦੱਸਿਆ ਕਿ ਤਿੰਨ ਸਾਲ ਪਹਿਲਾਂ ਉਹ ਤੇ ਉਸ ਦਾ ਪਾਰਟਨਰ ਇਹ ਵੇਖ ਕੇ ਹੈਰਾਨ ਰਹਿ ਗਏ ਕਿ ਸਾਦੇ ਕੱਪੜਿਆਂ ਵਿਚ ਤਿੰਨ ਪੁਲਿਸ ਅਧਿਕਾਰੀਆਂ ਨੇ ਹੱਥਕੜੀਆਂ ਲੱਗੇ ਇਕ ਵਿਅਕਤੀ ਨਾਲ ਬੁਰੀ ਤਰ੍ਹਾਂ ਕੁੱਟਮਾਰ ਕੀਤੀ। ਹੱਫ ਨੇ ਦੱਸਿਆ ਕਿ ਉਹ ਵਿਅਕਤੀ ਜ਼ਮੀਨ ਉੱਤੇ ਬੈਠਾ ਹੋਇਆ ਸੀ ਤੇ ਉਨ੍ਹਾਂ ਤਿੰਨ ਪੁਲਿਸ ਵਾਲਿਆਂ ਨੇ ਉਸ ਦੀ ਪਿੱਠ ਉੱਤੇ ਗੋਡੇ ਰੱਖੇ ਹੋਏ ਸਨ ਤੇ ਉਹ ਉਸ ਵਿਅਕਤੀ ਨੂੰ ਜਿੰਨੀ ਜ਼ੋਰ ਨਾਲ ਘਸੁੰਨ, ਮੁੱਕਿਆਂ ਤੇ ਠੁੱਡਿਆਂ ਨਾਲ ਕੁੱਟ ਸਕਦੇ ਸਨ, ਕੁੱਟ ਰਹੇ ਸਨ। ਐਡਮਿੰਟਨ ਦੇ ਇਸ ਸਾਬਕਾ ਪੁਲਿਸ ਅਧਿਕਾਰੀ ਡੈਰੇਕ ਹੱਫ ਨੇ ਇਹ ਗੱਲ ਉਸ ਸਮੇਂ ਜਨਤਕ ਕੀਤੀ ਜਦੋਂ ਇਸ ਕਥਿਤ ਭ੍ਰਿਸ਼ਟਾਚਾਰ ਨੂੰ ਰੋਕਣ ਲਈ ਜਾਂ ਇਸ ਬਾਰੇ ਜਾਣੂ ਕਰਵਾਉਣ ਲਈ ਉਸ ਦੀਆਂ ਸਾਰੀਆਂ ਕੋਸ਼ਿਸ਼ਾਂ ਅਸਫਲ ਰਹੀਆਂ। ਉਸ ਨੇ ਉਹੋ ਕੁੱਝ ਦੱਸਿਆ ਜੋ ਉਸ ਨੇ ਵੇਖਿਆ ਸੀ ਤੇ ਹੁਣ ਉਸ ਦੇ ਦੋਸ਼ਾਂ ਦੀ ਜਾਂਚ ਕੀਤੀ ਜਾ ਰਹੀ ਹੈ।

## ਦੱਖਣੀ-ਪੱਛਮੀ ਕਮਿਊਨਿਟੀ ’ਚ ਆਪਸੀ ਸਾਂਝ ਵਧਾਉਣ ਹਿਤ ਇੱਕ ਰੋਜ਼ਾ ਜਸ਼ਨ

ਐਡਮਿੰਟਨ (ਨਦਬ) ਪਿਛਲੇ ਦਿਨੀਂ ਐਮਪਾਇਰ ਪਾਰਕ ਕਮਿਊਨਿਟੀ ਲੀਗ ਵਿੱਚ ਦੱਖਣੀ-ਪੱਛਮੀ ਕਮਿਊਨਿਟੀ ਵਿੱਚ ਆਪਸੀ ਸਾਂਝ ਵਧਾਉਣ ਹਿਤ ਵਿਸ਼ੇਸ਼ ਤੌਰ ‘ਤੇ ਇੱਕ ਦਿਨਾ ਜਸ਼ਨ ਮਨਾਇਆ ਗਿਆ। ਇਸ ਜਸ਼ਨ ਨੂੰ ਲੈ ਕੇ ਲੋਕਾਂ ਵਿੱਚ ਭਾਰੀ ਉਤਸ਼ਾਹ ਪਾਇਆ ਗਿਆ। ਬੱਚਿਆਂ ਦੀ ਰੌਣਕ ਨਾਲ ਪਾਰਕ ਚਹਿਕ ਰਿਹਾ ਸੀ। ਵੱਜ ਰਿਹਾ ਸੰਗੀਤ ਇਸ ਖ਼ੂਬਸੂਰਤ ਜਸ਼ਨ ਨੂੰ ਹੋਰ ਖ਼ੂਬਸੂਰਤ ਬਣਾ ਰਿਹਾ ਸੀ। ਜਸ਼ਨ ਨੂੰ ਮਨਾਉਣ ਲਈ ਪਾਰਕ ਵਿੱਚ ਦੱਖਣੀ ਅਤੇ ਪੱਛਮੀ ਦੋਵੇਂ ਕਮਿਊਨੀਟੀਆਂ ਦੇ ਲਗਭਗ 400 ਵਿਅਕਤੀ ਇਕੱਠੇ ਹੋਏ। ਇਸ ਮੌਕੇ ਆਪਸੀ ਪਿਆਰ ਦਾ ਪ੍ਰਗਟਾਵਾ ਕਰਨ ਲਈ ਸਾਰੇ ਵਿਅਕਤੀ ਗਲ਼ ਨਾਲ ਲੱਗ ਕੇ ਇੱਕ ਦੂਸਰੇ ਨੂੰ ਖੁਸ਼ਆਮਦੀਦ ਕਹਿ ਰਹੇ ਸਨ। ਇਸ ਜਸ਼ਨ ਨੂੰ ਮਨਾਉਣ ਲਈ ਪ੍ਰਬੰਧ ਐਡਮਿੰਟਨ ਦੀਆਂ ਗੈਰ ਮੁਨਾਫ਼ੇ ਵਾਲੀਆਂ ਏਜੰਸ਼ੀਆਂ ਵੱਲੋਂ ਕੀਤੇ ਗਏ ਸਨ। ਕਮਿਊਨਿਟੀ ਸਰਵਿਸ ਸੈਂਟਰ ਵੱਲੋਂ ਇਸ ਪ੍ਰੋਗਰਾਮ ਦੀ ਅਗਵਾਈ ਸੁਚੱਜੇ ਢੰਗ ਨਾਲ ਕੀਤੀ ਗਈ। ਇਸ ਮੌਕੇ ਕਲਾਕਾਰਾਂ ਅਤੇ ਖਿਡਾਰੀਆਂ ਵੱਲੋਂ ਆਪਣੇ ਫ਼ਨ ਦਾ ਭਰਪੂਰ ਮੁਜ਼ਾਹਰਾ ਕੀਤਾ ਗਿਆ, ਜਿਸਦਾ




ਲੋਕਾਂ ਨੇ ਪੂਰਾ ਲੁਤਫ਼ ਉਠਾਇਆ। ਐਡਮਿੰਟਨ ਦੀਆਂ ਗੈਰ ਮੁਨਾਫ਼ੇ ਵਾਲੀਆਂ ਏਜੰਸ਼ੀਆਂ ਵੱਲੋਂ ਪਾਰਕ ਵਿੱਚ ਬੂਥ ਲਾਏ ਗਏ ਸਨ। ਜਿਨ੍ਹਾਂ ਵਿੱਚ ਕਲਾਕਾਰ ਅਤੇ ਖਿਡਾਰੀ ਆਪਣੇ ਫ਼ਨ ਦਾ ਮੁਜ਼ਾਹਰਾ ਕਰ ਰਹੇ ਸਨ। ਇਸ ਤੋਂ ਇਲਾਵਾ ਇਹਨਾਂ ਬੂਥਾਂ ਵਿੱਚ ਭਾਂਤ-ਸੁਭਾਂਤਾ ਦਾ ਖਾਣਾ ਵੀ ਸਜਿਆ ਹੋਇਆ ਸੀ।

ਜਸ਼ਨ ਦੀ ਸ਼ੁਰੂਆਤ ਸਾਂਗ ਡੀ ਚੀ ਪਰੇਇੰਗ ਮਾਂਟੀਸ ਆਰਟਸ ਐਸੋਸੀਏਸ਼ਨ ਵੱਲੋਂ ਲਾਇਨ ਡਾਂਸ ਪੇਸ਼ ਕਰਨ ਨਾਲ ਹੋਈ। ਇਸ ਤੋਂ ਇਲਾਵਾ ਲੈਟਿਨ ਲੈਗੇਸੀ ਵੱਲੋਂ ਜ਼ੂਬਾਂ ਰਿਦਮ ਅਤੇ ਕਾਰੀਲਗਨ ਡਾਂਸ ਸੁਸਾਇਟੀ ਵੱਲੋਂ ਬਾਂਬੂ ਡਾਂਸ ਪੇਸ਼ ਕੀਤਾ ਗਿਆ। ਸੱਭਿਆਚਾਰਕ ਪੇਸ਼ਕਾਰੀਆਂ ਨੇ ਜਸ਼ਨ ਨੂੰ ਹੋਰ ਸੁਹਾਵਣਾ ਬਣਾ ਦਿੱਤਾ। ਜਸ਼ਨ ਦੇ ਅੰਤ ਵਿੱਚ ਕਮਿਊਨਿਟੀ ਮੈਂਬਰਾਂ ਵਿੱਚ ਫੁਟਬਾਲ ਦਾ ਮੈਚ ਹੋਇਆ। ਇਸ ਜਸ਼ਨ ਵਿੱਚ ਨੌਜਵਾਨ ਵੱਡੀ ਤਦਾਦ ਵਿੱਚ ਸ਼ਾਮਿਲ ਹੋਏ ਤੇ ਇਹੀ ਇਸ ਜਸ਼ਨ ਦਾ ਹਾਸਿਲ ਸੀ। ਨੌਜਵਾਨ ਜਦੋਂ ਜਸ਼ਨ ਵਿੱਚ ਵਿਚਰ ਰਹੇ ਸਨ ਤਾਂ ਉਹਨਾਂ ਦੇ ਵਿਵਹਾਰ ਵਿੱਚੋਂ ਆਪਸੀ ਸਾਂਝ ਝਲਕ ਰਹੀ ਸੀ। ਇਸ ਮੌਕੇ ਜਗਦੀਆਂ ਮੋਮਬੱਤੀਆਂ ਇਸ ਗੱਲ ਦਾ ਸੰਦੇਸ਼ ਦੇ ਰਹੀਆਂ ਸਨ ਕਿ ਆਉਣ ਵਾਲੀ ਠੰਡ ਵਿੱਚ ਆਪਸੀ ਪਿਆਰ ਨਿਸਚਿਤ ਤੌਰ ‘ਤੇ ਨਿੱਘ ਦੇਵੇਗਾ।


ANJALI AGARWAL

With my 15 years of experience in Residential Mortgage Industry,
I would like to, once again, help you with mortgage approvals, construction draw mortgage and line of credits.

Please Contact:
ANJALI AGARWAL AMP, BA
Senior Mortgage Advisor

Now I have access to almost all banks and more than 25 lenders.
ਮੈਂ ਪੰਜਾਬੀ ਅਤੇ ਹਿੰਦੀ ਵਿੱਚ ਗੱਲਬਾਤ ਕਰ ਸਕਦੀ ਹਾਂ

TMG

call @ 780-934-7217 (Cell) or Email anjali.agarwal@mortgagegroup.com

# ਕਨੇਡਾ ਦੇ ਸੰਸਦ ਮੈਂਬਰਾਂ ਨੇ ਸਾਲ ਭਰ ਵਿਚ ਖ਼ਰਚੇ 123.6 ਮਿਲੀਅਨ ਡਾਲਰ

ਓਟਾਵਾ, (ਨਦਬ) : 31 ਮਾਰਚ, 2013 ਨੂੰ ਖ਼ਤਮ ਹੋਏ ਵਿੱਤੀ ਵਰ੍ਹੇ ਦੌਰਾਨ ਐਮਪੀਜ਼ ਵੱਲੋਂ ਕੁੱਲ ਮਿਲਾ ਕੇ 123.6 ਮਿਲੀਅਨ ਡਾਲਰ ਰਕਮ ਖ਼ਰਚੀ ਗਈ। ਇਹ ਪਿਛਲੇ ਸਾਲ ਦੇ ਮੁਕਾਬਲੇ 2.3 ਮਿਲੀਅਨ ਡਾਲਰ ਵੱਧ ਹੈ। ਇਹ ਖ਼ੁਲਾਸਾ ਸੋਮਵਾਰ ਨੂੰ ਪ੍ਰਕਾਸ਼ਤ ਹੋਈ ਕਾਮਨਜ਼ ਦੀ ਸਾਲਾਨਾ ਰਿਪੋਰਟ ਵਿਚ ਕੀਤਾ ਗਿਆ। ਐਮਪੀਜ਼ ਨੇ ਕਰਮਚਾਰੀਆਂ ਦੀ ਤਨਖ਼ਾਹ ਅਤੇ ਸਰਵਿਸ ਕੰਟਰੈਕਟਸ ਉੱਤੇ 67 ਮਿਲੀਅਨ ਡਾਲਰ ਖ਼ਰਚ ਕੀਤੇ ਤੇ ਸੈੱਲਫੋਨਜ਼ ਤੇ ਡਾਕ ਆਦਿ ਉੱਤੇ 15 ਮਿਲੀਅਨ ਡਾਲਰ ਖ਼ਰਚ ਕੀਤੇ। ਇਸ ਤੋਂ ਇਲਾਵਾ ਹਾਊਸ ਆਫ਼ ਕਾਮਨਜ਼ ਦੇ ਮੈਂਬਰਾਂ ਨੇ ਪ੍ਰਿੰਟਿੰਗ ਉੱਤੇ 6 ਮਿਲੀਅਨ ਡਾਲਰ ਤੋਂ ਵੀ ਵੱਧ ਖ਼ਰਚ ਕੀਤੇ, ਜਿਨ੍ਹਾਂ ਵਿਚੋਂ ਆਪਣੇ ਹਲਕੇ ਤੋਂ ਬਾਹਰ ਦੇ ਲੋਕਾਂ ਨੂੰ ਜਾਣੂ ਕਰਵਾਉਣ ਲਈ ਮੇਲ ਕਰਨ 'ਤੇ ਜਾਂ ਫਿਰ 10-ਪਰਸੈਂਟਰਜ਼ ਦੇ ਨਾਂ ਨਾਲ ਜਾਣੇ ਜਾਂਦੇ ਫਲਾਇਰਜ਼ ਵੰਡਣ ਵਰਗੇ ਖ਼ਰਚੇ ਸ਼ਾਮਲ ਸਨ, 5 ਮਿਲੀਅਨ ਡਾਲਰ ਇਸ਼ਤਿਹਾਰਾਂ ਉੱਤੇ ਖ਼ਰਚੇ ਗਏ ਤੇ ਮੇਜ਼ਬਾਨੀ ਤੇ ਹੋਰ ਮੌਕਾ ਮੇਲ ਉੱਤੇ 1.6 ਮਿਲੀਅਨ ਡਾਲਰ ਤੋਂ ਵੱਧ ਖ਼ਰਚੇ ਗਏ। ਹਰੇਕ ਐਮ.ਪੀ. ਨੂੰ 284.700 ਡਾਲਰ ਸਾਲਾਨਾ ਆਫਿਸ ਬਜਟ ਮਿਲਦਾ ਹੈ। ਜਿਹੜੇ ਐਮ.ਪੀਜ਼ ਦੂਰ ਦਰਾਜ਼ ਦੇ ਹਲਕਿਆਂ ਵਿਚ ਰਹਿੰਦੇ ਹਨ ਜਾਂ ਜਿਹੜੇ ਵੱਡੇ ਹਲਕਿਆਂ ਦੀ ਨੁਮਾਇੰਦਗੀ ਕਰਦੇ ਹਨ ਤਾਂ ਉਨ੍ਹਾਂ ਨੂੰ ਆਫਿਸ ਬਜਟ ਤੋਂ ਇਲਾਵਾ ਹੋਰ ਰਕਮ ਵੀ ਮਿਲਦੀ ਹੈ। ਐਮ.ਪੀਜ਼ ਜਦੋਂ ਪਾਰਲੀਮਾਨੀ ਕੰਮਕਾਜ ਲਈ ਓਟਾਵਾ ਵਿਚ ਹੁੰਦੇ ਹਨ ਤਾਂ ਉਨ੍ਹਾਂ ਨੂੰ ਸਫ਼ਰ ਕਰਨ ਲਈ ਸਾਲ ਦੇ 26,238 ਡਾਲਰ ਮਿਲਦੇ ਹਨ ਤੇ ਇਸ ਦੇ ਨਾਲ ਹੀ ਰੋਜ਼ਾਨਾ ਖਾਣਾ ਆਦਿ ਖਾਣ ਲਈ ਵੀ ਪੈਸੇ ਮਿਲਦੇ ਹਨ। ਜਿਨ੍ਹਾਂ ਐਮਪੀਜ਼ ਦੀ ਮੁੱਖ ਰਿਹਾਇਸ਼ ਰਾਜਧਾਨੀ ਤੋਂ 100 ਕਿੱਲੋਮੀਟਰ ਤੋਂ ਵੱਧ ਦੂਰੀ ਉੱਤੇ ਸਥਿਤ ਹੈ, ਉਹ ਹਾਊਸਿੰਗ ਖਰਚਾ ਵੀ ਲੈ ਸਕਦੇ ਹਨ। ਇੱਥੇ ਉਨ੍ਹਾਂ ਐਮਪੀਜ਼ ਤੇ ਉਨ੍ਹਾਂ ਦੀ ਪਾਰਟੀ ਦੀ ਸੂਚੀ ਦਿੱਤੀ ਜਾ ਰਹੀ ਹੈ, ਜਿਨ੍ਹਾਂ ਨੇ ਸਭ ਤੋਂ ਵੱਧ ਤੇ ਸਭ ਤੋਂ ਘੱਟ ਖ਼ਰਚੇ ਕੀਤੇ:

*ਸਭ ਤੋਂ ਵੱਧ ਖਰਚਾ ਕਰਨ ਵਾਲੇ ਐਮ.ਪੀਜ਼ ਬਾਰੇ ਜਾਣਕਾਰੀ ਹੇਠਾਂ ਦਿੱਤੀ ਜਾ ਰਹੀ ਹੈ :*

- ਸਟੀਫਨ ਫਲੈਚਰ (ਚਾਰਲਸਵੁੱਡ-ਸੇਂਟ ਜੇਮਜ਼ ਅਸਿਨੀਬੋਇਆ ਕੰਜ਼ਰਵੇਟਿਵ), 612,259.38 ਡਾਲਰ
- ਟੌਮ ਮਲਕੇਅਰ (ਆਊਟਰਮੌਂਟ, ਐਨ.ਡੀ.ਪੀ.), 550,830.72 ਡਾਲਰ
- ਬਲੇਕ ਰਿਚਰਡਜ਼ (ਵਾਈਲਡ ਰੋਜ਼, ਕੰਜ਼ਰਵੇਟਿਵ), 547,510.07 ਡਾਲਰ
- ਨਿੱਕੀ ਐਸ਼ਟਨ (ਚਰਚਿਲ, ਐਨ.ਡੀ.ਪੀ.), 528,637.83 ਡਾਲਰ
- ਹੈਡੀ ਫਰਾਈ (ਵੈਨਕੂਵਰ ਸੈਂਟਰ, ਲਿਬਰਲ), 516,429.74 ਡਾਲਰ
- ਰਿਚਰਡ ਹੈਰਿਸ (ਕੈਰੀਬੂ-ਪ੍ਰਿੰਸ ਜਾਰਜ, ਕੰਜ਼ਰਵੇਟਿਵ), 515,243.90 ਡਾਲਰ
- ਪੀਟਰ ਪੈਲਾਸੂਏ (ਲੈਬਰਾਡੌਰ, ਕੰਜ਼ਰਵੇਟਿਵ), 513,713.99 ਡਾਲਰ
- ਬ੍ਰਾਇਨ ਸਟੌਰਸੇਥ (ਵੈਸਟਲੌਕ-ਸੇਂਟ ਪਾਲ, ਕੰਜ਼ਰਵੇਟਿਵ), 502,858.26 ਡਾਲਰ
- ਲਿਓਨਾ ਐਗਲੂਕਾਕ (ਨੂਨਾਵਤ, ਕੰਜ਼ਰਵੇਟਿਵ), 501,867.71 ਡਾਲਰ
- ਗੈਰੀ ਬ੍ਰੇਟਕਰੇਊਜ਼ (ਯੌਰਕਟਨ-ਮੈਲਵਿੱਲੇ, ਕੰਜ਼ਰਵੇਟਿਵ), 501,493.95 ਡਾਲਰ

*ਸਭ ਤੋਂ ਘੱਟ ਖਰਚਾ ਕਰਨ ਵਾਲੇ ਐਮ.ਪੀਜ ਬਾਰੇ ਜਾਣਕਾਰੀ ਹੇਠਾਂ ਦਿੱਤੀ ਜਾ ਰਹੀ ਹੈ :*

- ਕਲਾਡੇ ਪੈਟਰੀ (ਜੌਨਕਿਊਏਰੇ-ਆਲਮਾ, ਬਲਾਕ ਕਿਊਬਿਕੁਆ), 269,908.21 ਡਾਲਰ
- ਸਟੀਫਨ ਹਾਰਪਰ (ਕੈਲਗਰੀ ਸਾਊਥ ਵੈਸਟ, ਕੰਜ਼ਰਵੇਟਿਵ), 284, 681.96 ਡਾਲਰ
- ਰੌਕਸੇਨ ਜੇਮਜ਼ (ਸਕਾਰਬੋਰੋ ਸੈਂਟਰ, ਕੰਜ਼ਰਵੇਟਿਵ), 303,249.61 ਡਾਲਰ
- ਜੌਹਨ ਬੇਅਰਡ ( ਓਟਾਵਾ ਵੈਸਟ-ਨੇਪੀਅਨ, ਕੰਜ਼ਰਵੇਟਿਵ), 304,923.58 ਡਾਲਰ
- ਮੈਸੀਮੋ ਪਾਸੈਟੀ (ਸੇਂਟ-ਲਿਓਨਾਰਡ-ਸੇਂਟ-ਮਾਈਕਲ, ਲਿਬਰਲ), 305,524.26 ਡਾਲਰ
- ਗਾਇ ਲਾਜ਼ੌਨ (ਸਟੌਰਮੌਂਟ-ਡੰਡਾਸ-ਸਾਊਥ ਗਲੈਨੇਗੈਰੀ, ਕੰਜ਼ਰਵੇਟਿਵ), 306,338.88 ਡਾਲਰ
- ਜੂਲੀਅਨ ਫੈਨਟੀਨੋ (ਵਾਅਨ, ਕੰਜ਼ਰਵੇਟਿਵ), 314,479.69 ਡਾਲਰ
- ਫਰੈਂਕੁਆਇਸ ਬੋਇਵਿਨ ( ਗੈਟਿਨਿਊ, ਐਨਡੀਪੀ), 316,000.89 ਡਾਲਰ
- ਲਾਈਸ ਸੇਂਟ ਡੈਨਿਸ (ਸੇਂਟ-ਮਾਰਿਸ-ਚੈਂਪਲੇਨ, ਲਿਬਰਲ), 318,594.56 ਡਾਲਰ
- ਜੋਜ ਨੂਨੇਜ਼-ਮੈਲੋ (ਲਵਲ, ਐਨਡੀਪੀ), 319,817.91 ਡਾਲਰ

## ਪਾਕਿਸਤਾਨੀ ਫੋਟੋਗ੍ਰਾਫਰ ਵਲੋਂ ਸ਼ਹੀਦ ਭਗਤ ਸਿੰਘ ਦਾ ਚਿੱਤਰ ਘਰ-ਘਰ ਪਹੁੰਚਾਉਣ ਦਾ ਉਪਰਾਲਾ



ਸਰੀ (ਨਦਬ) : ਪਾਕਿਸਤਾਨ ਮੂਲ ਦੇ ਕੈਨੇਡੀਅਨ ਫੋਟੋਗ੍ਰਾਫਰ ਹਮੀਦ ਅਬਦੁੱਲ ਨੇ ਸ਼ਹੀਦ ਭਗਤ ਸਿੰਘ ਦੇ 106ਵੇਂ ਜਨਮ ਦਿਨ ਮੌਕੇ ਐਲਾਨ ਕੀਤਾ ਹੈ ਕਿ ਉਹ ਭਗਤ ਸਿੰਘ ਦਾ ਚਿੱਤਰ ਮੁਫ਼ਤ ਵੰਡੇਗਾ। ਕੋਈ ਵੀ ਵਿਅਕਤੀ ਉਸ ਤੋਂ ਇਹ ਚਿੱਤਰ ਮੰਗਵਾ ਸਕਦਾ ਹੈ। ਗੌਰਤਲਬ ਹੈ ਕਿ ਹਮੀਦ ਅਬਦੁੱਲ ਸਰੀ ਵਿਚ 'ਗੈਲਰੀ-7' ਨਾਂ ਹੇਠ ਆਪਣਾ ਸਟੂਡੀਓ ਚਲਾ ਰਿਹਾ ਹੈ। ਇਹ ਸਟੂਡੀਓ ਕੈਨੇਡੀਅਨ ਇਮੀਗਰੇਸ਼ਨ ਨੇੜੇ ਸਰੀ ਸੈਂਟਰਲ ਮਾਲ ਵਿਖੇ ਪੈਂਦਾ ਹੈ। ਉਸ ਦਾ ਕਹਿਣਾ ਹੈ ਕਿ ਸ਼ਹੀਦ ਭਗਤ ਸਿੰਘ ਉਸ ਦੇ ਵੱਡੇ ਪ੍ਰੇਰਨਾ ਸਰੋਤ ਰਹੇ ਹਨ। ਉਸ ਨੇ ਦੇਸ਼ ਦੀ ਆਜ਼ਾਦੀ ਲਈ ਫਾਂਸੀ ਦਾ ਰੱਸਾ ਚੁੰਮਿਆ ਅਤੇ ਉਸ ਨੇ ਲੋਕਾਂ ਨੂੰ ਧਾਰਮਕ ਕੱਟੜਤਾ ਤੋਂ ਬਚਾਉਣ ਲਈ ਹੰਭਲਾ ਮਾਰਿਆ। ਪਾਕਿਸਤਾਨ ਵਿਚ ਇਸਲਾਮੀ ਕੱਟੜਪੰਥੀਆਂ ਦੇ ਵਿਰੋਧ ਦੇ ਬਾਵਜੂਦ ਭਗਤ ਸਿੰਘ ਦਾ ਜਨਮ ਹਰ ਸਾਲ ਪੂਰੇ ਜੋਸ਼ ਨਾਲ ਮਨਾਇਆ ਜਾਂਦਾ ਹੈ।

## ਮੈਰੂਆਨਾ ਨੂੰ ਕਾਨੂੰਨੀ ਦਾਇਰੇ ਵਿਚ ਲਿਆਉਣ ਜਾ ਰਹੀ ਹੈ ਸਰਕਾਰ ?

ਓਟਾਵਾ, (ਨਦਬ) : ਕੰਜ਼ਰਵੇਟਿਵ ਸਰਕਾਰ ਵੱਲੋਂ ਮੈਡੀਕਲ ਮੈਰੂਆਨਾ ਦੀ ਆਪਣੀ ਨਵੀਂ ਸਕੀਮ ਤਹਿਤ 1.3 ਅਰਬ ਡਾਲਰ ਦੀ ਫ਼ਰੀ ਮਾਰਕਿਟ ਲਾਂਚ ਕੀਤੀ ਜਾਵੇਗੀ। ਇਸ ਨਵੀਂ ਸਕੀਮ ਤਹਿਤ 450,000 ਕੈਨੇਡੀਅਨਾਂ ਨੂੰ ਮੈਡੀਕਲ ਖੇਤਰ ਦੀ ਮਦਦ ਲਈ ਵਧੀਆ ਕਿਸਮ ਦੇ ਪੌਦੇ ਮੁਹੱਈਆ ਕਰਵਾਏ ਜਾਣਗੇ। ਇਸ ਸਮੇਂ ਹੈਲਥ ਕਨੇਡਾ ਨੂੰ ਕਈ ਤਰ੍ਹਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਘਰਾਂ ਵਿਚ ਉਗਾਈ ਜਾਣ ਵਾਲੀ ਮੈਰੂਆਨਾ ਉੱਤੇ ਨਿਰਭਰ ਰਹਿਣਾ ਪੈ ਰਿਹਾ ਹੈ। ਨਿੱਕੇ ਪੱਧਰ ਉੱਤੇ ਮੈਰੂਆਨਾ ਤਿਆਰ ਕੀਤੇ ਜਾਣ ਦੇ ਬਾਵਜੂਦ ਇਹ ਮੈਰੂਆਨਾ ਅਕਸਰ ਗ਼ੈਰ-ਕਾਨੂੰਨੀ ਢੰਗ ਨਾਲ ਬਲੈਕ ਮਾਰਕੀਟ ਤਕ ਪਹੁੰਚ ਜਾਂਦੀ ਹੈ। ਇਸ ਪ੍ਰਬੰਧ ਨੂੰ ਸੁਧਾਰਨ ਲਈ ਹੁਣ ਸਰਕਾਰ ਆਰ.ਸੀ.ਐਮ.ਪੀ. ਤੇ ਹੈਲਥ ਇੰਸਪੈਕਟਰਾਂ ਵੱਲੋਂ ਪ੍ਰਮਾਣਤ ਇੰਡੋਰ ਮੈਰੂਆਨਾ ਫਾਰਮ ਤਿਆਰ ਕਰਵਾਏਗੀ, ਜਿੱਥੇ ਮੈਰੂਆਨਾ ਦੇ ਬਿਹਤਰੀਨ ਪੌਦਿਆਂ ਤੋਂ ਉਪਜ ਹਾਸਲ ਕਰ ਕੇ, ਇੱਥੇ ਹੀ ਇਨ੍ਹਾਂ ਦੀ ਪੈਕਿੰਗ ਕਰਨ ਦਾ ਇੰਤਜ਼ਾਮ ਹੋਵੇਗਾ। ਇਸ ਦੀ ਕੀਮਤ ਬਾਜ਼ਾਰ ਵਿਚਲੀ ਕੀਮਤ ਦੇ ਆਧਾਰ ਉੱਤੇ ਤੈਅ ਕੀਤੀ ਜਾਵੇਗੀ। ਇਸ ਦੀ ਵਿੱਕਰੀ ਅਗਲੇ ਕੁੱਝ ਹਫ਼ਤਿਆਂ ਵਿਚ ਸ਼ੁਰੂ ਹੋਣ ਦੀ ਸੰਭਾਵਨਾ ਹੈ। ਇਸ ਨੂੰ ਸੁਰੱਖਿਅਤ ਕੋਰੀਅਰ ਰਾਹੀਂ ਡਲਿਵਰ ਕੀਤਾ ਜਾਵੇਗਾ। ਇੱਕ ਇੰਟਰਵਿਊ ਵਿਚ ਡਿਪਾਰਟਮੈਂਟ ਦੀ ਸੀਨੀਅਰ ਅਧਿਕਾਰੀ ਸੋਫ਼ੀ ਗਾਲਾਰਨਿਊ ਨੇ ਆਖਿਆ ਕਿ ਸਾਨੂੰ ਯਕੀਨ ਹੈ ਕਿ ਇਹ ਤਜਰਬਾ ਕਾਮਯਾਬ ਰਹੇਗਾ। ਇਸ ਦੇ ਨਾਲ ਹੀ ਇਹ ਵੀ ਸਪਸ਼ਟ ਕੀਤਾ ਜਾ ਰਿਹਾ ਹੈ ਕਿ ਕੋਈ ਪ੍ਰਾਈਵੇਟ ਤੌਰ ਉੱਤੇ ਮੈਰੂਆਨਾ ਦੀ ਖੇਤੀ ਨਹੀਂ ਕਰ ਸਕੇਗਾ। ਨੀਦਰਲੈਂਡ ਵਰਗੇ ਮੁਲਕਾਂ ਤੋਂ ਦਰਾਮਦ ਦੀ ਖੁੱਲ੍ਹ ਹੋਵੇਗੀ। 156 ਫ਼ਰਮਾਂ ਇਸ ਨਵੀਂ ਸਕੀਮ ਵਿਚ ਹਿੱਸੇਦਾਰੀ ਲਈ ਅਪਲਾਈ ਕਰ ਚੁੱਕੀਆਂ ਹਨ, ਜਿਨ੍ਹਾਂ ਵਿਚੋਂ ਪਹਿਲਿਆਂ ਦੋ ਨੂੰ ਪਿਛਲੇ ਹਫ਼ਤੇ ਲਾਇਸੰਸ ਜਾਰੀ ਕਰ ਦਿੱਤਾ ਗਿਆ। ਇਹ ਵੀ ਆਖਿਆ ਜਾ ਰਿਹਾ ਹੈ ਕਿ ਕੰਜ਼ਰਵੇਟਿਵ ਸਰਕਾਰ ਵੱਲੋਂ ਇਹ ਕਦਮ ਲਿਬਰਲ ਆਗੂ ਜਸਟਿਨ ਟਰੂਡੋ ਵੱਲੋਂ ਮੈਰੂਆਨਾਂ ਨੂੰ ਕਾਨੂੰਨੀ ਦਰਜਾ ਦਿਵਾਉਣ ਲਈ ਸਮਰਥਨ ਜੁਟਾਉਣ ਵਾਸਤੇ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਨੂੰ ਧਿਆਨ ਵਿਚ ਰੱਖ ਕੇ ਹੀ ਚੁੱਕਿਆ ਗਿਆ ਹੈ।




ਇਸਤਰੀਆਂ ਅਤੇ ਮਰਦਾਂ ਦੇ ਹਰ ਕਿਸਮ ਦੇ ਕਪੜਿਆਂ ਨੂੰ ਠੀਕ ਕਰਵਾਉਣ (Alternation) ਲਈ ਸੰਪਰਕ ਕਰੋ। ਮਰਦਾਂ ਦੇ ਪਜਾਮੇ ਕੁੜਤੇ, ਪਠਾਨੀ ਸੂਟ, ਨਾਈਟ ਸੂਟ ਸਿਲਾਉਣ ਲਈ ਮਿਲੋ

ਰਵੀ ਵਰਮਾ
780-995-4461

DOUBLE G HAIR SALON
MEN'S HAIR CUT $10
LADIES HAIR CUT $12
EYEBROW THREADING - FACIALWAX
78 Mandalay Drive, PH 204-633-2525

Emergency Service 24x7
Free Estimate with Treatment
GOLDEN ARROW PEST CONTROL INC.



CALL @ 780 462 6669
Specializing in:
Ants, Bees, Birds, Bedbugs, Flies,Bugs, Spiders, Flea, Mice/Rats, Cock-Roaches, Wasp, Squirrels, Gophers, Pigeons etc.

PROFESSIONAL CERTIFIED SERVICE PROVIDER FOR:
&
* Air-Guard And Konk- Fly Control Machines.
* Unwanted pests any kind 100% guarantee.
* Hanta Virus Clean-up & Disinfecting
* Exclusion work for Bird & Rodents.
* Special Gophers Poison
* bee's,Wasp,Hornet Control
* Home Protection Programs
* Residential and Commercial Experts

ਘਰਾਂ ਤੇ ਵਪਾਰਕ ਥਾਵਾਂ ਨੂੰ ਮੱਖੀਆਂ, ਕਾਕਰੋਚ, ਚੂਹਿਆਂ, ਕੀੜੀਆਂ ਅਤੇ ਹੋਰ ਅਣਚਾਹੇ ਜਾਨਵਰਾਂ ਤੋਂ ਮੁਕਤੀ ਲਈ ਅੱਜ ਹੀ ਕਾਲ ਕਰੋ **ਗੋਲਡਨ ਐਰੋ ਪੈਸਟ ਕੰਟਰੋਲ** ਨੂੰ।

M.S. (Sunny)
Expert Certified Service Technician
780 243 6705
908-77 AVE NW, Edmonton AB T6P 1M2
info@goldenarrowpestcontrol.com www.goldenarrowpestcontrol.com

# ਪ੍ਰੋਗਰੈਸਿਵ ਪੀਪਲਜ਼ ਫਾਉਂਡੇਸ਼ਨ ਆਫ਼ ਐਡਮਿੰਟਨ ਵਲੋਂ ਬਹੁ-ਭਾਸ਼ਾਈ ਕਵੀ ਦਰਬਾਰ

ਐਡਮਿੰਟਨ (ਨਦਬ) ਪਿਛਲੇ ਦਿਨੀਂ ਸ਼ਹਿਰ ਦੇ ਮਹਾਰਾਜਾ ਬੈਂਕਟ ਹਾਲ ਵਿੱਚ ਪ੍ਰੋਗਰੈਸਿਵ ਪੀਪਲਜ਼ ਫਾਉਂਡੇਸ਼ਨ ਆਫ਼ ਐਡਮਿੰਟਨ ਵੱਲੋਂ ਗ਼ਦਰ ਸ਼ਤਾਬਦੀ ਅਤੇ ਗ਼ਦਰ ਲਹਿਰ ਦੇ ਲੇਖਕ ਗਿਆਨੀ ਕੇਸਰ ਸਿੰਘ ਨਾਵਲਿਸਟ ਨੂੰ ਸਮਰਪਿਤ ਬਹੁ-ਭਾਸ਼ਾਈ ਕਵੀ ਦਰਬਾਰ ਕਰਵਾਇਆ ਗਿਆ। ਜਿਸ ਵਿੱਚ ਪੰਜਾਬੀ ਤੋਂ ਇਲਾਵਾ ਉਰਦੂ, ਹਿੰਦੀ ਅਤੇ ਅੰਗਰੇਜ਼ੀ ਦੇ ਕਵੀਆਂ ਨੇ ਵੀ ਭਾਗ ਲਿਆ। ਇਸ ਉਤਸਵ ਵਿੱਚ ਲਗਭਗ ਦੋ ਦਰਜਨ ਕਵੀ ਪਹੁੰਚੇ ਹੋਏ ਸਨ ਤੇ ਡੇਢ ਸੌ ਦੇ ਲਗਭਗ ਸਰੋਤੇ ਹਾਜ਼ਰ ਸਨ। ਇਸ ਮੌਕੇ ਕਵੀਆਂ ਨੇ ਆਪਣੀਆਂ ਰਚਨਾਵਾਂ ਦੁਆਰਾ ਲਗਭਗ ਤਿੰਨ ਘੰਟੇ ਸਰੋਤਿਆਂ ਨੂੰ ਨਿਹਾਲ ਕੀਤਾ।

ਪਹੁੰਚੇ ਹੋਏ ਕਵੀਆਂ ਵਿੱਚ ਕੁੱਝ ਕਵੀ ਕੈਲਗਰੀ ਦੀਆਂ ਸਾਹਿਤ ਸਭਾਵਾਂ ਤੋਂ ਸਨ ਤੇ ਕੁੱਝ ਭਾਰਤ ਅਤੇ ਇੰਗਲੈਂਡ ਤੋਂ ਉਚੇਚੇ ਤੌਰ 'ਤੇ ਪਹੁੰਚੇ ਸਨ। ਕਵੀਆਂ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਆਪਣੇ ਵਿਚਾਰਾਂ ਅਤੇ ਜਜ਼ਬਾਤਾਂ ਨੂੰ ਸਰੋਤਿਆਂ ਦੇ ਸਾਹਮਣੇ ਰੱਖਿਆ।

ਉਤਸਵ ਦੀ ਸ਼ੁਰੂਆਤ ਦਲਜੀਤ ਸਿੰਘ ਰੱਖੜਾ ਦੁਆਰਾ ਚਾਰਲਸ ਡਾਰਵਿਨ ਦੀ ਅਨੁਵਾਦ ਕੀਤੀ ਕਿਤਾਬ 'ਵਿਕਾਸਵਾਦ ਅਤੇ ਉਪ ਨਸਲਾਂ' ਦੇ ਲੋਕ ਅਰਪਣ ਨਾਲ ਹੋਈ। ਇੱਥੇ ਦੱਸਣਯੋਗ ਹੈ ਕਿ ਦਲਜੀਤ ਸਿੰਘ ਰੱਖੜਾ ਅਜਿਹਾ ਵਿਅਕਤੀ ਹੈ ਜਿਸ ਨੇ ਪੰਜਾਬੀ ਵਿੱਚ ਪਹਿਲੀ ਵਾਰ ਚਾਰਲਸ ਡਾਰਵਿਨ ਦੀਆਂ ਕਿਤਾਬਾਂ ਨੂੰ ਅਨੁਵਾਦ ਕੀਤਾ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਡਾਰਵਿਨ ਦੀ ਕਿਤਾਬ 'ਦਿ ਡੀਸੈਂਟ ਆਫ਼ ਮੈਨ' ਅਤੇ ਅਲੈਕਸ ਹੈਲੀ ਦਾ ਮਸ਼ਹੂਰ ਨਾਵਲ 'ਰੂਟਸ' ਦਾ ਵੀ ਪੰਜਾਬੀ ਵਿੱਚ ਅਨੁਵਾਦ ਕੀਤਾ ਹੈ। ਇਸ ਮੌਕੇ ਰੱਖੜਾ ਦੇ ਸਾਹਿਤਕ ਸਫ਼ਰ 'ਤੇ ਚਾਨਣਾ ਪਾਉਂਦਿਆਂ ਪ੍ਰੋਗਰੈਸਿਵ ਪੀਪਲਜ਼ ਫਾਉਂਡੇਸ਼ਨ ਆਫ਼ ਐਡਮਿੰਟਨ ਦੇ ਪ੍ਰਧਾਨ ਦਲਬੀਰ ਸਾਂਗਿਆਣ ਨੇ ਕਿਹਾ ਕਿ ਭਾਵੇਂ ਰੱਖੜਾ ਸਿਹਤ ਠੀਕ ਨਾ ਹੋਣ ਕਾਰਨ ਇਸ ਵੇਲੇ ਸਾਡੇ ਦਰਮਿਆਨ ਹਾਜ਼ਰ ਨਹੀਂ ਹਨ ਪਰ ਉਹ ਪਿਛਲੇ ਦੋ ਦਹਾਕਿਆਂ ਤੋਂ ਐਡਮਿੰਟਨ ਦੇ ਉਭਰ ਰਹੇ ਲੇਖਕਾਂ ਲਈ ਪ੍ਰੇਰਨਾ ਸਰੋਤ ਬਣੇ ਹੋਏ ਹਨ। ਦਲਜੀਤ ਸਿੰਘ ਰੱਖੜਾ ਦੁਆਰਾ ਅਨੁਵਾਦਿਤ ਪੁਸਤਕ ਨੂੰ ਕੇਸਰ ਸਿੰਘ ਨੀਰ, ਡਾ. ਪੀ ਆਰ ਕਾਲੀਆ, ਰਾਜਿੰਦਰਜੀਤ ਸਿੰਘ, ਮੱਖਣ ਕੋਹਾੜ ਅਤੇ ਗੁਰਚਰਨ ਬਰਾੜ ਵੱਲੋਂ ਜਾਰੀ ਕੀਤਾ ਗਿਆ। ਇਸ ਤੋਂ ਤੁਰੰਤ ਬਾਅਦ ਕਵਿਤਾਵਾਂ ਦਾ ਦੌਰ ਸ਼ੁਰੂ ਹੋਇਆ, ਜਿਹੜੀਆਂ ਕਿ ਗ਼ਦਰੀ ਬਾਬਿਆਂ ਨੂੰ ਸਮਰਪਿਤ ਸਨ। ਇਹਨਾਂ ਕਵਿਤਾਵਾਂ ਰਾਹੀਂ ਕਵੀਆਂ ਨੇ ਹਾਜ਼ਰ ਸਰੋਤਿਆਂ ਨੂੰ ਦਰਪੇਸ਼ ਖਤਰਿਆਂ ਪ੍ਰਤੀ ਸੁਚੇਤ ਰਹਿਣ ਦਾ ਸਨੇਹਾ ਦਿੱਤਾ। ਕਵੀਆਂ ਨੇ ਕਵਿਤਾਵਾਂ ਰਾਹੀਂ ਦੱਸਿਆ ਕਿ ਸਾਨੂੰ ਇਸ ਵੇਲੇ ਨਵ-ਸਾਮਰਾਜਵਾਦ ਅਤੇ ਧਾਰਮਿਕ ਕੱਟੜਪੰਥੀ ਧਿਰਾਂ ਤੋਂ ਸਭ ਤੋਂ ਵੱਧ ਖਤਰਾ ਹੈ।

ਇਸ ਮੌਕੇ ਪਰਮਿੰਦਰ ਧਾਲੀਵਾਲ, ਇਕਬਾਲ ਖ਼ਾਨ, ਮਹਿੰਦਰ ਪਾਲ, ਬਲਜਿੰਦਰ ਸੰਘਾ, ਪਵਿਤਰ ਧਾਲੀਵਾਲ, ਤਰਲੋਚਨ, ਹਰੀਪਾਲ, ਬਖ਼ਸ਼ ਸੰਘਾ, ਅਫ਼ਜਲ ਬਾਜਵਾ, ਮਾਸਟਰ ਬਚਨ ਸਿੰਘ, ਲਾਡੀ ਸੁਸਾਨਵਾਲਾ, ਬਲਵੀਰ ਗੋਰਾ, ਗੁਰਬਚਨ ਬਰਾੜ ਅਤੇ ਦਲਬੀਰ ਸਾਂਗਿਆਣ ਨੇ ਗ਼ਦਰ ਲਹਿਰ ਨਾਲ ਜੁੜੀਆਂ ਰਚਨਾਵਾਂ ਸੁਣਾ ਕੇ ਗ਼ਦਰੀ ਬਾਬਿਆਂ ਨੂੰ ਸਰਧਾਂਜਲੀ ਦਿੱਤੀ। ਕੇਸਰ ਸਿੰਘ ਨੀਰ ਅਤੇ ਮੱਖਣ ਕੁਹਾੜ ਦੀਆਂ ਗ਼ਜ਼ਲਾਂ ਨੇ ਵੀ ਹਾਜ਼ਰ ਸਾਹਿਤ ਪ੍ਰੇਮੀਆਂ ਦਾ ਧਿਆਨ ਖਿੱਚਿਆ। ਬਚਿੱਤਰ ਸਿੰਘ ਨੇ ਕਵੀਸਰੀ ਸੁਣਾ ਕੇ ਸਰੋਤਿਆਂ ਦਾ ਮਨ ਮੋਹ ਲਿਆ। ਇੰਗਲੈਂਡ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਸ਼ਾਇਰ ਰਾਜਿੰਦਰਜੀਤ ਦੀ ਰਚਨਾ ਨੇ ਹਾਜ਼ਰੀਨ ਨੂੰ ਕਾਫ਼ੀ ਪ੍ਰਭਾਵਿਤ ਕੀਤਾ, ਹਾਜ਼ਰ ਸ਼ਾਇਰਾਂ ਨੇ ਉਨ੍ਹਾਂ ਦੀ ਰਚਨਾ 'ਤੇ ਦਾਦ ਦਿੱਤੀ।

ਉਰਦੂ ਦੀ ਕਵਿੱਤਰੀ ਕਿਸਵਾਰ ਗਨੀ ਨੇ ਔਰਤ ਸੰਕਟ ਨੂੰ ਦਰਸਾਉਂਦੀ ਕਵਿਤਾ ਸੁਣਾਈ, ਜਦੋਂ ਕਿ ਕੈਸਰ ਹੱਕ ਵੱਲੋਂ ਪੇਸ਼ ਕੀਤੀ ਗਈ ਰਚਨਾ ਵਿੱਚ ਅਮਰੀਕਾ ਦੀ ਮੱਧ ਏਸ਼ੀਆਈ ਦੇਸ਼ਾਂ ਵਿੱਚ ਵਧ ਰਹੀ ਦਖ਼ਲਅੰਦਾਜ਼ੀ ਬਾਰੇ ਚਿੰਤਾ ਪ੍ਰਗਟਾਈ ਗਈ ਸੀ। ਜਗਜੀਤ ਸਿੰਘ ਸਿੱਧੂ ਨੇ ਆਪਣੀ ਉਰਦੂ ਰਚਨਾ ਰਾਹੀਂ ਗ਼ਦਰੀਆਂ ਨੂੰ ਸਰਧਾਂਜਲੀ ਦਿੱਤੀ। ਇਸ ਤੋਂ ਇਲਾਵਾ ਹਿੰਦੀ ਵਿੱਚ ਡਾ. ਪੀ ਆਰ ਕਾਲੀਆ ਨੇ ਕਵਿਤਾ ਸੁਣਾਈ। ਅਲਬਰਟਾ ਯੂਨੀਵਰਸਿਟੀ ਦੀ ਵਿਦਿਆਰਥਣ ਅਦਿਤੀ ਗੁਪਤਾ ਵਲੋਂ ਅੰਗੇਰਜ਼ੀ ਵਿਚ ਬਸਤੀਵਾਦੀ ਅਤੇ ਸਾਮਰਾਜਵਾਦੀ ਤਾਕਤਾਂ ਵਲੋਂ ਆਮ ਲੋਕਾਂ ਦੀ ਕੀਤੀ ਜਾ ਰਹੀ ਲੁੱਟ ਦੇ ਵਿਸ਼ੇ ਵਾਲੀਆਂ ਕਵਿਤਾਵਾਂ ਸੁਣਾਈਆਂ।

ਅੰਤ ਵਿੱਚ ਦਲਬੀਰ ਸਾਂਗਿਆਣ ਨੇ ਪਹੁੰਚੇ ਕਵੀਆਂ ਅਤੇ ਸਰੋਤਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਕਵੀ ਦਰਬਾਰ ਰਾਹੀਂ ਕਵੀਆਂ ਨੇ ਨਾ ਸਿਰਫ਼ ਹਾਜ਼ਰੀਨ ਨੂੰ ਵੱਖ-ਵੱਖ ਤਰ੍ਹਾਂ ਦੀਆਂ ਦਰਪੇਸ਼ ਚੁਣੌਤੀਆਂ ਬਾਰੇ ਸੁਚੇਤ ਕੀਤਾ ਹੈ ਸਗੋਂ ਮੁਸ਼ਕਲਾਂ ਖਿਲਾਫ਼ ਜੱਦੋ-ਜਹਿਦ ਕਰਨ ਲਈ ਵੀ ਸਾਨੂੰ ਪ੍ਰੇਰਿਆ ਹੈ। ਇਸ ਮੌਕੇ ਪ੍ਰੋਗਰੈਸਿਵ ਪੀਪਲਜ਼ ਫਾਊਂਡੇਸ਼ਨ ਆਫ਼ ਐਡਮਿੰਟਨ ਦੇ ਪ੍ਰਧਾਨ ਦਲਬੀਰ ਸਾਂਗਿਆਣ ਵਲੋਂ ਦੋ ਮਤੇ ਪੇਸ਼ ਕੀਤੇ ਗਏ, ਜਿਨ੍ਹਾਂ ਵਿਚ ਮੰਗ ਕੀਤੀ ਗਈ ਕਿ ਪੰਜਾਬੀ ਭਾਸ਼ਾ ਨਾਲ ਹੋ ਰਿਹਾ ਵਿਤਕਰਾ ਦੂਰ ਕੀਤਾ ਜਾਵੇ। ਦਫ਼ਤਰ, ਅਦਾਲਤਾਂ, ਸਾਰੇ ਸਕੂਲਾਂ ਵਿਚ ਪੰਜਾਬੀ ਭਾਸ਼ਾ 'ਚ ਕੰਮ ਕਰਨਾ ਲਾਜ਼ਮੀ ਬਣਾਇਆ ਜਾਵੇ ਤੇ ਪੰਜਾਬ ਰਾਜ ਭਾਸ਼ਾ ਐਕਟ 2008 ਵਿਚ ਸਜ਼ਾ ਦੀ ਧਾਰਾ ਸ਼ਾਮਲ ਕੀਤੀ ਜਾਵੇ। ਦੂਜੇ ਮਤੇ ਰਾਹੀਂ ਅਮਰੀਕਾ ਵਲੋਂ ਸੀਰੀਆ 'ਤੇ ਹਮਲਾ ਕਰਨ ਦੀ ਯੋਜਨਾ ਦੀ ਨਿਖੇਧੀ ਕੀਤੀ ਗਈ। ਜਿਸ ਨੂੰ ਹਾਜ਼ਰੀਨ ਵਲੋਂ ਦੋਵੇਂ ਹੱਥ ਖੜੇ ਕਰ ਕੇ ਪਾਸ ਕੀਤਾ ਗਿਆ।






















# ਪੰਜਾਬ ਦੇ ਕਾਲੇ ਦੌਰ ਦਾ ਪੂਰਾ ਸੱਚ ਅੱਜ ਤੱਕ ਸਾਹਮਣੇ ਨਹੀਂ ਆਇਆ : ਗੋਬਿੰਦ ਠੁਕਰਾਲ






ਗੋਬਿੰਦ ਠੁਕਰਾਲ ਦਾ ਸਨਮਾਨ ਕਰਦੇ ਹੋਏ ਪੰਜਾਬੀ ਮੀਡੀਆ ਐਸੋਸੀਏਸ਼ਨ ਆਫ ਅਲਬਰਟਾ ਦੇ ਮੈਂਬਰ ਅਤੇ ਹੇਠਾਂ ਹਾਜ਼ਰ ਸਰੋਤੇ।

ਐਡਮਿੰਟਨ (ਨਦਬ) : ਇਹ ਬੜੀ ਹੀ ਖੁਸ਼ੀ ਵਾਲੀ ਗੱਲ ਹੈ ਕਿ ਕਨੇਡਾ ਵਿਚ ਵਸਦੇ ਪੰਜਾਬੀਆਂ ਨੇ ਪੰਜਾਬ ਤੋਂ ਦੂਰ ਇਕ ਖੁਸ਼ਹਾਲ ਪੰਜਾਬ ਵਸਾ ਰੱਖਿਆ ਹੈ। ਇਸ ਤੋਂ ਵੀ ਵਧੇਰੇ ਖੁਸ਼ੀ ਦੀ ਗੱਲ ਹੈ ਕਿ ਓਨੀਆਂ ਪੰਜਾਬੀ ਅਖਬਾਰਾਂ ਪੰਜਾਬ ਤੋਂ ਨਹੀਂ ਛੱਪਦੀਆਂ ਜਿੰਨੀਆਂ ਕਨੇਡਾ ਵਿਚ ਛਪ ਰਹੀਆਂ ਹਨ ਜਿਸ ਨਾਲ ਲੋਕ ਆਪਣੀ ਮਿੱਟੀ ਅਤੇ ਸੱਭਿਆਚਾਰ ਨਾਲ ਨੇੜਿਉਂ ਜੁੜੇ ਹੋਏ ਹਨ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸੀਨੀਅਰ ਪੱਤਰਕਾਰ ਸ੍ਰੀ ਗੋਬਿੰਦ ਠੁਕਰਾਲ ਨੇ ਪੰਜਾਬੀ ਮੀਡੀਆ ਐਸੋਸੀਏਸ਼ਨ ਆਫ ਅਲਬਰਟਾ ਵਲੋਂ ਐਡਮਿੰਟਨ ਵਿਖੇ ਕਰਵਾਏ ਗਏ ਇਕ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਕੀਤਾ। ਸ੍ਰੀ ਠੁਕਰਾਲ ਜੋ ਕਿ ਇੰਡੀਆ ਟੂਡੇ, ਇੰਡੀਅਨ ਐਕਸਪ੍ਰੈਸ, ਦਾ ਟ੍ਰਿਬਿਊਨ ਅਤੇ ਕਈ ਹੋਰ ਪ੍ਰਸਿੱਧ ਸਮਾਚਾਰ ਪੱਤਰਾਂ ਨਾਲ ਲੰਬੇ ਸਮੇਂ ਤੋਂ ਜੁੜੇ ਆ ਰਹੇ ਹਨ, ਅਤੇ ਮੌਜੂਦਾ ਦੇਸ਼ ਸੇਵਕ ਦੇ ਸਲਾਹਕਾਰ ਬੋਰਡ ਦੇ ਮੈਂਬਰ ਨੇ ਪੰਜਾਬ ਦੇ ਕਾਲੇ ਦਿਨਾਂ ਦੌਰਾਨ ਮੀਡੀਆ ਦੀ ਭੂਮਿਕਾ ਬਾਰੇ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਵਿਚ 1978 ਦੀ ਵਿਸਾਖੀ ਤੋਂ ਲੈ ਕੇ ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਦੇ ਸਮੇਂ ਤੱਕ ਪੰਜਾਬ ਵਿਚ ਜੋ ਕੁਝ ਦੁਖਦਾਈ ਵਾਪਰਿਆ ਉਸ ਸਬੰਧੀ ਅੱਜ ਤੱਕ ਅਸਲੀ ਸੱਚ ਲੋਕਾਂ ਦੇ ਸਾਹਮਣੇ ਨਹੀਂ ਆਇਆ। ਉਨ੍ਹਾਂ ਕਿਹਾ ਭਾਵੇਂ ਕੁਝ ਸੀਨੀਅਰ ਪੱਤਰਕਾਰਾਂ, ਲੇਖਕਾਂ, ਸੈਨਿਕ ਅਧਿਕਾਰੀਆਂ ਤੇ ਪ੍ਰਸ਼ਾਸ਼ਨਕ ਅਧਿਕਾਰੀਆਂ ਨੇ ਆਪਣੀਆਂ ਲਿਖਤਾਂ ਵਿਚ ਉਸ ਦੌਰ ਦੇ ਸੱਚ ਨੂੰ ਸਾਹਮਣੇ ਲਿਆਉਣ ਦੀ ਕੋਸ਼ਿਸ਼ ਕੀਤੀ ਹੈ ਪਰ ਪੂਰਾ ਸੱਚ ਅੱਜ ਵੀ ਸਾਹਮਣੇ ਨਹੀਂ ਆਇਆ। ਉਨ੍ਹਾਂ ਕਿਹਾ ਕਿ ਕਿਸੇ ਸਰਕਾਰ ਜਾਂ ਮੀਡੀਆ ਨੇ ਵੀ ਉਸ ਸੱਚ ਨੂੰ ਉਜਾਗਰ ਕਰਨ ਦੀ ਕੋਈ ਸੁਹਿਰਦ ਕੋਸ਼ਿਸ਼ ਨਹੀਂ ਕੀਤੀ ਤਾਂ ਕਿ ਉਨ੍ਹਾਂ ਬੇਦਰਦ ਘਟਨਾਵਾਂ ਤੋਂ ਕੋਈ ਸਬਕ ਸਿੱਖਿਆ ਜਾ ਸਕੇ ਤੇ ਸਾਡੀਆਂ ਆਉਣ ਵਾਲੀਆਂ ਨਸਲਾਂ ਉਨ੍ਹਾਂ ਬਿਖੜੇ ਪੈਂਡਿਆਂ ਤੋ ਚੌਕਸ ਰਹਿਣ। ਉਨ੍ਹਾਂ ਕਿਸੇ ਵੀ ਸਰਕਾਰ ਨੇ ਕੋਈ ਸਫੈਦ ਪੇਪਰ ਵੀ ਜਾਰੀ ਕਰਨ ਦਾ ਉਦਮ ਨਹੀਂ ਕੀਤਾ ਸਗੋਂ ਉਸ ਸੱਚ ਉਪਰ ਹਮੇਸ਼ਾ ਪਰਦਾ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਕਨੇਡਾ ਵਿਚ ਪੰਜਾਬੀ ਮੀਡੀਆ ਵਲੋਂ ਪੰਜਾਬ ਵਿਚਲੇ ਵਕਤ ਦੇ ਸਿਆਹ ਪੰਨਿਆਂ ਜਾਂ ਲਹੂ ਭਿੱਜੇ ਸਮਿਆਂ ਦਾ ਹੀ ਵਾਰ-ਵਾਰ ਜ਼ਿਕਰ ਕਰਨ ਤੋਂ ਮੋੜਾ ਕੱਟਣ ਦੀ ਗੱਲ ਕਰਦਿਆਂ ਕਿਹਾ ਕਿ ਪੰਜਾਬੀ ਮੀਡੀਆ ਸਥਾਨਕ ਲੋੜਾਂ ਅਤੇ ਸਥਾਨਕ ਹਾਲਾਤ ਨੂੰ ਮੁੱਖ ਰੱਖਕੇ ਪੱਤਰਕਾਰੀ ਵੱਲ ਰੁਖ ਕਰੇ ਤਾਂ ਕਿ ਪੰਜਾਬੀ ਭਾਈਚਾਰੇ ਨੂੰ ਸਥਾਨਕ ਹਾਲਾਤ ਪ੍ਰਤੀ ਵਧੇਰੇ ਜਾਗਰੂਕ ਤੇ ਚੇਤੰਨ ਬਣਾਇਆ ਜਾ ਸਕੇ। ਇਸ ਮੌਕੇ ਪੰਜਾਬੀ ਮੀਡੀਆ ਐਸੋਸੀਏਸ਼ਨ ਦੇ ਮੀਤ ਪ੍ਰਧਾਨ ਗੁਰਸ਼ਰਨ ਸਿੰਘ ਬੁੱਟਰ ਤੇ ਕੁਲਮੀਤ ਸਿੰਘ ਸੰਘਾ ਨੇ ਸ੍ਰੀ ਗੋਬਿੰਦ ਠੁਕਰਾਲ ਦਾ ਭਰਵਾਂ ਸਵਾਗਤ ਕੀਤਾ। ਐਸੋਸੀਏਸ਼ਨ ਦੇ ਪ੍ਰਧਾਨ ਡਾ ਪੀ ਆਰ ਕਾਲੀਆ ਨੇ ਸ੍ਰੀ ਠੁਕਰਾਲ ਅਤੇ ਆਏ ਲੋਕਾਂ ਦਾ ਧੰਨਵਾਦ ਕੀਤਾ। ਮੰਚ ਸੰਚਾਲਨ ਐਸੋਸੀਏਸ਼ਨ ਦੇ ਜਨਰਲ ਸਕੱਤਰ ਤੇ ਦੇਸ ਪ੍ਰਦੇਸ ਟਾਈਮਜ਼ ਦੇ ਮੁੱਖ ਸੰਪਾਦਕ ਗੁਰਭਲਿੰਦਰ ਸਿੰਘ ਸੰਧੂ ਨੇ ਕੀਤਾ। ਇਸ ਮੌਕੇ ਐਸੋਸੀਏਸ਼ਨ ਵੱਲੋਂ ਸ੍ਰੀ ਠੁਕਰਾਲ ਦਾ ਯਾਦਗਾਰੀ ਚਿੰਨ੍ਹ ਨਾਲ ਸਨਮਾਨ ਵੀ ਕੀਤਾ ਗਿਆ। ਸੈਮੀਨਾਰ ਦੌਰਾਨ ਚਰਚਾ ਵਿਚ ਸ੍ਰੀ ਯਸ਼ਪਾਲ ਸ਼ਰਮਾ, ਗੁਰਦੇਵ ਦੇਵ, ਦਲਬੀਰ ਸਾਂਗਿਆਣ, ਹਰਪ੍ਰੀਤ ਸਿੰਘ ਸੰਧੂ, ਦਵਿੰਦਰ ਦੀਪਤੀ, ਜਸਬੀਰ ਸਿੰਘ, ਰਘਬੀਰ ਬਿਲਾਸਪੁਰੀ, ਪ੍ਰੋ ਬਰਾੜ ਅਤੇ ਸੁਖਵਿੰਦਰ ਸਿੰਘ ਚੋਹਲਾ ਨੇ ਹਿੱਸਾ ਲਿਆ।

# ਐਡਮਿੰਟਨ ਕੌਂਸਲ ਚੋਣਾਂ : ਆਪਣੇ ਉਮੀਦਵਾਰਾਂ ਨੂੰ ਜਾਣੋ

## ਮੈਂ ਯੋਗ ਹਾਂ ਇਹ ਸਾਬਤ ਕਰਾਂਗਾ: ਦੇਵਜੀ

ਐਡਮਿੰਟਨ- ਸਿਟੀ ਕੌਂਸਲ ਦੀਆਂ ਚੋਣਾਂ ਜਿੱਤਣ ਤੋਂ ਬਾਅਦ ਦੇਵਜੀ ਕਾਫੀ ਉਤਸ਼ਾਹਿਤ ਹਨ। ਉਹਨਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੈਂ ਐਡਮਿੰਟਨ ਵਿੱਚ ਜੰਮਿਆ-ਪਲਿਆਂ ਹਾਂ, ਪਿਛਲੇ 25 ਸਾਲਾਂ ਤੋਂ ਇੱਥੇ ਵਪਾਰ ਦੇ ਵੱਖਰੇ-ਵੱਖਰੇ ਖੇਤਰਾਂ ਵਿੱਚ ਕੰਮ ਕਰ ਰਿਹਾ ਹਾਂ। ਇਸ ਲਈ ਮੈਨੂੰ ਜਾਪਦਾ ਹੈ ਕਿ ਸ਼ਹਿਰ ਬਾਰੇ ਮੈਂ ਦੂਸਰਿਆਂ ਤੋਂ ਵੱਧ ਜਾਣਦਾ ਹਾਂ। ਇਹੀ ਕਾਰਣ ਹੈ ਕਿ ਮੈਂ ਰਾਜਨੀਤੀ ਵਿੱਚ ਕਦਮ ਰੱਖਿਆ ਹੈ। ਹੁਣ ਮੈਂ ਨਿਸਚਿਤ ਤੌਰ 'ਤੇ ਲੋਕਾਂ ਦੀ ਜ਼ਿੰਦਗੀ ਵਿੱਚ ਸਾਕਾਰਾਤਮਕ ਬਦਲਾਅ ਲੈ ਕੇ ਆਵਾਂਗਾ। ਉਹਨਾਂ ਕਿਹਾ ਕਿ ਮੈਂ ਪਿਛਲੇ ਦਸ ਸਾਲਾਂ ਤੋਂ ਰਾਜਨੀਤੀ ਵਿੱਚ ਆਉਣ ਦੀ ਸੋਚ ਰਿਹਾ ਹਾਂ ਤੇ ਇਸ ਗੱਲ ਲਈ ਪੂਰੀ ਤਰ੍ਹਾਂ ਉਤਸ਼ਾਹਿਤ ਹਾਂ ਕਿ ਵਾਰਡ ਨੰਬਰ ਦਸ ਦੇ ਲੋਕਾਂ ਦਾ ਭਵਿੱਖ ਰੌਸ਼ਨ ਕੀਤਾ ਜਾਵੇ।

ਰਣਨੀਤੀ ਅਤੇ ਯੋਜਨਾ ਬਾਰੇ ਗੱਲ ਕਰਦਿਆਂ ਉਹਨਾਂ ਕਿਹਾ ਕਿ ਮੈਂ ਹਮੇਸ਼ਾ ਵਾਰਡ ਦੇ ਲੋਕਾਂ ਦੇ ਸਰੋਕਾਰਾਂ ਨਾਲ ਜੁੜਿਆ ਰਹਾਂਗਾ। ਮੈਂ ਇਸ ਗੱਲ ਲਈ ਕੰਮ ਕਰਾਂਗਾ ਕਿ ਸਿਟੀ ਹਾਲ ਅਤੇ ਲੋਕਾਂ ਵਿਚਲਾ ਤਾਲਮੇਲ ਵਧੀਆ ਹੋਵੇ। ਲੋਕਾਂ ਦੇ ਮਸ਼ਵਰਿਆਂ ਨੂੰ ਮੈਂ ਹਮੇਸ਼ਾ ਤਰਜੀਹ ਦਿਆਂਗਾ। ਉਹਨਾਂ ਕਿਹਾ ਕਿ ਮੈਂ ਇਸ ਗੱਲ ਦੇ ਹੱਕ ਵਿੱਚ ਹਾਂ ਕਿ ਨਵਾਂ ਨਿਵੇਸ਼ ਕਰਨ ਤੋਂ ਪਹਿਲਾਂ ਜੋ ਕੁੱਝ ਸਾਡੇ ਕੋਲ ਹੈ ਅਸੀਂ ਉਸਨੂੰ



ਸੰਭਾਲੀਏ, ਮੇਰਾ ਵਿਸ਼ਵਾਸ ਹੈ ਕਿ ਸਥਾਨਕ ਵਪਾਰ ਅਤੇ ਸ਼ਹਿਰ ਉੱਤੇ ਚੜੇ ਕਰਜ਼ੇ 'ਤੇ ਕਾਬੂ ਪਾਏ ਬਿਨਾ ਅਸੀਂ ਤਰੱਕੀ ਨਹੀਂ ਕਰ ਸਕਦੇ।

ਪ੍ਰੋਪਰਟੀ ਟੈਕਸ ਬਾਰੇ ਗੱਲ ਕਰਦਿਆਂ ਉਹਨਾਂ ਕਿਹਾ ਕਿ ਮੈਂ ਟੈਕਸ ਨੂੰ ਹਟਾਉਣ ਦੀ ਗੱਲ ਨਹੀਂ ਕਹਿ ਸਕਦਾ ਪਰ ਮੈਂ ਇਹ ਕੋਸ਼ਿਸ਼ ਜਰੂਰ ਕਰਾਂਗਾ ਕਿ ਟੈਕਸ ਨੂੰ ਘਟਾਇਆ ਜਾਵੇ। ਵਿੱਤੀ ਮਾਮਲਿਆਂ ਬਾਰੇ ਗੱਲ ਕਰਦਿਆਂ ਉਹਨਾਂ ਕਿਹਾ ਕਿ ਸਭ ਤੋਂ ਪਹਿਲਾਂ ਸਾਨੂੰ ਸਾਡਾ ਬਜਟ ਸਮਝਦਾਰੀ ਨਾਲ ਤਿਆਰ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਹੀ ਨਿਵੇਸ਼ ਦੇ ਮਾਮਲੇ ਵਿੱਚ ਵੀ ਸਮਝਦਾਰੀ ਵਰਤਣੀ ਚਾਹੀਦੀ ਹੈ, ਤਾਂ ਹੀ ਸਾਡਾ ਸ਼ਹਿਰ ਤਰੱਕੀ ਕਰ ਸਕਦਾ ਹੈ।

☛ ਬਾਕੀ ਸਫ਼ਾ 45 'ਤੇ

**ਵਾਰਡ ਨੰ: 10**

## ਟਰਾਂਟੋ ਅਤੇ ਵੈਨਕੂਵਰ ਵਰਗਾ ਮਿਊਂਸੀਪਲ ਢਾਂਚਾ ਤਿਆਰ ਕਰਨ ਦੀ ਲੋੜ: ਰਿਚਰਡ ਫੀਹਾਨ

ਪਿਛਲੇ ਦਿਨੀਂ ਰਿਚਰਡ ਫੀਹਾਨ ਵੱਲੋਂ ਵਾਰਡ ਨੰਬਰ 10 ਅਤੇ ਸਮੁੱਚੇ ਸ਼ਹਿਰ ਦੀਆਂ ਸਮੱਸਿਆਵਾਂ ਸਬੰਧੀ ਵਿਚਾਰ-ਵਟਾਂਦਰੇ ਲਈ ਸਨੋਅ ਵੈਲੀ ਲੋਜ ਵਿੱਚ ਭਰਵਾਂ ਇਕੱਠ ਕੀਤਾ ਗਿਆ। ਇਸ ਮੌਕੇ ਰਿਚਰਡ ਫੀਹਾਨ ਨੇ ਨਾ ਸਿਰਫ਼ ਵਾਰਡ ਨਾਲ ਜੁੜੇ ਮਸਲਿਆਂ ਨੂੰ ਛੋਹਿਆ ਸਗੋਂ ਮਿਊਂਸੀਪਲ ਪ੍ਰਸਾਸ਼ਨ ਨਾਲ ਜੁੜੇ ਕਈ ਮੁੱਦਿਆਂ 'ਤੇ ਵੀ ਚਰਚਾ ਕੀਤੀ। ਉਸਨੇ ਅਜਿਹੇ ਕਈ ਨੁਕਤੇ ਸੁਝਾਏ ਜਿਸ 'ਤੇ ਅਮਲ ਕਰਕੇ ਮਿਊਂਸੀਪਲ ਪ੍ਰਸਾਸ਼ਨ ਐਡਮਿੰਟਨ ਵਾਸੀਆਂ ਲਈ ਹੋਰ ਬਿਹਤਰ ਕੰਮ ਕਰ ਸਕਦਾ ਹੈ ਤੇ ਨਾਲ ਹੀ ਆਪਣੇ ਵਿੱਤੀ ਅਸਾਸਿਆਂ ਦੀ ਚੰਗੇ ਢੰਗ ਨਾਲ ਵਰਤੋਂ ਕਰਕੇ ਸ਼ਹਿਰ ਲਈ ਸਹੂਲਤਾਂ ਵਿੱਚ ਵਾਧਾ ਕਰ ਸਕਦਾ ਹੈ। ਉਹਨਾਂ ਪ੍ਰਸ਼ਨ ਉਠਾਉਂਦਿਆਂ ਕਿਹਾ ਕਿ ਵਰਤਮਾਨ ਸਮੇਂ ਸਿਟੀ ਕੌਂਸਲ ਪ੍ਰਸਾਸ਼ਨ ਵੱਲੋਂ ਐਡਮਿੰਟਨ ਤੋਂ ਬਗੈਰ ਐਡਮਿੰਟਨ ਨਾਲ ਲਗਦੇ ਇਲਾਕਿਆਂ, ਜਿਸ ਵਿੱਚ ਕਈ ਕਸਬੇ ਅਤੇ ਸ਼ਹਿਰ ਪੈਂਦੇ ਹਨ ਜਿਵੇਂ ਕਿ ਸ਼ੇਰਵੁੱਡ ਪਾਰਕ, ਲੀਡਕ ਅਤੇ ਬੀਓਮੌਂਟ ਆਦਿ, ਵਿੱਚ ਵਸਦੇ ਲੋਕਾਂ ਲਈ ਵੀ ਸਹੂਲਤਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ ਜਦੋਂਕਿ ਇਹਨਾਂ ਲੋਕਾਂ ਵੱਲੋਂ ਸਹੂਲਤਾਂ ਬਦਲੇ ਕੋਈ ਟੈਕਸ ਅਦਾ ਨਹੀਂ ਕੀਤਾ ਜਾਂਦਾ। ਇਹਨਾਂ ਸਹੂਲਤਾਂ ਲਈ ਟੈਕਸ ਐਡਮਿੰਟਨ ਵਾਸੀਆਂ ਨੂੰ ਦੇਣਾ ਪੈਂਦਾ ਹੈ। ਇਸ ਵੇਲੇ ਐਡਮਿੰਟਨ ਸ਼ਹਿਰ ਵਿੱਚ ਰਹਿਣ ਵਾਲੇ ਲੋਕਾਂ ਦੀ ਜਨਸੰਖਿਆਂ ਅੱਠ ਲੱਖ ਸੱਤਰ ਹਜ਼ਾਰ ਹੈ ਜਦੋਂਕਿ ਸਿਟੀ ਕੌਂਸਲ ਪ੍ਰਸਾਸ਼ਨ ਵੱਲੋਂ 1.2 ਮਿਲੀਅਨ ਲੋਕਾਂ ਲਈ ਸਹੂਲਤਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ। ਦੂਜੀ ਗੱਲ ਇਹ ਹੈ ਕਿ ਜਿਹੜਾ ਉਦਯੋਗ ਐਡਮਿੰਟਨ ਨਾਲ ਇਲਾਕੇ ਵੱਲ ਆ ਰਿਹਾ ਹੈ ਉਸ ਤੋਂ ਐਡਮਿੰਟਨ ਮਿਊਂਸੀਪਲ ਨੂੰ ਕੋਈ ਲਾਭ ਨਹੀਂ ਹੋ ਰਿਹਾ। ਹੈਰਾਨੀ ਵਾਲੀ ਗੱਲ ਹੈ ਕਿ 2011 ਵਿੱਚ ਸੂਬੇ ਵਿੱਚੋਂ 1.5 ਬਿਲੀਅਨ ਡਾਲਰ ਟੈਕਸ ਦੇ ਰੂਪ ਵਿੱਚ ਇਕੱਠੇ ਕੀਤੇ ਗਏ ਸਨ, ਜਿਸ ਵਿੱਚੋਂ 1.4 ਬਿਲੀਅਨ ਡਾਲਰ ਦਿਹਾਤੀ ਇਲਾਕੇ ਵਿੱਚ ਖਰਚੇ ਗਏ। ਇਹ ਬਿਲਕੁੱਲ ਅਣਉਚਿਤ ਹੈ। ਇਹ ਸਿਰਫ਼ ਟੈਕਸ ਦੀ ਸਮੱਸਿਆ ਨਹੀਂ ਸਗੋਂ ਇਸਦਾ ਸਿੱਧਾ ਸਬੰਧ ਯੋਜਨਾਵਾਂ ਅਤੇ ਸਹੂਲਤਾਂ ਨਾਲ ਵੀ ਹੈ। ਸੋਚੋ! ਜੇਕਰ ਤੁਸੀਂ ਸ਼ੇਰਵੁੱਡ ਪਾਰਕ ਤੱਕ ਬੱਸ ਲੈਂਦੇ ਹੋ ਤਾਂ ਤੁਸੀਂ ਈਟੀਐਸ ਦੀ ਵਰਤੋਂ ਨਹੀਂ ਕਰ ਸਕਦੇ।



☛ ਬਾਕੀ ਸਫ਼ਾ 45 'ਤੇ

## ਲੋਕਾਂ ਦੀ ਸੇਵਾ ਕਰਨ ਲਈ ਦ੍ਰਿੜ ਹਾਂ: ਹਾਰਵੇ ਪਨੇਸਰ

ਐਡਮਿੰਟਨ- ਸਿਟੀ ਕੌਂਸਲ ਦੀਆਂ ਚੋਣਾਂ ਜਿੱਤਣ ਤੋਂ ਬਾਅਦ ਹਾਰਵੇ ਪਨੇਸਰ ਨੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਮੇਰੀ ਜਿੱਤ ਪਿੱਛੇ ਸਭ ਤੋਂ ਵੱਡਾ ਕਾਰਣ ਇਹ ਹੈ ਕਿ ਮੈਂ ਪਿਛਲੇ 37 ਸਾਲਾਂ ਤੋਂ ਵਾਰਡ ਨੰਬਰ 11 ਵਿੱਚ ਰਹਿ ਰਿਹਾ ਹਾਂ, ਇਸ ਲਈ ਮੈਂ ਇੱਥੋਂ ਦੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਭਲੀ-ਭਾਂਤ ਸਮਝਦਾ ਹਾਂ। ਇਹਨਾਂ ਗੱਲਾਂ ਨੂੰ ਧਿਆਨ ਵਿੱਚ ਰੱਖ ਕੇ ਹੀ ਮੈਂ ਲੋਕਾਂ ਨੂੰ ਚੋਣ ਮੁਹਿੰਮ ਦੌਰਾਨ ਇਹ ਵਿਸ਼ਵਾਸ ਦਿਵਾਇਆ ਸੀ ਕਿ ਜੇ ਤੁਸੀਂ ਮੈਨੂੰ ਚੁਣੋਗੇ ਤਾਂ ਨਿਸਚਿਤ ਤੌਰ 'ਤੇ ਸਿਟੀ ਹਾਲ ਵਿੱਚ ਤੁਹਾਡੀ ਆਵਾਜ਼ ਦੀ ਸਹੀ ਪ੍ਰਤੀਨਿਧਤਾ ਹੋਵੇਗੀ, ਤੇ ਹੁਣ ਮੈਂ ਇਸ ਗੱਲ ਲਈ ਪੂਰੀ ਤਰ੍ਹਾਂ ਦ੍ਰਿੜ ਹੈ। ਮੇਰਾ ਆਪਣਾ ਰੀਅਲ ਅਸਟੇਟ ਦਾ ਬਿਜ਼ਨਸ ਹੈ। ਮੇਰੀ ਦ੍ਰਿੜਤਾ ਨੇ ਮੈਨੂੰ ਬਿਜ਼ਨਸ ਵਿੱਚ ਸਫ਼ਲ ਕੀਤਾ ਹੈ ਤੇ ਹੁਣ ਇਹੀ ਦ੍ਰਿੜਤਾ ਰਾਜਨੀਤੀ 'ਚ ਸਫ਼ਲਤਾ ਪ੍ਰਾਪਤ ਕਰਨ ਵਿੱਚ ਸਹਾਈ ਹੋਵੇਗੀ।

ਉਹਨਾਂ ਕਿਹਾ ਕਿ ਕੌਂਸਲਰ ਦੇ ਤੌਰ 'ਤੇ ਮੇਰੀ ਪਹਿਲ ਹੋਵੇਗੀ ਕਿ ਐਡਮਿੰਟਨ ਵਿੱਚ ਪੇਸ਼ੇਵਰ ਨੌਜਵਾਨਾਂ ਲਈ ਵੱਧ ਤੋਂ ਵੱਧ ਮੌਕੇ ਹੋਣ। ਇਸ ਲਈ



ਮੈਂ ਮੁਢਲੇ ਵਿਕਾਸ ਦੇ ਹੱਕ ਵਿੱਚ ਹਾਂ। ਮੈਂ ਕੋਸ਼ਿਸ਼ ਕਰਾਂਗਾ ਕਿ ਦੱਖਣੀ-ਪੂਰਬੀ ਐਲਆਰਟੀ ਪ੍ਰੋਜੈਕਟ ਨੂੰ ਸਿਰੇ ਚਾੜ੍ਹਿਆ ਜਾਵੇ। ਵਾਰਡ ਵਿੱਚ ਵੱਧ-ਵੱਧ ਬਾਈਕ ਲੇਨਜ਼ ਹੋਣ। ਇਸ ਸਭ ਲਈ ਸਾਨੂੰ ਪੈਸੇ ਦੀ ਜਰੂਰਤ ਹੈ। ਇਸ ਪ੍ਰਤੀ ਵੀ ਸਾਨੂੰ ਧਿਆਨ ਦੇਣਾ ਹੋਵੇਗਾ।

ਪ੍ਰੋਪਰਟੀ ਟੈਕਸ ਬਾਰੇ ਗੱਲ ਕਰਦਿਆਂ ਉਹਨਾਂ ਕਿਹਾ ਕਿ ਅਜੇ ਨਿਸਚਿਤ ਤੌਰ 'ਤੇ ਕੁੱਝ ਕਹਿਣਾ ਉਚਿਤ ਨਹੀਂ। ਇਸ ਮਾਮਲੇ ਵਿੱਚ ਮੈਂ ਲੋਕਾਂ ਦੇ ਮਸ਼ਵਰੇ ਨੂੰ ਸਭ ਤੋਂ ਉੱਤੇ ਰੱਖਦਾ ਹਾਂ।

☛ ਬਾਕੀ ਸਫ਼ਾ 45 'ਤੇ

**ਵਾਰਡ ਨੰ: 11**

## ਸ਼ਹਿਰ ਦੇ ਪ੍ਰਬੰਧਨ 'ਚ ਸਾਰੇ ਹੀ ਭਾਈਚਾਰਿਆਂ ਦੇ ਲੋਕ ਸ਼ਾਮਲ ਹੋਣ: ਮੁਜਾਹਿਦ ਚੱਕ

ਐਡਮਿੰਟਨ- ਮੁਜਾਹਿਦ ਚੱਕ ਵੱਲੋਂ ਵਾਰਡ ਨੰਬਰ 11 ਤੋਂ ਸਿਟੀ ਕੌਂਸਲ ਦੀਆਂ ਚੋਣਾਂ ਲੜਨ ਦਾ ਰਸਮੀ ਤੌਰ 'ਤੇ ਐਲਾਨ ਕਰ ਦਿੱਤਾ ਗਿਆ ਹੈ। ਉਹ ਪਿਛਲੇ 38 ਸਾਲਾਂ ਤੋਂ ਇਸ ਵਾਰਡ ਵਿੱਚ ਇੱਕ ਸੂਝਵਾਨ ਨਾਗਰਿਕ ਵਜੋਂ ਵਿਚਰ ਰਹੇ ਹਨ। ਮੁਜਾਹਿਦ ਚੱਕ ਲੰਮੇ ਸਮੇਂ ਤੋਂ ਨਾ ਸਿਰਫ਼ ਆਪਣੀਆਂ ਪਰਿਵਾਰਕ ਜ਼ਿੰਮੇਵਾਰੀਆਂ ਨੂੰ ਸਿਆਣਪ ਨਾਲ ਨਿਭਾ ਰਹੇ ਹਨ ਸਗੋਂ ਇਸਦੇ ਨਾਲ-ਨਾਲ ਉਹ ਸਮਾਜਿਕ ਜ਼ਿੰਮੇਵਾਰੀਆਂ ਪ੍ਰਤੀ ਵੀ ਪੂਰੀ ਤਰ੍ਹਾਂ ਸੁਚੇਤ ਰਹੇ ਹਨ। ਉਹ ਲੋਕ ਭਲਾਈ ਅਤੇ ਸੱਭਿਆਚਾਰਕ ਕਾਰਜਾਂ ਵਿੱਚ ਸਰਗਰਮ ਰਹਿਣ ਵਾਲੇ ਵਿਅਕਤੀ ਹਨ ਜਿਨ੍ਹਾਂ ਦਾ ਮਨੁੱਖਤਾ ਅਤੇ ਲੋਕਤਾਂਤਰਿਕ ਕਦਰਾਂ-ਕੀਮਤਾਂ ਵਿੱਚ ਪੂਰਨ ਵਿਸ਼ਵਾਸ ਹੈ। ਉਹਨਾਂ ਦਾ ਕਹਿਣਾ ਹੈ ਕਿ ਜੇਕਰ ਅਸੀਂ ਆਦਰਸ਼ ਸਮਾਜ ਦੀ ਸਿਰਜਣਾ ਕਰਨਾ ਚਾਹੁੰਦੇ ਹਾਂ ਤਾਂ ਵੱਖ-ਵੱਖ ਭਾਈਚਾਰਿਆਂ ਦੇ ਲੋਕਾਂ ਨੂੰ ਧਾਰਮਿਕ, ਆਰਥਿਕ, ਨਸਲੀ, ਲਿੰਗ ਅਤੇ ਉਮਰ ਦੇ ਭੇਦ-ਭਾਵਾਂ ਨੂੰ ਤਿਆਗ ਕੇ ਆਪਸੀ ਇਕਜੁਟਤਾ ਦਾ ਪ੍ਰਗਟਾਵਾ ਕਰਨਾ ਚਾਹੀਦਾ ਹੈ। ਮੁਜਾਹਿਦ ਚੱਕ



ਉਹ ਵਿਅਕਤੀ ਹੈ ਜਿਸ ਨੇ ਹਿੰਦੀ, ਉਰਦੂ ਅਤੇ ਪੰਜਾਬੀ ਵਿੱਚ ਰੇਡਿਓ ਸ਼ੋਅ ਦੀ ਸ਼ੁਰੂਆਤ ਕੀਤੀ ਅਤੇ ਸੀਕੇਈਆਰ ਰੇਡਿਓ ਸਟੇਸ਼ਨ ਨੂੰ ਉਹਨਾਂ ਨੇ ਆਪਣੇ ਯਤਨਾਂ ਸਦਕਾ ਵੱਖ-ਵੱਖ ਭਾਈਚਾਰਿਆਂ ਦੇ ਲੋਕਾਂ ਲਈ ਆਪਸੀ ਤਾਲਮੇਲ ਦਾ ਇੱਕ ਸਾਂਝਾ ਮੰਚ ਬਣਾਇਆ। ਉਹ ਲਗਾਤਾਰ ਇਸ ਕੰਮ ਵਿੱਚ ਜੁਟੇ ਰਹੇ। ਹੁਣ ਉਹ ਰੇਡਿਓ ਦੇਸ਼ ਪੰਜਾਬੀ ਦੇ ਬੁਲਾਰੇ ਵਜੋਂ ਕੰਮ ਕਰ ਰਹੇ ਹਨ ਤੇ ਨੌਜਵਾਨਾਂ ਨੂੰ ਨਰੋਈ ਸੇਧ ਦੇਣ ਲਈ ਕਲਾ, ਸੱਭਿਆਚਾਰ ਅਤੇ

☛ ਬਾਕੀ ਸਫ਼ਾ 45 'ਤੇ

## ਮੈਂ ਜਮਹੂਰੀ ਕਦਰਾਂ ਕੀਮਤਾਂ ਲਈ ਪ੍ਰਤੀਬੱਧ ਰਹਾਂਗੀ : ਨੀਟਾ ਜਲਕੇਨਨ



ਜਿੱਤ ਤੋਂ ਬਾਅਦ ਨੀਟਾ ਜਲਕੇਨਨ ਨੇ ਗੱਲਬਾਤ ਕਰਦਿਆਂ ਕਿਹਾ ਕਿ ਮੈਂ ਰਾਜਨੀਤੀ ਵਿੱਚ ਆਉਣ ਦੀ ਇਛੁੱਕ ਨਹੀਂ ਸੀ, ਜਦੋਂ ਮੈਂ ਰਾਜਨੀਤੀ ਤੋਂ ਕੁੱਝ ਕਦਮ ਦੂਰੀ 'ਤੇ ਸੀ ਤਾਂ ਮੈਂ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਜੇ ਮੈਂ ਇੱਕ ਵਾਰੀ ਰਾਜਨੀਤੀਵਾਨ ਵਾਂਗ ਬੋਲਣਾ ਸ਼ੁਰੂ ਕਰ ਦਿੱਤਾ, ਤਾਂ ਨਿਸਚਿਤ ਤੌਰ 'ਤੇ ਤੁਸੀਂ ਫੋਨ ਕਰਕੇ ਕਹੋਗੇ ਕਿ ਨੀਟਾ ਰੁਕ ਜਾਓ! ਬਹੁਤ ਹੋ ਗਿਆ। ਅਸਲ ਵਿੱਚ ਲੋਕ ਚਾਹੁੰਦੇ ਹਨ ਕਿ ਉਹਨਾਂ ਲਈ ਕੋਈ ਤਨਦੇਹੀ ਨਾਲ ਕੰਮ ਕਰੇ, ਉਹਨਾਂ ਦੀ ਆਵਾਜ਼ ਦੀ ਸਹੀ ਪ੍ਰਤੀਨਿਧਤਾ ਹੋਵੇ ਤੇ ਉਹਨਾਂ ਵੱਲੋਂ ਸਮਾਜ ਦੇ ਵਿਕਾਸ ਵਿੱਚ ਪਾਏ ਜਾ ਰਹੇ ਯੋਗਦਾਨ ਦੀ ਕਦਰ ਹੋਵੇ। ਪਰ ਅਜਿਹਾ ਕੁੱਝ ਨਹੀਂ ਹੋ ਰਿਹਾ। ਉਹਨਾਂ ਕਿਹਾ ਕਿ ਮੈਂ ਇਸ ਖੇਤਰ ਵਿੱਚ ਜਰੂਰ ਕੁੱਝ ਨਵਾਂ ਕਰਨ ਦੀ ਕੋਸ਼ਿਸ਼ ਕਰਾਂਗੀ। ਮੈਂ ਤਨਦੇਹੀ ਨਾਲ ਕੋਸ਼ਿਸ਼ ਕਰਾਂਗੀ ਕਿ ਸਰਕਾਰ ਦੀ ਪ੍ਰਤੀਨਿਧ ਹੋਣ ਦੇ ਨਾਤੇ ਜਮਹੂਰੀ ਕਦਰਾਂ-ਕੀਮਤਾਂ ਪ੍ਰਤੀ ਪੂਰੀ ਤਰ੍ਹਾਂ ਪ੍ਰਤੀਬੱਧ ਰਹਾਂ। ਤੁਸੀਂ ਦੇਖੋਗੇ ਕਿ ਮੈਂ ਲੋਕਾਂ ਨਾਲ ਮੋਢਾ ਜੋੜ ਕੇ ਕੰਮ ਕਰਾਂਗੀ, ਜਦੋਂਕਿ ਇਸ ਤੋਂ ਪਹਿਲਾਂ ਘੱਟ ਹੀ ਅਜਿਹਾ ਵਾਪਰਿਆ ਹੋਵੇਗਾ। ਦੂਜਾ ਇਹ ਕਿ ਮੈਂ ਮੌਜੂਦਾ ਟੈਕਸ ਪ੍ਰਣਾਲੀ ਦਾ ਬਦਲ ਲੱਭਣ ਲਈ ਯਤਨਸ਼ੀਲ ਰਹਾਂਗੀ। ਮੈਂ ਨਹੀਂ ਚਾਹੁੰਦੀ ਕਿ ਮੌਜੂਦਾ ਟੈਕਸ ਪ੍ਰਣਾਲੀ (ਪ੍ਰੋਰਟਟੀ ਟੈਕਸ) ਲੰਮਾ ਸਮਾਂ ਰਹੇ। ਇਸਦੇ ਬਦਲ ਵਜੋਂ ਸਾਡੇ ਕੋਲ ਕਈ ਰਸਤੇ ਹਨ, ਪਰ ਲੋੜ ਇਸ ਮਸਲੇ ਨੂੰ ਲੈ ਕੇ ਸਹੀ ਦਿਸ਼ਾ ਵਿੱਚ ਕਦਮ ਪੁੱਟਣ ਦੀ ਹੈ। ਮੇਰਾ ਮਤਲਬ ਇਹ ਹੈ ਕਿ ਇਸ ਲਈ ਉਚਿਤ ਬਹਿਸ ਛੇੜਨ ਦੀ ਜਰੂਰਤ ਹੈ। ਤੀਜਾ ਇਹ ਕਿ ਸਿਟੀ ਕੌਂਸਲ ਲਈ ਇੱਕ ਵਿਸ਼ੇਸ਼ ਨੀਤੀ ਸ਼ਾਸਤਰ ਤਹਿਤ ਨੈਤਿਕ ਨਿਯਮ ਸਥਾਪਤ ਕੀਤੇ ਜਾਣ, ਤਾਂ ਜੋ ਆਮ ਲੋਕਾਂ ਦਾ ਵਿਸ਼ਵਾਸ ਆਪਣੇ ਆਗੂਆਂ ਵਿੱਚ ਵਧ ਸਕੇ। ਪ੍ਰੋਪਰਟੀ ਟੈਕਸ ਬਾਰੇ ਉਹਨਾਂ ਗੱਲਬਾਤ ਕਰਦਿਆਂ ਕਿਹਾ ਕਿ ਅਜੇ ਇਸ ਮਸਲੇ ਬਾਰੇ ਇੱਕ ਟੁੱਕ ਗੱਲ ਕਰਨੀ ਸੰਭਵ ਨਹੀਂ, ਕਿਉਂਕਿ ਮੈਂ ਗੱਲ ਕਰਨ ਵਾਲੀ ਸਿਰਫ਼ ਇੱਕ ਹਾਂ ਤੇ ਅਜਿਹੇ ਮਸਲੇ ਦਾ ਹੱਲ ਸਹਿਮਤੀ ਤੋਂ ਬਿਨਾ ਸੰਭਵ ਨਹੀਂ। ਇੱਥੇ ਮੈਂ ਇੰਨਾ ਜਰੂਰ ਕਹਿਣਾ ਚਾਹੁੰਦੀ ਹਾਂ ਕਿ ਜਿਨ੍ਹਾਂ ਲੋਕਾਂ ਦੀ ਆਮਦਨ ਸੀਮਤ ਹੈ, ਜਿਨ੍ਹਾਂ ਨੂੰ ਜਰੂਰੀ ਬਿਲ ਚੁਕਾਉਣ ਲਈ ਵੀ ਜੱਦੋਜਹਿਦ ਕਰਨੀ ਪੈਂਦੀ ਹੈ, ਸਾਨੂੰ ਉਹਨਾਂ ਬਾਰੇ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ।

☛ ਬਾਕੀ ਸਫ਼ਾ 45 'ਤੇ

**ਵਾਰਡ ਨੰ: 2**

## ਦਫ਼ਤਰੀ ਢਿੱਲ ਨੂੰ ਘਟਾਇਆ ਜਾਵੇਗਾ: ਜੇਸਨ ਮਿਲਰ

ਸਿਟੀ ਕੌਂਸਲ ਦੀਆਂ ਹੋਈਆਂ ਚੋਣਾਂ ਵਿੱਚ ਜਿੱਤ ਤੋਂ ਬਾਅਦ ਆਪਣੀ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਜੇਸਨ ਮਿਲਰ ਨੇ ਕਿਹਾ ਕਿ ਮੈਨੂੰ ਪਤਾ ਸੀ ਕਿ ਮੇਰੀ ਜਿੱਤ ਯਕੀਨੀ ਹੈ, ਇੱਕ ਪ੍ਰਬੰਧਕ ਦੇ ਤੌਰ 'ਤੇ ਮੈਂ ਗੱਲ ਨੂੰ ਛੇਤੀ ਭਾਂਪ ਜਾਂਦਾ ਹੈ। ਮੈਂ ਉੱਤਰੀ ਅਮਰੀਕਾ ਦੀ ਇੱਕ ਟਰਾਂਸਪੋਰਟ ਕੰਪਨੀ ਵਿੱਚ ਬਤੌਰ ਪ੍ਰਬੰਧਕ ਕੰਮ ਕਰ ਰਿਹਾ ਹਾਂ, ਇਸ ਕੰਮ ਦੇ ਤਜ਼ਰਬਾ ਮੇਰੇ ਲਈ ਚੋਣ ਮੁਹਿੰਮ ਵਿੱਚ ਵੀ ਕਾਫ਼ੀ ਸਹਾਈ ਹੋਇਆ ਹੈ। ਸਿਆਸਤ ਵਿੱਚ ਆਉਣ ਦੇ ਕਾਰਨਾਂ ਬਾਰੇ ਗੱਲ ਕਰਦਿਆਂ ਉਹਨਾਂ ਕਿਹਾ ਕਿ ਮੈਂ ਚਾਹੁੰਦਾ ਹਾਂ ਕਿ ਸ਼ਹਿਰ ਨੂੰ ਹੋਰ ਖੂਬਸੂਰਤ ਅਤੇ ਖੁਸ਼ਹਾਲ ਬਣਾਇਆ ਜਾਵੇ। ਦੋ ਬੱਚਿਆਂ ਦਾ ਬਾਪ ਹੋਣ ਦੇ ਨਾਤੇ ਮੈਂ ਸਮਝਦਾ ਹਾਂ ਕਿ ਐਡਮਿੰਟਨ ਅਜਿਹਾ ਖੁਸ਼ਗਵਾਰ ਸ਼ਹਿਰ ਹੋਣਾ ਚਾਹੀਦਾ ਹੈ, ਜਿੱਥੇ ਸਭ ਬੱਚੇ ਹੱਸਦੇ-ਖੇਡਦੇ, ਖੁਸ਼ੀ-ਖੁਸ਼ੀ ਰਹਿਣ ਤੇ ਬੱਚਿਆਂ ਦਾ ਭਵਿੱਖ ਰੌਸ਼ਨ ਹੋਵੇ। ਹੁਣ ਤਕ ਜਿਸ ਤਰ੍ਹਾਂ ਸ਼ਹਿਰ ਦੀ ਅਗਵਾਈ ਹੋਈ ਹੈ ਉਸ ਤੋਂ ਮੈਂ ਖੁਸ਼ ਨਹੀਂ ਹਾਂ। ਸ਼ਹਿਰ ਦਾ ਮੁਹਾਂਦਰਾ ਬਦਲਣ ਲਈ ਕਰਜ਼ ਅਤੇ ਮੁਢਲੇ ਵਿਕਾਸ ਦੇ ਮਾਮਲਿਆਂ ਵਿੱਚ ਕਾਫ਼ੀ ਪਹਿਲਕਦਮੀਆਂ ਦੀ ਜਰੂਰਤ ਹੈ। ਸਾਨੂੰ ਹੁਣ ਤੋਂ ਲੈ ਕੇ ਆਉਣ ਵਾਲੇ ਦਸ ਸਾਲਾਂ ਤਕ ਦੀ ਯੋਜਨਾ ਉਲੀਕਣੀ ਚਾਹੀਦੀ ਹੈ, ਤਾਂ ਜੋ ਸਾਡੇ ਬੱਚਿਆਂ ਨੂੰ ਵਿਕਾਸ ਕਰਨ ਦੇ ਵੱਧ ਤੋਂ ਵੱਧ ਮੌਕੇ ਮਿਲਣ।



ਉਹਨਾਂ ਕਿਹਾ ਕਿ ਕੌਂਸਲਰ ਦੇ ਤੌਰ 'ਤੇ ਮੇਰੀ ਪਹਿਲ ਹੋਵੇਗੀ ਕਿ ਵਾਰਡ ਦੇ ਦਫ਼ਤਰਾਂ ਤਕ ਆਮ ਲੋਕਾਂ ਦੀ ਪਹੁੰਚ ਨੂੰ ਯਕੀਨੀ ਬਣਾਇਆ ਜਾਵੇ। ਲੋਕ ਆਪਣੇ ਪ੍ਰਤੀਨਿਧੀ ਨੂੰ ਬਿਨਾ ਕਿਸੇ ਉਚੇਚ ਦੇ ਮਿਲ ਸਕਣ। ਦੂਜੀ ਗੱਲ ਇਹ ਕਿ ਸਥਾਨਕ ਪੱਧਰ 'ਤੇ ਸਿਨੀਅਰ ਸਿਟੀਜਨਾਂ ਦੇ ਆਰਾਮ ਅਤੇ ਮਨ ਪ੍ਰਚਾਵੇ ਲਈ ਸਬਸਿਡੀ ਨਾਲ ਚਲਾਏ ਜਾਣ ਵਾਲੇ ਕਮਿਊਨਿਟੀ ਹਾਲ ਨਾਲ ਜੁੜੇ ਪ੍ਰੋਗਰਾਮਾਂ ਵਿੱਚ ਵਾਧਾ ਕੀਤਾ ਜਾਵੇ, ਕਿਉਂਕਿ ਸਾਰੇ ਬਜ਼ੁਰਗ ਇਸ ਹਾਲਤ ਵਿੱਚ ਨਹੀਂ ਹੁੰਦੇ ਕਿ ਕਮਿਊਨਿਟੀ ਹਾਲ ਤੋਂ ਬਾਹਰਲੇ ਪ੍ਰੋਗਰਾਮਾਂ ਵਿੱਚ ਹਾਜ਼ਰੀ ਲਵਾ ਸਕਣ। ਕਿਸੇ ਨੂੰ ਪੈਸੇ ਦੀ ਸਮੱਸਿਆ ਹੁੰਦੀ ਹੈ ਤੇ ਕੋਈ ਸਰੀਰਕ ਤੌਰ 'ਤੇ ਇਸ ਯੋਗ ਨਹੀਂ ਹੁੰਦਾ। ਇਸ ਤੋਂ ਇਲਾਵਾ ਦਫ਼ਤਰੀ ਢਿੱਲ ਨੂੰ ਘਟਾਇਆ ਜਾਵੇਗਾ, ਜਿਹੜੀ ਵਿਕਾਸ ਦੇ ਰਾਹ ਵਿੱਚ ਵੱਡੀ ਅੜਚਣ ਹੈ। ਇਹੀ ਕਾਰਣ ਹੈ ਕਿ ਨਵੇਂ ਖੇਡ ਮੈਦਾਨ ਅਤੇ ਕਮਿਊਨਿਟੀ ਇਲਾਕੇ ਨਹੀਂ ਵਿਕਸਿਤ ਨਹੀਂ ਹੋ ਰਹੇ।

☛ ਬਾਕੀ ਸਫ਼ਾ 45 'ਤੇ

# Depression

Jagsir

Depression is a serious mental health issue that can affect even very young children. Depressed children are generally lacking in energy and enthusiasm. They often become withdrawn and are unable to concentrate or to enjoy life. If they are in school, they usually perform poorly. Sometimes they are irritable and sulky or even hostile. If they are old enough to talk, they may refer to themselves as stupid and ugly, friendless, unloved and unlovable, worthless, or even hopeless. They may be preoccupied with themes of death and dying, and, occasionally, they may consider or even attempt suicide. Yes, even small children may do reckless, dangerous things designed to hurt or to kill themselves, although their concepts of death are quite different from those of adults.

Depression is not a personal weakness, a character flaw, or the result of poor parenting. It is a mental illness that affects the entire person, changing the way he or she feels, thinks, and acts. a loss of the ability to experience pleasure in nearly all activities. It is more than just feeling down or having a bad day, and it is different from normal, healthy feelings of grief that usually follow a significant loss, such as a divorce, a break up with a boyfriend or girlfriend, or the death of a loved one.Depressed teens can experience a range of symptoms including change in appetite, disrupted sleep patterns, increased or diminished activity level, impaired concentration, and decreased feelings of self-worth. Youth are often more aggressive and oppositional than depressed adults. Symptoms can manifest themselves in school as behavior problems, lack of attention in class, an unexplained drop in grades, cutting class, dropping out of activities, or fights with or withdrawal from friends.Depression in teens may also be masked by other problems or behaviors, such as anxiety disorder, frustration over learning problems, sexual promiscuity, and substanceabuse. Depressed adolescents oftenself-medicate or seek thrills to ease their pain. Some seek reliefthrough self-injury, such as cuttingor extreme physical risk-taking. Children'swho are identified as engagingin these behaviors should be referredfor depression screening at once. Depression, particularly in teenagers, is often described as the invisible illness. Its symptoms can easily masquerade as part of the normal tumult of adolescence, a time not noted for level moods or stable behavior. Rapid changes in hormonal balance, physical and cognitive development, response to peer pressure, and perceptions of the world, combined with conflicting desires to be independent but free of responsibilities, make adolescence a time of emotional turmoil and behavioral extremes.

To be most effective the plan must involve family, school or daycare personnel, medical specialists, and community resources as warranted. Comprehensive treatment of depressive disorders or bipolar disorder usually involves a combination of psychotherapy or counseling, pharmacotherapy (medication), school or daycare intervention planning, family education, and ongoing evaluation and monitoring. All of these must take into account and be sensitive to the values, cultural background, language, and other special circumstances of the child and his or her family.

# Temper

Harpreet

Every parent can expect to witness some temper tantrums in children. On average, temper tantrums are equally common in boys and girls, and more than half of young children will have one or more per week.At home, there are predictable situations that can be expected to trigger temper tantrums, such as bedtime, suppertime, getting up, getting dressed, bath time, watching TV, parent talking on the phone, visitors at the house, family visiting another house, car rides, public places, family activities involving siblings, interactions with peers, and playtime. Other settings include transitions between activities, on the school bus, getting ready to work, interactions with other children, directives from the teacher, group activities, answering questions in class, individual seat work, and the playground. All young children from time to time will whine, complain, resist, cling, argue, hit, shout, run, and defy their parents. Temper tantrums, although normal, can become upsetting to parents because they are embarrassing, challenging, and difficult to manage. On the other hand, temper tantrums can become special problems when they occur with greater frequency, intensity, and duration than is typical for the age of the child.

There are a number of ways to handle a temper tantrum,remain calm and do not argue with the child. Before you manage the child, you must manage your own behavior. Spanking or yelling at the child will make the tantrum worse.Think before you act, think about the source of the child's frustration, this child's characteristic temperamental response to stress (hyperactivity, distractibility, moodiness), and the predictable steps in the escalation of the temper tantrum, you can positively distract the child by getting the child focused on something else that is an acceptable activity. For example, you might remove the unsafe item and replace with an age-appropriate toy, hold the child who is out of control and is going to hurt himself or herself or someone else. Let the child know that you will let him or her go as soon as he or she calms down. Reassure the child that everything will be all right, and help the child calm down. Parents may need to hug their child who is crying, and say they will always love him or her no matter what, but that the behavior has to change. This reassurance can be comforting for a child who may be afraid because he or she lost control,reward children for positive attention rather than negative attention. During situations when they are prone to temper tantrums, catch them when they are being good and say such things as, "Nice job sharing with your friend, give children control over little things whenever possible by giving choices. A little bit of power given to the child can stave off the big power struggles later. "Which do you want to do first, brush your teeth or put on your pajamas?When visiting new places or unfamiliar people explain to the child beforehand what to expect. Say, "Stay with your assigned buddy in the museum. Provide pre-academic, behavioral, and social challenges that are at the child's developmental level so that the child does not become frustrated. Keep a sense of humor to divert the child's attention and surprise the child out of the tantrum.

If, despite the use of these interventions, the tantrums are increasing in frequency, intensity, or duration, consult your child's doctor. You should also consult your child's doctor if the child is self-injurious, hurtful to others, depressed; showing signs of low self-esteem, or is overly dependent on a parent or teacher for support. Your pediatrician or family physician can check for hearing or vision problems, chronic illness, or conditions such as Asperger's syndrome, language delays, or a learning disability, which may be contributing to your child's increasing temper tantrums. Your physician can also direct you to a mental health professional that can provide assistance for you and your child.

# BULLYING

Harjot

When a child is repeatedly harmed, psychologically or physically, by achild or a group of children. Bullies are typically physically, psychologically, or socially stronger than the children they bully. It is important to realize that bullying may present itself in different forms, including, but not limited to, physical assaults or aggressions, verbal and/or physical threats, intentional exclusion from a group, spreading rumors, menacing gestures or faces, or repeated name calling. Both boys and girls engage in bullying behavior, but some differences are evident. Boys, for example, typically engage in direct, overt bullying behaviors, including physical assaults or verbal taunts and threats. Girls often use more indirect, attentive means to bully others, such as intentionally leaving someone out of activities or spreading rumors. One common misconception is that bullying is an unavoidable part of childhood and adolescence. For this reason, bullying behaviors may be ignored or not noticed. Teachers and parents may not recognize certain behaviors as "bullying." However, there may be serious consequences to dismissing such hurtful behaviors as commonplace. Lifelong victims of bullying report physical and mental health problems may develop depression or low self-esteem, may bring weapons to school, and may consider suicide more often than their no bullied peers. Bullying can create a climate of fear and anxiety, not only for the direct victims, but for the bystanders as well. This negative climate may limit children opportunity for a safe, healthy learning environment.

The future for bullies is also quite grim. Along with a higher likelihood of underachievement in academic settings, bullies are more likely to become abusive spouses or parents and to engage in criminal activities as adults. It is clear that bullying is a significant problem that affects many children and deserves the attention of both educators and parents. The best strategy to address the problem of bullying is prevention. Creating a comprehensive plan for coping with this issue is of the utmost importance to school personnel. School personnel can do their part by imposing strict policies against bullying and implementing school-wide prevention programs. However, if parents suspect or learn of bullying behavior, then there are several things they can do to intervene.

Whether or not you suspect bullying behavior is occurring at your child's school,additionally, you may want to consider talking with school officials about the school's current policy for responding to bullying behavior. Many states have policies in place that may explain your child's rights with regard to bullying behaviors and what should be done when those behaviors occur in schools. It is important to teach your child that bullying of any sort is not acceptable behavior even if you do not believe that your child is in danger of being victimized or committing such acts. Encourage your child to report all incidents of bullying to you. Getting involved in your child's life both inside and outside is important, both for your own sake and for your child's. You will see how your child interacts with other children and will be able to take steps if you see any potentially troublesome behaviors that are taking place. Talking with your child about how to engage in nonviolent interactions and how to respond to those who bully will prepare your child for such situations anywhere.

# ਪੰਜਾਬ

## ਅੱਜ-ਕੱਲ੍ਹ

ਪੰਜਾਬ ਪਾਲ

## ਚੰਡੀਗੜ੍ਹ ਤੋਂ ਵਿਦਾ ਹੋਇਆ ਭਾਸ਼ਾ ਵਿਭਾਗ ਦਾ ਪੰਜਾਬੀ ਸੈੱਲ

ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਦਾ ਚੰਡੀਗੜ੍ਹ ਸਥਿਤ ਪੰਜਾਬੀ ਸੈੱਲ ਆਖ਼ਰ ਆਧੁਨਿਕ ਸ਼ਹਿਰ ਦੀ ਚਕਾਚੌਂਦ ਨਾ ਸਹਾਰਦਾ ਹੋਇਆ ਇਥੋਂ ਵਿਦਾ ਹੋ ਗਿਆ ਹੈ। ਜ਼ਾਹਰ ਹੈ ਪੰਜਾਬ ਸਰਕਾਰ ਚੰਡੀਗੜ੍ਹ ਵਿਚ ਪੰਜਾਬੀ ਭਾਸ਼ਾ ਲਾਗੂ ਕਰਨ ਅਤੇ ਕਰਾਉਣ ਲਈ ਭੋਰਾ ਵੀ ਚਿੰਤਤ ਨਹੀਂ। ਇਸ ਦਾ ਪਤਾ ਇਸ ਗੱਲ ਤੋਂ ਲੱਗਦਾ ਹੈ ਕਿ ਪੰਜਾਬ ਸਰਕਾਰ ਦੇ ਆਪਣੇ ਭਾਸ਼ਾ ਵਿਭਾਗ ਦੇ ਪੰਜਾਬੀ ਸੈੱਲ ਦਾ ਇੱਥੇ ਨਾਂ ਨਿਸ਼ਾਨ ਨਹੀਂ ਰਹਿ ਗਿਆ ਹੈ। ਪੰਜ ਦਹਾਕਿਆਂ ਤੋਂ ਵੱਧ ਸਮੇਂ ਚੰਡੀਗੜ੍ਹ ਦੇ ਸਕੂਲਾਂ ਵਿਚ ਭਾਸ਼ਾ , ਕਵਿਤਾ, ਗਾਇਨ, ਡਰਾਮਾ, ਸੱਭਿਆਚਾਰਕ, ਖੁਸ਼ਖ਼ਤ ਲਿਖਣ ਮੁਕਾਬਲੇ ਕਰਾਉਂਦਾ ਇਹ ਪੰਜਾਬੀ ਸੈੱਲ ਆਪਣੀ ਹੋਣੀ ਹੰਢਾਉਂਦਾ ਸਰਕਾਰ ਦੀ ਅਣਗਹਿਲੀ ਦਾ ਸ਼ਿਕਾਰ ਹੋ ਗਿਆ। ਕਿਸੇ ਵੇਲੇ ਸੈਕਟਰ-17 ਈ ਦਾ ਭਾਸ਼ਾ ਵਿਭਾਗ ਦਾ ਇਹ ਸੈੱਲ ਪੰਜਾਬ ਤੋਂ ਆਉਂਦੇ ਲੇਖਕਾਂ, ਚੰਡੀਗੜ੍ਹ ਦੇ ਲੇਖਕਾਂ, ਬੁੱਧੀਜੀਵੀਆਂ, ਵਿਦਿਆਰਥੀਆਂ, ਸੁਹਿਰਦ ਪਾਠਕਾਂ ਅਤੇ ਵਿਦਿਆਰਥੀਆਂ ਲਈ ਸਾਹਿਤ ਦਾ ਮੱਕਾ ਹੋਇਆ ਕਰਦਾ ਸੀ। ਪੜ੍ਹਨ-ਲਿਖਣ ਵਾਲੇ ਆਉਂਦੇ ਸਸਤੇ ਮੁੱਲ 'ਤੇ ਵਧੀਆ ਕਲਾਸਿਕ, ਅਨੁਵਾਦਤ, ਮਹਾਨਕੋਸ਼, ਪੰਥ ਪ੍ਰਕਾਸ਼, ਤੁੱਕ ਤਤਕਰਾ, ਮੇਰਾ ਪਿੰਡ, ਫਰੀਦਕੋਟੀ ਟਿੱਕਾ, ਪੰਜਾਬੀ ਜਿਪਸੀ ਕੋਸ਼, ਮੈਕਾਲਿਫ਼ ਦਾ ਪੰਜਾਬੀ ਸਭਿਆਚਾਰ, ਰਹਿਣੀ-ਬਹਿਣੀ-ਜਾਤਾਂ, ਬਾਲ ਸਾਹਿਤ ਦੀਆਂ ਉੱਤਮ ਪੁਸਤਕਾਂ ਅਤੇ ਹੋਰ ਬਹੁਤ ਕੁਝ ਗਿਆਨ-ਵਰਧਕ ਸਾਹਿਤ ਖਰੀਦਦੇ ਅਤੇ ਪੜ੍ਹਦੇ ਪਰ ਹੁਣ ਇਹ ਸਾਹਿਤ ਰਸੀਏ, ਚੰਡੀਗੜ੍ਹੀਏ ਅਤੇ ਬਾਹਰੋਂ ਆਉਣ ਵਾਲੇ ਪੁੱਛਦੇ ਹਨ ਕਿ ਭਾਸ਼ਾ ਵਿਭਾਗ ਦਾ ਦਫ਼ਤਰ ਕਿੱਥੇ ਹੈ ? ਜਿੱਥੋਂ ਪੁਸਤਕਾਂ ਮਿਲਦੀਆਂ ਹਨ। ਇਸ ਦਾ ਜਵਾਬ ਕਿਸੇ ਕੋਲ ਵੀ ਨਹੀਂ ਹੁੰਦਾ। ਇਸ ਦੀ ਹੋਣੀ ਇਹ ਰਹੀ ਕਿ ਸੈਕਟਰ-17 ਦੇ ਰਸਦੇ-ਵਸਦੇ ਅਤੇ ਹਰ ਪਾਠਕ ਦੀ ਪਹੁੰਚ ਵਾਲੇ ਇਸ ਸੈਕਟਰ ਵਿਚੋਂ ਇਹ ਦਫ਼ਤਰ ਬਦਲ ਕੇ ਸੈਕਟਰ-22 ਬੀ ਵਿਚ ਪਹੁੰਚਾ ਦਿੱਤਾ ਗਿਆ ਹੈ। ਹਾਲੇ ਇਸ ਦਾ ਪਾਠਕਾਂ, ਲੇਖਕਾਂ ਨੂੰ ਪਤਾ ਵੀ ਨਹੀਂ ਸੀ ਲੱਗਿਆ ਕਿ ਇਸ ਨੂੰ ਸੈਕਟਰ-32 ਵਿਖੇ ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ ਦੇ ਤਹਿਖ਼ਾਨੇ ਵਿਚ ਸੁੱਟ ਦਿੱਤਾ ਗਿਆ। ਇਸ ਦੀ ਹੋਣੀ ਇੱਥੋਂ ਤਕ ਸੀਮਤ ਨਾ ਰਹੀ, ਟੈਕਸਟ ਬੁੱਕ ਬੋਰਡ ਦੇ ਇੱਕਾ-ਦੁੱਕਾ ਰਹਿ ਗਏ ਸਟਾਫ਼ ਅਤੇ ਸਿਊਂਕ ਲੱਗੀਆਂ ਪੁਰਾਣੀਆਂ ਪੁਸਤਕਾਂ ਦੇ ਨਾਲ ਹੀ ਭਾਸ਼ਾ ਵਿਭਾਗ ਦੇ ਦਫ਼ਤਰ ਨੂੰ ਸਕੱਤਰੇਤ ਦੀ ਬੇਸਮੈਂਟ ਵਿਚ ਸਿਰਫ਼ ਇਕ-ਦੋ ਅਲਮਾਰੀਆਂ ਅਤੇ ਇਕ ਲਾਇਬ੍ਰੇਰੀ ਸਹਾਇਕ ਦੇ ਨਾਲ ਡੱਕ ਦਿੱਤਾ। ਬਾਕੀ ਪੰਜਾਬੀ ਸ਼ਾਰਟਹੈਂਡ ਸਿਖਲਾਈ ਅਤੇ ਪੰਜਾਬੀ ਟਾਈਪ ਸਿਖਲਾਈ ਦੇਣ ਦੇ ਕਾਰਜ ਨੂੰ ਪ੍ਰਾਈਵੇਟ ਸਕੂਲਾਂ ਵਿਚ ਠੋਕਰਾਂ ਖਾਣ ਲਈ ਮਜਬੂਰ ਕਰ ਦਿੱਤਾ ਗਿਆ। ਗੱਲ ਇੱਥੇ ਹੀ ਖ਼ਤਮ ਨਹੀਂ ਹੋਈ, ਆਖ਼ਰ ਪਿਛਲੇ ਕੁੱਝ ਸਾਲਾਂ ਤੋਂ ਇਸ ਪੰਜਾਬੀ ਸੈੱਲ ਨੂੰ ਚੰਡੀਗੜ੍ਹ ਤੋਂ ਨਿਕਾਲਾ ਦੇ ਕੇ ਮੁਹਾਲੀ ਸਰਕਾਰੀ ਕਾਲਜ ਦੇ ਇਕ ਕਮਰੇ ਤਕ ਸੀਮਤ ਕਰ ਦਿੱਤਾ ਗਿਆ, ਜਿੱਥੇ ਗਿਣਤੀ ਦੀਆਂ ਪੁਸਤਕਾਂ ਹਨ, ਤੇ ਕੋਈ ਖਰੀਦ ਕਰਨ ਵਾਲਾ ਉੱਥੇ ਨਹੀਂ ਜਾਂਦਾ, ਇਸ ਦੇ ਨਾਲ ਹੀ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਤ ਕਰਨ ਲਈ ਚਲਾਈਆਂ ਜਾਂਦੀਆਂ ਗਤੀਵਿਧੀਆਂ ਵੀ ਠੱਪ ਹੋ ਗਈਆਂ ਹਨ। ਕਿਸੇ ਸਮੇਂ ਪੂਰਾ ਸਟਾਫ਼ ਇਸ ਕੰਮ ਲਈ ਹੁੰਦਾ ਸੀ, ਪੰਜਾਬੀ ਭਾਸ਼ਾ ਵਿਚ ਹੋ ਰਹੇ ਕੰਮ ਦੀ ਪੜਤਾਲ ਦਫ਼ਤਰਾਂ ਵਿਚ ਹੁੰਦੀ ਸੀ, ਜੋ ਹੁਣ ਪੂਰੀ ਤਰ੍ਹਾਂ ਬੰਦ ਹੈ। ਪੰਜਾਬ ਸਰਕਾਰ ਨੇ ਚੰਡੀਗੜ੍ਹ ਵਿਚੋਂ ਆਪਣਾ ਪੰਜਾਬੀ ਸੈੱਲ ਖ਼ਤਮ ਕਰ ਕੇ ਆਪਣੇ ਪੈਰਾਂ 'ਤੇ ਆਪ ਕੁਹਾੜਾ ਮਾਰਿਆ ਹੈ। ਫਿਰ ਕਿਹੜੇ ਮੂੰਹ ਨਾਲ ਚੰਡੀਗੜ੍ਹ ਵਿਚ ਪੰਜਾਬੀ ਭਾਸ਼ਾ ਲਾਗੂ ਕਰਨ ਦੀ ਦੁਹਾਈ ਦਿੱਤੀ ਜਾਂਦੀ ਹੈ ? ਚੰਡੀਗੜ੍ਹ ਵਿਚ ਦਰਜਨ ਤੋਂ ਵੱਧ ਸਾਹਿਤ ਸਭਾਵਾਂ ਹਨ, ਯੂਨੀਵਰਸਿਟੀਆਂ ਅਤੇ ਕਾਲਜਾਂ ਦੇ ਪੰਜਾਬੀ ਵਿਭਾਗ ਹਨ, ਬਹੁਤਾ ਹਿੱਸਾ ਪੰਜਾਬੀ ਬੋਲਣ ਵਾਲਿਆਂ ਦਾ ਹੈ, ਪੰਜ ਸੌ ਤੋਂ ਵੱਧ ਪੰਜਾਬੀ ਭਾਸ਼ਾ ਦੇ ਲੇਖਕ ਹਨ, ਸਾਹਿਤ ਅਕਾਦਮੀਆਂ ਹਨ ਪਰ ਭਾਸ਼ਾਵਾਂ ਬਾਰੇ ਮੰਤਰੀ ਤੋਂ ਕਿਸੇ ਨੇ ਪੁੱਛਿਆ ਤਕ ਨਹੀਂ ਕਿ ਚੰਡੀਗੜ੍ਹ ਵਿਚ ਸਥਿਤ ਭਾਸ਼ਾ ਵਿਭਾਗ ਦਾ ਪੰਜਾਬੀ ਸੈੱਲ ਕਿੱਥੇ ਹੈ ? ਨਾ ਹੀ ਸ਼ਾਇਦ ਪੰਜਾਬ ਸਰਕਾਰ ਨੂੰ ਇਸ ਦੇ ਨਾ ਹੋਣ ਕਾਰਨ ਹੋਣ ਵਾਲੇ ਨੁਕਸਾਨ ਦਾ ਅਹਿਸਾਸ ਹੈ।

## ਪੰਜਵਾਂ ਤਨਖਾਹ ਕਮਿਸ਼ਨ ਵੀ ਪੂਰੀ ਤਰ੍ਹਾਂ ਲਾਗੂ ਨਾ ਹੋਇਆ

ਭਾਰਤ ਸਰਕਾਰ ਵੱਲੋਂ ਸੱਤਵਾਂ ਕੇਂਦਰੀ ਤਨਖ਼ਾਹ ਕਮਿਸ਼ਨ ਕਾਇਮ ਕਰਨ ਦਾ ਕੀਤਾ ਐਲਾਨ, ਪੰਜਾਬ ਸਰਕਾਰ ਲਈ ਗਲੇ ਦੀ ਹੱਡੀ ਬਣ ਸਕਦਾ ਹੈ ਕਿਉਂਕਿ ਫਿਲਹਾਲ ਅਕਾਲੀ ਦਲ-ਭਾਜਪਾ ਸਰਕਾਰ ਪੰਜਵੇਂ ਤਨਖਾਹ ਕਮਿਸ਼ਨ ਦੀਆਂ ਕਈ ਸਿਫਾਰਸ਼ਾਂ ਵੀ ਲਾਗੂ ਨਹੀਂ ਕਰ ਸਕੀ। ਦੱਸਣਯੋਗ ਹੈ ਕਿ ਕੇਂਦਰ ਦੀਆਂ ਪ੍ਰਮੁੱਖ ਮੁਲਾਜ਼ਮ ਜਥੇਬੰਦੀਆਂ ਨੇ ਸਰਕਾਰ ਨੂੰ ਨੋਟਿਸ ਦੇ ਕੇ ਚਿਤਾਵਨੀ ਦਿੱਤੀ ਸੀ ਕਿ ਜੇਕਰ ਤੁਰੰਤ ਸੱਤਵੇਂ ਤਨਖਾਹ ਕਮਿਸ਼ਨ ਦੀ ਸਥਾਪਨਾ ਕਰ ਕੇ 50 ਫੀਸਦ ਮਹਿੰਗਾਈ ਭੱਤੇ ਨੂੰ ਮੁੱਢਲੀ ਤਨਖਾਹ ਵਿਚ ਜੋੜ ਕੇ 'ਮਹਿੰਗਾਈ ਤਨਖਾਹ' ਬਣਾਉਣ ਸਮੇਤ ਅੰਤਰਿਮ ਸਹਾਇਤਾ ਦੀ ਕਿਸ਼ਤ ਜਾਰੀ ਨਾ ਕੀਤੀ ਗਈ ਤਾਂ ਹੜਤਾਲ ਦਾ ਐਲਾਨ ਕੀਤਾ ਜਾ ਸਕਦਾ ਹੈ। ਇਸ ਤਹਿਤ ਭਾਰਤ ਸਰਕਾਰ ਵੱਲੋਂ ਭਾਵੇਂ ਤਨਖਾਹ ਕਮਿਸ਼ਨ ਦੀ ਸਥਾਪਨਾ ਕਰਨ ਦਾ ਐਲਾਨ ਤਾਂ ਕਰ ਦਿੱਤਾ ਗਿਆ ਹੈ ਪਰ 50 ਫ਼ੀਸਦੀ ਡੀ.ਏ. ਨੂੰ ਮੁੱਢਲੀ ਤਨਖ਼ਾਹ ਵਿਚ ਜੋੜਨ ਅਤੇ ਅੰਤਰਿਮ ਸਹਾਇਤਾ ਦੇਣ ਦੀਆਂ ਮੰਗਾਂ ਬਕਾਇਆ ਹਨ। ਦੂਸਰੇ ਪਾਸੇ ਇਸ ਵੇਲੇ ਪੰਜਾਬ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਕੇਂਦਰ ਸਰਕਾਰ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਤੋਂ 18 ਫ਼ੀਸਦੀ ਤਨਖ਼ਾਹਾਂ ਤੇ ਪੈਨਸ਼ਨਾਂ ਘੱਟ ਮਿਲ ਰਹੀਆਂ ਹਨ ਕਿਉਂਕਿ ਕੇਂਦਰ ਸਰਕਾਰ ਵੱਲੋਂ 1 ਜਨਵਰੀ ਤੇ 1 ਜੁਲਾਈ 2013 ਤੋਂ ਕ੍ਰਮਵਾਰ 8 ਤੇ 10 ਫ਼ੀਸਦੀ ਮਹਿੰਗਾਈ ਭੱਤੇ ਦੀਆਂ ਦੋ ਕਿਸ਼ਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ ਪਰ ਪੰਜਾਬ ਦੇ ਮੁਲਾਜ਼ਮ ਤੇ ਪੈਨਸ਼ਨਰ ਡੀ.ਏ. ਦੀਆਂ ਦੋ 18 ਫ਼ੀਸਦੀ ਕਿਸ਼ਤਾਂ ਤੋਂ ਵਾਂਝੇ ਹਨ। ਮਹਿੰਗਾਈ ਦੇ ਸੂਚਕ ਅੰਕ ਨਾਲ ਜੋੜ ਕੇ ਭਾਰਤ ਸਰਕਾਰ ਵੱਲੋਂ ਸਿਧਾਂਤਕ ਤੌਰ 'ਤੇ ਜਾਰੀ ਕੀਤੀਆਂ ਜਾਂਦੀਆਂ ਡੀ.ਏ. ਦੀਆਂ ਕਿਸ਼ਤਾਂ ਹਰੇਕ ਰਾਜ ਦੀ ਸਰਕਾਰ ਵੱਲੋਂ ਆਪਣੇ ਮੁਲਾਜ਼ਮਾਂ ਨੂੰ ਮੁਹੱਈਆ ਕਰਨੀਆਂ ਲਾਜ਼ਮੀ ਹਨ। ਇਸ ਤੋਂ ਇਲਾਵਾ ਪੰਜਾਬ ਸਰਕਾਰ ਹਾਲੇ ਤਕ ਰਾਜ ਦੇ ਮੁਲਾਜ਼ਮਾਂ ਦੀਆਂ ਪੰਜਵੇਂ ਪੰਜਾਬ ਤਨਖ਼ਾਹ ਕਮਿਸ਼ਨ ਵੱਲੋਂ ਸੋਧੀਆਂ ਤਨਖ਼ਾਹਾਂ ਦੇ 1 ਜਨਵਰੀ 2006 ਤੋਂ ਬਣਦੇ ਬਕਾਇਆ ਦੀ 30 ਫ਼ੀਸਦੀ ਰਾਸ਼ੀ ਦੇਣ ਤੋਂ ਵੀ ਅਸਮਰੱਥ ਹੈ। ਪੰਜਵੇਂ ਤਨਖ਼ਾਹ ਕਮਿਸ਼ਨ ਵੱਲੋਂ ਪੈਨਸ਼ਨ ਕਮਿਊਟੇਸ਼ਨ ਫਾਰਮੂਲਾ 40 ਫ਼ੀਸਦੀ ਦੇ ਆਧਾਰ 'ਤੇ ਸਿਫਾਰਸ਼ ਕੀਤਾ ਗਿਆ ਸੀ ਪਰ ਪੰਜਾਬ ਸਰਕਾਰ ਵੱਲੋਂ ਇਸ ਦੇ ਉਲਟ ਇਸ 'ਤੇ 20 ਫ਼ੀਸਦੀ ਕਟੌਤੀ ਕਰ ਦਿੱਤੀ ਗਈ ਹੈ। ਤਨਖਾਹ ਕਮਿਸ਼ਨ ਦੀ ਸਿਫਾਰਸ਼ ਅਨੁਸਾਰ ਰਾਜ ਦੇ ਮੁਲਾਜ਼ਮਾਂ ਨੂੰ ਸਿੱਖਿਆ ਭੱਤਾ ਵੀ ਨਹੀਂ ਦਿੱਤਾ ਗਿਆ। ਪੰਜਾਬ ਸਰਕਾਰ ਨੇ ਪੰਜਵੇਂ ਪੰਜਾਬ ਤਨਾਖ਼ਹ ਕਮਿਸ਼ਨ ਦੀ ਰਿਪੋਰਟ ਲਾਗੂ ਕਰਨ ਲਈ 27 ਮਈ 2009 ਨੂੰ ਨੋਟੀਫਿਕੇਸ਼ਨ ਜਾਰੀ ਕੀਤਾ ਸੀ। ਫਿਰ ਪੰਜਾਬ ਵਿਧਾਨ ਸਭਾ ਦੀਆਂ ਸਾਲ 2012 ਦੀਆਂ ਚੋਣਾਂ ਲਈ ਲੱਗੇ ਚੋਣ ਜ਼ਾਬਤੇ ਤੋਂ ਇਕ ਦਿਨ ਪਹਿਲਾਂ ਸਰਕਾਰ ਨੇ ਕੁੱਝ ਮੁਲਾਜ਼ਮਾਂ ਨੂੰ ਗੱਫੇ ਦੇਣ ਲਈ ਦਫ਼ਤਰਾਂ ਉਪਰ ਲਾਈ ਅਣਐਲਾਨੀ ਰੋਕ ਕਾਰਨ ਜਿਥੇ 3 ਸਤੰਬਰ ਤੋਂ ਬਾਅਦ ਪੁੱਜੀਆਂ ਮੁਲਾਜ਼ਮਾਂ ਦੀਆਂ ਤਨਖ਼ਾਹਾਂ ਦੇ ਬਿੱਲ ਪਾਸ ਨਹੀਂ ਕੀਤੇ ਜਾ ਰਹੇ, ਉਥੇ ਹੋਰ ਹਰੇਕ ਤਰ੍ਹਾਂ ਦੀਆਂ ਅਦਾਇਗੀਆਂ 'ਤੇ ਰੋਕ ਲਾਈ ਗਈ ਹੈ। ਕੇਵਲ ਠੇਕੇਦਾਰਾਂ ਅਤੇ ਸਿਫਾਰਸ਼ੀ ਬਿੱਲ ਹੀ ਕੱਢੇ ਜਾ ਰਹੇ ਹਨ।

## ਸਰਕਾਰ ਦੀ ਗਲੇ ਦੀ ਹੱਡੀ ਬਣੇਗਾ ਤਨਖਾਹ ਕਮਿਸ਼ਨ

ਪੰਜਾਬ ਸਰਕਾਰ ਲਈ ਤਨਖਾਹ ਕਮਿਸ਼ਨ ਲਾਗੂ ਕਰਨਾ ਸਾਲ 2014 ਦੀਆਂ ਲੋਕ ਸਭਾ ਅਤੇ ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਲਈ ਸਿਆਸੀ ਮਜਬੂਰੀ ਬਣ ਗਿਆ ਹੈ। ਜੇ ਕੇਂਦਰ ਸਰਕਾਰ ਨੇ ਲੋਕ ਸਭਾ ਚੋਣਾਂ ਤੋਂ ਪਹਿਲਾਂ 50 ਫ਼ੀਸਦੀ ਡੀ.ਏ. ਮਰਜ ਕਰਨ ਆਦਿ ਦੇ ਫੈਸਲੇ ਲੈ ਲਏ ਤਾਂ ਸਰਕਾਰ ਨੂੰ ਵੀ ਪੰਜਾਬ ਵਿਚ ਮੁਲਾਜ਼ਮਾਂ ਨੂੰ ਪਲੋਸਣ ਲਈ ਅਜਿਹਾ ਫ਼ੈਸਲਾ ਲੈਣਾ ਲਾਜ਼ਮੀ ਬਣ ਜਾਵੇਗਾ। ਇਸੇ ਤਰ੍ਹਾਂ ਸਾਲ 20 16 ਵਿਚ ਵੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਰਾਜ ਸਰਕਾਰ ਲਈ ਅਗਲੇ ਤਨਖ਼ਾਹ ਕਮਿਸ਼ਨ ਦੀ ਰਿਪੋਰਟ ਲਾਗੂ ਕਰਨੀ ਮਜਬੂਰੀ ਬਣ ਸਕਦੀ ਹੈ।

## ਨਵਜੋਤ ਸਿੱਧੂ ਜਾਨ ਬਚਾ ਕੇ ਨਿਕਲੇ : ਬਾਜਵਾ

ਪੰਜਾਬ ਕਾਂਗਰਸ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਭਾਜਪਾ ਦੇ ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਸਿਆਣੇ ਨਿਕਲੇ



ਜਿਹੜੇ ਜਾਨ ਬਚਾ ਕੇ ਭੱਜ ਗਏ, ਉਨ੍ਹਾਂ ਨੂੰ ਪਤਾ ਸੀ ਕਿ ਮਰਨ ਵਰਤ ਤੁੜਵਾਉਣ ਕੋਈ ਨਹੀਂ ਆਵੇਗਾ। ਉਨ੍ਹਾਂ ਕਿਹਾ ਕਿ ਬਟਾਲਾ ਰੋਡ 'ਤੇ 80 ਫ਼ੀਸਦੀ ਫ਼ੈਕਟਰੀਆਂ (ਪ੍ਰੋਸੈਸਿੰਗ ਹਾਊਸ) ਅਕਾਲੀ-ਭਾਜਪਾ ਗਠਜੋੜ ਦੀਆਂ ਗ਼ਲਤ ਨੀਤੀਆਂ ਕਾਰਨ ਬੰਦ ਹੋ ਚੁੱਕੀਆਂ ਹਨ। ਬਾਦਲ ਅਤੇ ਮਜੀਠੀਆ ਪਰਿਵਾਰ ਵੋਟਾਂ ਦੇ ਖ਼ਰੀਦਦਾਰ ਹਨ, ਰੇਤ ਬਜਰੀ ਤੋਂ ਸਾਲਾਨਾ 3 ਹਜ਼ਾਰ ਕਰੋੜ ਕਮਾਈ ਕਰ ਰਹੇ ਹਨ। ਸਾਲ 2017 ਵਿਚ ਸੂਬੇ ਵਿਚ ਕਾਂਗਰਸ ਸਰਕਾਰ ਬਣੀ ਤਾਂ ਅਣਅਧਿਕਾਰਤ ਕਾਲੋਨੀਆਂ ਨੂੰ ਰੈਗੂਲਰ ਕਰਨ ਦੇ ਨਾਮ 'ਤੇ ਪਲਾਟ ਹੋਲਡਰਾਂ ਤੋਂ ਕੋਈ ਫ਼ੀਸ ਨਹੀਂ ਲਈ ਜਾਵੇਗੀ।

## ਪਰਵਾਸੀ ਪੰਜਾਬੀਆਂ ਦੇ ਕੇਸਾਂ ਦੀ ਜਾਂਚ ਬਾਰੇ ਰਿਪੋਰਟ ਮੰਗੀ

ਪੰਜਾਬ ਪੁਲੀਸ ਦੀ ਐੱਨ.ਆਰ.ਆਈ. ਵਿੰਗ ਦੀ ਇੰਸਪੈਕਟਰ ਜਨਰਲ ਗੁਰਪ੍ਰੀਤ ਕੌਰ ਦਿਓ ਨੇ ਪਰਵਾਸੀ ਪੰਜਾਬੀਆਂ ਨਾਲ ਸਬੰਧਤ ਜਾਂਚ ਅਧੀਨ ਕੇਸਾਂ ਦੀਆਂ ਸੂਚੀਆਂ ਪ੍ਰਗਤੀ ਰਿਪੋਰਟ ਸਮੇਤ ਤਲਬ ਕੀਤੀਆਂ ਹਨ। ਉਨ੍ਹਾਂ ਸਾਰੇ ਡਿਵੀਜ਼ਨਲ ਕਮਿਸ਼ਨਰਾਂ ਤੇ ਜ਼ਿਲ੍ਹਾ ਪੁਲੀਸ ਮੁਖੀਆ ਨੂੰ ਦੱਸਿਆ ਕਿ ਸੂਬੇ ਵਿਚ ਪਰਵਾਸੀ ਪੰਜਾਬੀਆਂ ਸਬੰਧੀ ਇਸ ਸਮੇਂ 120 ਦੇ ਕਰੀਬ ਕੇਸ ਜਾਂਚ ਅਧੀਨ ਹਨ। ਜਿਹੜੇ ਜ਼ਿਲ੍ਹਿਆਂ ਵਿਚ ਹਾਲੇ ਐੱਨ.ਆਰ.ਆਈ. ਥਾਣੇ ਸਥਾਪਤ ਨਹੀਂ ਕੀਤੇ ਗਏ। ਜੇ ਉਨ੍ਹਾਂ ਜ਼ਿਲ੍ਹਿਆਂ ਵਿਚ ਤਫਤੀਸ਼ ਤਸੱਲੀਬਖਸ਼ ਨਾ ਪਾਈ ਗਈ ਤਾਂ ਉਹ ਕੇਸ ਵੀ ਅਗਲੇਰੀ ਜਾਂਚ ਲਈ ਐੱਨ.ਆਰ.ਆਈ. ਥਾਣਿਆਂ ਦੇ ਸਪੁਰਦ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਜਲਦ ਹੀ 3 ਹੋਰ ਐੱਨ.ਆਰ.ਆਈ. ਥਾਣੇ ਸਥਾਪਤ ਕਰਨ ਲਈ ਨੋਟੀਫਿਕੇਸ਼ਨ ਜਾਰੀ ਕੀਤਾ ਜਾ ਰਿਹਾ ਹੈ, ਜਿਸ ਨਾਲ ਇਨ੍ਹਾਂ ਦੀ ਗਿਣਤੀ 11 ਹੋ ਜਾਵੇਗੀ। ਤਿੰਨ ਸਬ ਡਿਵੀਜ਼ਨਲ ਪੱਧਰ 'ਤੇ ਡੀ.ਐਸ.ਪੀ. ਨੂੰ ਡੀ.ਐਸ.ਪੀ. ਐੱਨ.ਆਰ.ਆਈ. ਵਜੋਂ ਤਾਇਨਾਤ ਕੀਤਾ ਜਾ ਰਿਹਾ ਹੈ।

## ਪਠਾਨਕੋਟ ਦੇ ਕ੍ਰੈਸ਼ਰ ਮਾਲਕਾਂ ਨੂੰ ਦੇਣਾ ਪਏਗਾ 'ਗੁੰਡਾ ਟੈਕਸ'

ਪਠਾਨਕੋਟ ਵਿਚ ਰੇਤ ਮਾਫ਼ੀਆ ਨੇ ਤਾਕਤ ਦਿਖਾਉਂਦੇ ਹੋਏ ਕ੍ਰੈਸ਼ਰ ਮਾਲਕਾਂ ਨੂੰ ਨਾਜਾਇਜ਼ ਮਾਈਨਿੰਗ ਲਈ ਮਜਬੂਰ ਕਰ ਦਿੱਤਾ ਹੈ। ਖੁਦਾਈ ਵਾਲੀਆਂ ਥਾਵਾਂ ਦੀ ਅਲਾਟਮੈਂਟ ਨਾ ਹੋਣ ਕਾਰਨ ਅਜੇ ਮਾਈਨਿੰਗ ਬੰਦ ਹੈ ਪਰ ਇਕ ਨਾਮੀ ਠੇਕੇਦਾਰ ਨੇ ਇਥੋਂ ਦੇ ਤਕਰੀਬਨ 150 ਕ੍ਰੈਸ਼ਰ ਮਾਲਕਾਂ ਨੂੰ ਸੱਦ ਕੇ ਕਿਹਾ ਕਿ ਕਿਸੇ ਤੋਂ ਡਰਨ ਦੀ ਜ਼ਰੂਰਤ ਨਹੀਂ ਹੈ। ਉਹ ਖੁੱਲ੍ਹ ਕੇ ਮਾਈਨਿੰਗ ਕਰ ਸਕਦੇ ਹਨ, ਪਰ ਉਨ੍ਹਾਂ ਨੂੰ ਰਾਇਲਟੀ ਸਮਝ ਕੇ ਗੁੰਡਾ ਟੈਕਸ ਦੇਣਾ ਪਵੇਗਾ। 5 ਅਕਤੂਬਰ ਨੂੰ ਹੋਈ ਇਸ ਮੀਟਿੰਗ ਵਿਚ ਠੇਕੇਦਾਰ ਨੇ ਇਥੋਂ ਤਕ ਕਹਿ ਦਿੱਤਾ ਕਿ ਸਰਕਾਰ ਉਸ ਦੀ ਜੇਬ ਵਿਚ ਹੈ। ਉਸ ਨੇ ਕਿਹਾ, 'ਉਪਰ ਸੈਟਿੰਗ ਹੋ ਚੁੱਕੀ ਹੈ। ਜਿਥੇ ਜਿਹੜਾ ਨਵਾਂ ਐਸ.ਐਸ.ਪੀ. ਲਗੇਗਾ, ਉਹ ਵੀ ਆਪਣਾ ਹੀ ਹੋਵੇਗਾ।' ਜ਼ਿਕਰਯੋਗ ਹੈ ਕਿ ਪਠਾਨਕੋਟ ਦੇ ਐਸ.ਐਸ.ਪੀ. ਸੁਰਿੰਦਰ ਕਾਲੀਆ ਕੁੱਝ ਦਿਨ ਪਹਿਲਾਂ ਹਾਦਸੇ ਵਿਚ ਜ਼ਖ਼ਮੀ ਹੋ ਗਏ ਸਨ। ਉਹ ਹਸਪਤਾਲ ਵਿਚ ਹਨ। ਉਨ੍ਹਾਂ ਦੀ ਥਾਂ ਪਠਾਨਕੋਟ ਵਿਚ ਨਵਾਂ ਐਸ.ਐਸ.ਪੀ. ਤਾਇਨਾਤ ਕੀਤਾ ਜਾਣਾ ਹੈ। ਹਾਈਕੋਰਟ ਦੇ ਹੁਕਮਾਂ 'ਤੇ ਨਾਜਾਇਜ਼ ਮਾਈਨਿੰਗ ਦੀ ਜਾਂਚ ਲਈ ਬਣੀ ਐਸ.ਆਈ.ਟੀ. ਨੇ ਜਦ ਤੋਂ ਜਾਂਚ ਸ਼ੁਰੂ ਕੀਤੀ ਹੈ, ਕਈ ਕ੍ਰੈਸ਼ਰ ਮਾਲਕਾਂ ਨੇ ਗੁੰਡਾ ਟੈਕਸ ਦੇਣਾ ਬੰਦ ਕਰ ਦਿੱਤਾ ਹੈ। ਇਸ ਲਈ ਮਾਫ਼ੀਆ ਨਵੇਂ-ਨਵੇਂ ਹੱਥ ਕੰਡੇ ਅਪਣਾ ਰਿਹਾ ਹੈ। ਕਦੇ ਲੋਡਿੰਗ ਪਰਚੀ ਤੇ ਕਦੇ ਗੇਟ ਪਾਸ ਦੀ ਆੜ ਵਿਚ ਉਗਰਾਹੀ ਕੀਤੀ ਜਾ ਰਹੀ ਹੈ। ਕ੍ਰੈਸ਼ਰ ਮਾਲਕਾਂ ਦਾ ਕਹਿਣਾ ਹੈ ਕਿ ਯੂਨੀਅਨ ਦੇ ਕੁੱਝ ਅਧਿਕਾਰੀ ਮਾਫ਼ੀਆ ਲਈ ਕੰਮ ਕਰ ਰਹੇ ਹਨ।

## ਸਰਕਾਰੀਆ ਨੇ ਬਾਜਵਾ ਖ਼ਿਲਾਫ਼ ਸੋਨੀਆ ਨੂੰ ਪੱਤਰ ਲਿਖਿਆ

ਰਾਜਾਸਾਂਸੀ ਦੇ ਵਿਧਾਇਕ ਸੁਖਵਿੰਦਰ ਸਿੰਘ ਸਰਕਾਰੀਆ ਨੇ ਵਿਰੋਧੀ ਧਿਰ ਦੇ ਨੇਤਾ ਸੁਨੀਲ ਜਾਖੜ ਨੂੰ ਭੇਜੇ ਆਪਣੇ ਜਵਾਬ ਵਿਚ ਕਿਹਾ ਹੈ ਕਿ ਪਾਰਟੀ ਵਿਚ ਉਨ੍ਹਾਂ ਦੀਆਂ ਮੁਸ਼ਕਲਾਂ ਦੀ ਕੋਈ ਸੁਣਵਾਈ ਨਹੀਂ ਹੋ ਰਹੀ ਸੀ, ਇਸੇ ਲਈ ਉਨ੍ਹਾਂ ਨੇ ਹਾਈਕਮਾਂਡ ਸੋਨੀਆ ਗਾਂਧੀ ਨੂੰ ਪੱਤਰ ਲਿਖਿਆ। ਸਰਕਾਰੀਆ ਨੇ ਪਾਰਟੀ ਦੇ ਸੂਬਾ ਪ੍ਰਧਾਨ 'ਤੇ ਦੋਸ਼ ਲਾਇਆ ਕਿ ਉਨ੍ਹਾਂ ਨੇ ਜੋ ਵੀ ਸ਼ਿਕਾਇਤਾਂ ਰੱਖੀਆਂ, ਬਾਜਵਾ ਨੇ ਉਨ੍ਹਾਂ ਵਿਚੋਂ ਇਕ ਵੀ ਹਾਈਕਮਾਂਡ ਤਕ ਨਹੀਂ ਪਹੁੰਚਾਈ ਅਤੇ ਨਾ ਹੀ ਖ਼ੁਦ ਮਸਲੇ ਦਾ ਹੱਲ ਕੀਤਾ। ਇਹ ਵੀ ਦੱਸਿਆ ਜਾਂਦਾ ਹੈ ਕਿ ਉਨ੍ਹਾਂ ਨੇ ਆਪਣੇ ਪੱਤਰ ਵਿਚ ਇਕ ਵਾਰ ਫਿਰ ਤੋਂ ਮਾਝਾ ਦੇ ਉਪ ਪ੍ਰਧਾਨ ਓ.ਪੀ. ਸੋਨੀ 'ਤੇ ਗੰਭੀਰ ਦੋਸ਼ ਲਾਏ ਹਨ। ਕਿਹਾ ਹੈ ਕਿ ਉਹ ਪਾਰਟੀ ਦਾ ਨੁਕਸਾਨ ਕਰ ਰਹੇ ਹਨ। ਸਰਕਾਰੀਆ ਨੇ ਆਪਣਾ ਪੱਤਰ ਵਿਰੋਧੀ ਧਿਰ ਦੇ ਨੇਤਾ ਸੁਨੀਲ ਜਾਖੜ ਨੂੰ ਸੌਂਪ ਦਿੱਤਾ ਹੈ। ਜਾਖੜ ਨੇ ਪੰਜਾਬ ਮਾਮਲਿਆਂ ਦੇ ਮੁਖੀ ਸ਼ਕੀਲ ਅਹਿਮਦ ਨੂੰ ਇਸ ਮਾਮਲੇ ਵਿਚ ਰਿਪੋਰਟ ਸੀਲ ਬੰਦ ਲਿਫ਼ਾਫੇ ਵਿਚ ਦਿੱਤੀ ਹੈ। ਸ਼ਕੀਲ ਅਹਿਮਦ ਨੇ ਕਿਹਾ, ਜਾਖੜ ਦੀ ਰਿਪੋਰਟ ਮਿਲ ਗਈ ਹੈ, ਪਰ ਅਜੇ ਉਨ੍ਹਾਂ ਨੇ ਪੜ੍ਹੀ ਨਹੀਂ ਹੈ। ਜਾਖੜ ਵੀ ਇਸ ਮਾਮਲੇ ਵਿਚ ਕੁਝ ਨਹੀਂ ਬੋਲ ਰਹੇ। ਉਨ੍ਹਾਂ ਕਿਹਾ, ਮੈਂ ਆਪਣੀ ਰਿਪੋਰਟ ਸ਼ਕੀਲ ਨੂੰ ਸੌਂਪ ਦਿੱਤੀ ਹੈ। ਜਾਣਕਾਰੀ ਅਨੁਸਾਰ ਸਰਕਾਰੀਆ ਓਮ ਪ੍ਰਕਾਸ਼ ਸੋਨੀ ਅਧੀਨ ਕੰਮ ਨਹੀਂ ਕਰਨਾ ਚਾਹੁੰਦੇ। ਸੋਨੀ ਉਨ੍ਹਾਂ ਚਾਰ ਉਪ ਪ੍ਰਧਾਨਾਂ ਵਿਚੋਂ ਇਕ ਹਨ, ਜਿਨ੍ਹਾਂ ਨੂੰ ਕਾਂਗਰਸ ਹਾਈ ਕਮਾਂਡ ਨੇ ਅਪ੍ਰੈਲ ਵਿਚ ਲਾਇਆ ਸੀ। ਸੋਨੀ ਨੂੰ ਮਾਝਾ ਦਾ ਮੁਖੀ ਬਣਾਇਆ ਗਿਆ। ਉਨ੍ਹਾਂ ਨੂੰ ਮੁਖੀ ਬਣਾਉਂਦਿਆਂ ਹੀ ਸਰਕਾਰੀਆ ਨੇ ਪ੍ਰਤਾਪ ਸਿੰਘ ਬਾਜਵਾ ਤੋਂ ਉਨ੍ਹਾਂ ਨੂੰ ਅੰਮ੍ਰਿਤਸਰ ਤੋਂ ਹਟਾ ਕੇ ਕਿਸੇ ਹੋਰ ਇਲਾਕੇ ਦਾ ਮੁਖੀ ਬਣਾਉਣ ਨੂੰ ਕਿਹਾ ਪਰ ਬਾਜਵਾ ਨੇ ਅਜਿਹਾ ਨਹੀਂ ਕੀਤਾ, ਜਿਸ ਕਾਰਨ ਸਰਕਾਰੀਆ ਬਾਜਵਾ ਅਤੇ ਸੋਨੀ ਤੋਂ ਨਾਰਾਜ਼ ਹਨ। ਜ਼ਿਕਰਯੋਗ ਹੈ ਕਿ ਸਰਕਾਰੀਆ ਨੇ ਪਾਰਟੀ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਵਿਰੁੱਧ ਸੋਨੀਆ ਗਾਂਧੀ ਨੂੰ ਪੱਤਰ ਲਿਖਿਆ ਸੀ। ਇਸ ਵਿਚ ਉਨ੍ਹਾਂ ਨੇ ਪੰਜਾਬ ਦੀ ਲੀਡਰਸ਼ਿਪ ਵਿਚ ਬਦਲਾਅ ਕਰਨ ਦੀ ਮੰਗ ਕੀਤੀ ਸੀ। ਉਨ੍ਹਾਂ ਨੇ ਬਾਜਵਾ 'ਤੇ ਕਈ ਗੰਭੀਰ ਦੋਸ਼ ਵੀ ਲਾਏ ਸਨ। ਬਾਜਵਾ ਦਾ ਕਹਿਣਾ ਹੈ ਕਿ ਮਾਮਲਾ ਸੁਲਝਾਉਣ ਲਈ ਉਹ ਦੋ ਵਾਰ ਸਰਕਾਰੀਆ ਦੇ ਘਰ ਜਾ ਚੁੱਕੇ ਹਨ।





# ALBERTA CARPET CENTRE LTD.

FLOOR COVERING CARPET LINO TILES GRANITE SLATE AREA RUGS HARDWOOD & LAMINATE

4238 99 St. Edmonton

GLASS MOSAICS STARTING AT 4.99/SF (4260 SF IN STOCK)

CARPET REM UNDER 7' x 12' ONLY 00.50 ¢/SQ FT
CARPET REM OVER 7' x 12' ONLY 00.89 ¢/SQ FT

MILLION DOLLAR INVENTORY REDUCTION SALE

PATTERNED CARPET 1.99/ SQ FT ( 11000+ S.Y IN STOCK)
100% BCF NYLON ONLY $ 1.39/SQ FT (1150 S.Y IN STOCK)
BERBER 0.79 ¢/SQ FT (8000 S.Y IN STOCK)

SEVERAL PATTERNS TO CHOOSE
PATTERNED COMMERTIAL CARPET (3500+ S.Y IN STOCK)
100 % BCF NYLON STARTING AT 1.39/SF
TEXTURED CARPET 100% BCF NYLON

MAPLEHARDWOOD 4/4 x 5/8" 3.99 / SF (4,000 SF IN STOCK)

HUGE SELECTION OF TILES TO CHOOSE
TILES STARTING AT $ 1.29 / SF (OVER 350,000 SF IN STOCK)
CERAMIC 13.5" x 13.5" 1.29/SF (8870 IN STOCK) 2 COLORS TO CHOOSE
PORCELEIN TILE 13" x 13" 1.79/ SF (20,239 SF IN STOCK) 4 COLORS TO CHOOSE

SUPER BLOWOUT SALE!

CALL BALBIR SINGH JAGGI
780 435 9410
Fax: 780 435 2596

# ROCKY'S PIZZA

Phone 780-423-2323
4227 - 23 Ave Edmonton, AB T6L 5Z8

Now Open - Take Out and Delivery
Hockey Game Day Specials
Open until 11:00 PM Weekdays & 12:00 AM Friday & Saturday




# Lunch & Dinner Buffet



7 days a week starting from
$11.00
Bring in this ad and receive 10% off of next order
(expires Jan 31, 2012)



ALL INDIA
RESTAURANT & SWEETS
780-463-7770 • 4249 – 23 Ave Edmonton, AB T6L 5Z8 • www.allindiarestaurant.ca

A-WIN Insurance

# ਹਰੇਕ ਤਰ੍ਹਾਂ ਦੀ ਇੰਸ਼ੋਰੈਂਸ ਲਈ ਫੋਨ ਕਰੋ







## A-WIN: MAKING LIFE EASY

### Who We Are

**Western Canada's**

Biggest Brokers Team, designed to serve Canadians' with solutions for your personal and professional insurance needs.

**When Time and Money Matters**

Our team at A-WIN knows your time is valuable and that is why we want to help you save time and money. Ask for a quote on one or all of our services to simplify your life and save.

**Quick Quotes When You Need Them**







### What we Offer

- Home / Auto Insurance
- RV Insurance
- Travel Insurance
- Emergency Road Services
- Auto Mobile Warranty Services
- Commercial Insurance
- D & O Coverage / E & O Insurance

- ਕਾਰ, ਮੋਟਰਸਾਈਕਲ ਇੰਸ਼ੋਰੈਂਸ
- ਘਰ, ਕੰਡੋਮੀਨੀਅਮ ਅਤੇ ਕਿਰਾਏਦਾਰ ਇੰਸ਼ੋਰੈਂਸ
- ਟਰੱਕ: ਲੌਂਗਹਾਲ ਅਤੇ ਗਰੈਵਲ
- ਕਮਰਸ਼ੀਅਲ ਅਤੇ ਬਿਜ਼ਨਸ ਇੰਸ਼ੋਰੈਂਸ
- ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ

**MON - FRI : 9:00 a.m -- 5:00 pm**
**SAT till 2:00 p.m by appointments only**
**Closed on Sunday & Stat Holidays.**

PROVIDING PEACE OF MIND
100 YEARS & BEYOND
SMI
SASKATCHEWAN MUTUAL INSURANCE COMPANY

**Discounts up to 60%**

**Payment Options available**

**ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲਬਾਤ ਕਰ ਸਕਦੇ ਹਾਂ**

**We Provide Services In English, Punjabi, Hindi & Urdu**

**Edmonton: 780-465-6900**

ਜਸਵੀਰ ਦਿਓਲ, ਨਵਤੇਜ ਬੈਂਸ, ਰਮਨ ਗਿੱਲ, ਰਾਜਬੀਰ ਸਿੰਘ, ਸਿਮਰਨ ਸਿੱਧੂ, ਮਨਿੰਦਰ ਕੌਰ

**Calgary: 403-775-2100**

ਜੈਸੀ ਸਿੰਘ, ਰੂਪੀ ਚੇਰਾ, ਹਰਪ੍ਰੀਤ ਉੱਪਲ, ਤਰਨਪ੍ਰੀਤ ਮੈਹਦਵਾਨ

## ADVANCED Roofing Systems Ltd.

RESIDENTIAL COMMERCIAL

- Residential/Commercial Insurance Claims
- Asphalt & Specialty Shingles
- Siding, Soffits,Fascia
- 2 Ply Membranes (SBS)
- Cedar Shakes
- New & Re-Roof Specialists
- Condominums Welcome
- Steep Roofs Welcome
- Licenced & Insured
- Pine Shake Replacement
- Roof Top Snow removel
- FREE Estimates

Gill Olson (Manager)

5448-36 Street, Edmonton, Alberta T6B 3P3,
gill@advancedroofsystems.com, www.advancedroofsystems.com
(780) 463-6320, Fax : (780) 450-0365

## Gurkeerat Holding Ltd.

- We Build New House
- We Build Basement
- We Do Renovation
- Kitchen Cabinets

ਨਵਾਂ ਘਰ, ਨਵੀਂ ਬੇਸਮੈਂਟ, ਰੈਨੋਵੇਸ਼ਨ ਕਰਵਾਉਣ, ਸਸਤੀਆਂ ਅਤੇ ਵਧੀਆ ਕਿਚਨ ਕੈਬਨਿਟਾਂ ਲਈ ਵਧੀਆ ਕੰਮ ਅਤੇ ਵਾਜਬ ਰੇਟ ਲਈ ਸਾਨੂੰ ਕਾਲ ਕਰੋ

Ph. 780-996-2873

## G DRIVING SCHOOL LTD.

Authorised teach Certification Course

EDMONTON'S NO. 1 DRIVING SCHOOL

ਕਿਸੇ ਵੀ ਤਰ੍ਹਾਂ ਦਾ ਡਰਾਇਵਿੰਗ ਲਾਇਸੈਂਸ ਲੈਣ ਲਈ ਭਰੋਸੇਮੰਦ ਨਾਮ G DRIVING SCHOOL

Services available in English, Punjabi, Hindi & Urdu

- Male & Female Instructors are available
- VEHICLE PROVIDE FOR ROAD TEST
- Free Pickup & Drop Off in Edmonton & Area

Gurcharan Singh Garcha (M.Sc. M.Ed.)

9866-41 Ave. Edmonton AB T6E 5L6
Ph. : Off 780-229-1332, Cell : 780-907-0332, Fax : 780-229-0593
E-mail : info@gdrivingshool.com, www.gdrivingschool.com

## PIZZA99

*Serving for over 16 years*

Call (780) 450-9900

ਮਸਾਲੇਦਾਰ ਮੱਛੀ ਦੇ ਪਕੌੜੇ, ਵਧੀਆ ਸਰਵਿਸ, ਵਧੀਆ ਫੂਡ, ਵਾਜ਼ਬ ਕੀਮਤਾਂ ਲਈ ਸੰਪਰਕ ਕਰੋ:- ਪਰਮਜੀਤ ਸਿੰਘ ਬਾਠ

ਪਰਮਜੀਤ ਸਿੰਘ ਬਾਠ

www.pizza99.com

FREE DELIVERY Millwoods ONLY

*Buy any Pizza at regular price & get Second Pizza of equal or less value Free or Chicken wings Free and 3rd Pizza Half Price.*

Opening Hours: Monday to Thursday 3pm to 11.30pm, Friday 3pm to 1.30am, Saturday 12 noon to 1.30am, Sunday 12 noon to 11.30pm

RENNET FREE CHEESE

1543 Millwoods Road East, Edmonton AB.

## Sidhu Stucco Ltd.

Residential & Commercial

ਕਿਸੇ ਵੀ ਤਰ੍ਹਾਂ ਦੀ ਵਧੀਆ ਸਟੱਕੋ ਲਈ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ ।

Stucco is a versatile, beautiful, durable and fire resistant cladding.

All kind of Stucco
Acrylic & Rain Screen

Harinder Dhaliwal
(780) 297-9165

## Red Deer Econo Lodge Inn & Suites

EconoLodge BY CHOICE HOTELS

www.choicehotels.com

Reservations 1-877-424-6423



403-346-4188
Cell: 403-505-4188
Email: econolodgereddeer@shaw.ca

Varinder Sidhu
President

37433 Highway 2 South, East Side Gasoline Alley
Red Deer, Alberta T4E 1B3

## $299,900

Incl. Home, lot & net GST
ਕੀਮਤ ਘਰ, ਲਾਟ ਅਤੇ ਨੈਟ ਜੀ ਐਸ ਟੀ ਸਮੇਤ ਹੈ

$299,900

SOUTH EAST
2 Storey
3 bedrooms
2 1/2 baths
1290sq.ft
Single Garage
6 Appliances





$318,800

2 storey
Detached home
3 bedrooms
1 1/2 baths
1260 sq.ft
6 Appliances
double Garage

SOUTH WEST
2 Storey
3 bedrooms
2 1/2 baths
1711sq.ft
Bonus Room
Attached Garage



$375,000

ਫਾਇਨਾਂਸਿੰਗ ਦੀ ਸੁਵਿਧਾ ਹੈ
ਡਾਊਨ ਪੇਮੈਂਟ, ਨੋ ਪਰਾਬਲਮ

FINANCING AVAILABLE
No Down Payment, No Problem
Call Rennie @ 780-966-1688
rennie1688@gmail.com

# ਐਡਮਿੰਟਨ 'ਚ 'ਰੰਗੀਨ ਸ਼ਾਮ ਸਿਤਾਰਿਆਂ ਦੇ ਨਾਲ' ਸ਼ੋਅ



ਐਡਮਿੰਟਨ (ਨਦਬ) : ਦਸਮੇਸ਼ ਟੱਰਕ ਸੇਲਜ਼ ਅਤੇ ਏ.ਕੇ.ਗਿੱਲ ਟਰਾਂਸਪੋਰਟ ਵਲੋਂ ਪੰਜਾਬੀ ਸ਼ੋਅ 'ਰੰਗੀਨ ਸ਼ਾਮ ਸਿਤਾਰਿਆਂ ਦੇ ਨਾਲ' ਫੈਸਟੀਵਲ ਪੈਲੇਸ ਸੇਰਵੁੱਡ ਪਾਰਕ ਵਿਖੇ ਕਰਵਾਇਆ ਗਿਆ। ਜਿਸ ਦੀ ਸ਼ੁਰੂਆਤ ਗਾਇਕ ਤੇ ਅਦਾਕਾਰ ਗੁਰਦੇਵ ਦੇਵ ਨੇ ਸੁਲਤਾਨ ਬਾਹੂ ਦੇ ਕਲਾਮ 'ਅਲਫ਼ ਅਲੱਹ ਚੰਬੇ ਦੀ ਬੂਟੀ' ਨਾਲ ਕੀਤੀ। ਉਪਰੰਤ ਗਾਇਕ ਬਲਕਾਰ ਸਿੱਧੂ ਨੇ 'ਤੂੰ ਮੇਰੀ ਖੰਡ ਮਿਸ਼ਰੀ', 'ਦੌਲਤਾਂ ਵੀ ਮਿਲ ਗਈਆਂ', 'ਮਾਝੇ ਦੀਏ ਮੋਮਬੱਤੀਏ' ਸਮੇਤ ਦਰਸ਼ਕਾਂ ਦੀਆਂ ਢੇਰ ਸਾਰੀਆਂ ਫਰਮਾਇਸ਼ਾਂ ਪੂਰੀਆਂ ਕਰਕੇ ਆਪਣੀ ਦਮਦਾਰ ਗਾਇਕੀ ਦਾ ਸਬੂਤ ਦਿੱਤਾ। ਜਿਸ ਨੂੰ ਦਰਸ਼ਕਾਂ ਨੇ ਬੇਹੱਦ ਪਸੰਦ ਕੀਤਾ। ਸ਼ੋਅ ਦੌਰਾਨ ਗਾਇਕ ਤੇ ਅਦਾਕਾਰ ਜੱਸੀ ਜਸਰਾਜ ਗਾਇਕਾ ਤਾਨੀਆਂ ਗਿੱਲ ਤੇ ਰਾਜਦੀਪ ਰਾਣੋ ਨੇ ਵੀ ਆਪਣੀ ਗਾਇਕੀ ਰਾਹੀਂ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ। ਇਸ ਮੌਕੇ ਸਟੇਜ ਦੀ ਭੂਮਿਕਾ ਸੋਨੀ ਢਿੱਲੋਂ ਤੇ ਗਗਨ ਬੁੱਟਰ, ਕੈਲਗਿਰੀ ਨੇ ਨਿਭਾਈ। ਸ਼ੋਅ ਦੇ ਅੰਤ ਵਿਚ ਪ੍ਰਬੰਧਕ ਮਨਜੀਤ ਖੋਸਾ, ਬਲਦੇਵ ਗਿੱਲ ਤੇ ਰਾਜ ਸਿੱਧੂ ਨੇ ਸ਼ੋਅ ਨੂੰ ਸਫ਼ਲ ਬਣਾਉਣ ਲਈ ਸਮੂਹ ਭਾਈਚਾਰੇ ਦਾ ਧੰਨਵਾਦ ਕੀਤਾ। ਇਸ ਮੌਕੇ ਵਿਧਾਇਕ ਨਰੇਸ਼ ਭਾਰਦਵਾਜ ਤੇ ਵਿਧਾਇਕ ਪੀਟਰ ਸੰਧੂ ਨੇ ਗਾਇਕ ਬਲਕਾਰ ਸਿੱਧੂ ਤੇ ਹੋਰਨਾਂ ਕਲਾਕਾਰਾਂ ਨੂੰ ਸਨਮਾਨ ਚਿੰਨ੍ਹ ਵੀ ਭੇਟ ਕੀਤੇ।

On October 21, 2013 VOTE for Chak, Mujahid – your voice for 38 Years




Family
- Supporting initiatives for Smart Growth and effective re-investment in the ward.
- Support funding to libraries, recreation centres, and community centres, to give families more time together in healthy activities.
- Promote and engage Ward 11 to the programs the City offers at a free or discounted rate.

Community
- Extending the Southeast LRT to all of Ward 11.
- Support core services, especially road maintenance, sidewalk replacement & education.
- Look to find new initiatives and technologies that can change the way we approach issues to find better more affordable methods. An example of this would be an advanced rubber road program.

Diversity
- Supporting anti-discrimination policies and developing all public institutions as respectful and inclusive places.
- Developing Seniors Activity Centres as part of healthy living institutions.
- Generating funds for long term care for Seniors.

8211 Argyll Road · 780.994.6895 · chak@chak11.ca

www.chak11.ca

CHAK
WARD 11
Family Community Diversity
8211 Argyll Road · 780.994.6895 · chak@chak11.ca
your neighbor, your choice www.chak11.ca



GLOBAL MARKET DEVELOPMENT CORP.
We build Strategies

Business Plans from $900!

*Business Planning:*
To get bank financing or move your business to the next level get your Business Plan made with us.

*Strategic Planning:*
We provide strategic consulting including competition analysis.

Phone: (780) 707 3796 Email: gmdcorporation@gmail.com Website: www.gmdcorporation.com

# ਕਿਊਬਿਕ ਵਲੋਂ ਘੱਟ ਗਿਣਤੀਆਂ ਨਾਲ ਵਿਤਕਰੇ ਦੀ ਸਖ਼ਤ ਨਿਖੇਧੀ

ਕੈਲਗਰੀ (ਇਕਬਾਲ ਖ਼ਾਨ) : ਅਰਪਨ ਲਿਖਾਰੀ ਸਭਾ ਕੈਲਗਰੀ ਦੀ ਮਾਸਿਕ ਮੀਟਿੰਗ ਕੋਸੋ ਦੇ ਹਾਲ ਵਿੱਚ ਸਤਨਾਮ ਸਿੰਘ ਢਾਅ ਦੀ ਪ੍ਰਧਾਨਗੀ ਹੇਠ ਹੋਈ। ਇਕਬਾਲ ਖ਼ਾਨ ਨੇ ਓ.ਕੇ. ਜਨਰਲ ਫੂਡ ਸਟੋਰ ਦੇ ਮਾਲਕ ਲਾਡੀ ਬੋਪਾਰਏ ਦੇ ਮਾਤਾ ਜੀ, ਦਰਸ਼ਣ ਧਾਲੀਵਾਲ ਦੇ ਮਾਤਾ ਜੀ, ਜੋ ਉੱਘੇ ਬਿਜਨਿਸਮੈਨ ਪਾਲੀ ਵਿਰਕ ਦੇ ਸੱਸ-ਮਾਤਾ ਜੀ ਸਨ ਅਤੇ ਇਕਬਾਲ ਗਿੱਲ ਸਮਾਜ ਸੇਵਕਾ (ਗੁੱਡੀ ਗਿੱਲ) ਸੁਪਤਨੀ ਸੂਬਾ ਸਿੰਘ ਗਿੱਲ ਜੋ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ, ਬਾਰੇ ਸੋਗ ਮਤਾ ਪੇਸ਼ ਕੀਤਾ। ਵਿਛੜੀਆਂ ਰੂਹਾਂ ਨੂੰ ਇੱਕ ਮਿੰਟ ਦਾ ਮੋਨ ਧਾਰ ਕੇ ਸ਼ਰਧਾਜਲੀ ਭੇਟ ਕੀਤੀ ਗਈ। ਬੀਬੀ ਹਰਮਹਿੰਦਰ ਕੌਰ ਢਿੱਲੋਂ ਦੇ ਗੀਤ ਨਾਲ ਪ੍ਰੋਗਰਾਮ ਦੀ ਸ਼ੁਰੂਆਤ ਹੋਈ। ਹਰਨੇਕ ਸਿੰਘ ਬੱਧਨੀ ਨੇ ਸਿਹਤ ਸੰਬਧੀ ਨਿੱਜੀ ਅਨੁਭਵ ਸਾਂਝੇ ਕੀਤੇ। ਕੇਸਰ ਸਿੰਘ ਨੀਰ ਨੇ ਸਰਦਾਰ ਪੰਛੀ ਦੀ ਉਰਦੂ ਗ਼ਜ਼ਲ ਵਿਲੱਖਣ ਅੰਦਾਜ਼ ਵਿੱਚ ਪੇਸ਼ ਕੀਤੀ। ਇੰਡੀਆ ਤੋਂ ਕੈਨੇਡਾ ਦੀ ਫੇਰੀ ਤੇ ਆਏ ਗਾਇਕ ਸਵਰਨ ਸਿੰਘ ਨੇ 'ਕਿਹਿਨੂੰ ਵੇਖ ਕੇ ਸੰਧੂਰੀ ਹੋਈਆਂ ਅੰਬੀਆਂੜ' ਗੀਤ ਸੁਣਾ ਕੇ ਸਰੋਤਿਆਂ ਨੂੰ ਮੰਤਰ-ਮੁਗਧ ਕਰ ਦਿੱਤਾ। ਸੁਰਜੀਤ ਸਿੰਘ ਰੰਧਾਵਾ ਨੇ ਵਿਦਵਾਨਾਂ ਦੇ ਅਨਮੋਲ-ਕਥਨ ਦੱਸਦਿਆਂ ਰੁਬਾਈਆਂ ਅਤੇ ਗ਼ਜ਼ਲਾਂ ਸੁਣਾਈਆਂ। ਡਾ. ਮਨਜੀਤ ਸਿੰਘ ਸੋਹਲ ਨੇ ਡਾਇਬਟੀਜ਼ ਬਾਰੇ ਭਰਪੂਰ ਜਾਣਕਾਰੀ ਦੇ ਕੇ ਸਰੋਤਿਆਂ ਨੂੰ ਚੌਕਸ ਕੀਤਾ। ਕਮਲਜੀਤ ਸ਼ੇਰਗਿੱਲ ਨੇ 'ਸੱਚ' ਨਾਂ ਦੀ ਕਵਿਤਾ ਸੁਣਾਈ।






ਗੁਰਦਿਆਲ ਸਿੰਘ ਖ਼ਹਿਰਾ ਨੇ ਦਿਲ ਦੇ ਦੌਰੇ ਬਾਰੇ ਨਿੱਜੀ ਅਨੁਭਵ ਸਾਂਝਾ ਕੀਤਾ ਅਤੇ ਆਪਣੀ ਲਿਖੀ ਇੱਕ ਕਵਿਤਾ ਵੀ ਸੁਣਾਈ। ਅਜੈਬ ਸਿੰਘ ਸੇਖੋਂ ਨੇ 'ਮਿੱਟੀ' ਨਾਂ ਦੀ ਕਵਿਤਾ ਸੁਣਾ ਕੇ ਹਾਜ਼ਰੀ ਲਗਵਾਈ। ਲਹਿੰਦੇ ਪੰਜਾਬ ਤੋਂ ਉਰਦੂ ਸ਼ਾਇਰ ਅਕਰਮ ਪਾਸ਼ਾ ਨੇ ਵਿਅੰਗ 'ਨਵੀਂ ਹਕੂਮਤ ਦਾ ਨਵਾਂ ਫਰਮਾਨ' ਸੁਣਾ ਕੇ ਨਵਾਂ ਰੰਗ ਭਰਿਆ। ਸੁਰਜੀਤ ਸਿੰਘ ਹੇਅਰ ਨੇ ਕੁਝ ਖ਼ੂਬਸੂਰਤ ਸ਼ੇਅਰ ਤੇ ਇੱਕ ਗ਼ਜ਼ਲ ਨਿਵੇਕਲੇ ਅੰਦਾਜ਼ ਵਿੱਚ ਪੇਸ਼ ਕੀਤੀ। ਬਜ਼ੁਰਗ ਸ਼ਾਇਰ ਗੁਰਨਾਮ ਸਿੰਘ ਗਿੱਲ ਨੇ ਪਾਰਸ ਜੀ ਦੀ ਹਾਸਰਸ ਕਵਿਤਾ ਪੇਸ਼ ਕੀਤੀ। ਪੈਰੀ ਮਾਹਲ ਨੇ ਨੌਰਥ ਅਮਰੀਕਾ ਵਿੱਚ ਗੁਰਦੁਆਰਿਆਂ, ਮੰਦਰਾਂ ਵਿੱਚ ਪੁਜਾਰੀਆਂ ਵੱਲੋਂ ਭੋਲੇ ਭਾਲੇ ਲੋਕਾਂ ਨੂੰ ਭੰਬਲ ਭੂਸਿਆਂ ਵਿੱਚ ਪਾ ਕੇ ਲੁੱਟਣ ਦੀਆਂ ਘਟਨਾਵਾ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਲੋਕਾਂ ਨੂੰ ਸਾਵਧਾਨ ਰਹਿਣ ਲਈ ਬੇਨਤੀ ਕੀਤੀ।

ਮਾਸਟਰ ਬਚਿੱਤਰ ਸਿੰਘ ਗਿੱਲ ਨੇ ਕਰਨੈਲ ਸਿੰਘ ਪਾਰਸ ਦੀ ਪ੍ਰਸਿੱਧ ਰਚਨਾ 'ਸ਼ੀਰੀ ਫ਼ਰਹਾਦ' ਦੀ ਲੋਕਗਾਥਾ ਸੁਣਾ ਕੇ ਕਵੀਸ਼ਰੀ ਦਾ ਰੰਗ ਬੰਨ੍ਹਿਆ ਤਾਂ ਸਰੋਤੇ ਝੂੰਮ ਉਠੇ। ਇਕਬਾਲ ਖ਼ਾਨ ਨੇ 'ਗ਼ਦਰ ਅਖ਼ਬਾਰ ਬਾਰੇ ਗੱਲਬਾਤ ਕੀਤੀ। ਨੀਉਜ਼-ਰੀਪੋਟਰ, ਰਮਨਜੀਤ ਸਿੱਧੂ ਰੇਡੀਓ ਰੈਡ. ਐਫ਼. ਐਮ ਨੇ ਵੀ ਆਪਣੇ ਵਿਚਾਰ ਪੇਸ਼ ਕਰਕੇ ਹਾਜ਼ਰੀ ਲਗਵਾਈ। ਇਹਨਾਂ ਤੋਂ ਇਲਾਵਾ ਮਾ. ਸਰਪਾਲ ਸਿੰਘ ਸੰਘਾ, ਸੁਖਪਾਲਵੀਰ ਸਿੰਘ, ਕੁੰਦਨ ਸਿੰਘ ਸ਼ੇਰਗਿਲ, ਮਹਿੰਦਰ ਕੌਰ ਕਾਲੀਰਾਏ, ਸੁਖਦੇਵ ਕੌਰ ਢਾਅ, ਤਰਲੋਚਨ ਝੂੜਾ, ਕਸ਼ਮੀਰ ਬਦੇਸ਼ਾ, ਮਾ. ਭਜਨ ਗਿੱਲ, ਹਰਬਖ਼ਸ਼ ਸਰੋਆ, ਮੇਜਰ ਸਿੰਘ ਧਾਰੀਵਾਲ, ਬਲਵੰਤ ਸਿੰਘ ਸਰਾਂ, ਮੁਖਿੰਦਰਪਾਲ ਸਿੰਘ ਉਪਲ਼, ਅਮਰਜੀਤ ਸਿੰਘ ਗਿੱਲ, ਸੁਖਰਾਜ ਗਿੱਲ ਅਤੇ ਜਸਵੀਰ ਸਿਹੋਤਾ ਨੇ ਵੀ ਹਾਜ਼ਰੀ ਲੱਗਵਾਈ। ਅਖ਼ੀਰ ਤੇ ਦਿੱਲੀ ਵਿੱਚ ਚਾਰ ਬਲਾਤਕਾਰੀਆਂ ਨੂੰ ਅਦਾਲਤ ਵੱਲੋਂ ਫ਼ਾਂਸੀ ਦੀ ਸਜਾ ਦੇਣ ਦੇ ਫ਼ੈਸਲੇ ਦਾ ਸੁਆਗਤ ਕੀਤਾ ਗਿਆ। ਕੈਨੇਡਾ ਦੇ ਮਲਟੀਕਲਚਰ ਸਭਿਆਚਾਰ ਵਿੱਚ ਕਿਊਬਿਕ ਸੂਬੇ ਵੱਲੋਂ ਧਾਰਮਕ ਪਹਿਰਾਵੇ ਤੇ ਲਾਈ ਜਾ ਰਹੀ ਪਾਬੰਦੀ ਦੀ ਸਖ਼ਤ ਸ਼ਬਦਾਂ ਵਿੱਚ ਨਿਖ਼ੇਧੀ ਦੇ ਪਾਸ ਕੀਤੇ ਮਤੇ ਵਿੱਚ ਮੰਗ ਕੀਤੀ ਗਈ ਕਿ ਇਸ ਨੂੰ ਤੁਰੰਤ ਵਾਪਸ ਲਿਆ ਜਾਵੇ। ਅੰਤ ਤੇ ਸਤਨਾਮ ਸਿੰਘ ਨੇ ਢਾਅ ਨੇ ਆਏ ਹੋਏ ਸਾਰੇ ਸਾਹਿਤ ਪ੍ਰੇਮੀਆਂ ਦਾ ਧੰਨਵਾਦ ਕੀਤਾ।

# ਤਰਕਸ਼ੀਲ ਮੇਲੇ ਦੇ ਨਾਟਕਾਂ ਦੀ ਤਿਆਰੀ ਲਈ ਪ੍ਰਸਿੱਧ ਨਾਟਕਕਾਰ ਹੰਸਾ ਸਿੰਘ ਬਰੈਂਪਟਨ ਪਹੁੰਚੇ



ਬਰੈਂਪਟਨ: (ਬਲਜਿੰਦਰ ਸਿੰਘ ਸੇਖੋਂ) ਉੱਤਰੀ ਅਮਰੀਕਾ ਤਰਕਸ਼ੀਲ ਸੁਸਾਇਟੀ, ਓਨਟਾਰੀਓ ਵਲੋਂ 10 ਨਵੰਬਰ, ਦਿਨ ਐਤਵਾਰ ਨੂੰ, ਦੁਪਿਹਰ ਬਾਅਦ, ਇਥੋਂ ਦੇ ਮਸ਼ਹੂਰ ਰੋਜ਼ ਥੀਏਟਰ ਵਿਚ ਇਕ ਸਮਾਗਮ ਕਰਵਾਇਆ ਜਾ ਰਿਹਾ ਹੈ, ਜਿਸ ਵਿਚ ਖੇਡੇ ਜਾਣ ਵਾਲੇ ਨਾਟਕਾਂ ਦੇ ਨਿਰਦੇਸ਼ਨ ਲਈ ਨਵ ਚਿੰਤਨ ਕਲਾ ਮੰਚ ਬਿਆਸ ਦੇ ਜਾਣੇ ਪਹਿਚਾਣੇ ਨਾਟਕਕਾਰ ਹੰਸਾ ਸਿੰਘ ਬਰੈਂਪਟਨ ਪਹੁੰਚ ਚੁੱਕੇ ਹਨ। ਟੋਰਾਂਟੋ ਪਹੁੰਚਣ 'ਤੇ ਉਨ੍ਹਾਂ ਦਾ ਸੁਸਾਇੱਟੀ ਦੇ ਮੈਂਬਰਾਂ ਵਲੋਂ ਭਰਪੂਰ ਸੁਆਗਤ ਕੀਤਾ ਗਿਆ। ਵੱਡੀ ਗਿਣਤੀ ਵਿਚ ਨਾਟਕਾਂ ਦਾ ਨਿਰਦੇਸ਼ਨ ਕਰ ਚੁੱਕੇ ਹੰਸਾ ਸਿੰਘ ਬੀਤੇ 50 ਸਾਲ ਤੋਂ ਪੰਜਾਬ ਦੇ ਰੰਗਮੰਚ ਵਿਚ ਸਰਗਰਮ ਹਨ। ਨਾਟਕਾਂ ਦੀਆਂ ਸੱਤ ਕਿਤਾਬਾਂ ਲਿਖਣ ਦੇ ਨਾਲ ਨਾਲ ਉਨ੍ਹਾਂ ਚਾਰ ਫਿਲਮਾਂ ਵਿਚ ਵੀ ਕੰਮ ਕੀਤਾ ਹੈ। ਭਾਰਤ ਦੇ ਕੌਮੀ ਸ਼ਹੀਦਾਂ ਨੂੰ ਸਮਰਪਤ 10 ਨਵੰਬਰ ਨੂੰ ਹੋ ਰਿਹਾ ਇਹ ਪ੍ਰੋਗਰਾਮ ਸੁਸਾਇਟੀ ਵਲੋਂ ਪੰਜਾਬੀ ਭਾਈਚਾਰੇ ਵਿੱਚ ਤਰਕਸ਼ੀਲ ਵਿਚਾਰਾਂ ਨੂੰ ਲਿਜਾਣ ਤੇ ਲੋਕਾਂ ਨੂੰ ਤਰਕਹੀਣ ਭਰਮ ਭੁਲੇਖਿਆਂ ਵਿਚੋਂ ਕੱਢ ਕੇ ਅਗਾਂਹ ਵਧੂ ਵਿਚਾਰਾਂ ਨਾਲ ਜੋੜਨ ਦੇ ਇਕ ਉਪਰਾਲੇ ਵਜੋਂ ਕੀਤਾ ਜਾਵੇਗਾ। ਸੁਸਾਇਟੀ ਦੇ ਮੈਂਬਰਾਂ ਦਾ ਮੰਨਣਾ ਹੈ ਕਿ ਅਜੋਕੇ ਦੌਰ ਵਿਚ ਵਿਗਿਆਨਕ ਸੋਚ ਹੀ ਲੋਕਾਂ ਨੂੰ ਉਨ੍ਹਾਂ ਦੀਆਂ ਮੁਸ਼ਕਲਾਂ ਵਿਚੋਂ ਕੱਢ ਸਕਦੀ ਹੈ ਅਤੇ ਚੰਗੇਰੀ ਜਿੰਦਗੀ ਜਿਉਣ ਵਿਚ ਸਹਾਈ ਹੋ ਸਕਦੀ ਹੈ। ਤਰਕਸ਼ੀਲ ਸੁਸਾਇਟੀ ਬਾਰੇ ਜਾਂ ਇਸ ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਲਈ ਬਲਦੇਵ ਸਿੰਘ ਰਹਿਪਾ ਨਾਲ 416 881 7202 ਜਾਂ ਨਛੱਤਰ ਸਿੰਘ ਵਿਦੇਸ਼ਾ ਨਾਲ 647 267 3397 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਪੰਜਾਬੀ ਬੋਲੀ ਦਾ ਵਿਕਾਸ ਅਤੇ ਦਰਪੇਸ਼ ਮੁਸ਼ਕਲਾਂ ਵਿਸ਼ੇ 'ਤੇ ਗੋਸ਼ਟੀ

ਕੈਲਗਰੀ (ਬਲਜਿੰਦਰ ਸੰਘਾ) ਪੰਜਾਬੀ ਲਿਖ਼ਾਰੀ ਸਭਾ ਕੈਲਗਰੀ ਵੱਲੋਂ ਆਪਣੇ ਪੰਦਰਵੇ ਜਨਮ ਦਿਨ ਮੌਕੇ ਹੋਈ ਸਾਹਿਤਕ ਗੋਸ਼ਟੀ ਵਿਚ ਕਈ ਨਵੇਂ ਪ੍ਰੋਗਾਰਮ ਉਲੀਕੇ ਗਏ ਤਾਂ ਜੋ ਭਵਿੱਖ ਵਿਚ ਪੰਜਾਬੀ ਬੋਲੀ ਦੇ ਉਪਰਲੇ ਲਈ ਸਿਰਫ ਗੱਲਾਂ ਤੱਕ ਹੀ ਸੀਮਿਤ ਨਾ ਰਿਹਾ ਜਾਵੇ। ਜਨਰਲ ਸਕੱਤਰ ਬਲਜਿੰਦਰ ਸੰਘਾ ਨੇ ਪ੍ਰੋਗਾਰਮ ਦੀ ਸ਼ੁਰੂਆਤ ਕਰਦਿਆਂ ਸਭਾ ਦੇ ਪ੍ਰਧਾਨ ਮਹਿੰਦਰਪਾਲ ਸਿੰਘ ਪਾਲ, ਇੰਡੀਆ ਤੋਂ ਆਏ ਹੋਏ ਸਾਹਿਤਕਾਰ ਕਰਨਲ ਪ੍ਰਤਾਪ ਸਿੰਘ ਅਤੇ ਸਭਾ ਦੇ ਮੋਢੀਆਂ ਵਿਚੋਂ ਹਰਪ੍ਰਕਾਸ਼ ਜਨਾਗਲ ਨੂੰ ਪ੍ਰਧਾਨਗੀ ਮੰਡਲ ਵਿਚ ਬੈਠਣ ਦਾ ਸੱਦਾ ਦਿੱਤਾ। ਉਪਰੰਤ ਉਨ੍ਹਾਂ ਦਸਿਆ ਕਿ ਜਿਵੇਂ-ਜਿਵੇਂ ਅੱਜ ਤੋਂ ਇਕ ਨਵੀ ਪਿਰਤ ਸ਼ੁਰੂ ਕੀਤੀ ਗਈ ਜਿਸ ਵਿਚ ਸਭਾ ਦੇ ਲੇਖਕ ਸਮਾਜ ਦੇ ਵੱਖ-ਵੱਖ ਪਹਿਲੂਆਂ ਬਾਰੇ ਆਪਣੇ ਪਰਚੇ ਲਿਖਣਗੇ ਅਤੇ ਹਰੇਕ ਲੇਖਕ ਨੂੰ ਇਸ ਲਈ ਤਿੰਨ ਮਹੀਨੇ ਤੱਕ ਦਾ ਸਮਾਂ ਦਿੱਤਾ ਜਾਵੇਗਾ ਅਤੇ ਸਭਾ ਦੀ ਹਰੇਕ ਚੌਥੀ ਮੀਟਿੰਗ ਵਿਚ ਇਸ ਪਰਚੇ ਤੇ ਪੂਰੀ ਬਹਿਸ ਹੋਵੇਗੀ। ਇਸ ਮੀਟਿੰਗ ਵਿਚ ਪਰਚਾ ਸਭਾ ਦੇ ਮੀਤ ਪ੍ਰਧਾਨ ਹਰੀਪਾਲ ਵੱਲੋਂ ਪੜ੍ਹਿਆ ਗਿਆ ਜਿਸ ਦਾ ਵਿਸ਼ਾ ਸੀ 'ਪੰਜਾਬੀ ਬੋਲੀ ਦਾ ਵਿਕਾਸ ਅਤੇ ਦਰਪੇਸ਼ ਮੁਸ਼ਕਲਾਂ। ਇਸ ਪਰਚੇ ਤੇ ਭਰਵੀ ਬਹਿਸ ਅਤੇ ਸੁਝਾਆ ਪੇਸ਼ ਹੋਏ। ਜਿਸ ਵਿਚ ਮੁੱਖ ਰੂਪ ਵਿਚ ਗੁਰਬਚਨ ਬਰਾੜ, ਕਰਨਲ ਪ੍ਰਤਾਪ ਸਿੰਘ, ਤਰਲੋਚਨ ਸੈਂਭੀ, ਮਹਿੰਦਰਪਾਲ ਸਿੰਘ ਪਾਲ ਅਤੇ ਬਲਜਿੰਦਰ ਸੰਘਾ ਨੇ ਭਾਗ ਲਿਆ। ਹਰੀਪਾਲ ਨੇਂ ਇਸ ਨਵੀ ਪਿਰਤ ਦੀ ਪ੍ਰਸੰਸਾ ਕੀਤੀ। ਕੁੰਦਨ ਸਿੰਘ ਸੇ ਨੇ ਦੋ ਘੰਟੇ ਦੀ ਬਾਹਿਸ ਨੂੰ ਧਿਆਨ ਨਾਲ ਸੁਨਣ ਤੋਂ ਬਾਅਦ ਮੀਟਿੰਗ ਨੂੰ ਪੀ. ਐਚ. ਡੀ. ਦੀ ਕਲਾਸ ਵਾਂਗ ਦੱਸਿਆ ਤੇ ਪ੍ਰਸੰਸਾ ਕੀਤੀ। ਰਚਨਾਵਾਂ ਦੇ ਦੌਰ ਦੀ ਸ਼ੁਰੂਆਤ ਤਰਲੋਚਨ ਸੈਂਭੀ ਨੇ ਚਰਨਜੀਤ ਢੰਡਾ ਦੇ ਲਿਖੇ ਗੀਤ 'ਤਰਸ ਕਰੋ ਮਾਂ ਬੋਲੀ ਤੇ, ਇਸਦੀ ਸ਼ਕਲ ਵਿਗਾੜੋ ਨਾ ਨਾਲ ਆਪਣੀ ਬੁਲੰਦ ਅਵਾਜ਼ ਵਿਚ ਕੀਤੀ। ਕਮਲਜੀਤ ਕੌਰ ਸ਼ੇਰਗਿੱਲ ਨੇ 'ਮੈਂ ਪੰਜਾਬੀ ਬੋਲੀ ਕਵਿਤਾ, ਹਰਮਿੰਦਰ ਕੌਰ ਢਿੱਲੋਂ ਨੇ ਖੁਬਸੂਰਤ ਗੀਤ, ਜੋਗਿੰਦਰ ਸਿੰਘ ਸੰਘਾ ਨੇ ਗਜ਼ਲ 'ਪਿਆਰ ਸੁਣਾਈ। ਸਰੂਪ ਸਿੰਘ ਮੰਡੇਰ ਨੇ ਇਨਸਾਨੀਅਤ ਦੀ ਗੱਲ ਕਰਦਾ ਗੀਤ ਆਪਣੇ ਕਵਸ਼ੀਰੀ ਰੰਗ ਵਿਚ ਸੁਣਾਇਆ। ਜਸਵੰਤ ਸਿੰਘ ਸੇਖੋਂ ਨੇ ਸ਼ਹੀਦ ਊਧਮ ਸਿੰਘ ਬਾਰੇ ਆਪਣੀ ਲਿਖੀ ਵਾਰ ਗਾ ਕੇ ਭਰਪੂਰ ਹਾਜ਼ਰੀ ਲਵਾਈ। ਕਰਨਲ ਪ੍ਰਤਾਪ ਸਿੰਘ ਨੇ ਕਵਿਤਾ 'ਮਾਂ ਬੋਲੀ ਨੂੰ ਪਿਆਰ ਕਰੋ ਅਤੇ ਬਲਵੀਰ ਗੋਰੇ ਨੇ ਬੁਲੰਦ ਅਵਾਜ਼ ਵਿਚ ਆਪਣਾ ਲਿਖਿਆ ਖੁਬਸੂਰਤ ਗੀਤ ਪੇਸ਼ ਕੀਤਾ। ਗੁਰਚਰਨ ਸਿੰਘ ਹੇਅਰ ਨੇ ਆਪਣਾ ਗੀਤ ਅਤੇ ਸਵਰਨ ਸਿੰਘ ਨੇ ਅੰਮ੍ਰਿਤਾ ਪ੍ਰੀਤਮ ਦੀ ਰਚਨਾ ਤਰੰਨੁਮ ਵਿਚ ਸੁਣਾ ਕੇ ਮਧੁਰ ਸੰਗੀਤ ਛੇੜ ਦਿੱਤਾ। ਬੀਜਾ ਰਾਮ ਨੇ ਪੰਜਾਬੀ ਪਿਆਰ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ ਗਏ। ਇਹਨਾਂ ਤੋਂ ਇਲਾਵਾ ਮੰਗਲ ਚੱਠਾ, ਰਣਜੀਤ ਲਾਡੀ, ਦਵਿੰਦਰ ਮਲਹਾਂਸ, ਸੁਖਵਿੰਦਰ ਸਿੰਘ ਆਦਿ ਹਾਜ਼ਰ ਸਨ। ਵੀਡੀਓ ਅਤੇ ਫੋਟੋਗ੍ਰਾਫੀ ਦੀ ਜ਼ਿੰਮੇਵਾਰੀ ਕਾਰਜਕਾਰੀ ਮੈਂਬਰ ਰਣਜੀਤ ਲਾਡੀ (ਗੋਬਿੰਦਪੁਰੀ) ਵੱਲੋਂ ਬਾਖੂਬੀ ਨਿਭਾਈ ਗਈ। ਚਾਹ ਅਤੇ ਸਨੈਕਸ ਦਾ ਵਿਸ਼ੇਸ਼ ਪ੍ਰਬੰਧ ਮੰਗਲ ਚੱਠਾ ਦੇ ਪਰਿਵਾਰ ਵੱਲੋਂ ਬੱਚੀ ਗੁਰਵੀਨ ਦੇ ਜਨਮ ਦਿਨ ਦੀ ਖੁਸ਼ੀ ਵਿਚ ਕੀਤਾ ਗਿਆ। ਅਖੀਰ ਤੇ ਸਾਹਿਤ ਸਭਾ ਦੇ ਪ੍ਰਧਾਨ ਜਸਵੀਰ ਸਿਹੋਤਾ ਨੇ ਸਭ ਦਾ ਧੰਨਵਾਦ ਕੀਤਾ।






# ਰਾਈਟਰਜ਼ ਫੋਰਮ ਕੈਲਗਰੀ ਵਲੋਂ ਮਾਸਿਕ ਇਕੱਤਰਤਾ

ਕੈਲਗਰੀ (ਜੱਸ ਚਾਹਲ) : ਰਾਈਟਰਜ਼ ਫੋਰਮ, ਕੈਲਗਰੀ ਦੀ ਮਾਸਿਕ ਇਕੱਤਰਤਾ ਕਾਊਂਸਲ ਆਫ਼ ਸਿੱਖ ਆਰਗੇਨਾਈਜ਼ੇਸ਼ਨਜ਼ ਦੇ ਹਾਲ ਵਿਚ ਹੋਈ। ਫ਼ੋਰਮ ਦੇ ਜਨਰਲ ਸਕੱਤਰ ਜੱਸ ਚਾਹਲ ਨੇ ਸਭ ਨੂੰ ਜੀ ਆਇਆਂ ਆਖਦੇ ਹੋਏ ਸ਼ਮਸ਼ੇਰ ਸਿੰਘ ਸੰਧੂ ਅਤੇ ਸੁਰਜੀਤ ਸਿੰਘ ਸੀਤਲ 'ਪੰਨੂੰ' ਨੂੰ ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਹੋਣ ਦੀ ਬੇਨਤੀ ਕੀਤੀ ਅਤੇ ਪਿਛਲੀ ਇਕੱਤਰਤਾ ਦੀ ਰਿਪੋਰਟ ਪੜ੍ਹਕੇ ਸੁਣਾਈ। ਸਟੇਜ ਸਕੱਤਰ ਦੀ ਜ਼ੁੰਮੇਵਾਰੀ ਨਿਭਾਉਂਦਿਆਂ ਜੱਸ ਚਾਹਲ ਨੇ ਮੋਹਸਿਨ ਇਕਬਾਲ ਕਾਜ਼ਮੀ ਨੂੰ ਆਪਣੀ ਉਰਦੂ ਸ਼ਾਇਰੀ ਨਾਲ ਸਾਹਿਤਕ ਦੌਰ ਸ਼ੁਰੂ ਕਰਨ ਲਈ ਸੱਦਾ ਦਿੱਤਾ ਜਿਨ੍ਹਾਂ ਤਿੰਨ ਗ਼ਜ਼ਲਾਂ ਸੁਣਾਕੇ ਤਾਲੀਆਂ ਲੁੱਟ ਲਈਆਂ। ਸ਼ਮਸ਼ੇਰ ਸਿੰਘ ਸੰਧੂ ਨੇ ਆਪਣੀਆਂ ਦੋ ਗ਼ਜ਼ਲਾਂ ਸੁਣਾ ਕੇ ਹਾਜ਼ਰੀ ਲਵਾਈ ਤੇ ਹਾਲ ਤਾੜੀਆਂ ਨਾਲ ਗੂੰਜ ਉਠਿਆ। ਹਰਨੇਕ ਸਿੰਘ ਬੱਧਨੀ, ਜਸਵੀਰ ਸਿੰਘ ਸਿਹੋਤਾ ਨੇ ਵੀ ਆਪਣੀ-ਆਪਣੀ ਪੜ੍ਹਕੇ ਹਾਜ਼ਰੀ ਲਗਵਾਈ। ਸੇਵਾ ਸਿੰਘ ਪ੍ਰੇਮੀ ਨੇ ਆਪਣੀ ਸਵੈ-ਜੀਵਨੀ 'ਮਾਈ ਜਰਨੀ ਔਫ਼ ਲਾਈਫ਼' ਬਾਰੇ ਜਾਣਕਾਰੀ ਸਾਂਝੀ ਕਰਦਿਆਂ ਦਸਿਆ ਕਿ ਇਸ ਕਿਤਾਬ ਦੀ ਉਨ੍ਹਾਂ ਕੋਈ ਕੀਮਤ ਨਹੀਂ ਰੱਖੀ ਹੈ। ਸਵਰਨ ਸਿੰਘ ਸੰਧੂ ਹੋਰਾਂ 'ਹੀਰ' ਗਾਕੇ ਸਮਾਂ ਬੰਨ੍ਹ ਦਿੱਤਾ। ਜਗਦੀਸ਼ ਸਿੰਘ ਚੋਹਕਾ ਨੇ ਆਪਣੀ ਕਵਿਤਾ 'ਤੇਰੀ ਮੇਰੀ ਰਾਜਨੀਤੀ' ਨਾਲ ਖ਼ੁਸ਼ ਕਰ ਦਿੱਤਾ। ਰਫ਼ੀ ਅਹਿਮਦ ਨੇ ਆਪਣਾ ਉਰਦੂ ਲੇਖ ਪੜ੍ਹਕੇ ਤਾਲੀਆਂ ਲੈ ਲਈਆਂ। ਸੁਰਜੀਤ ਸਿੰਘ ਸੀਤਲ 'ਪੰਨੂੰ' ਨੇ ਅਪਣੀ ਇਕ ਉਰਦੂ ਗ਼ਜ਼ਲ ਅਤੇ ਕੁਝ ਪੰਜਾਬੀ ਰੁਬਾਈਆਂ ਸੁਣਾਕੇ ਖ਼ੁਸ਼ ਕਰ ਦਿੱਤਾ। ਜਗਜੀਤ ਸਿੰਘ ਰਾਹਸੀ ਨੇ ਉਰਦੂ ਦੇ ਕੁਝ ਸ਼ੇਅਰ ਅਤੇ ਇਕ ਹਿੰਦੀ ਫਿਲਮੀ ਗਾਣਾ ਤਰੱਨੁਮ ਵਿੱਚ ਪੇਸ਼ ਕੀਤਾ।



ਪੰਜਾਬੀ ਲੇਖਕ ਮੰਚ ਵੈਨਕੂਵਰ ਦੇ 40ਵੇਂ ਸਥਾਪਨਾ ਦਿਵਸ ਨੂੰ ਸਮਰਪਤ

# ਬਹੁ-ਭਾਸ਼ਾਈ ਲੇਖਕ ਸੈਮੀਨਾਰ ਤੇ ਕਵੀ ਦਰਬਾਰ

ਸਰੀ (ਨਦਬ) : ਪੰਜਾਬੀ ਲੇਖਕ ਮੰਚ ਵੈਨਕੂਵਰ ਦੇ ਚਾਲੀਵੇਂ ਸਥਾਪਨਾ ਦਿਵਸ ਦੇ ਜਸ਼ਨਾਂ ਨੂੰ ਸਮਰਪਤ, ਪੰਜਾਬੀ ਲੇਖਕ ਮੰਚ ਵੈਨਕੂਵਰ ਵੱਲੋਂ ਨਿਊਟਨ ਕਮਿਊਨਿਟੀ ਸੈਂਟਰ ਸਰੀ ਵਿਚ ਬਹੁਭਾਸ਼ਾਈ ਸੈਮੀਨਾਰ ਅਤੇ ਕਵੀ ਦਰਬਾਰ ਕਰਵਾਇਆ ਗਿਆ। ਪਹਿਲੇ ਸੈਸ਼ਨ ਵਿਚ ਕੁਆਰਡੀਨੇਟਰ ਜਰਨੈਲ ਸਿੰਘ ਆਰਟਿਸਟ ਨੇ ਮਹਿਮਾਨਾਂ ਨੂੰ ਜੀ ਆਇਆਂ ਕਿਹਾ। ਨਦੀਮ ਪਰਮਾਰ ਨੇ ਸਟੇਜ ਸੰਚਾਲਨਾ ਕੀਤੀ। ਮਨੋਲਿਸ ਅਲੀਜੀਜ਼ਾਕਿਸ, ਯੂਨਾਨੀ ਪਿਛੋਕੜ ਦੇ ਲੇਖਕ ਨੇ ਕਵਿਤਾਵਾਂ ਸੁਣਾਈਆਂ। ਅਜਮੇਰ ਰੋਡੇ ਨੇ ਵੀਹਵੀਂ ਸਦੀ ਦੇ ਪਿਛਲੇ ਅੱਧ ਦੇ ਪੰਜਾਬੀ ਲੇਖਕਾਂ ਬਾਰੇ ਚਰਚਾ ਕੀਤੀ। ਕੀਨੀਆ ਦੇ ਬਿੱਲ ਸ਼ੁਮਬਰੁੱਕਰ ਨੇ ਅੰਗਰੇਜ਼ੀ ਵਿਚ ਲਿਖੇ ਜਾ ਰਹੇ ਆਧੁਨਿਕ ਨਾਵਲ ਬਾਰੇ ਗੱਲ ਕੀਤੀ। ਅਚਾਰੀਆ ਸ਼੍ਰੀ ਨਾਥ ਦਿਵੇਦੀ ਨੇ ਹਿੰਦੀ ਦੇ ਕਲਾਸਿਕ ਤੇ ਆਧੁਨਿਕ ਸਾਹਿਤ ਬਾਰੇ ਜਾਣਕਾਰੀ ਦਿੱਤੀ। ਮੁਹੰਮਦ ਰਫੀਕ ਨੇ ਉਰਦੂ ਸਾਹਿਤ ਦੀਆਂ ਰਵਾਇਤਾਂ ਤੇ ਰੁਝਾਨਾਂ ਬਾਰੇ ਗੱਲ ਕੀਤੀ। ਦੂਜੇ ਸੈਸ਼ਨ ਵਿਚ ਕਵੀ ਦਰਬਾਰ ਦਾ ਸੰਚਾਲਨ ਅਮਰੀਕ ਪਲਾਹੀ ਨੇ ਕੀਤਾ। ਬਰਜਿੰਦਰ ਢਾਹਾਂ ਨੇ ਦੱਸਿਆ ਕਿ ਸੰਸਥਾ ਪੰਜਾਬੀ ਸਾਹਿਤ ਦੀ ਪ੍ਰਫੁੱਲਤਾ ਲਈ ਅੰਤਰਰਾਸ਼ਟਰੀ ਪੁਰਸਕਾਰ ਸਥਾਪਤ ਕਰਨ ਜਾ ਰਹੀ ਹੈ, ਜਿਸ ਦੀ ਰਾਸ਼ੀ 25000 ਡਾਲਰ ਹੋਵੇਗੀ ਅਤੇ ਇਹ ਪੁਰਸਕਾਰ ਵਿਸ਼ਵ ਪੱਧਰ 'ਤੇ ਪੰਜਾਬੀ ਨੂੰ ਪਰਮੋਟ ਕਰਨ ਵਾਲੇ ਲੇਖਕ ਨੂੰ ਦਿੱਤਾ ਜਾਇਆ ਕਰੇਗਾ। ਪਿਛਲੇ ਸਮਾਗਮ ਵਿਚ, ਜਿਨ੍ਹਾਂ ਬੱਚਿਆਂ ਨੇ ਕਵਿਤਾਵਾਂ ਪੜ੍ਹੀਆਂ ਸਨ ਅਤੇ ਹੋਰ ਸ਼ਖ਼ਸੀਅਤਾਂ ਨੂੰ ਸਨਮਾਨਤ ਕੀਤਾ ਗਿਆ।



# 'ਪਾਖੰਡੀ ਬਾਬਿਆਂ ਦਾ ਸਮਾਜ 'ਤੇ ਬੁਰਾ ਪ੍ਰਭਾਵ' ਵਿਸ਼ੇ 'ਤੇ ਸੈਮੀਨਾਰ

ਕੈਲਗਰੀ (ਮਾ: ਭਜਨ ਗਿੱਲ) ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ ਕੋਸੋ ਹਾਲ ਵਿਖੇ ਸੰਤ-ਬਾਬਿਆਂ, ਡੇਰਾਵਾਦੀਆਂ ਦੇ ਦਿਨੋ ਦਿਨ ਵੱਧ ਰਹੇ ਕਾਲੇ ਕਾਰਨਾਮਿਆਂ ਖਿਲਾਫ ਇੱਕ ਸੈਮੀਨਾਰ ਕੀਤਾ ਗਿਆ। ਵਿਚਾਰ ਵਟਾਂਦਰੇ ਚ ਬੁਲਾਰਿਆਂ ਨੇ ਚਿਤਾਵਨੀ ਦਿੱਤੀ ਕਿ ਇਸ ਰੁਝਾਨ ਨੂੰ ਜੇ ਨੱਥ ਨਾ ਪਾਈ ਗਈ ਤਾਂ ਸਮਾਜ ਤੇਜ਼ੀ ਨਾਲ ਬਰਬਾਦੀ ਵੱਲ ਵਧੇਗਾ। ਪ੍ਰਧਾਨ ਸੋਹਨ ਮਾਨ ਨੇ ਕਿਹਾ ਕਿ ਸੱਭ ਸਿਆਸੀ ਪਾਰਟੀਆਂ ਵੋਟਾਂ ਲਈ ਇਹਨਾਂ ਪਾਖੰਡੀ ਬਾਬਿਆਂ ਅੱਗੇ ਮੱਥੇ ਰਗੜਦੀਆਂ ਨੇ ਤੇ ਸਿਆਸੀ ਸ੍ਰਪਰਸਤੀ ਕਾਰਨ ਹੀ ਡੇਰੇ ਵੱਧ ਫੁੱਲ ਰਹੇ ਹਨ। ਸਿੱਖ ਵਿਰਸੇ ਦੇ ਸੰਪਾਦਕ ਹਰਚਰਨ ਪਰਹਾਰ ਨੇ ਕਿਹਾ ਕਿ ਡੇਰੇ ਸਾਜ਼ਿਸ਼ ਅਧੀਨ ਵੱਧ ਫੁੱਲ ਰਹੇ ਹਨ। ਰੇਡੀਓ ਰੈਡ:ਐਫ:ਐਮ: ਕੈਲਗਰੀ ਦੇ ਰਿਸ਼ੀ ਨਾਗਰ ਨੇ ਬੜੇ ਹੀ ਭਾਵਪੂਰਤ ਅੰਦਾਜ ਵਿੱਚ ਨੂਰਮਹਿਲੀਏ ਆਸ਼ੂਤੋਸ਼ ਦੇ ਚੇਲਿਆਂ ਵਲੋਂ ਆਪਣੇ ਤੇ ਹਮਲੇ ਦੀ ਦਾਸਤਾਨ ਸਾਂਝੀ ਕੀਤੀ। ਕਮਲਪ੍ਰੀਤ ਕੌਰ ਪੰਧੇਰ ਨੇ ਕਿਹਾ ਧਰਮ ਵਿੱਚ ਵਿਸ਼ਵਾਸ਼ ਅਤੇ ਸ਼ਰਧਾ ਸਿਖਾਈ ਜਾਂਦੀ ਹੈ ਜੋ ਅੰਧ ਵਿਸ਼ਵਾਸ਼ ਚ ਬਦਲ ਜਾਂਦੀ ਹੈ। ਸਪਾਈਸ ਰੇਡੀਓ ਦੇ ਸ੍ਰੀ ਸੁਰਜੀਤ ਡੋਡ ਨੇ ਕਿਹਾ ਕਿ ਸਾਨੂੰ ਜੋ ਵੀ ਪ੍ਰਾਪਤ ਹੋਣਾ ਹੈ ਉਹ ਕਿਰਤ ਨਾਲ ਹੋਣਾ ਹੈ; ਬਾਬਿਆਂ/ਡੇਰਿਆਂ ਤੋਂ ਕੁੱਝ ਵੀ ਹਾਸਲ ਨਹੀਂ ਹੋ ਸਕਦਾ। ਪੰਜਾਬ ਤੋਂ ਪੁੱਜੇ ਪੰਜਾਬ ਸਕੂਲ ਟੀਚਰ ਯੂਨੀਅਨ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਰਾਣਾ ਨੇ ਕਿਹਾ ਕਿ ਬਾਬਿਆਂ ਦਾ ਪ੍ਰਭਾਵ ਇਥੋਂ ਤੱਕ ਵੱਧ ਗਿਆ ਹੈ ਕਿ ਉਹ ਸਿਆਸੀ ਪਾਰਟੀਆਂ 'ਤੇ ਦਬਾਅ ਸਮੂਹ ਵਜੋਂ ਕੰਮ ਕਰ ਰਹੇ ਹਨ। ਟਰੇਡ ਯੂਨੀਅਨ ਆਗੂ ਰਣਧੀਰ ਸਿੰਘ ਗਿੱਲ ਨੇ ਕਿਹਾ ਕਿ ਤੁਸੀਂ ਵਿਦੇਸ਼ਾਂ ਦੀ ਧਰਤੀ 'ਤੇ ਆ ਕੇ ਵੀ ਲੋਕਾਂ ਨੂੰ ਸੁਚੇਤ ਕਰ ਰਹੇ ਹੋ, ਇਹ ਬਹੁਤ ਚੰਗੀ ਗੱਲ ਹੈ। ਮਨਜੀਤ ਸਿੰਘ ਪਿਆਸਾ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹਰ ਗੱਲ ਤਰਕ ਨਾਲ ਕੀਤੀ। ਜਿਹੜੇ ਲੋਕ ਸੰਤ ਦੀ ਉਪਾਧੀ ਲਾਈ ਫਿਰਦੇ ਹਨ ਉਹ ਪਾਖੰਡੀ ਹਨ। ਮੰਚ ਸੰਚਾਲਕ ਮਾਸਟਰ ਭਜਨ ਗਿੱਲ ਨੇ ਕਿਹਾ ਕਿ ਤਰਕਸ਼ੀਲ ਸੁਸਾਇਟੀ ਪੰਜਾਬ ਅਤੇ ਹੋਰ ਅਜਿਹੀਆਂ ਬਹੁਤ ਸਾਰੀਆਂ ਜਥੇਬੰਦੀਆਂ ਪੂਰੀ ਤਨਦੇਹੀ ਨਾਲ ਲੋਕਾਂ ਨੂੰ ਸੰਤ-ਬਾਬਿਆਂ ਦੇ ਚੁੰਗਲ ਚੋ ਬਚਾਉਣ ਲਈ ਯਤਨਸ਼ੀਲ ਹਨ। ਲੋਕਾਂ ਨੂੰ ਆਪਣੀ ਸੋਚ ਤਰਕਸ਼ੀਲ ਬਣਾਉਣ ਲਈ ਤਰਕਸ਼ੀਲ ਸਾਹਿਤ ਪੜ੍ਹਨਾ ਬਹੁਤ ਜਰੂਰੀ ਹੈ। ਬਲਜਿੰਦਰ ਸਿੰਘ ਸੰਘਾ ਨੇ ਮਿੰਨੀ ਕਹਾਣੀ 'ਸਫਰ' ਸੁਣਾਈ। ਵਿੰਨੀਪਿਗ ਤੋਂ ਪੁੱਜੇ ਲੇਖਕ ਰਾਣਾ ਚਾਨਾ ਨੇ ਆਪਣੀ ਕਿਤਾਬ 'ਸਦੀਵੀ ਪਰੀਤਾਂ' ਬਾਰੇ ਜਾਣਕਾਰੀ ਦਿੱਤੀ ਅਤੇ ਗਜ਼ਲ ਸੁਣਾਈ। ਗੋਰਾ ਰਕਬਾ, ਕਮਲਜੀਤ ਕੌਰ ਸ਼ੇਰਗਿੱਲ, ਮਹਿੰਦਰਪਾਲ, ਮਾ: ਬਚਿਤਰ ਗਿੱਲ, ਕਰਨਲ ਪ੍ਰਤਾਪ ਸਿੰਘ, ਜਸਵੰਤ ਸਿੰਘ ਸੇਖੋਂ, ਸਵਰਨ ਸਿੰਘ ਨੇ ਬਾਬਿਆਂ ਦੇ ਪਾਖੰਡ ਦੇ ਪਰਦਾ-ਫਾਸ਼ ਕਰਦੀਆਂ ਕਵਿਤਾਵਾਂ, ਗਜ਼ਲਾਂ ਅਤੇ ਕਵੀਸ਼ਰੀ ਸੁਣਾਈ। ਪੰਜਾਬੀ ਲਿਖਾਰੀ ਸਭਾ ਦੇ ਪ੍ਰਧਾਨ ਮਹਿੰਦਰ ਐਸ. ਪਾਲ ਨੇ 20 ਅਕਤੂਬਰ ਨੂੰ ਮਰਹੂਮ ਇਨਕਲਾਬੀ ਕਵੀ ਅਵਤਾਰ ਪਾਸ਼ ਦੀ ਕਿਤਾਬ 2 ਵਜੇ ਕੋਸੋ ਹਾਲ ਵਿਖੇ ਰਲੀਜ਼ ਕਰਨ ਦੀ ਜਾਣਕਾਰੀ ਦਿੱਤੀ। ਅਰਪਨ ਲਿਖਾਰੀ ਸਭਾ ਦੇ ਮਾਸਟਰ ਬਚਿਤਰ ਗਿੱਲ ਨੇ 2 ਨਵੰਬਰ ਨੂੰ ਟੈਪਲ ਕਮਿਉਨਟੀ ਸੈਟਰ ਗ਼ਦਰ ਅਖਬਾਰ ਨੂੰ ਸਮਰਪਤ ਪ੍ਰੋਗਰਾਮ ਬਾਰੇ ਜਾਣਕਾਰੀ ਦਿੱਤੀ। ਕੈਲਗਰੀ ਤੋਂ ਬਾਹਰੋਂ ਆਏ ਸੱਜਣਾਂ ਨੂੰ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਦੀ ਨਾਟਕ ਟੀਮ ਦੇ ਕਲਾਕਾਰਾਂ ਵਲੋਂ ਗ਼ਦਰ ਸ਼ਤਾਬਦੀ ਨਾਟਕ ਦੀ ਸੀ.ਡੀ., ਇਤਿਹਾਸਕ ਕਲੰਡਰ ਅਤੇ ਗ਼ਦਰ ਸ਼ਤਾਬਦੀ ਬਾਰੇ ਦਸਤਾਵੇਜੀ ਫਿਲਮ ਦੀਆਂ ਸੀ ਡੀਜ਼ ਦੇ ਕੇ ਸਨਮਾਨਤ ਕੀਤਾ।



### ਸਭਾ ਵਿਚ ਪਾਸ ਕੀਤੇ ਗਏ ਮਤੇ

1. ਉਨ੍ਹਾਂ ਸਾਰੀਆਂ ਸਿਆਸੀ ਪਾਰਟੀਆਂ/ਲੀਡਰਾਂ ਦੀ ਨਿਖੇਧੀ ਕੀਤੀ ਗਈ, ਜਿਹੜੇ ਵੋਟਾਂ ਦੀ ਲਈ ਪਾਖੰਡੀ ਸੰਤ-ਬਾਬਿਆਂ/ਡੇਰਾਵਾਦੀਆਂ ਨੂੰ ਸਰਪ੍ਰਸਤੀ ਬਖਸ਼ਦੇ ਹਨ।
2. ਸਾਰੇ ਡੇਰਿਆਂ ਦੀ ਸਕਰੀਨਿੰਗ ਕਰਕੇ, ਵਿਅਕਤੀਆਂ ਦੇ ਪਿਛੋਕੜ ਦੀ ਜਾਂਚ, ਇਨ੍ਹਾਂ ਨੂੰ ਇਨਕਮ ਟੈਕਸ ਦੇ ਘੇਰੇ 'ਚ ਲਿਆਉਣਾ।
3. ਨਾਜਾਇਜ਼ ਕਬਜ਼ੇ ਅਤੇ ਸਰਕਾਰਾਂ ਵਲੋਂ ਲੀਜ਼ 'ਤੇ ਦਿੱਤੀ ਹਜ਼ਾਰਾਂ ਏਕੜ ਜ਼ਮੀਨ ਤੁਰੰਤ ਵਾਪਸ ਲੈ ਕੇ ਸਕੂਲਾਂ, ਹਸਪਤਾਲਾਂ, ਖੇਡਾਂ ਅਤੇ ਆਮ ਲੋਕਾਂ ਦੀ ਸਹੂਲਤ ਲਈ ਵਰਤੀ ਜਾਵੇ। ਦੋਸ਼ੀ ਬਾਬਿਆਂ 'ਤੇ ਕੇਸ ਦਰਜ ਕਰ ਕੇ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ।
4. ਕੈਲਗਰੀ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ/ਧਾਰਮਕ ਅਸਥਾਨਾਂ ਨੂੰ ਇਨ੍ਹਾਂ ਡੇਰਾਵਾਦੀਆਂ/ਸੰਤ ਬਾਬਿਆਂ ਦੇ ਦਾਖ਼ਲੇ 'ਤੇ ਪਾਬੰਦੀ ਲਾਉਣ ਦੀ ਪੁਰਜ਼ੋਰ ਅਪੀਲ।
5. ਜੋ ਮੀਡੀਆ ਇਨ੍ਹਾਂ ਦਾ ਪ੍ਰਚਾਰ ਕਰਦਾ ਹੈ ਸੰਵਿਧਾਨ ਅਨੁਸਾਰ ਅੰਧ ਵਿਸ਼ਵਾਸ਼ਾਂ ਨੂੰ ਫ਼ੈਲਾਉਣ ਦੀ ਧਾਰਾ ਅਧੀਨ ਉਨ੍ਹਾਂ 'ਤੇ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ।

# ਸੀਨੀਅਰ ਸਿਟੀਜਨਜ਼ ਦੇ ਜਨਮ ਦਿਨ ਮਨਾਏ



ਕੈਲਗਰੀ (ਨਦਬ) : ਇੰਕਾ ਸੀਨੀਅਰ ਸੁਸਾਇਟੀ ਦੇ ਮੁੱਖ ਹਾਲ ਵਿਚ ਸੀਨੀਅਰ ਭੈਣਾਂ ਤੇ ਭਰਾਵਾਂ ਦੇ ਜਨਮ ਦਿਨ ਮਨਾਉਣ ਲਈ ਇਕੱਠ ਹੋਇਆ। ਇਹ ਜਨਮ ਦਿਨ ਹਰ ਮਹੀਨੇ ਦੇ ਆਖ਼ਰੀ ਸ਼ਨਿੱਚਰਵਾਰ ਨੂੰ ਸੀਨੀਅਰਜ਼ ਦੇ ਸਤਿਕਾਰ ਵਿਚ ਮਨਾਏ ਜਾਂਦੇ ਹਨ। ਸਭ ਤੋਂ ਪਹਿਲਾਂ ਸਭਾ ਦੇ ਕੋਆਰਡੀਨੇਟਰ ਬਿੱਕਰ ਸਿੰਘ ਸੰਧੂ ਨੇ ਸਭਾ ਦੀਆਂ ਗਤੀਵਿਧੀਆਂ 'ਤੇ ਚਾਨਣਾ ਪਾਇਆ। ਮਾਸਟਰ ਬਚਿੱਤਰ ਸਿੰਘ ਗਿੱਲ ਨੇ ਸ਼ਹੀਦ ਭਗਤ ਸਿੰਘ ਦੇ 10 6ਵੇਂ ਜਨਮ ਦਿਨ ਅਤੇ ਲਤਾ ਮੰਗੇਸ਼ਰ ਜਿਨ੍ਹਾਂ ਦਾ ਜਨਮ ਵੀ 29 ਸਤੰਬਰ ਨੂੰ ਹੈ, ਨੂੰ ਯਾਦ ਕੀਤਾ। ਬਾਪੂ ਕਰਨੈਲ ਸਿੰਘ ਪਾਰਸ ਦੀ ਲਿਖੀ ਕਵਿਤਾ 'ਮੇਰੀ ਜਾਂਦੀ ਵਾਰ ਦੀ ਮਾਤਾ ਜੀ ਪ੍ਰਣਾਮ' ਬਹੁਤ ਹੀ ਤਰੰਨਮ ਵਿਚ ਗਾ ਕੇ ਰੰਗ ਬੰਨ੍ਹ ਦਿੱਤਾ। ਸਭਾ ਦੇ ਪ੍ਰਧਾਨ ਨੈਬ ਸਿੰਘ ਸੰਧੂ ਨੇ ਸਾਰੇ ਵੀਰਾਂ ਅਤੇ ਭੈਣਾਂ ਨੂੰ ਜਨਮ ਦਿਨ ਦੀ ਵਧਾਈ ਅਤੇ ਉਨ੍ਹਾਂ ਵਾਸਤੇ ਲੰਮੀ ਉਮਰ ਦੀ ਕਾਮਨਾ ਕੀਤੀ। ਉਨ੍ਹਾਂ ਇਹ ਵੀ ਦੱਸਿਆ ਕਿ ਸੁਸਾਇਟੀ ਦੇ ਉਪਰਲੇ ਹਾਲ ਵਿਚ ਹਰ ਐਤਵਾਰ ਨੂੰ ਬੀਬੀਆਂ ਨੂੰ ਐਕਸਰਸਾਈਜ਼ਾਂ ਬਾਰੇ ਦਸਿਆ ਜਾਵੇਗਾ। ਇਸ ਦੀ ਸੇਵਾ ਬੀਬੀ ਬਲਜਿੰਦਰ ਕੌਰ ਗਿੱਲ ਨੇ ਆਪਣੇ ਜ਼ਿੰਮੇ ਲਈ ਹੈ। ਫੇਰ ਕੇਕ ਕਟਿਆ ਗਿਆ ਅਤੇ ਜਨਮ ਦਿਨ ਵਾਲੇ ਵੀਰਾਂ ਭੈਣਾਂ ਨੂੰ ਫੁੱਲ ਭੇਟ ਕੀਤੇ। ਗੁਰਦੇਵ ਸਿੰਘ ਗਿੱਲ ਅਤੇ ਗੁਰਮੁੱਖ ਸਿੰਘ ਮਿਨਹਾਸ ਨੇ ਚਾਹ-ਪਾਣੀ ਤੇ ਪਕੌੜੇ ਵਰਤਾਉਣ ਦੀ ਸੇਵਾ ਕੀਤੀ। ਅਜੈਬ ਸਿੰਘ ਬਰਾੜ ਨੇ ਸਟੇਜ ਸਕੱਤਰ ਦੀ ਸੇਵਾ ਬਾਖ਼ੂਬੀ ਨਿਭਾਈ।

K.P. ACCOUNTING & TAX SERVICES

135 Millbourne Road East Lee Ridge Plaza, Edmonton, AB T6K1P6

SAVE YOUR TAX FOR FAST REFUND USE E-FILES

- INDIVIDUAL TAX RETURNS
- INCORPORATION OF COMPANIES
- PAYROLL, T4 SLIPS
- CORPORATE TAX RETURNS

ਇਨਕਮ ਟੈਕਸ ਦੇ ਪੇਪਰ ਭਰਾਉਣ ਲਈ ਆਪਣੇ ਭਾਈਚਾਰੇ ਦੇ ਜਾਣੇ-ਪਛਾਣੇ ਅਕਾਊਂਟੈਂਟ ਕਪਿਲ ਸ਼ਰਮਾ ਨਾਲ ਸੰਪਰਕ ਕਰੋ



Ph : 780 469 2677 Fax : 780 469 2026

ਕੁਲ ਸੰਸਾਰ ਇਕ ਪਰਿਵਾਰ...
ਨਵੀਂ ਦੁਨੀਆ

## ਸੰਪਾਦਕੀ

# ਅਮਰੀਕਾ ਵਿਚ ਜਨਤਕ ਪ੍ਰਤੀਰੋਧ ਦੀ ਲੋੜ

ਅਮਰੀਕਾ ਦੀ ਅਗਵਾਈ ਹੇਠ ਸੰਸਾਰਕ ਮੰਡੀ ਦੀਆਂ ਸ਼ਕਤੀਆਂ ਦੁਨੀਆ ਨੂੰ ਇਕ ਪਿੰਡ ਬਣਾਉਣ ਵਿਚ ਜੁਟੀਆਂ ਹੋਈਆਂ ਹਨ। ਰੰਗ, ਨਸਲ, ਜ਼ਾਤਾਂ ਵਿਚ ਭਾਵੇਂ ਵਖਰੇਵਾਂ ਹੈ ਪਰ ਕੁੱਲ ਦੁਨੀਆ ਵਿਚਾਲੇ ਜੇਕਰ ਕੁੱਝ ਮੇਲ ਖਾਂਦਾ ਹੈ ਤਾਂ ਉਹ ਹੈ ਲੋਕ ਵਿਰੋਧ ਸਿਆਸਤ। ਪੂੰਜੀਵਾਦੀ ਸੱਤਾ ਸਿਆਸਤ ਲੋਕ-ਮੁਖੀ ਹੋਣ ਦਾ ਦਿਖਾਵਾ ਕਰਦੀ ਹੈ ਪਰ ਇਹਦਾ ਕੁਲ ਖਾਸਾ ਅਵਾਮੀ ਲੁੱਟ ਹੀ ਹੈ। ਇਹੀ ਇਹਦਾ ਧਰਮ ਹੈ। ਦੁਨੀਆ ਨੂੰ ਆਪਣੀ ਲੁੱਟ ਲਈ ਮੰਡੀ ਬਣਾ ਦੇਣ ਦੀਆਂ ਅਮਰੀਕੀ ਨੀਤੀਆਂ ਨੇ ਆਮ ਲੋਕਾਂ ਦੀ ਹੋਣੀ ਵੀ ਇਕ ਹੀ ਕਰ ਦਿੱਤੀ ਹੈ। ਇਨ੍ਹਾਂ ਆਮ ਲੋਕਾਂ ਵਿਚ ਅਮਰੀਕਾ ਦਾ ਸਾਧਾਰਨ ਬੰਦਾ ਵੀ ਸ਼ਾਮਲ ਹੈ। ਗਲੋਬਲ ਬਾਜ਼ਾਰੂ ਨੀਤੀਆਂ ਦਾ ਭਿਆਨਕ ਰੂਪ ਹੀ ਆਰਥਕ ਮੰਦੀ ਵਜੋਂ ਸਾਹਮਣੇ ਆ ਰਿਹਾ ਹੈ। ਆਰਥਕ ਮੰਦੀ ਕਹਿਣ ਨੂੰ ਤਾਂ ਸੱਤਾ ਸਿਆਸਤ 'ਤੇ ਮਾਰ ਕਰਦੀ ਹੈ ਪਰ ਇਹਦੀ ਜ਼ਦ ਹੇਠ ਆਮ ਲੋਕ ਹੀ ਆਉਂਦੇ ਹਨ। ਹਾਕਮਾਂ ਦੀਆਂ ਰਸੋਈਆਂ ਤਾਂ ਸ਼ਾਹੀ ਖਾਣਿਆਂ ਨਾਲ ਮਹਿਕਦੀਆਂ ਹਨ ਪਰ ਆਮ ਲੋਕਾਂ ਦੇ ਚੁੱਲ੍ਹੇ ਮੂਧੇ ਵੱਜ ਜਾਂਦੇ ਹਨ।

ਲੋਕ ਮਾਰੂ ਨੀਤੀਆਂ ਦੀ ਅਗਵਾਈ ਕਰ ਰਹੀ 'ਮਹਾਸ਼ਕਤੀ' ਇਕ ਵਾਰ ਫੇਰ ਕਮਜ਼ੋਰ ਪੈਂਦੀ ਨਜ਼ਰ ਆ ਰਹੀ ਹੈ। ਆਰਥਕ ਮੰਦੀ ਵਿਚੋਂ ਉਭਰ ਰਿਹਾ ਅਮਰੀਕਾ ਇਨ੍ਹੀਂ ਦਿਨੀਂ ਬਜਟ ਪਾਸ ਨਾ ਹੋਣ ਕਾਰਨ ਇਸ ਦੇ ਅਸਰਾਂ ਨੂੰ ਲੈ ਕੇ ਫ਼ਿਕਰਾਂ ਵਿਚ ਹੈ ਪਰ ਕੀ ਇਹਦੇ ਤੋਂ ਪਾਰ ਜਾਣ ਲਈ ਉਸ ਕੋਲ ਆਮ ਵਾਂਗ ਇਕੋ-ਇਕ ਰਾਹ ਮੁਲਾਜ਼ਮਾਂ ਦੀ ਛਾਂਟੀ ਕਰ ਕੇ ਹੀ ਬਚਦਾ ਸੀ। ਅਮਰੀਕਾ ਵਿਚ ਕਰੀਬ 17 ਵਰ੍ਹੇ ਪਹਿਲਾਂ ਵੀ ਗ਼ੈਰ-ਜ਼ਰੂਰੀ ਸਰਕਾਰੀ ਕੰਮ ਬੰਦ ਕਰਨੇ ਪਏ ਸਨ। ਹੁਣ ਫੇਰ ਕਰੀਬ 8 ਲੱਖ ਕੇਂਦਰੀ ਕਰਮਚਾਰੀਆਂ ਨੂੰ ਬਿਨਾਂ ਤਨਖਾਹੋਂ ਛੁੱਟੀ 'ਤੇ ਭੇਜ ਦਿੱਤਾ ਗਿਆ ਹੈ। ਨੈਸ਼ਨਲ ਪਾਰਕ, ਮਿਊਜ਼ੀਅਮ, ਕਈ ਸਰਕਾਰੀ ਦਫ਼ਤਰ ਤੇ ਸੇਵਾਵਾਂ ਅਣਮਿਥੇ ਸਮੇਂ ਲਈ ਬੰਦ ਕਰ ਦਿੱਤੀਆਂ ਗਈਆਂ ਹਨ। ਦੇਸ਼ ਚਲਾਉਣ ਲਈ ਅਮਰੀਕੀ ਸੰਸਦ ਨੇ 30 ਸਤੰਬਰ ਤਕ ਕੌਮੀ ਬਜਟ ਪਾਸ ਕਰਨਾ ਹੁੰਦਾ ਹੈ ਪਰ ਪਿਛਲੇ ਕੁੱਝ ਵਰ੍ਹਿਆਂ ਤੋਂ ਜਦੋਂ ਵੀ ਸਰਕਾਰ ਅਤੇ ਸੰਸਦ ਮੈਂਬਰਾਂ ਵਿਚਾਲੇ ਟਕਰਾਅ ਦੇ ਹਾਲਾਤ ਪੈਦਾ ਹੁੰਦੇ ਹਨ ਤਾਂ ਸੀਮਤ ਸਮੇਂ ਦਾ ਬਜਟ ਪਾਸ ਕਰ ਦਿੱਤਾ ਜਾਂਦਾ ਹੈ ਤਾਂ ਜੋ ਦੇਸ਼ ਚੱਲਦਾ ਰਹੇ। ਇਨ੍ਹਾਂ ਸਥਿਤੀਆਂ ਲਈ ਓਬਾਮਾ ਸਰਕਾਰ ਵਿਰੋਧੀ ਧਿਰ ਰਿਪਬਲੀਕਨ ਪਾਰਟੀ ਨੂੰ ਦੋਸ਼ੀ ਠਹਿਰਾ ਰਹੀ ਹੈ। ਦੋਵੇਂ ਧਿਰਾਂ ਬਹਿਸ ਦੀ ਕਸਰਤ ਵਿਚ ਲੱਗੀਆਂ ਹਨ ਤੇ ਜਨਤਾ ਬੇਬਸੀ ਦੇ ਆਲਮ ਵਿਚ ਹੈ।

ਸਰਕਾਰ ਨੇ ਮੁਸੀਬਤ ਤੋਂ ਬਚਣ ਲਈ ਸੌਖਾ ਰਾਹ ਲਭਿਆ ਤੇ ਆਪਣੇ 21 ਲੱਖ ਮੁਲਾਜ਼ਮਾਂ ਵਿਚੋਂ ਕਰੀਬ 8 ਲੱਖ ਮੁਲਾਜ਼ਮਾਂ ਨੂੰ ਆਪੋ-ਆਪਣੇ ਘਰੀਂ ਤੋਰ ਦਿੱਤਾ ਹੈ। ਦਰਅਸਲ, ਦੋਵੇਂ ਧਿਰਾਂ ਕੁੱਝ ਮਹੀਨਿਆਂ ਤੋਂ ਅਮਰੀਕੀ ਬਜਟ ਦੇ ਨੁਕਤਿਆਂ 'ਤੇ ਸਹਿਮਤ ਨਹੀਂ ਹੋਈਆਂ। ਹਰ ਵਾਰ ਕੰਮ ਚਲਾਊ ਰਸਤਾ ਅਖ਼ਤਿਆਰ ਕਰ ਲਿਆ ਜਾਂਦਾ ਹੈ। ਇਸ ਵਾਰ ਵੀ ਝਗੜਾ ਰਾਸ਼ਟਰਪਤੀ ਬਰਾਕ ਓਬਾਮਾ ਵੱਲੋਂ ਸਿਹਤ ਖੇਤਰ ਵਿਚ ਕੀਤੇ ਜਾਣ ਵਾਲੇ ਸੁਧਾਰਾਂ ਨੂੰ ਲੈ ਕੇ ਹੈ। ਵਿਰੋਧੀ ਧਿਰ ਇਸ ਨੂੰ ਲਾਗੂ ਨਹੀਂ ਹੋਣ ਦੇਣਾ ਚਾਹੁੰਦੀ। ਉਸ ਦਾ ਮੰਨਣਾ ਹੈ ਕਿ ਸਰਕਾਰ ਨੂੰ ਘੱਟ ਤੋਂ ਘੱਟ ਖੇਤਰਾਂ ਵਿਚ ਆਪਣੀ ਮੌਜੂਦਗੀ ਰੱਖਣੀ ਚਾਹੀਦੀ ਹੈ। ਵਿਰੋਧੀ ਧਿਰ ਇਸ 'ਓਬਾਮਾ ਕੇਅਰ' ਨੂੰ ਰੱਦ ਕਰਨ ਜਾਂ ਇਸ ਵਿਚ ਬਦਲਾਅ ਕਰਨ 'ਤੇ ਅੜੀ ਹੋਈ ਹੈ।

ਝਗੜਾ ਭਾਵੇਂ ਦੋਵੇਂ ਸਿਆਸੀ ਧਿਰਾਂ ਦਾ ਹੈ ਪਰ ਕੰਨ ਤਾਂ ਲੋਕਾਂ ਦਾ ਹੀ ਮਰੋੜ ਹੋ ਰਿਹਾ ਹੈ। ਵਿਕਾਸ ਦੇ ਚੱਕੇ ਨੂੰ ਘੁਮਾ ਰਹੇ ਮੁਲਾਜ਼ਮ ਭਲਾ ਗ਼ੈਰ-ਜ਼ਰੂਰੀ ਕਿਵੇਂ ਹੋ ਸਕਦੇ ਹਨ ? ਗ਼ੈਰ-ਜ਼ਰੂਰੀ ਤਾਂ ਸਰਕਾਰਾਂ ਦੀਆਂ ਨੀਤੀਆਂ ਹਨ, ਜਿਨ੍ਹਾਂ 'ਤੇ ਰੋਕ ਲਗਣੀ ਚਾਹੀਦੀ ਹੈ। ਜਦੋਂ ਵੀ ਸਰਕਾਰੀ ਖਜ਼ਾਨਿਆਂ ਦੀ ਹਾਲਤ ਪਤਲੀ ਹੁੰਦੀ ਹੈ, ਮੁਲਾਜ਼ਮਾਂ ਦੀਆਂ ਤਨਖ਼ਾਹਾਂ ਰੋਕ ਲਈਆਂ ਜਾਂਦੀਆਂ ਹਨ ਜਾਂ ਅਸਾਮੀਆਂ ਖ਼ਤਮ ਹੀ ਕਰ ਦਿੱਤੀਆਂ ਜਾਂਦੀਆਂ ਹਨ। ਅਸਲ ਵਿਚ ਗ਼ੈਰ-ਜ਼ਰੂਰੀ ਫ਼ੈਸਲੇ ਲੈਣ ਵਾਲੀਆਂ ਸਰਕਾਰਾਂ ਨੂੰ ਹੀ ਘਰੀਂ ਤੋਰ ਦੇਣਾ ਚਾਹੀਦਾ ਹੈ ਤਾਂ ਜੋ ਇਹੋ ਜਿਹੇ ਹਾਲਾਤ ਹੀ ਪੈਦਾ ਨਾ ਹੋਣ। ਇਹਦੇ ਲਈ ਜ਼ਰੂਰੀ ਹੈ ਕਿ ਲੋਕ ਆਪਣੇ ਬੇਬਸੀ ਦੇ ਆਲਮ ਵਿਚੋਂ ਬਾਹਰ ਆਉਣ ਤੇ ਜਨਤਕ ਪ੍ਰਤੀਰੋਧ ਦਾ ਰਸਤਾ ਅਖ਼ਤਿਆਰ ਕਰਨ। ਅਮਰੀਕਾ ਦੇ ਭਲੇ ਲਈ ਇਸ ਲੋਕ ਰੋਹ ਦੀ ਹੁਣ ਸਭ ਤੋਂ ਜ਼ਿਆਦਾ ਜ਼ਰੂਰਤ ਹੈ। ਅਮਰੀਕੀ ਅਵਾਮ ਦਾ ਇਹ ਰੋਹ ਤਮਾਮ ਦੁਨੀਆ ਦੇ ਜਨ-ਸਾਧਾਰਨ ਲਈ ਨਵੇਂ ਰਸਤੇ ਖੋਲ੍ਹ ਸਕਦਾ ਹੈ।

ਸੰਪਾਦਕੀ ਬੋਰਡ — ਨਵਤੇਜ, ਦਲਬੀਰ ਸਾਂਗਿਆਣ, ਸੁਸ਼ੀਲ ਦੁਸਾਂਝ
ਸਲਾਹਕਾਰ ਬੋਰਡ — ਡਾ. ਕਰਮਜੀਤ ਸਿੰਘ (ਕੁਰਕਸ਼ੇਤਰ)
ਪ੍ਰੋ ਰਾਕੇਸ਼ ਰਮਨ (ਲੁਧਿਆਣਾ)
ਸੁਲੱਖਣ ਸਰਹੱਦੀ (ਗੁਰਦਾਸਪੁਰ)
ਜਸਬੀਰ ਦਿਓਲ (ਐਡਮਿੰਟਨ)
ਕਿਰਤਮੀਤ ਕੁਹਾੜ (ਐਡਮਿੰਟਨ)
ਜੈਸੀ ਸਿੰਘ (ਕੈਲਗਰੀ)
ਸੁਰਿੰਦਰ ਮਾਵੀ (ਵਿਨੀਪੈਗ ਪ੍ਰਤੀਨਿਧੀ)
ਜਗਤਾਰ ਸਾਲਮ (ਵਿਸ਼ੇਸ਼ ਪ੍ਰਤੀਨਿਧੀ)

2nd Floor 3448 – 93 Street NW,
Edmonton T6E 6A4, Alberta (Canada)
Phone : 780 465 9118 Fax: 780 465 0661
e-mail: info@nawidunia.com
http://www.facebook.com/NawiDunia

ਲੇਖਕਾਂ ਦੀਆਂ ਰਚਨਾਵਾਂ ਨਾਲ ਨਵੀਂ ਦੁਨੀਆ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਧਰਮ ਦੇ ਪਰਦੇ ਹੇਠ ਫੈਲ ਰਹੀ ਅਨੈਤਿਕਤਾ



ਮੰਗਤ ਰਾਮ ਪਾਸਲਾ
+91-98141-82998

ਜਿਥੇ ਇਸ ਪੱਖੋਂ ਹਲਕੀ ਜਿਹੀ ਤਸੱਲੀ ਹੈ ਕਿ ਆਪੂੰ 'ਰੱਬ' ਬਣੇ ਬਾਪੂ ਆਸਾ ਰਾਮ ਨੂੰ ਬਾਲੜੀ ਨਾਲ ਕੁਕਰਮ ਕਰਨ ਦੇ ਦੋਸ਼ ਹੇਠ ਜੇਲ੍ਹ ਦੀ ਹਵਾ ਖਾਣੀ ਪਈ ਹੈ, ਉਥੇ ਨਾਲ ਹੀ ਇਹ ਵਹਿਸ਼ੀ ਹਰਕਤ ਕਰਨ ਵਾਲੇ ਇਸ 'ਭੱਦਰਪੁਰਸ਼' ਦੀ ਗ੍ਰਿਫਤਾਰੀ ਦੇ ਵਿਰੋਧ ਵਿਚ ਨੌਜਵਾਨ ਲੜਕੇ, ਲੜਕੀਆਂ, ਔਰਤਾਂ ਤੇ ਮਰਦਾਂ ਵਲੋਂ ਸੜਕਾਂ ਉਪਰ ਕੀਤੇ ਜਾ ਰਹੇ ਭਾਰੀ ਖਰੂਦ ਨੂੰ ਦੇਖ ਕੇ ਹਰ ਸੰਵੇਦਨਸ਼ੀਲ ਵਿਅਕਤੀ ਨੂੰ ਡਾਢਾ ਕਸ਼ਟ ਵੀ ਜ਼ਰੂਰ ਹੋਇਆ ਹੋਵੇਗਾ। ਟੀ.ਵੀ. ਉਪਰ ਦਿਖਾਏ ਜਾਣ ਵਾਲੇ ਐਸੇ ਜਲੂਸਾਂ ਵਿਚ ਕਈ ਲੜਕੀਆਂ ਤੇ ਔਰਤਾਂ ਤਾਂ ਬੁਕ ਬੁਕ ਹੰਝੂ ਕੇਰ ਰਹੀਆਂ ਸਨ ਤੇ ਕੁਰਲਾ ਰਹੀਆਂ ਸਨ ਕਿ "ਸਾਡੇ ਬਾਪੂ" ਜੀ ਨਿਰਦੋਸ਼ ਹਨ। ਉਨ੍ਹਾਂ ਨੂੰ ਸਾਜ਼ਿਸ਼ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਹੈ, ਇਸ ਲਈ ਆਸਾ ਰਾਮ ਨੂੰ ਬਿਨਾਂ ਸ਼ਰਤ ਜਲਦੀ ਰਿਹਾ ਕੀਤਾ ਜਾਵੇ।"

ਕਿਸ ਤਰ੍ਹਾਂ ਦਾ ਆਪਾ ਵਿਰੋਧ ਤੇ ਤ੍ਰਾਸਦੀ ਹੈ ਇਹ ਸਾਡੇ ਸਮਾਜ ਅੰਦਰ। ਇਕ ਪਾਸੇ ਸਮਾਜ ਦੇ ਹਰ ਵਰਗ, ਧਰਮ ਤੇ ਜਾਤ ਨਾਲ ਸਬੰਧਤ ਹਜ਼ਾਰਾਂ ਲੜਕੇ, ਲੜਕੀਆਂ, ਮਰਦਾਂ ਤੇ ਔਰਤਾਂ ਨੇ ਰਾਖਸ਼ਸ਼ ਬਿਰਤੀ ਦੇ ਬੰਦਿਆਂ ਹੱਥੋਂ ਪਿਛਲੇ ਸਾਲ ਦਸੰਬਰ ਦਿੱਲੀ ਵਿਖੇ ਵਿਚ ਦਾਮਿਨੀ ਨਾਮੀ ਲੜਕੀ ਨਾਲ ਹੋਈ ਬਲਾਤਕਾਰ ਦੀ ਘਟਨਾ ਦਾ ਕੱਕਰੀ ਰਾਤਾਂ ਨੂੰ ਡਟਵਾਂ ਵਿਰੋਧ ਕੀਤਾ, ਠੰਢੇ ਪਾਣੀ ਦੀਆਂ ਵਾਛੜਾਂ ਦੀ ਮਾਰ ਝੱਲੀ ਤੇ ਹਰ ਤਰ੍ਹਾਂ ਦੀ ਪੁਲੀਸ ਜ਼ਿਆਦਤੀ ਦਾ ਮੁਕਾਬਲਾ ਕਰਦਿਆਂ ਸਿੱਧ ਕੀਤਾ ਕਿ ਧਰਤੀ ਉਪਰ ਬੇਇਨਸਾਫੀ ਵਿਰੁੱਧ ਗੜਕਵੀਂ ਆਵਾਜ਼ ਬੁਲੰਦ ਕਰਨ ਵਾਲੇ ਲੋਕਾਂ ਦੀ ਵੀ ਕੋਈ ਕਮੀ ਨਹੀਂ ਹੈ। ਦੂਜੇ ਪਾਸੇ ਇਸ ਸਾਲ ਦੋ ਸਤੰਬਰ ਨੂੰ ਉਨ੍ਹਾਂ ਹੀ ਸੜਕਾਂ ਉਪਰ ਝੂਠੀ ਆਸਥਾ ਦੇ ਅੰਧਕਾਰ ਵਿਚ ਗੁਆਚੇ ਲੋਕਾਂ ਨੇ, ਜਿਨ੍ਹਾਂ ਵਿਚ ਵੱਡੀ ਗਿਣਤੀ ਨੌਜਵਾਨ ਲੜਕੀਆਂ ਤੇ ਔਰਤਾਂ ਸਨ, ਬਲਾਤਕਾਰੀ ਤੇ ਢੌਂਗੀ 'ਬਾਬੇ' ਦੇ ਹੱਕ ਵਿਚ ਮੁਜ਼ਾਹਰੇ ਤੇ ਧਰਨੇ ਮਾਰੇ। ਕਿਥੇ ਗਈ ਮਨੁੱਖੀ ਸੰਵੇਦਨਾ ਤੇ ਮਾਨਸਿਕਤਾ ਅਜਿਹੇ ਲੋਕਾਂ ਦੀ ਜੋ ਵਿਭਚਾਰੀ ਤੇ ਅਨੇਕਾਂ ਤਰ੍ਹਾਂ ਦੇ ਗੈਰ ਸਮਾਜੀ ਧੰਦਿਆਂ ਵਿਚ ਫਸੇ ਹੋਏ ਵਿਅਕਤੀ ਦੇ ਹੱਕ ਵਿਚ ਭੁਗਤਣ ਲਈ ਕੋਈ ਸ਼ਰਮ ਜਾਂ ਝਿਜਕ ਮਹਿਸੂਸ ਨਹੀਂ ਕਰਦੇ ? ਜਦੋਂ ਕਿਸੇ ਬਲਾਤਕਾਰ ਦੀ ਜਾਂ ਔਰਤਾਂ ਉਪਰ ਹੋਰ ਕਿਸੇ ਕਿਸਮ ਦੇ ਜਬਰ ਦੀ ਕਾਰਵਾਈ ਟੀ.ਵੀ. ਉਪਰ ਦਿਖਾਈ ਜਾਂਦੀ ਹੈ ਤਦ ਬਹੁਤੇ ਵਿਅਕਤੀ, ਰਾਜਸੀ ਆਗੂ ਤੇ ਖਾਸਕਰ ਔਰਤਾਂ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਸਾਡੇ ਸਮਾਜ ਨੂੰ ਆਪਣੀ 'ਮਾਨਸਿਕਤਾ' ਬਦਲਣ ਦੀ ਲੋੜ ਬਾਰੇ ਰੱਟ ਜ਼ਰੂਰ ਲਗਾਉਂਦੇ ਹਨ। ਆਸਾ ਰਾਮ ਦੇ ਅਮਾਨਵੀ ਕਾਰੇ ਦੇ ਹੱਕ ਵਿਚ ਬਾਹਾਂ ਉਲਾਰ ਕੇ ਆਵਾਜ਼ ਬੁਲੰਦ ਕਰਨ ਵਾਲੀਆਂ ਲੜਕੀਆਂ ਤੇ ਔਰਤਾਂ ਦੇ ਸਮਾਜਕ ਨਜ਼ਰੀਏ ਤੇ ਮਾਨਸਿਕਤਾ ਬਾਰੇ ਕੀ ਆਖਿਆ ਜਾ ਸਕਦਾ ਹੈ ? ਅਫਸੋਸ ਇਹ ਹੈ ਕਿ ਬਾਪੂ ਆਸਾ ਰਾਮ ਉਪਰ ਅਨੇਕਾਂ ਜੁਰਮਾਂ ਦੀ ਲੰਬੀ ਸੂਚੀ ਹੈ ਜੋ ਥਾਣਿਆਂ ਵਿਚ ਦਰਜ ਹੈ ਤੇ ਮੀਡੀਏ ਵਿਚ ਜੱਗ ਜ਼ਾਹਰ ਹੋ ਚੁੱਕੀ ਹੈ, ਪਰ ਸਾਡੀਆਂ ਸਰਕਾਰਾਂ, ਕਾਨੂੰਨ ਪ੍ਰਬੰਧ ਦੀ ਮਸ਼ੀਨਰੀ ਤੇ ਨਿਆਂਪਾਲਕਾ ਨੇ ਇਸ ਦਾ ਕਦੇ ਕੋਈ ਗੰਭੀਰ ਨੋਟਿਸ ਹੀ ਨਹੀਂ ਲਿਆ। ਇਹ ਢੌਂਗੀ 'ਸਾਧ' ਆਪਣੀ ਜ਼ਬਾਨ ਦੀ ਕਲਾ ਆਸਰੇ ਜਨ ਸਾਧਾਰਨ ਨੂੰ 'ਪਰਵਚਨ' ਸੁਣਾ ਕੇ ਲਗਾਤਾਰ ਗੁੰਮਰਾਹ ਕਰੀ ਜਾ ਰਿਹਾ ਹੈ, ਉਨ੍ਹਾਂ ਨੂੰ ਮਾਨਸਿਕ ਤੌਰ 'ਤੇ ਬਿਮਾਰ ਬਣਾ ਕੇ ਅਪਾਣੇ ਪੈਰੋਕਾਰ ਥਾਪੀ ਜਾ ਰਿਹਾ ਹੈ ਤੇ ਦੇਸ਼ਾਂ ਵਿਦੇਸ਼ਾਂ ਵਿਚ ਅਰਬਾਂ ਖਰਬਾਂ ਦੀ ਜਾਇਦਾਦ ਬਣਾਈ ਜਾ ਰਿਹਾ ਹੈ। ਪਰ ਮੌਜੂਦਾ ਰਾਜਸੀ ਵਿਵਸਥਾ ਸਭ ਕੁੱਝ ਮੂਕ ਦਰਸ਼ਕ ਬਣ ਕੇ ਦੇਖੀ ਜਾ ਰਹੀ ਹੈ। 'ਬਾਪੂ ਜੀ' ਦਾ ਰਹਿਣ ਸਹਿਣ ਤੇ ਐਸ਼ੋ ਇਸ਼ਰਤ ਦਾ ਪੱਧਰ ਦੇਖ ਕੇ ਤਾਂ ਇੰਦਰ ਦੇਵਤਾ ਦਾ ਸੁਪਨਈ ਸਵਰਗ ਵੀ ਮਾਤ ਖਾ ਜਾਵੇਗਾ, ਜਿਹੜਾ ਕਿ ਉਸ ਦੇ ਪੈਰੋਕਾਰਾਂ ਦੇ ਚੜ੍ਹਾਵਿਆਂ ਰਾਹੀਂ ਉਸਾਰਿਆ ਗਿਆ ਹੈ। ਪ੍ਰਵਚਨ ਕਰਦਿਆਂ ਆਸਾ ਰਾਮ ਦੇ ਹਾਵ ਭਾਵ, ਅੱਖਾਂ ਦੇ ਇਸ਼ਾਰੇ ਤੇ ਹੋਰ ਅਦਾਵਾਂ ਭਾਵੇਂ ਉਸ ਦੇ ਅਨੁਆਈਆਂ ਨੂੰ ਤਾਂ ਮੰਤਰ ਮੁਗਧ ਕਰ ਦਿੰਦੀਆਂ ਹੋਣ, ਪਰ ਕੋਈ ਵੀ ਸੰਵੇਦਨਸ਼ੀਲ ਤੇ ਗਿਆਨਵਾਨ ਵਿਅਕਤੀ ਇਸ ਬਾਬੇ ਦੀਆਂ ਸ਼ਰਾਰਤ ਪੂਰਨ ਹਰਕਤਾਂ ਦੇਖ ਕੇ ਆਪਣੇ ਮਨ ਅੰਦਰ ਉਸ ਪ੍ਰਤੀ ਨਫ਼ਰਤ ਦੀ ਭਾਵਨਾ ਪੈਦਾ ਹੋਣ ਨੂੰ ਕਤਈ ਨਹੀਂ ਰੋਕ ਸਕਦਾ। ਉਸ ਦੀ ਸਰੀਰਕ ਭਾਸ਼ਾ ਹੀ ਸਹਿਜ, ਸੰਵੇਦਨਸ਼ੀਲ ਜਾਂ ਭਲੇ ਵਿਅਕਤੀ ਵਾਲੀ ਨਹੀਂ ਜਾਪਦੀ।

ਸਮਾਜ ਅੰਦਰ ਧਰਮ ਪ੍ਰਚਾਰ ਤੇ ਸ਼ਰਧਾ ਦੇ ਨਾਮ ਉਪਰ ਅਨੇਕਾਂ ਕਥਿਤ ਬਾਬੇ ਤੇ ਧਾਰਮਕ ਡੇਰੇ ਚੱਲ ਰਹੇ ਹਨ, ਜਿਥੇ ਲੱਖਾਂ ਕਰੋੜਾਂ ਲੋਕ ਆਪਣੀਆਂ ਮਨੋਕਾਮਨਾਵਾਂ ਪੂਰੀਆਂ ਕਰਨ ਲਈ, ਆਪਣੇ ਮਨ ਦੀ ਸ਼ਾਂਤੀ ਲਈ ਅਤੇ ਮੌਤ ਤੋਂ ਬਾਅਦ ਕਿਸੇ ਕਲਪਤ ਸਵਰਗ ਦੀ ਪ੍ਰਾਪਤੀ ਲਈ ਹਾਜ਼ਰੀਆਂ ਭਰਦੇ ਹਨ। ਵੱਖ ਵੱਖ ਧਰਮਾਂ ਅਤੇ ਸਮਾਜਕ ਸੁਧਾਰ ਲਹਿਰਾਂ ਦੀਆਂ ਮਾਨਵਵਾਦੀ, ਅਗਾਂਹਵਧੂ ਅਤੇ ਹਨੇਰ ਬਿਰਤੀ ਤੇ ਅੰਧ ਵਿਸ਼ਵਾਸ ਦਾ ਖੰਡਨ ਕਰਨ ਵਾਲੀਆਂ ਤਰਕਸ਼ੀਲ ਦਲੀਲਾਂ ਅਤੇ ਉਪਦੇਸ਼ਾਂ ਦੀ ਤਾਂ ਅਜਿਹੇ ਡੇਰਿਆ ਅੰਦਰ ਚਰਚਾ ਕਦੇ ਘੱਟ ਹੀ ਹੁੰਦੀ ਹੈ, ਪਰ ਵਹਿਮ ਭਰਮ ਫੈਲਾਉਣ ਅਤੇ ਮਨੁੱਖ ਦਾ ਆਤਮ ਸਨਮਾਨ ਪੂਰੀ ਤਰ੍ਹਾਂ ਤਬਾਹ ਕਰ ਕੇ ਉਸ ਨੂੰ ਹੀਣ ਭਾਵਨਾ ਨਾਲ ਗ੍ਰਸਣ ਦਾ ਪ੍ਰਚਾਰ ਖੂਬ ਕੀਤਾ ਜਾਂਦਾ ਹੈ। ਸੱਚ ਆਧਾਰਤ ਹਰੇਕ ਇਤਿਹਾਸਕ ਤੇ ਜ਼ਿਕਰਯੋਗ ਘਟਨਾ ਨੂੰ ਮਿਥਿਹਾਸਕ ਮਿੱਥਾਂ ਦੀ ਪਾਣ ਚਾੜ੍ਹ ਕੇ ਪੇਸ਼ ਕੀਤਾ ਜਾਂਦਾ ਹੈ। ਸਿੱਟੇ ਵਜੋਂ ਮਹਾਨ ਵਿਅਕਤੀਆਂ ਤੇ ਯੋਧਿਆਂ ਵਲੋਂ ਰਚੇ ਗਏ ਮਾਣਮੱਤੀਆਂ ਕੁਰਬਾਨੀਆਂ ਦੇ ਇਤਿਹਾਸ ਨੂੰ "ਦੈਵੀ ਸ਼ਕਤੀ" ਜਾਂ 'ਅਲੌਕਾਰੀ' ਘਟਨਾਵਾਂ ਨਾਲ ਜੋੜ ਕੇ ਅਵਿਗਿਆਨਕ ਤੇ ਨਾ ਮੰਨਣਯੋਗ ਸਥਿਤੀ ਤਕ ਪਹੁੰਚਾ ਦਿੱਤਾ ਜਾਂਦਾ ਹੈ। ਅਜਿਹੀਆਂ ਝੂਠੀਆਂ ਸਿੱਖਿਆਵਾਂ ਅਤੇ ਪ੍ਰਵਚਨਾਂ ਨੂੰ ਸੁਣਨ ਵਾਲਾ ਵਿਅਕਤੀ ਲਾਜ਼ਮੀ ਤੌਰ 'ਤੇ ਅੰਧ-ਵਿਸ਼ਵਾਸੀ, ਕਿਸਮਤਵਾਦੀ, ਰੂੜ੍ਹੀਵਾਦੀ ਤੇ ਗੈਰ-ਸੰਵੇਦਨਸ਼ੀਲ ਬਣ ਜਾਂਦਾ ਹੈ। ਉਹ ਢੌਂਗੀ ਬਾਬਿਆਂ ਦੇ ਹਰ ਕੁਕਰਮ ਨੂੰ ਜਾਂ ਤਾਂ ਝੂਠਾ ਕਹਿ ਕੇ ਟਾਲ ਦਿੰਦਾ ਹੈ ਤੇ ਜਾਂ ਕਿਸੇ ਸਾਜ਼ਿਸ਼ ਦੀ ਸੰਗਿਆ ਦੇ ਕੇ ਸਚਾਈ ਤੋਂ ਪਾਸਾ ਵੱਟਣ ਦਾ ਆਦੀ ਬਣ ਜਾਂਦਾ ਹੈ। ਅਜਿਹੀ ਮਾਨਸਿਕਤਾ ਦਾ ਸ਼ਿਕਾਰ ਵਿਅਕਤੀ ਜ਼ਿੰਦਗੀ ਨੂੰ ਦਰਪੇਸ਼ ਹਰ ਮੁਸ਼ਕਲ ਤੇ ਪੀੜ ਨੂੰ 'ਪਿਛਲੇ ਜਨਮਾਂ ਦੇ ਮਾੜੇ ਕਰਮਾਂ ਦੇ ਫਲ' ਆਸਰੇ ਭੁਗਤੀ ਜਾਂਦਾ ਹੈ ਤੇ ਸੂਝਵਾਨ ਵਿਅਕਤੀ ਵਾਂਗਰ ਚੰਗੇਰੇ ਭਵਿੱਖ ਲਈ ਸੰਘਰਸ਼ ਦਾ ਪੱਲਾ ਨਹੀਂ ਫੜਦਾ। ਮੌਜੂਦਾ ਹਾਲਤਾਂ ਵਿਚ ਦਿਨ ਕਟੀ ਕਰੀ ਜਾਣ ਦੀ ਅਤੇ ਮਰਨ ਤੋਂ ਬਾਅਦ ਕਿਸੇ 'ਸਵਰਗ' ਦੀ ਸੀਟ ਪੱਕੀ ਕਰਾਉਣ ਵਾਲੇ ਕਥਿਤ ਧਾਰਮਕ ਆਗੂਆਂ, ਬਾਬਿਆਂ, ਪੀਰਾਂ, ਮਿਸ਼ਨਰੀਆਂ ਆਦਿ ਨੂੰ ਇਸੇ ਕਰ ਕੇ ਮੌਜੂਦਾ ਹਾਕਮ ਹਰ ਕਿਸਮ ਦੀ ਸਹਾਇਤਾ ਦੇ ਕੇ ਉਤਸ਼ਾਹਤ ਕਰਦੇ ਦੇਖੇ ਜਾ ਸਕਦੇ ਹਨ। ਆਰਥਕ ਪੱਖੋਂ ਰੱਜੇ ਪੁੱਜੇ ਤੇ ਹਰ ਅਨੈਤਿਕ ਢੰਗ ਨਾਲ ਮਾਇਆ ਦੇ ਗੱਫੇ ਇਕੱਠੇ ਕਰਨ ਵਾਲੇ ਵਿਅਕਤੀਆਂ, ਜੋ ਇਸ ਸੰਸਾਰ ਵਿਚ ਹਕੀਕੀ ਸਵਰਗ ਰੂਪੀ ਜ਼ਿੰਦਗੀ ਬਸਰ ਕਰ ਰਹੇ ਹਨ, ਵਲੋਂ ਅਗਲੇਰੇ ਜਨਮ ਵਿਚ ਇਸ ਤੋਂ ਵੀ ਵਧੀਆ ਜ਼ਿੰਦਗੀ ਦੀ ਆਸ ਨਾਲ ਅਜਿਹੇ ਡੇਰਿਆਂ ਦੀ ਹਾਜ਼ਰੀ ਭਰਨੀ ਤਾਂ ਸਮਝ ਲੱਗਦੀ ਹੈ ਪਰ ਕੁੰਭੀ ਨਰਕ ਵਰਗਾ ਜੀਵਨ ਬਸਰ ਕਰ ਰਹੇ ਗੁਰਬਤ ਮਾਰੇ ਲੋਕਾਂ ਵਲੋਂ ਮਰਨ ਤੋਂ ਪਿਛੋਂ ਕਿਸੇ ਭਲੇ ਦਿਨਾਂ ਦੀ ਆਸ ਕਰ ਕੇ ਐਸ਼ੋ ਇਸ਼ਰਤ ਵਿਚ ਮਸ਼ਰੂਫ ਧੋਖੇਬਾਜ਼ ਧਾਰਮਕ ਆਗੂਆਂ ਦੇ ਚਰਨੀਂ ਲੱਗਣਾ ਗੁਲਾਮ ਤੇ ਬਿਮਾਰ ਮਾਨਸਿਕਤਾ ਦਾ ਪ੍ਰਗਟਾਵਾ ਹੀ ਕਿਹਾ ਜਾ ਸਕਦਾ ਹੈ।

ਇਹ ਵੀ ਕੋਈ ਹੈਰਾਨੀਜਨਕ ਗੱਲ ਨਹੀਂ ਹੈ ਕਿ ਆਸਾ ਰਾਮ ਨੂੰ ਜਦੋਂ ਗ੍ਰਿਫ਼ਤਾਰ ਕੀਤਾ ਗਿਆ ਤਦ 'ਰਾਮ ਰਾਜ' ਦੇ ਮੁੱਦਈ ਸੰਘ ਪਰਿਵਾਰ ਦੇ ਮੈਂਬਰਾਂ, ਵਿਸ਼ਵ ਹਿੰਦੂ ਪ੍ਰੀਸ਼ਦ, ਭਾਜਪਾ ਨੂੰ ਜਿਵੇਂ ਸੱਤੇ ਕੱਪੜੀਂ ਅੱਗ ਲੱਗ ਗਈ। ਭਾਜਪਾ ਆਗੂ ਉਮਾ ਭਾਰਤੀ ਨੇ ਤਾਂ ਇਥੋਂ ਤਕ ਆਖ ਦਿੱਤਾ ਕਿ 'ਆਸਾ ਰਾਮ ਤਾਂ ਔਰਤਾਂ ਨਾਲ ਸਰੀਰਕ ਸਬੰਧ ਸਥਾਪਤ ਕਰਨ ਦੇ ਯੋਗ ਹੀ ਨਹੀਂ ਹੈ।' ਪਰ ਮੈਡੀਕਲ ਟੈਸਟ ਤੋਂ ਬਾਅਦ ਜਦੋਂ ਆਸਾ ਰਾਮ ਨੂੰ ਸਰੀਰਕ ਪੱਖੋਂ ਪੂਰੀ ਤਰ੍ਹਾਂ ਫਿਟ ਕਰਾਰ ਦਿੱਤਾ ਗਿਆ, ਤਦ ਭਾਜਪਾ ਆਗੂਆਂ ਨੇ ਆਪਣਾ ਕੋਈ ਪ੍ਰਤੀਕਰਮ ਨਹੀਂ ਦਿੱਤਾ। ਵਿਸ਼ਵ ਹਿੰਦੂ ਪ੍ਰੀਸ਼ਦ ਦੇ ਨੇਤਾਵਾਂ ਨੇ ਤਾਂ ਆਸਾ ਰਾਮ ਦੀ ਗ੍ਰਿਫ਼ਤਾਰੀ ਨੂੰ ਹਿੰਦੂ ਧਰਮ ਨੂੰ ਕਮਜ਼ੋਰ ਕਰਨ ਦੀ ਸਾਜ਼ਿਸ਼ ਕਰਾਰ ਦਿੱਤਾ। ਜੇਕਰ ਆਸਾ ਰਾਮ ਵਰਗੇ 'ਧਰਮ ਗੁਰੂਆਂ' ਦੀਆਂ ਗੈਰ ਸਮਾਜਕ ਤੇ ਅਨੈਤਿਕ ਕਾਰਵਾਈਆਂ ਨਾਲ ਕੋਈ ਧਰਮ ਮਜ਼ਬੂਤ ਹੁੰਦਾ ਹੈ ਤਦ ਫੇਰ ਅਜਿਹੇ ਧਰਮ ਦੀ ਉਚਤਾ ਬਾਰੇ ਵੀ ਲੋਕਾਂ ਨੂੰ ਵਿਚਾਰ ਕਰਨਾ ਚਾਹੀਦੀ ਹੈ ਅਤੇ ਜਾਂ ਫਿਰ ਅਜਿਹੇ ਆਗੂਆਂ ਨੂੰ ਪੂਰੇ ਸਮਾਜ ਵਿਚੋਂ ਛਾਂਗ ਕੇ ਬਾਹਰ ਸੁੱਟ ਦੇਣਾ ਚਾਹੀਦਾ ਹੈ ਤਾਂ ਕਿ ਵੱਖ ਵੱਖ ਧਰਮਾਂ ਵਲੋਂ ਆਪੋ ਆਪਣੇ ਸਮਿਆਂ ਵਿਚ, ਸਮਾਜਕ ਵਿਕਾਸ ਵਿਚ ਨਿਭਾਈ ਗਈ ਹਾਂ ਪੱਖੀ ਭੂਮਿਕਾ ਨੂੰ 'ਨਕਲੀ ਧਰਮ ਗੁਰੂਆਂ' ਤੋਂ ਬਚਾਇਆ ਜਾ ਸਕੇ। ਅਸਲ ਵਿਚ ਦੇਸ਼ ਵਿਚ ਚਲ ਰਹੇ ਅਣਗਿਣਤ 'ਧਾਰਮਕ ਡੇਰੇ' ਤੇ ਆਪੂੰ ਸਜੇ 'ਧਰਮ ਗੁਰੂ' ਹੁਕਮਰਾਨ ਜਮਾਤਾਂ ਦੇ ਵੋਟ ਬੈਂਕ ਹਨ ਜੋ ਆਪਣੇ ਪੈਰੋਕਾਰਾਂ ਨੂੰ ਚੋਣਾਂ ਵਿਚ ਕਿਸੇ ਖਾਸ ਰਾਜਸੀ ਪਾਰਟੀ ਦੇ ਹੱਕ ਵਿਚ ਭੁਗਤਣ ਲਈ ਆਦੇਸ਼ ਦਿੰਦੇ ਹਨ। ਆਸਾ ਰਾਮ ਨੇ ਵੀ ਆਪਣੀ ਗ੍ਰਿਫ਼ਤਾਰੀ ਸਮੇਂ ਕਾਂਗਰਸੀ ਹਾਕਮਾਂ ਨੂੰ ਧਮਕੀ ਦਿੱਤੀ ਸੀ ਕਿ "ਮੇਰੇ 2 ਕਰੋੜ ਚੇਲੇ ਹਨ। ਹਰ ਚੇਲੇ ਪਿੱਛੇ ਘੱਟੋ-ਘੱਟ 20 ਵੋਟਾਂ ਹੁੰਦੀਆਂ ਹਨ। ਆਉਂਦੀਆਂ ਚੋਣਾਂ ਨੂੰ ਦੇਖਦੇ ਹੋਏ ਮੌਜੂਦਾ ਸਰਕਾਰਾਂ ਜ਼ਰਾ ਸੋਚ ਸਮਝ ਕੇ ਮੇਰੇ ਬਾਰੇ ਕੋਈ ਕਦਮ ਪੁੱਟਣ"।

ਅੱਜ ਸਵਾਲ ਧਰਮ ਨੂੰ ਮੰਨਣ ਜਾਂ ਨਾ ਮੰਨਣ ਦਾ ਨਹੀਂ ਹੈ। ਨਾ ਹੀ ਮਸਲਾ ਧਰਮ ਦੇ ਪ੍ਰਚਾਰ ਦਾ ਵਿਰੋਧ ਕਰਨ ਦਾ ਹੈ। ਸਵਾਲ ਤਾਂ ਹੈ ਧਰਮ ਦੀ ਆਜ਼ਾਦੀ ਦਾ ਗਲਤ ਇਸਤੇਮਾਲ ਕਰ ਕੇ ਅੰਧ ਵਿਸ਼ਵਾਸ ਤੇ ਹਨੇਰ ਬਿਰਤੀਵਾਦ ਫੈਲਾਉਣ ਦਾ ਜਾਂ ਫਿਰ ਫਿਰਕਾਪ੍ਰਸਤੀ ਫੈਲਾਉਣ ਦਾ, ਜੋ ਆਪਣੇ ਧਰਮ ਦੀ ਉਚਤਾ ਦੇ ਨਾਮ ਉਪਰ ਦੂਸਰੇ ਧਰਮਾਂ ਨੂੰ ਨੀਵਾ ਦਿਖਾਉਂਦੀ ਹੈ ਤੇ ਦੂਸਰੇ ਧਰਮ ਦੇ ਅਨੁਆਈਆਂ ਵਿਰੁੱਧ ਨਫ਼ਰਤ ਫੈਲਾਉਂਦੀ ਹੈ। ਇਸੇ ਕਰ ਕੇ ਅਪਰਾਧਾਂ ਤੇ ਗੈਰ ਸਮਾਜਕ ਕਾਰਵਾਈਆਂ ਵਿਚ ਵਾਧਾ ਹੋ ਰਿਹਾ ਹੈ। ਆਸਾ ਰਾਮ, ਜੋ ਅੱਜ ਕਥਾਵਾਚਕ ਤੋਂ ਖੁਦ ਪ੍ਰਮਾਤਮਾ ਬਣੀ ਬੈਠਾ ਹੈ, ਨੇ ਵੀ ਮੁਢਲੇ ਜ਼ਰਾਇਮ ਪੇਸ਼ਾ ਜੀਵਨ ਤੋਂ ਬਾਅਦ 'ਕਾਲਾ ਜਾਦੂ' ਦਾ ਪਾਖੰਡ ਸਿੱਖਿਆ ਵੀ ਦੱਸਦੇ ਹਨ। ਧਰਮ ਦੇ ਪਰਦੇ ਹੇਠਾਂ ਅਨੈਤਿਕ ਕਾਰਵਾਈਆਂ ਤੇ ਔਰਤਾਂ ਨਾਲ ਕੁਕਰਮ, ਭਾਵੇਂ ਆਸਾ ਰਾਮ ਕਰੇ ਤੇ ਜਾਂ ਕਿਸੇ ਹੋਰ ਧਰਮ ਦਾ ਬੁਰਕਾ ਪਾ ਕੇ ਕੋਈ ਹੋਰ ਢੌਂਗੀ ਬਾਬਾ ਕਰੇ, ਸਭੇ ਸਮਾਜ ਦੇ ਦੁਸ਼ਮਣ ਹਨ ਤੇ ਸਾਡੇ ਇਤਿਹਾਸ ਦੀਆਂ ਉਚੀਆਂ, ਸੁੱਚੀਆਂ ਤੇ ਮਾਨਵਵਾਦੀ ਕਦਰਾਂ ਕੀਮਤਾਂ ਨੂੰ ਮਿੱਟੀ ਵਿਚ ਰੋਲਣ ਵਾਲੇ ਹਨ, ਜਿਨ੍ਹਾਂ ਵਿਰੁੱਧ ਸਾਨੂੰ ਸਹੀ ਸੋਚਣ ਵਾਲੇ ਸਾਰੇ ਲੋਕਾਂ ਨੂੰ ਸਾਂਝੀ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ।

# ਪੈ ਰਹੇ ਨੇ ਕਿੰਨੇ ਪਾਟਕ ਕਿੰਨੇ ਹੋਣ ਸਿਆਸੀ ਨਾਟਕ



ਸ਼ਾਮ ਸਿੰਘ
+91-98141-13338

ਗੱਲਾਂ ਜੁੜਨ-ਜੋੜਨ ਦੀਆਂ ਹੋ ਰਹੀਆਂ, ਏਕੇ ਅਤੇ ਅਖੰਡਤਾ ਦੀਆਂ ਹੋ ਰਹੀਆਂ, ਇਕਸਾਰਤਾ ਤੇ ਇਕਸੁਰਤਾ ਦੀਆਂ ਹੋ ਰਹੀਆਂ ਹਨ, ਪਰ ਨਿੱਤ ਕੰਮ ਉਲਟ ਹੋਈ ਜਾ ਰਿਹਾ ਹੈ। ਜੋੜਨ ਵਾਲਿਆਂ ਦਾ ਕਸੂਰ ਨਹੀਂ, ਤੋੜਨ ਵਾਲੇ ਘੱਟ ਨਹੀਂ। ਇਸੇ ਕਸ਼ਮਕਸ਼ ਵਿਚ ਨਿਤ ਨਵੇਂ ਪਾੜੇ ਵੀ ਪੈਂਦੇ ਹਨ ਅਤੇ ਪੁਆੜੇ ਵੀ। ਸਮਾਜ ਕਈ ਕਿਸਮਾਂ ਦੀਆਂ ਵੰਡਾਂ ਦਾ ਸ਼ਿਕਾਰ ਹੈ, ਜੋ ਮਿਟਣ ਦਾ ਨਾਂ ਨਹੀਂ ਲੈਂਦੀਆਂ। ਇਨ੍ਹਾਂ ਵੰਡਾਂ ਦਾ ਨਾਂਅ-ਖੇਤਰ ਵੀ ਹੈ, ਧਰਮ ਵੀ, ਜ਼ਾਤ ਵੀ ਹੈ, ਵਰਗ ਵੀ, ਗੁੱਟ ਵੀ ਹੈ ਤੇ ਜਮਾਤ ਵੀ। ਇਹ ਸਾਰੇ ਮਨੁੱਖੀ ਮਾਨਸਿਕਤਾ ਵਿਚ ਅਜਿਹਾ ਧੱਸੀ ਬੈਠੇ ਹਨ ਕਿ ਇਨ੍ਹਾਂ ਨੂੰ ਬਾਹਰ ਕੱਢਣਾ ਅਤੇ ਪਰ੍ਹੇ ਸੁੱਟਣਾ ਆਸਾਨ ਕੰਮ ਨਹੀਂ। ਇਹ ਸਾਰੇ ਪਾਟਕ ਪਾਉਣ ਦੇ ਜਨਮਦਾਤਾ ਵੀ ਹਨ ਅਤੇ ਪਾਲਕਦਾਤਾ ਵੀ। ਵੰਡਾਂ, ਪਾਟਕਾਂ ਦਾ ਇਹ ਕਾਰਜ ਉਹ ਕਰ ਰਹੇ ਹਨ, ਜਿਨ੍ਹਾਂ ਦਾ ਇਹ ਕੰਮ ਹੀ ਨਹੀਂ। ਧਰਮ ਵਾਲਿਆਂ ਨੂੰ ਕੀ ਪਈ ਹੈ ਕਿ ਉਹ ਮਾਨਵਤਾ 'ਚ ਲਕੀਰਾਂ ਖਿੱਚਣ ਅਤੇ ਉਨ੍ਹਾਂ ਨੂੰ ਪੱਕੀਆਂ ਕਰਨ ਵਾਸਤੇ ਨਿਰੰਤਰ ਸਰਗਰਮ ਹੋਏ ਰਹਿਣ? ਸਿਆਸਤ ਦਾ ਫ਼ਰਜ਼ ਹੈ ਕਿ ਸਮਾਜ ਦੇ ਭਲੇ ਲਈ ਕੰਮ ਕਰੇ, ਪਰ ਇਹ 'ਵੰਡ ਤੇ ਰਾਜ ਕਰੋ' ਦੀ ਕੁਟਲ ਨੀਤੀ ਛੱਡਣ ਲਈ ਤਿਆਰ ਨਹੀਂ। ਸਿਆਸਤ 'ਚ ਨਿਤ ਦਿਨ ਕਿੰਨੇ ਹੀ ਨਾਟਕ ਹੋ ਰਹੇ ਹਨ, ਜਿਨ੍ਹਾਂ ਦਾ ਹਿਸਾਬ-ਕਿਤਾਬ ਲਗਾਇਆ ਨਹੀਂ ਜਾ ਸਕਦਾ।

ਸਿਆਸਤ ਅਜਿਹਾ ਮੰਚ ਨਹੀਂ, ਜਿਥੇ ਨਾਟਕ ਖੇਡੇ ਜਾਣ, ਜਿਥੇ ਸ਼ੋਹਰਤ ਲਈ ਸਿਰ-ਧੜ ਦੀ ਬਾਜ਼ੀ ਲਾਈ ਜਾਵੇ, ਜਿਥੇ ਝੂਠ ਅਤੇ ਅਡੰਬਰ ਦੀ ਸਰਦਾਰੀ ਹੋਵੇ, ਜਿਥੇ ਦਾਅਵਿਆਂ ਅਤੇ ਲਾਰਿਆਂ ਦੀ ਫ਼ੋਕੀ ਪਰੇਡ ਕਰਾਈ ਜਾਵੇ, ਜਿਥੇ ਲੁੱਟ-ਖਸੁੱਟ ਕਰ ਕੇ ਸਮਾਜ ਦੇ ਵਿਕਾਸ ਦੀ ਥਾਂ ਆਪਣੀ ਹੀ ਜੇਬ ਭਰ ਲਈ ਜਾਵੇ, ਜਿਥੇ ਪਸ਼ੂਆਂ ਦਾ ਚਾਰਾ ਬੰਦੇ ਹੀ ਚਰਨ ਲੱਗ ਪੈਣ, ਜਿਥੇ ਭਾਈ-ਭਤੀਜਾਵਾਦ ਦੀ ਜੈ-ਜੈ ਕਾਰ ਕੀਤੀ ਜਾਵੇ ਅਤੇ ਜਿਥੇ ਵਿਰੋਧੀ ਸੁਰਾਂ ਨੂੰ ਦਬਾਉਣ ਲਈ ਤਰ੍ਹਾਂ-ਤਰ੍ਹਾਂ ਦੇ ਹੱਥ ਕੰਡੇ ਵਰਤ ਕੇ ਅਜਿਹੇ ਮਨਸੂਬੇ ਘੜੇ ਜਾਂਦੇ ਹਨ ਕਿ ਸੁਰਾਂ ਤਾਂ ਕੀ, ਵਿਰੋਧੀ ਹੀ ਨਾ ਲੱਭਣ। ਅਜਿਹੀ ਸਿਆਸਤ ਲੋਕ-ਵਿਰੋਧੀ ਹੈ, ਕਿਸੇ ਤਰ੍ਹਾਂ ਵੀ ਲੋਕਪੱਖੀ ਨਹੀਂ। ਕੀ ਸਿਆਸੀ ਨੇਤਾਵਾਂ ਨੂੰ ਸਮਾਜ-ਪੱਖੀ, ਲੋਕ-ਪੱਖੀ ਹੋਣ ਦੀ ਲੋੜ ਨਹੀਂ? ਕੋਈ ਨੇਤਾ ਆਪਣੀਆਂ ਕਮਜ਼ੋਰੀਆਂ, ਤਰੁੱਟੀਆਂ, ਗ਼ੈਰ-ਹਾਜ਼ਰੀਆਂ ਅਤੇ ਨਾਕਾਮੀਆਂ ਨੂੰ ਲੁਕਾਉਣ ਲਈ ਧਰਨੇ, ਰੈਲੀਆਂ ਅਤੇ ਮਰਨ ਵਰਤ ਦੀ ਧਮਕੀ ਦਿੰਦਾ ਹੈ, ਪਰ ਮੰਗਾਂ ਮੰਨੇ ਜਾਣ ਦਾ ਭਰੋਸਾ ਮਿਲਣ 'ਤੇ ਹੀ ਉਹ ਸ਼ਹਿਰ ਦੇ ਵਿਕਾਸ ਦੀਆਂ ਡੀਂਗਾਂ ਮਾਰਨ ਦੇ ਦੌਰਾਨ ਮੁੜ ਸ਼ਹਿਰ 'ਚ ਨਹੀਂ ਲੱਭਦਾ। ਕਦੇ ਟਪੂਸੀ ਮਾਰ ਕੇ ਦੇਸ਼ ਦੇ ਰਾਜਧਾਨੀ ਪਹੁੰਚ ਜਾਂਦਾ ਹੈ ਅਤੇ ਕਦੇ ਟਪੂਸੀ ਮਾਰ ਕੇ ਫ਼ਿਲਮਾਂ, ਸੀਰੀਅਲਾਂ ਦੀ ਰਾਜਧਾਨੀ ਮੁੰਬਈ। ਕੋਈ ਨੇਤਾ ਆਪਣੀ ਹੀ ਪਾਰਟੀ ਦੇ ਮੁਖੀ ਨੂੰ ਚੁਣੌਤੀ ਦੇ ਰਿਹਾ ਹੈ। ਕੋਈ ਇਲਾਕਿਆਂ ਦੇ ਵਿਕਾਸ ਵਿਚ ਅਸਮਾਨਤਾ ਅਤੇ ਪੱਖਪਾਤ ਨੂੰ ਮੁੱਦਾ ਬਣਾ ਕੇ ਆਪਣੀ ਲੀਡਰੀ ਚਮਕਾਉਣ ਤੋਂ ਬਾਜ਼ ਨਹੀਂ ਆ ਰਿਹਾ। ਕੋਈ ਨੌਕਰੀਆਂ ਰੱਖਣ 'ਚ ਸਿਫ਼ਾਰਸ਼ਾਂ ਦੇ ਰਾਹ ਵੀ ਪੈ ਗਿਆ ਅਤੇ ਰਿਸ਼ਵਤਾਂ ਦੇ ਰਾਹ ਵੀ। ਕੋਈ ਵਿਦਿਆ ਦੇ ਖੇਤਰ ਨੂੰ ਵੀ ਸਾਫ਼-ਸੁਥਰਾ ਨਹੀਂ ਰਹਿਣ ਦਿੰਦਾ ਅਤੇ ਯੋਗ ਵਿਦਿਆਰਥੀਆਂ ਨੂੰ ਛੱਡ ਕੇ ਅਯੋਗ ਪਾੜ੍ਹਿਆਂ ਦਾ ਸਾਥ ਦੇਣ ਕਰ ਕੇ ਜੇਲ੍ਹ ਜਾਣ ਦੇ ਭੈਅ ਤੋਂ ਵੀ ਨਹੀਂ ਡਰ ਰਿਹਾ। ਜਿਸ ਕੋਲ ਹੋਰ ਕੋਈ ਚਾਰਾ ਨਹੀਂ, ਉਹ ਪਸ਼ੂਆਂ ਦਾ ਚਾਰਾ ਚਰਨ ਤੋਂ ਵੀ ਬਾਜ਼ ਨਹੀਂ ਆ ਰਿਹਾ। ਵੱਡੀ ਪਾਰਟੀ ਦਾ ਵੱਡਾ ਨੇਤਾ ਆਪਣੀ ਹੀ ਪਾਰਟੀ ਦੇ ਹਾਕਮਾਂ ਅਤੇ ਕਾਰਕੁਨਾਂ ਨੂੰ ਟਿੱਚ ਸਮਝ ਕੇ ਇਕ ਵਾਰ ਅਜਿਹੀ ਭਾਸ਼ਾ ਵਰਤਦਾ ਹੈ ਕਿ ਪਾਰਟੀ ਦੇ ਵਰਕਰ ਤਾਂ ਕੀ, ਆਮ ਲੋਕ ਵੀ ਦੰਗ ਹੋਏ ਬਗ਼ੈਰ ਨਹੀਂ ਰਹਿੰਦੇ।

ਕਿੰਨੀ ਵੀ ਸਫ਼ਾਈ, ਗੰਭੀਰਤਾ, ਸੰਜੀਦਗੀ ਅਤੇ ਸਹੀ ਤਰ੍ਹਾਂ ਅਹੁਦਾ ਛੱਡਣ ਦੀ ਮੰਗ ਕੀਤੀ ਜਾਵੇ, ਪਰ ਹਾਕਮ ਹੈ ਕਿ ਕੁਰਸੀ ਛੱਡਣ ਦੀ ਮੰਗ ਕਰੀ ਜਾਵੇ, ਪਰ ਹਾਕਮ ਹੈ ਕਿ ਕੁਰਸੀ ਛੱਡਣ ਵਾਸਤੇ ਤਿਆਰ ਹੀ ਨਹੀਂ ਹੁੰਦਾ। ਕਿੰਨੇ ਸਿਆਸੀ ਨੇਤਾ ਗ਼ਲਤ ਕੰਮਾਂ ਕਰ ਕੇ ਜੇਲ੍ਹ ਵਿਚ ਹਨ, ਉਨ੍ਹਾਂ ਦੀ ਗਿਣਤੀ ਕਰਨਾ ਸੌਖਾ ਕੰਮ ਨਹੀਂ। ਕਿੰਨੇ ਧਾਰਮਕ ਰਹਿਬਰ ਸੱਚ, ਸੁਕਰਮ ਅਤੇ ਨੈਤਿਕਤਾ ਦਾ ਪਾਠ ਪੜ੍ਹਾਉਂਦੇ-ਪੜ੍ਹਾਉਂਦੇ ਆਪਣੇ ਕੁਕਰਮਾਂ ਕਰ ਕੇ ਜੇਲ੍ਹ ਪਹੁੰਚ ਗਏ ਜਾਂ ਫੇਰ ਮੁਕੱਦਮਿਆਂ ਵਿਚ ਫਸੇ ਹੋਏ ਹਨ ਕਿ ਉਨ੍ਹਾਂ ਦੇ ਭਗਤਾਂ ਨੂੰ ਤੁਰਨ ਲਈ ਕੋਈ ਰਾਹ ਨਹੀਂ ਲੱਭਦਾ। ਸਿਆਸਤ ਦੇ ਮੰਚ 'ਤੇ ਸਿਆਸੀ ਨਾਟਕ ਅਤੇ ਧਰਮ ਦੇ ਮੰਚ 'ਤੇ ਵੀ ਸਿਆਸੀ ਨਾਟਕ ਖੇਡੇ ਜਾਣ ਨੂੰ ਕਿਸੇ ਕੀਮਤ 'ਤੇ ਸਵੀਕਾਰ ਨਹੀਂ ਕੀਤਾ ਜਾ ਸਕਦਾ।



'ਹੁਣ' ਦੇ ਦਫ਼ਤਰ ਦਾ ਉਦਘਾਟਨ ਕਰਦੇ ਹੋਏ ਮੋਹਨ ਭੰਡਾਰੀ, ਪ੍ਰਭਾਤ ਜੌਹਲ ਅਤੇ ਸਵੇਰ ਜੌਹਲ। ਫ਼ੋਟੋ : ਅਜ਼ਲ ਦੁਸਾਂਝ

## 'ਹੁਣ' ਦੇ ਮੌਕੇ ਕਈ ਰੰਗ

ਪੰਜਾਬੀ ਦਾ ਪਰਚਾ 'ਹੁਣ' ਦਫ਼ਤਰ ਵਾਲਾ ਹੋ ਗਿਆ ਹੈ। ਦਫ਼ਤਰ ਤਾਂ ਪਹਿਲਾਂ ਵੀ ਸੀ, ਪਰ ਹੁਣ ਵਰਗਾ ਨਹੀਂ। ਇਸ ਮੌਕੇ ਇੰਗਲੈਂਡ ਤੋਂ 'ਹੁਣ' ਦੇ ਮੁੱਖ ਸੰਪਾਦਕ ਰਹੇ ਅਵਤਾਰ ਜੰਡਿਆਲਵੀ ਦੇ ਪੁੱਤਰ ਸਵੇਰ ਜੌਹਲ ਅਤੇ ਧੀ ਪ੍ਰਭਾਤ ਜੌਹਲ ਵਿਸ਼ੇਸ਼ ਤੌਰ 'ਤੇ ਪਹੁੰਚੇ। ਪਰਚਾ ਰਿਲੀਜ਼ ਹੋਇਆ ਅਤੇ ਦਫ਼ਤਰ ਦਾ ਉਦਘਾਟਨ ਵੀ।

ਇਸ ਸਮੇਂ ਰਚੇ ਸਮਾਗਮ ਦੀ ਦਿੱਖ ਖ਼ੂਬਸੂਰਤ ਵੀ ਸੀ ਅਤੇ ਚਾਅ ਵਾਲੀ ਵੀ। ਲੇਖਕ/ਕਲਾਕਾਰ ਕਾਫ਼ੀ ਗਿਣਤੀ ਵਿਚ ਪਹੁੰਚੇ। ਮੋਹਨ ਭੰਡਾਰੀ, ਗੁਰਚਰਨ ਬੋਪਾਰਾਏ, ਅਨੂਪ ਸਿੰਘ ਵਿਰਕ, ਦਰਸ਼ਨ ਬੁੱਟਰ ਅਤੇ ਡਾ. ਸੁਖਦੇਵ ਸਿੰਘ ਸਿਰਸਾ ਨੇ ਅਵਤਾਰ ਅਤੇ 'ਹੁਣ' ਬਾਰੇ ਗੱਲਾਂ ਕੀਤੀਆਂ। ਸਭ ਦੀ ਇਕ ਸੁਰ ਸੀ ਕਿ ਅਵਤਾਰ ਨੇ ਪਰਚਾ ਕੱਢ ਕੇ ਪੰਜਾਬੀ ਦੇ ਨਾਲ-ਨਾਲ ਪੰਜਾਬੀਆਂ ਦਾ ਮਾਣ ਵੀ ਵਧਾਇਆ ਅਤੇ ਪੰਜਾਬੀ ਸਾਹਿਤ ਦਾ ਵੀ। ਪਰਚੇ ਦੇ ਨਿਰੰਤਰ ਛਪਦੇ ਰਹਿਣ ਦੀ ਗੱਲ ਵੀ ਹੋਈ। ਪਰਚੇ ਦਾ ਪੰਝੀਵਾਂ ਅੰਕ ਛਪਿਆ ਤਾਂ ਇਹ ਕਿਹਾ ਗਿਆ ਕਿ ਅੱਠ ਸਾਲ ਵਿਚ ਛਪੇ ਹਰ ਪਰਚੇ ਦੀ ਆਪਣੀ ਦਿੱਖ ਸੀ, ਆਪਣਾ ਹੀ ਮਿਆਰ।

ਸੱਚਮੁਚ 'ਹੁਣ' ਦਾ ਮੁਕਾਬਲਾ ਨਹੀਂ। ਇਸ ਨੇ ਆਕਾਰ ਵੀ ਕਾਇਮ ਰੱਖਿਆ ਅਤੇ ਮਿਆਰ ਵੀ, ਪ੍ਰਸਾਰ ਵੀ ਵਧਾਇਆ ਅਤੇ ਵਪਾਰ ਵੀ। ਪੰਜਾਬੀ ਦੇ ਕਿਸੇ ਪਰਚੇ ਦਾ ਆਪਣੇ ਪੈਰਾਂ ਉਤੇ ਖੜ੍ਹੇ ਹੋਣਾ ਛੋਟੀ ਗੱਲ ਨਹੀਂ ਜਦੋਂ ਕਿ ਪੰਜਾਬ ਸਰਕਾਰ ਇਸ ਪਾਸੇ ਜ਼ੀਰੋ ਮਾਤਰ ਵੀ ਧਿਆਨ ਨਹੀਂ ਦੇ ਰਹੀ। ਸੂਫ਼ੀ ਗਾਇਕ ਮਾਣਕ ਅਲੀ ਨੇ ਹਰਮੋਨੀਅਮ 'ਤੇ ਬਹਿੰਦਿਆਂ ਹੀ ਸੁਰ ਕੱਢੀ ਤਾਂ ਸੂਫ਼ੀ ਗਾਇਣ ਦਾ ਪ੍ਰਵਾਹ ਸ਼ੁਰੂ ਹੋ ਗਿਆ। ਉਸ ਨੇ ਬੁੱਲ੍ਹੇ ਸ਼ਾਹ, ਸ਼ਾਹ ਹੁਸੈਨ ਅਤੇ ਹੋਰ ਸ਼ਾਇਰਾਂ ਦੀਆਂ ਰਚਨਾਵਾਂ ਸੁਣਾ ਕੇ ਸਾਰੇ ਮਾਹੌਲ ਨੂੰ ਸੁਰ-ਬੱਧ ਵੀ ਕਰ ਦਿੱਤਾ ਅਤੇ ਸ਼ਬਦ ਬੱਧ ਵੀ। ਇਸ ਮੌਕੇ ਪਰਚੇ ਦੇ ਸੰਪਾਦਕ ਸੁਸ਼ੀਲ ਦੁਸਾਂਝ, ਸਵੇਰ ਅਤੇ ਪ੍ਰਭਾਤ ਨੇ ਵੀ ਵਿਚਾਰ ਰੱਖੇ ਅਤੇ ਪਰਚੇ ਨੂੰ ਨਿਰੰਤਰ ਚਲਾਈ ਰੱਖਣ ਦਾ ਵਚਨ ਅਤੇ ਪ੍ਰਣ ਵੀ ਦੁਹਰਾਇਆ।

## ਕਿੰਨੇ ਹੋਣ ਸਿਆਸੀ ਨਾਟਕ

ਵਰਤਦੇ ਵਰਤਾਰੇ ਅੰਦਰ, ਮਾਹੌਲ ਹੋ ਗਿਆ ਕਿੰਨਾ ਘਾਤਕ
ਫਿਰਕੇ ਪਏ ਫੁੰਕਾਰੇ ਮਾਰਨ, ਆਲ ਦੁਆਲਾ ਹੋ ਗਿਆ ਜਾਤਕ
ਕੀ ਕਰਨ ਪਈਆਂ ਸਰਕਾਰਾਂ, ਨੌਕਰੀਆਂ ਦੇ ਬੰਦ ਨੇ ਫਾਟਕ
ਕਿਥੋਂ ਸੋਚ ਲਿਆਏ ਨੇਤਾ, ਪਾਈ ਜਾਂਦੇ ਨੇ ਨਿੱਤ ਪਾਟਕ
ਅੰਦਰੋਂ ਹੋਰ ਤੇ ਬਾਹਰੋਂ ਹੋਰ, ਇਕ ਦੂਜੇ ਲਈ ਹੁੰਦੇ ਕਾਟਕ
ਆਪਣੇ ਆਪ ਨੂੰ ਮੋਢੇ ਚੁੱਕੀ, ਸ਼ੋਹਰਤ ਲਈ ਕਰਨ ਪਏ ਨਾਟਕ
ਝੂਠੇ ਆਪ ਅਡੰਬਰ ਰਚਦੇ, ਕਿੰਨੇ ਹੋਣ ਸਿਆਸੀ ਨਾਟਕ
ਪੈ ਰਹੇ ਨੇ ਕਿੰਨੇ ਪਾਟਕ, ਕਿੱਦਾਂ ਹੋਣ ਸਿਆਸੀ ਨਾਟਕ।

## ਲੀਤਫ਼ੇ ਦਾ ਚਿਹਰਾ-ਮੋਹਰਾ

ਪਤੀ : ਕਿਤੇ ਵੀ ਜਾਵੇਂ, ਤੂੰ ਮੇਰੀ ਫ਼ੋਟੋ ਹਮੇਸ਼ਾ ਜੇਬ/ਪਰਸ ਆਦਿ ਵਿਚ ਜ਼ਰੂਰ ਰੱਖਦੀ ਏਂ। ਇਸ ਦਾ ਕਾਰਨ ਦੱਸ ਸਕਦੀ ਏਂ?

ਪਤਨੀ : ਮੈਂ ਤੁਹਾਡੀ ਫ਼ੋਟੋ ਦੇਖਦੀ ਹਾਂ ਤਾਂ ਵੱਡੀ ਤੋਂ ਵੱਡੀ ਸਮੱਸਿਆ ਵੀ ਕਾਫ਼ੂਰ ਹੋ ਜਾਂਦੀ ਹੈ।

ਪਤੀ : ਕਮਾਲ ਐ, ਮੈਂ ਤੇਰੇ ਲਈ ਕਿੰਨਾ ਭਾਗਸ਼ਾਲੀ, ਕਰਾਮਾਤੀ ਅਤੇ ਤਾਕਤਵਰ ਹਾਂ, ਕਈ ਵਾਰ ਦੱਸ ਚੁੱਕਾ ਹਾਂ।

ਪਤਨੀ : ਹਾਂ, ਮੈਂ ਤੁਹਾਡੀ ਫੋਟੋ ਦੇਖਦੀ ਹਾਂ ਤੇ ਆਪਣੇ ਆਪ ਨੂੰ ਕਹਿੰਦੀ ਹਾਂ, ਇਸ ਨਾਲੋਂ ਹੋਰ ਵੱਡੀ ਸਮੱਸਿਆ ਕੀ ਹੋ ਸਕਦੀ ਹੈ।

---

ਰਾਮ : ਮੈਂ ਯਾਰ ਹਰ ਰੋਜ਼ ਸੋਚਦਾ ਹਾਂ ਕਿ ਰਚਨਾ ਛਪਣ ਲਈ ਭੇਜਾਂ। ਫੇਰ ਸੋਚਦਾਂ ਹਾਂ ਕਿ ਅਖ਼ਬਾਰਾਂ ਦੇ ਸਸਤੇ ਪੱਧਰ ਦੀ ਰਚਨਾ ਮੈਂ ਲਿਖ ਨਹੀਂ ਸਕਦਾ।

ਸ਼ਾਮ : ਸੋਚਣਾ ਛੱਡ ਕੇ ਸਸਤੀ/ਮਿਆਰੀ ਦੀ ਛੱਡ ਕੇ ਰਚਨਾ ਭੇਜ ਦੇ, ਸੰਪਾਦਕ ਨੇ ਆਪਣੇ ਮਿਆਰ ਤੋਂ ਉਚੀ ਛਾਪਣੀ ਵੀ ਨਹੀਂ।

ਧੁਖ਼ਦਾ ਕਾਲਮ

## ਦਹਿਸ਼ਤ ਦਾ ਕੋਈ ਮੁਲਕ ਨਹੀਂ ਹੁੰਦਾ

ਸੁਸ਼ੀਲ ਦੁਸਾਂਝ +91-97813-60066

ਦਹਿਸ਼ਤ ਦਾ ਕੋਈ ਮੁਲਕ ਨਹੀਂ ਹੋਇਆ ਕਰਦਾ। ਉਂਝ ਵੀ ਅੱਜਕੱਲ੍ਹ ਹਰ ਚੀਜ਼ ਵਾਂਗ ਦਹਿਸ਼ਤ ਵੀ ਗਲੋਬਲ ਹੋਣ ਦੀ ਪ੍ਰਕਿਰਿਆ ਵਿੱਚ ਹੈ। ਅੱਜ ਸ੍ਰੀਨਗਰ ਹੈ, ਕੱਲ੍ਹ ਇਹ ਮੁੜ ਲੰਦਨ ਜਾਂ ਨਿਊਯਾਰਕ ਨੂੰ ਆਪਣੇ ਖ਼ੂਨੀ ਪੰਜਿਆਂ ਵਿਚ ਜਕੜ ਸਕਦੀ ਹੈ। ਦਹਿਸ਼ਤ ਦਾ ਦੈਂਤ ਕਰਾਚੀ ਅਤੇ ਲਾਹੌਰ ਵਿਚ ਵੀ ਅਕਸਰ ਹੀ ਦਨਦਨਾਉਂਦਾ ਦਖਾਈ ਦਿੰਦਾ ਹੈ। ਕਾਬੁਲ ਤੇ ਬਗ਼ਦਾਦ ਦੀ ਤਾਂ ਹੋਣੀ ਹੀ ਦਹਿਸ਼ਤ ਹੈ ਅਤੇ ਕੱਲ੍ਹ ਨੂੰ ਤਹਿਰਾਨ ਦੀਆਂ ਗਲੀਆਂ ਵਿਚ ਵੀ ਦਹਿਸ਼ਤ ਦਾ ਰਾਜ ਕਾਇਮ ਕਰਨ ਦੀਆਂ ਸਕੀਮਾਂ ਘੜੀਆਂ ਜਾ ਰਹੀਆਂ ਹਨ। ਸੋ, ਦਹਿਸ਼ਤ ਇਕ ਪਰਤੀ ਨਹੀਂ ਸਗੋਂ ਦਹਿਸ਼ਤ ਦੇ ਅਨੇਕਾਂ-ਅਨੇਕ ਰੂਪ ਹਨ। ਲੋੜ ਦਹਿਸ਼ਤਵਾਦ ਦੇ ਮੂਲ ਕਾਰਣਾਂ ਨੂੰ ਜਾਨਣ-ਪਰਖਣ ਦੀ ਹੈ।

ਸਭ ਤੋਂ ਪਹਿਲਾਂ ਇਹ ਸਮਝ ਲੈਣਾ ਜ਼ਰੂਰੀ ਹੈ ਕਿ ਕੀ ਕੋਈ ਵੀ ਧਰਮ ਦਹਿਸ਼ਤਵਾਦ ਦਾ ਪਾਠ ਨਹੀਂ ਪੜ੍ਹਾਉਂਦਾ। ਜਿਹੜੇ ਲੋਕ ਦਹਿਸ਼ਤਗਰਦੀ ਨੂੰ ਧਰਮ ਨਾਲ ਜੋੜਨ ਦੀ ਕੋਸ਼ਿਸ਼ ਵਿਚ ਹਨ ਉਹ ਕਿਸੇ ਭਰਮ, ਅਗਿਆਨਤਾ ਅਤੇ ਜਾਂ ਫਿਰ ਕਿਸੇ ਗੁਮਰਾਹਕੁੰਨ ਪ੍ਰਚਾਰ ਦਾ ਸ਼ਿਕਾਰ ਹਨ। ਧਰਮ ਦਾ ਕਦੇ ਵੀ ਦਹਿਸ਼ਤਗਰਦੀ ਨਾਲ ਕੋਈ ਸਬੰਧ ਨਹੀਂ ਰਿਹਾ। ਹਾਂ, ਧਰਮ ਦੇ ਨਾਂਅ 'ਤੇ ਆਪੋ-ਆਪਣੀਆਂ ਹੱਟੀਆਂ ਚਲਾਉਣ ਵਾਲਿਆਂ ਨੇ ਜ਼ਰੂਰ ਕੱਟੜਵਾਦ ਨੂੰ ਅਕਸਰ ਹੀ ਹਵਾ-ਪਾਣੀ ਮੁਹੱਈਆ ਕਰਵਾਉਣ ਵਿਚ ਅਹਿਮ ਯੋਗਦਾਨ ਪਾਇਆ ਹੈ। ਕੱਟੜ ਮੁਸਲਮਾਨ, ਹਿੰਦੂ, ਸਿੱਖ ਜਾਂ ਈਸਾਈ ਨਹੀਂ ਹੁੰਦਾ। ਆਮ ਬੰਦੇ ਵਿਚ ਕੱਟੜਤਾ ਅਤੇ ਜਨੂੰਨ ਭਰਨ ਦਾ ਕੰਮ ਕੱਟੜ ਪੰਥੀ ਅਤੇ ਪਿਛਾਖੜੀ ਤਾਕਤਾਂ ਕਰਦੀਆਂ ਹਨ। ਧਰਮ ਵਿਚ ਯਕੀਨ ਰੱਖਣ ਵਾਲਾ ਹਰ ਆਮ ਬੰਦਾ ਤਾਂ ਆਪਣੇ ਪਰਿਵਾਰ ਵਿਚ ਬੈਠ ਕੇ ਸੁਖਚੈਨ ਨਾਲ ਦੋ ਵਕਤ ਦੀ ਰੋਟੀ ਹੀ ਖਾਣਾ ਚਾਹੁੰਦਾ ਹੈ। ਦੋ ਵਕਤ ਦੀ ਰੋਟੀ ਦੇ ਜੁਗਾੜ ਲਈ ਹੀ ਉਹ ਰੇਲਾਂ-ਬੱਸਾਂ ਵਿਚ ਆਪਣੇ ਕੰਮ 'ਤੇ ਜਾਣ ਲਈ ਸਫ਼ਰ ਕਰਦਾ ਹੈ ਕਿ ਅਚਾਨਕ ਮੁੰਬਈ, ਸ੍ਰੀਨਗਰ ਜਾਂ ਕਰਾਚੀ ਵਾਪਰ ਜਾਂਦੀ ਹੈ। ਪਿਛਲੇ ਕੁਝ ਕੁ ਵਰ੍ਹਿਆਂ ਤੋਂ ਬੁਰੀ ਤਰ੍ਹਾਂ ਇਹ ਸਾਬਿਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਸੰਸਾਰ ਦੇ ਸਾਰੇ ਮੁਸਲਮਾਨ ਹੀ ਦਹਿਸ਼ਤਗਰਦ ਹਨ। ਇਸ ਤਰ੍ਹਾਂ ਦੇ ਪ੍ਰਚਾਰ ਨੂੰ ਵਿਸ਼ਵ ਵਾਪਰ ਕੇਂਦਰ (ਨਿਊਯਾਰਕ) ਅਤੇ ਲੰਦਨ 'ਤੇ ਹਮਲਿਆਂ ਤੋਂ ਬਾਅਦ ਵਧੇਰੇ ਹਵਾ ਦਿੱਤੀ ਗਈ ਹੈ।

ਇਥੇ ਹੀ ਥੋੜ੍ਹਾ ਰੁਕ ਕੇ, ਦਿਮਾਗ ਨੂੰ ਥੋੜ੍ਹਾ ਆਰਾਮ ਦੇਣ ਤੋਂ ਬਾਅਦ ਸੋਚਣ ਦੀ ਲੋੜ ਹੈ ਕਿ ਅਮਰੀਕਾ ਅਤੇ ਉਸਦੇ ਹਮਜੋਲੀ ਜਿਸਨੂੰ ਇਸਲਾਮੀ ਦਹਿਸ਼ਤਗਰਦੀ ਦਾ ਨਾਂਅ ਦਿੰਦੇ ਹਨ ਉਹ ਪੈਦਾ ਕਿਥੋਂ ਹੁੰਦਾ ਹੈ? ਦੁਨੀਆ ਜਾਣਦੀ ਹੈ ਕਿ ਅਫ਼ਗਾਨਿਸਤਾਨ ਵਿਚੋਂ ਸੋਵੀਅਤ ਯੂਨੀਅਨ ਦੀਆਂ ਫ਼ੌਜਾਂ ਅਤੇ ਉਸਦੀ ਥਾਪੀ ਅਫ਼ਗਾਨੀ ਸਰਕਾਰ ਨੂੰ ਖਦੇੜਨ ਦੇ ਮਕਸਦ ਨਾਲ ਹੀ ਅਮਰੀਕਾ ਨੇ ਉਸਾਮਾ ਬਿਨ ਲਾਦੇਨ ਨਾਂਅ ਦਾ ਇਕ ਜਿੰਨ ਤਿਆਰ ਕੀਤਾ। ਅਮਰੀਕਾ ਨੇ ਅਫ਼ਗਾਨਿਸਤਾਨ ਤੋਂ ਮਾਸਕੋ ਨੂੰ ਭਜਾਉਣ ਵਾਸਤੇ ਉਦੋਂ ਲਾਦੇਨ ਨੂੰ ਅਰਬਾਂ ਡਾਲਰ ਅਤੇ ਬੇਹਿੱਤਹਾ ਗੋਲਾ ਬਾਰੂਦ ਮੁਹੱਈਆ ਕਰਵਾਇਆ। ਉਹੀ ਲਾਦੇਨ ਬਾਅਦ ਅਮਰੀਕਾ ਦੀ ਸਭ ਤੋਂ ਵੱਡੀ ਸਿਰ ਪੀੜ ਬਣ ਗਿਆ ਤੇ ਜਦੋਂ ਉਹਦੀ ਲੋੜ ਖ਼ਤਮ ਹੋ ਗਈ ਉਸ ਨੂੰ ਵੀ ਖ਼ਤਮ ਕਰ ਦਿੱਤਾ ਗਿਆ। ਇਤਿਹਾਸ ਗਵਾਹ ਹੈ ਕਿ ਕਿਸੇ ਵੀ ਮੁਲਕ ਵਲੋਂ ਕਿਸੇ ਹੋਰ ਮੁਲਕ ਵਿਰੁੱਧ ਜਾਂ ਕਿਸੇ ਖਾਸ ਮਕਸਦ ਦੀ ਪ੍ਰਾਪਤੀ ਲਈ ਅਕਸਰ ਹੀ 'ਲਾਦੇਨ' ਪੈਦਾ ਕੀਤੇ ਜਾਂਦੇ ਹਨ ਅਤੇ ਹਾਲਾਤ ਇਸ ਤਰ੍ਹਾਂ ਦੇ ਬਣ ਜਾਂਦੇ ਹਨ ਕਿ ਅਕਸਰ ਹੀ 'ਇਹ ਜਿੰਨ' ਆਪ-ਮੁਹਾਰੇ ਹੋ ਜਾਂਦੇ ਹਨ। ਅਮਰੀਕਾ ਅਤੇ ਲਾਦੇਨ ਦੇ ਮਾਮਲੇ ਵਿਚ ਵੀ ਇਹੀ ਹੋਇਆ-ਵਾਪਰਿਆ ਹੈ। ਅਸਲ ਵਿਚ ਇਸ ਵਕਤ ਅਮਰੀਕਨ ਸਾਮਰਾਜ ਦੇ ਸਾਹਮਣੇ ਸਿਰਫ਼ ਤੇ ਸਿਰਫ਼ ਬਾਜ਼ਾਰ ਹੈ। ਅਮਰੀਕਾ ਵਿਸ਼ਵ-ਬਾਜ਼ਾਰ 'ਤੇ ਕਬਜਾ ਕਰਨ ਲਈ ਇਹ ਜ਼ਰੂਰੀ ਸਮਝਦਾ ਹੈ ਕਿ ਪੈਟਰੋਲੀਅਮ ਅਧਾਰਤ ਅਰਥਚਾਰੇ 'ਤੇ ਕਬਜਾ ਜਮਾਇਆ ਜਾਵੇ। ਇਸੇ ਕਰਕੇ ਅਮਰੀਕਾ ਦੀ ਲੋਟੂ ਅੱਖ ਸਦਾ ਹੀ ਅਰਬ ਮੁਲਕਾਂ ਦੇ ਤੇਲ ਦੇ ਭੰਡਾਰਾਂ 'ਤੇ ਰਹੀ ਹੈ।

ਇਸੇ ਲਈ ਦਹਿਸ਼ਤਗਰਦੀ ਨਾਲ ਇਸਲਾਮ ਨੂੰ ਜੋੜਨ ਦੀਆਂ ਕੁੱਚਜੀਆਂ ਚਾਲਾਂ ਅਮਰੀਕਾ ਚਲੱਦਾ ਹੈ। ਸੱਚ ਇਹ ਹੈ ਕਿ ਕੋਈ ਵੀ ਗੱਲ ਸਿਆਸੀ ਆਰਥਕਤਾ ਦੇ ਘੇਰੇ ਵਿਚੋਂ ਬਾਹਰ ਨਹੀਂ ਹੋ ਸਕਦੀ। ਇਸ ਸਾਰੇ ਵਰਤਾਰੇ ਨੂੰ ਇਸੇ ਨਜ਼ਰੀਏ ਤੋਂ ਸਮਝਣ ਦੀ ਜ਼ਰੂਰਤ ਹੈ। ਸਭ ਤੋਂ ਮਹੱਤਵਪੂਰਨ ਘੋਖਣ ਵਾਲੀ ਗੱਲ ਇਹ ਹੈ ਕਿ ਗਲੋਬਲੀ ਦਹਿਸ਼ਤ ਦੇ ਦੌਰ ਦੇ ਦੌਰਾਨ ਵੀ ਧਮਾਕੇ ਅਮਰੀਕਾ ਜਾਂ ਅਮਰੀਕੀ ਨੀਤੀਆਂ ਦੇ 'ਯੈਸ ਮੈਨ' ਬਣੇ ਮੁਲਕਾਂ ਵਿਚ ਹੀ ਕਿਉਂ ਹੋ ਰਹੇ ਹਨ? ਇਹਦੇ 'ਤੇ ਜ਼ਰੂਰ ਵਿਚਾਰ ਕਰਨਾ। ਇਹਦੇ 'ਤੇ ਡੂੰਘਾ ਵਿਚਾਰ ਹੀ ਸੱਚਾਈ ਦੱਸੇਗਾ ਕਿ ਅਸਲ ਵਿਚ ਟਕਰਾਅ ਕਿਉਂ ਅਤੇ ਕਾਹਦੇ ਲਈ ਹੈ ਅਤੇ ਸਿਆਸੀ ਆਰਥਕਤਾ 'ਤੇ ਕਬਜ਼ੇ ਦੀ ਲੜਾਈ ਦੇ ਕੀ ਅਰਥ ਹਨ। ਭਾਰਤ ਅਤੇ ਪਾਕਿਸਤਾਨ ਦੋਵਾਂ ਨੂੰ ਹੀ ਅਮਰੀਕਾ ਹਥਿਆਰ ਵੇਚਦਾ ਹੈ। ਅਮਰੀਕਾ ਹੀ ਦੁਨੀਆ ਦਾ ਸਭ ਤੋਂ ਵੱਡਾ ਹਥਿਆਰ ਨਿਰਮਾਤਾ ਅਤੇ ਵਪਾਰੀ ਹੈ. ਸੰਸਾਰ ਭਰ ਵਿਚ ਨਸ਼ਿਆਂ ਦੇ ਚੱਲ ਰਹੇ ਵਪਾਰ ਦਾ ਮੁੱਖ ਸਰਗਨਾ ਵੀ ਅਮਰੀਕਾ ਹੀ ਹੈ। ਤਬਾਹੀ ਦੇ ਨਵੇਂ-ਨਵੇਂ ਹਥਿਆਰਾਂ ਦੀ ਖੋਜ ਵੀ ਅਮਰੀਕਾ ਵਿਚ ਹੀ ਹੁੰਦੀ ਹੈ। ਇਨ੍ਹਾਂ ਸਾਰੀਆਂ ਗੱਲਾਂ ਨੂੰ ਧਿਆਨ ਵਿਚ ਰੱਖ ਕੇ ਹੀ ਸਹੀ ਸਿੱਟੇ 'ਤੇ ਪਹੁੰਚਿਆ ਜਾ ਸਕਦਾ ਹੈ।

ਉਦਯੋਗਾਂ ਨੂੰ ਝਟਕਾ

ਪੰਜਾਬ 'ਚ ਹੁਣ ਤਕ ਸ਼ੁਰੂ ਨਹੀਂ ਹੋ ਸਕਿਆ ਕੋਈ ਕੰਮ

# ਮਹਿੰਗੀ ਜ਼ਮੀਨ ਦੇ ਘੇਰੇ 'ਚ ਫਸਿਆ ਸਨਅਤੀ ਜ਼ੋਨ

ਚੰਡੀਗੜ੍ਹ (ਇੰਦਰਪ੍ਰੀਤ ਸਿੰਘ) : ਸਨਅਤੀ ਖੇਤਰ ਨੂੰ ਪ੍ਰਫੁੱਲਤ ਕਰਨ ਦੇ ਇਰਾਦੇ ਨਾਲ ਕੇਂਦਰ ਸਰਕਾਰ ਵਲੋਂ ਸੂਬਿਆਂ ਨੂੰ ਕੌਮੀ ਸਨਅਤੀ ਜ਼ੋਨ ਦਿੱਤਾ ਗਿਆ ਸੀ ਪਰ ਇਹ ਜ਼ੋਨ ਪੰਜਾਬ ਹੱਥੋਂ ਡਿਗ ਸਕਦਾ ਹੈ ਕਿਉਂਕਿ ਇਸ ਲਈ ਪੰਜਾਬ ਸਰਕਾਰ ਵਲੋਂ ਅਜੇ ਤਕ ਕੋਈ ਕਦਮ ਨਹੀਂ ਚੁੱਕੇ ਗਏ। ਇਸ ਦਾ ਕਾਰਨ ਪੰਜਾਬ ਵਿਚ ਜ਼ਮੀਨ ਦਾ ਮਹਿੰਗਾ ਹੋਣਾ ਦੱਸਿਆ ਜਾ ਰਿਹਾ ਹੈ। ਕੇਂਦਰ ਸਰਕਾਰ ਨੇ ਚਾਰ ਨਵੰਬਰ 2011 ਨੂੰ ਕੌਮੀ ਸਨਅਤੀ ਨੀਤੀ ਬਣਾਈ ਸੀ, ਜਿਸ ਤਹਿਤ ਇਹ ਜ਼ੋਨ ਬਣਾਉਣਾ ਤੈਅ ਹੋਇਆ ਸੀ। ਈਸਟਰਨ ਅਤੇ ਵੈਸਟਰਨ ਫ਼੍ਰੇਟ ਕਾਰੀਡੋਰ ਵੀ ਇਸੇ ਦਾ ਹਿੱਸਾ ਹੈ। ਜ਼ੋਨ ਵਿਚ ਬਣਨ ਵਾਲੇ ਮਾਲ ਦੀ ਢੋਆਈ ਇਸੇ ਲਾਂਘੇ ਰਾਹੀਂ ਹੋਣੀ ਹੈ।

**12.5**
ਹਜ਼ਾਰ ਏਕੜ ਵਿਚ ਬਣਾਇਆ ਜਾਣਾ ਹੈ ਜ਼ੋਨ



- ਸੂਬੇ ਵਿਚ ਜ਼ਮੀਨ ਦੇ ਭਾਅ ਔਸਤਨ 50 ਲੱਖ ਰੁਪਏ ਪ੍ਰਤੀ ਏਕੜ ਹਨ
- ਇਕ ਥਾਂ 'ਤੇ ਇੰਨੀ ਜ਼ਮੀਨ ਮਿਲਣਾ ਵੀ ਮੁਸ਼ਕਲ, ਬਦਲ ਲੱਭਣ 'ਚ ਉਲਝੀ ਸਰਕਾਰ

## ਇਹ ਹੈ ਯੋਜਨਾ

ਦੇਸ਼ ਵਿਚ ਉਦਯੋਗਿਕ ਖੇਤਰ ਵਿਚ ਪਛੜਣ ਕਾਰਨ ਇਹ ਨੀਤੀ ਬਣਾਈ ਗਈ ਹੈ। ਇਸ ਵਿਚ ਸੂਬਾ ਸਰਕਾਰ ਵਲੋਂ ਜ਼ਮੀਨ ਐਕਵਾਇਰ ਕਰ ਕੇ ਇਸ ਲਈ ਵਿਸ਼ੇਸ਼ ਤੌਰ 'ਤੇ ਅਜਿਹਾ ਪ੍ਰਬੰਧ ਕੀਤਾ ਜਾਣਾ ਹੈ, ਜਿਸ ਵਿਚ ਉਦਯੋਗਪਤੀ ਵੀ ਇਸ ਦਾ ਹਿੱਸਾ ਹੋਣਗੇ। ਜ਼ੋਨ ਵਿਚ ਛੋਟੇ ਉਦਯੋਗਾਂ ਨੂੰ ਵਿਕਸਤ ਕਰਨ ਦੀ ਯੋਜਨਾ ਹੈ, ਜਿਸ ਨਾਲ ਲੋਕਾਂ ਨੂੰ ਰੁਜ਼ਗਾਰ ਮੁਹੱਈਆ ਹੋ ਸਕੇ।

## ਇਹ ਰਿਆਇਤਾਂ ਮਿਲਦੀਆਂ ਹਨ

ਜ਼ੋਨ ਵਿਚ ਸਥਾਪਤ ਹੋਣ ਵਾਲੀਆਂ ਯੂਨਿਟਾਂ ਨੂੰ ਵੈਟ, ਸੀ.ਐਸ.ਟੀ., ਇਨਕਮ ਟੈਕਸ ਵਿਚ ਛੋਟ ਦੇਣ ਦਾ ਪ੍ਰਸਤਾਵ ਹੈ। ਵਿਭਾਗੀ ਸੂਤਰਾਂ ਅਨੁਸਾਰ ਜ਼ੋਨ ਵਿਚ ਸਥਾਪਤ ਹੋਣ ਵਾਲੇ ਕਿਸੇ ਵੀ ਉਦਯੋਗ ਨੂੰ ਕਿਸੇ ਕਿਸਮ ਦੀ ਮਨਜ਼ੂਰੀ ਲੈਣ ਦੀ ਜ਼ਰੂਰਤ ਨਹੀਂ ਪਵੇਗੀ। ਸਾਰੀਆਂ ਮਨਜ਼ੂਰੀਆਂ ਪਹਿਲਾਂ ਤੋਂ ਲੈ ਕੇ ਹੀ ਜ਼ੋਨ ਸਥਾਪਤ ਕੀਤਾ ਜਾਵੇਗਾ।

### ਕੀ-ਕੀ ਬਣਨਾ ਹੈ ?

ਸਨਅਤੀ ਜ਼ੋਨ ਦੇ ਇਕ ਹਿੱਸੇ ਵਿਚ ਉਦਯੋਗ ਲੱਗਣਗੇ, ਜਦਕਿ ਉਨ੍ਹਾਂ ਵਿਚ ਕੰਮ ਕਰਨ ਵਾਲਿਆਂ ਲਈ ਰਿਹਾਇਸ਼ੀ ਖੇਤਰ ਹੋਵੇਗਾ। ਇਸ ਤੋਂ ਇਲਾਵਾ ਤਕਨੀਕੀ ਸਿੱਖਿਆ ਦੀਆਂ ਸੰਸਥਾਵਾਂ ਵੀ ਬਣਾਈਆਂ ਜਾਣਗੀਆਂ, ਜਿਸ ਵਿਚ ਉਦਯੋਗ ਨੂੰ ਜਿਸ ਤਰ੍ਹਾਂ ਦੀ ਤਕਨੀਕ ਦੀ ਜ਼ਰੂਰਤ ਹੈ, ਉਹ ਇਥੇ ਸਥਾਪਤ ਕੀਤੀ ਜਾ ਸਕੇ।

## ਪੰਜਾਬ ਲਈ



ਕੀ ਲਾਭ

1. ਉਦਯੋਗਿਕ ਨਿਵੇਸ਼ ਵਧੇਗਾ
2.
3. ਰੈਵਨਿਊ ਵਿਚ ਹੋਵੇਗਾ ਵਾਧਾ

### ਉਦਯੋਗਪਤੀਆਂ ਲਈ

- ਸੂਬੇ ਵਿਚ ਉਦਯੋਗਿਕ ਨਿਵੇਸ਼ ਵਿਚ ਆਈ ਸਥਿਰਤਾ ਖ਼ਤਮ ਹੋਵੇਗੀ
- ਮਿਡਲ ਈਸਟ ਦੇਸ਼ ਵਿਚ ਨਿਰਯਾਤ ਵਧਣ ਦੀਆਂ ਸੰਭਾਵਨਾਵਾਂ
- ਮਿਹਨਤੀ ਲੋਕਾਂ ਦੀ ਮੰਗ ਵਧੇਗੀ

### ਨੌਜਵਾਨਾਂ ਲਈ

- ਉਦਯੋਗ ਦੀ ਮੰਗ ਅਨੁਸਾਰ ਤਕਨੀਕੀ ਸੰਸਥਾਵਾਂ ਖੁੱਲ੍ਹਣਗੀਆਂ
- ਰੁਜ਼ਗਾਰ ਦੇ ਮੌਕੇ ਮਿਲਣਗੇ
- ਬਾਹਰ ਜਾਣ ਵਾਲੇ ਨੌਜਵਾਨਾਂ ਨੂੰ ਸੂਬੇ ਵਿਚ ਹੀ ਕੰਮ ਮਿਲ ਸਕੇਗਾ

## ਇਥੇ ਫਸੀ ਗਰਾਰੀ : ਪੰਜਾਬ ਕਹਿੰਦਾ ਮਹਿੰਗਾ ਸੌਦਾ

ਪੰਜਾਬ ਵਿਚ ਜ਼ਮੀਨ ਦੀਆਂ ਕੀਮਤਾਂ ਕਾਫ਼ੀ ਜ਼ਿਆਦਾ ਹਨ। ਔਸਤਨ 50 ਲੱਖ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਜ਼ਮੀਨ ਮਿਲ ਰਹੀ ਹੈ। ਮਾਨਸਾ ਅਤੇ ਕੰਡੀ ਵਰਗੇ ਇਲਾਕਿਆਂ ਵਿਚ ਵੀ 35 ਲੱਖ ਰੁਪਏ ਪ੍ਰਤੀ ਏਕੜ ਤੋਂ ਘੱਟ ਜ਼ਮੀਨ ਨਹੀਂ ਮਿਲ ਰਹੀ। ਅਜਿਹੇ ਵਿਚ ਇਕੱਠੀ ਪੰਜ ਹਜ਼ਾਰ ਹੈਕਟੇਅਰ (ਯਾਨੀ ਸਾਢੇ ਬਾਰ੍ਹਾਂ ਹਜ਼ਾਰ ਏਕੜ) ਜ਼ਮੀਨ ਪ੍ਰੋਜੈਕਟ ਲਈ ਇਕ ਥਾਂ ਮਿਲਣੀ ਵੀ ਮੁਸ਼ਕਲ ਹੋ ਰਹੀ ਹੈ। ਸਰਕਾਰ ਨੇ ਜ਼ਮੀਨ ਐਕਵਾਇਰ ਕਰ ਕੇ ਡਿਵੈਲਪਰ ਨੂੰ ਦੇਣੀ ਹੈ। ਜਿਸ ਭਾਅ ਨਾਲ ਜ਼ਮੀਨ ਖ਼ਰੀਦ ਕੇ ਉਦਯੋਗਪਤੀਆਂ ਨੂੰ ਦਿੱਤੀ ਜਾਣੀ ਹੈ, ਓਨੀ 'ਤੇ ਛੋਟਾ ਉਦਯੋਗ ਲਾਉਣਾ ਜਾਇਜ਼ ਨਹੀਂ।

**62,500**
ਕਰੋੜ ਰੁਪਏ ਦੇ ਜ਼ੋਨ ਲਈ 12.50000 ਏਕੜ ਜ਼ਮੀਨ, 50 ਲੱਖ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਪਵੇਗੀ।

## ਹਿੱਸਿਆਂ 'ਚ ਵੰਡ ਕੇ ਬਣਾਉਣ ਦਾ ਪ੍ਰਸਤਾਵ, ਪਰ ਨਿਯਮ ਨਹੀਂ

ਪੰਜਾਬ ਦੋ ਜਾਂ ਤਿੰਨ ਹਿੱਸਿਆ ਵਿਚ ਵੰਡ ਕੇ ਜ਼ੋਨ ਸਥਾਪਤ ਕਰਨ ਦਾ ਪ੍ਰਸਤਾਵ ਵੀ ਕੇਂਦਰ ਨੂੰ ਭੇਜੇਗਾ। ਹਾਲਾਂਕਿ ਕੇਂਦਰ ਸਰਕਾਰ ਵਲੋਂ ਬਣਾਈ ਗਈ ਨੀਤੀ ਵਿਚ ਅਜਿਹੀ ਕੋਈ ਵਿਵਸਥਾ ਨਹੀਂ।

## ਸਾਰੇ ਸੂਬਿਆਂ ਨੂੰ ਦਿੱਤਾ ਗਿਆ ਸੀ ਪ੍ਰਸਤਾਵ

ਉਦਯੋਗਾਂ ਨੂੰ ਪ੍ਰਫੁੱਲਤ ਕਰਨ ਦੇ ਮਕਸਦ ਤਹਿਤ ਇਹ ਪ੍ਰਸਤਾਵ ਸਾਰੇ ਸੂਬਿਆਂ ਨੂੰ ਦਿੱਤਾ ਗਿਆ ਹੈ। ਐਕਵਾਇਰ ਜ਼ਮੀਨ ਨੂੰ ਵਿਕਸਤ ਕਰਨ ਦਾ ਖ਼ਰਚਾ 50 ਫ਼ੀਸਦੀ ਕੇਂਦਰ ਸਰਕਾਰ ਵਲੋਂ ਦਿੱਤਾ ਜਾਣਾ ਹੈ।

## ਬਦਲ ਤਿਆਰ ਕਰਨ ਦੀ ਕਵਾਇਦ

ਉਦਯੋਗ ਵਿਭਾਗ ਦੇ ਨਿਰਦੇਸ਼ਕ ਵਿਕਾਸ ਪ੍ਰਤਾਪ ਸਿੰਘ ਦਾ ਕਹਿਣਾ ਹੈ ਕਿ ਅਸੀਂ ਵੱਡਾ ਜ਼ੋਨ ਬਣਾਉਣ ਦੀ ਬਜਾਏ ਕਲਸਟਰ ਤਿਆਰ ਕਰਨ ਦਾ ਪ੍ਰਸਤਾਵ ਦੇਵਾਂਗੇ, ਜਿਸ ਵਿਚ ਹੋਰੀਜੋਂਟਲ ਦੀ ਬਜਾਏ ਵਰਟੀਕਲ ਯੂਨਿਟ ਸਥਾਪਤ ਕੀਤੇ ਜਾਣਗੇ, ਹੋਰ ਸਬੰਧਤ ਵਿਭਾਗਾਂ ਨੂੰ ਕਿਹਾ ਜਾ ਰਿਹਾ ਹੈ ਕਿ ਉਹ ਨਿੱਜੀ ਡਿਵੈਲਪਰਾਂ ਨਾਲ ਮਿਲ ਕੇ ਰਿਹਾਇਸ਼ੀ ਅਤੇ ਵਿਦਿਅਕ ਸੰਸਥਾਵਾਂ ਨੂੰ ਇਨ੍ਹਾਂ ਕਲਸਟਰਾਂ ਨਾਲ ਯੂਨਿਟ ਸਥਾਪਤ ਕਰਨ ਨੂੰ ਕਹਿਣ, ਅਸੀਂ ਉਸ ਨੂੰ ਜ਼ੋਨ ਦਾ ਹਿੱਸਾ ਮੰਨ ਲਵਾਂਗੇ।

# ਇਟਲੀ ਨੇੜੇ 'ਮਾਲਟਾ ਕਾਂਡ' ਵਰਗਾ ਇਕ ਹੋਰ ਹਾਦਸਾ

## 300 ਅਫਰੀਕੀ ਸ਼ਰਨਾਰਥੀਆਂ ਦੇ ਮਾਰੇ ਜਾਣ ਦਾ ਖਦਸ਼ਾ

ਲੈਂਪੇਡੂਸਾ (ਇਟਲੀ) (ਨਦਬ) : ਇਟਲੀ ਦੇ ਧੁਰ ਦੱਖਣੀ ਟਾਪੂ ਲੈਂਪੇਡੂਸਾ ਨੇੜੇ ਭੂਮੱਧ ਸਾਗਰ ਵਿਚ ਵਾਪਰੇ ਇਕ ਭਿਆਨਕ ਸਮੁੰਦਰੀ ਜਹਾਜ਼ ਹਾਦਸੇ ਵਿਚ 300 ਦੇ ਕਰੀਬ ਅਫਰੀਕੀ ਸ਼ਰਨਾਰਥੀਆਂ ਦੇ ਮਾਰੇ ਜਾਣ ਦਾ ਖਦਸ਼ਾ ਹੈ। ਇਟਲੀ ਸਰਕਾਰ ਨੇ ਇਸ ਘਟਨਾ ਉਤੇ ਡੂੰਘਾ ਦੁੱਖ ਜ਼ਾਹਰ ਕਰਦਿਆਂ ਸਮੁੱਚੇ ਯੂਰਪ ਨੂੰ ਸੱਦਾ ਦਿੱਤਾ ਹੈ ਕਿ ਉਹ ਖਾਸਕਰ ਅਫਰੀਕਾ ਵਾਲੇ ਪਾਸਿਓਂ ਸ਼ਰਨ ਦੀ ਮੰਗ ਨਾਲ ਆਉਣ ਵਾਲੇ ਪਰਵਾਸੀਆਂ ਦੇ ਮਸਲੇ ਦੇ ਹੱਲ ਲਈ ਫੌਰੀ ਕਦਮ ਚੁੱਕੇ। ਪੋਪ ਫਰਾਂਸਿਸ ਨੇ ਵੀ ਇਸ ਘਟਨਾ ਦੇ ਮੱਦੇਨਜ਼ਰ ਅੱਜ ਦੇ ਦਿਨ ਨੂੰ 'ਹੰਝੂਆਂ ਦਾ ਦਿਨ' ਕਰਾਰ ਦਿੱਤਾ ਹੈ ਅਤੇ ਸ਼ਰਨਾਰਥੀਆਂ ਦੀ ਮਾੜੀ ਹਾਲਤ ਵੱਲ ਧਿਆਨ ਨਾ ਦਿੱਤੇ ਜਾਣ ਉਤੇ ਦੁੱਖ ਜ਼ਾਹਰ ਕੀਤਾ ਹੈ। ਦੂਜੇ ਪਾਸੇ ਰਾਹਤਕਾਰੀ ਅੱਜ ਵੀ ਇਸ ਟਾਪੂ ਨੇੜੇ ਸਮੁੰਦਰ ਵਿਚ ਲਾਸ਼ਾਂ ਦੀ ਭਾਲ ਵਿਚ ਲੱਗੇ ਰਹੇ। ਸਮਝਿਆ ਜਾਂਦਾ ਹੈ ਕਿ ਹਾਦਸੇ ਦਾ ਸ਼ਿਕਾਰ ਹੋਏ ਸਮੁੰਦਰੀ ਜਹਾਜ਼ ਵਿਚ 450 ਤੋਂ 500 ਦੇ ਕਰੀਬ ਵਿਅਕਤੀ ਸਵਾਰ ਸਨ ਜਿਨ੍ਹਾਂ ਵਿਚ 155 ਨੂੰ ਬਚਾ ਲਿਆ ਗਿਆ ਤੇ 111 ਲਾਸ਼ਾਂ ਹੁਣ ਤਕ ਮਿਲੀਆਂ ਦੱਸੀਆਂ ਜਾਂਦੀਆਂ ਹਨ। ਰਾਹਤ ਕੰਮਾਂ ਵਿਚ ਜੁਟੇ ਗੋਤਾਖੋਰਾਂ ਨੇ ਕਿਹਾ ਹੈ ਕਿ ਉਨ੍ਹਾਂ ਨੇ ਡੁੱਬੇ ਜਹਾਜ਼ ਦੇ ਅੰਦਰ ਤੇ ਨੇੜੇ-ਤੇੜੇ ਅਨੇਕਾਂ ਲਾਸ਼ਾਂ ਦੇਖੀਆਂ ਹਨ ਜਦੋਂ ਕਿ ਸਮੁੰਦਰ ਵਿਚ ਜ਼ੋਰਦਾਰ ਲਹਿਰਾਂ ਕਾਰਨ ਅਨੇਕਾਂ ਲਾਸ਼ਾਂ ਦੇ ਦੂਰ-ਦੁਰਾਡੇ ਚਲੇ ਜਾਣ ਦਾ ਵੀ ਖਦਸ਼ਾ ਹੈ। ਸਮੁੰਦਰ ਦੇ ਅਸ਼ਾਂਤ ਹੋਣ ਕਾਰਨ ਰਾਹਤ ਕੰਮਾਂ ਵਿਚ ਵੀ ਮੁਸ਼ਕਲ ਆ ਰਹੀ ਸੀ। ਇਹ ਭੂਮੱਧ ਸਾਗਰ ਵਿਚ ਵਾਪਰਿਆ, ਹੁਣ ਤਕ ਦਾ ਸ਼ਰਨਾਰਥੀਆਂ ਸਬੰਧੀ ਸਭ ਤੋਂ ਵੱਡਾ ਹਾਦਸਾ ਸਮਝਿਆ ਜਾਂਦਾ ਹੈ। ਇਟਲੀ ਲਾਗਲੇ ਮਾਲਟਾ ਟਾਪੂ ਨੇੜੇ ਕਰੀਬ ਦੋ ਦਹਾਕੇ ਪਹਿਲਾਂ ਅਨੇਕਾਂ ਪੰਜਾਬੀ ਵੀ ਅਜਿਹੇ ਇਕ ਹਾਦਸੇ ਵਿਚ ਮਾਰੇ ਗਏ ਸਨ। ਦੂਜੇ ਪਾਸੇ ਲੈਂਪੇਡੂਸਾ ਦੀ ਮੇਅਰ ਗੁਈਜ਼ੀ ਨਿਕੋਲਿਨੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ, "ਉਮੀਦ ਹੈ ਕਿ ਇਨ੍ਹਾਂ ਮੌਤਾਂ ਤੋਂ ਬਾਅਦ ਹਾਲਾਤ ਕੁਝ ਬਦਲਣਗੇ।" ਉਨ੍ਹਾਂ ਕਿਹਾ, "ਲੈਂਪੇਸੂਡਾ ਦਾ ਭਵਿੱਖ ਵੱਡੇ ਪੱਧਰ 'ਤੇ ਪਰਵਾਸ ਤੇ ਸ਼ਰਨ ਨਾਲ ਸਬੰਧਤ ਨੀਤੀਆਂ ਨਾਲ ਜੁੜਿਆ ਹੋਇਆ ਹੈ।" ਮੁਲਕ ਦੇ ਗ੍ਰਹਿ ਮੰਤਰੀ ਐਂਜਲੀਨੋ ਅਲਫਾਨੋ ਨੇ ਇਟਲੀ ਦੀ ਦੱਖਣੀ ਸਮੁੰਦਰੀ ਹੱਦ ਵਿਚ ਗਸ਼ਤ ਲਈ ਵਧੇਰੇ ਯੂਰਪੀ ਸਹਾਇਤਾ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਅਫਰੀਕਾ ਤੋਂ ਆਉਣ ਵਾਲੇ ਸ਼ਰਨਾਰਥੀਆਂ ਨੂੰ ਰੋਕਣ ਲਈ ਹੋਰ ਕਦਮ ਵੀ ਚੁੱਕੇ ਜਾਣੇ ਚਾਹੀਦੇ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ, "ਇਹ ਸਮੁੰਦਰ (ਭੂਮੱਧ ਸਾਗਰ) ਅਫਰੀਕਾ ਤੇ ਯੂਰਪ ਵਿਚਕਾਰ ਇਕ ਹੱਦ ਹੈ। ਇਹ ਮਹਿਜ਼ ਅਫਰੀਕਾ ਤੇ ਸਿਸਲੀ (ਇਟਲੀ ਦਾ ਟਾਪੂ) ਵਿਚਕਾਰ ਹੱਦ ਨਹੀਂ ਹੈ। ਇਸ ਲਈ ਇਸ ਦੀ ਰਾਖੀ ਪੂਰੇ ਯੂਰਪ ਦਾ ਫਰਜ਼ ਹੈ। ਇਕੱਲੇ ਇਟਲੀ ਦਾ ਨਹੀਂ।" ਉਨ੍ਹਾਂ ਯੂਰਪੀ ਯੂਨੀਅਨ ਦੇ ਉਸ ਫੈਸਲੇ ਦੀ ਵੀ ਨਿਖੇਧੀ ਕੀਤੀ, ਜਿਸ ਵਿਚ ਕਿਹਾ ਗਿਆ ਹੈ ਕਿ ਅਫਰੀਕੀ ਸ਼ਰਨਾਰਥੀ ਉਸ ਮੁਲਕ ਵਿਚ ਹੀ ਰਹਿਣਗੇ, ਜਿੱਥੇ ਉਹ ਸਭ ਤੋਂ ਪਹਿਲਾਂ ਆਉਣਗੇ। ਉਨ੍ਹਾਂ ਕਿਹਾ ਕਿ ਇਸ ਕਾਰਨ ਯੂਰਪ ਦੇ ਅਫਰੀਕਾ ਨੇੜਲੇ ਦੱਖਣੀ ਮੁਲਕਾਂ ਨੂੰ ਬਹੁਤ ਮੁਸ਼ਕਲ ਪੇਸ਼ ਆ ਰਹੀ ਹੈ। ਗ਼ੌਰਤਲਬ ਹੈ ਕਿ ਇਹ ਹਾਦਸਾ ਬੀਤੇ ਦਿਨ ਉਦੋਂ ਵਾਪਰਿਆ ਸੀ ਜਦੋਂ 20 ਮੀਟਰ ਲੰਬੇ ਇਸ ਛੋਟੇ ਸਮੁੰਦਰੀ ਜਹਾਜ਼ ਨੂੰ ਟਾਪੂ ਤੋਂ ਕੁਝ ਸੈਂਕੜੇ ਮੀਟਰ ਦੂਰ ਅੱਗ ਲੱਗ ਗਈ ਤੇ ਇਹ ਡੁੱਬ ਗਿਆ। ਅੱਗ ਕਾਰਨ ਲੋਕਾਂ ਨੇ ਸਮੁੰਦਰ ਵਿਚ ਛਾਲਾਂ ਮਾਰ ਦਿੱਤੀਆਂ ਸਨ।



ਇਟਲੀ ਨੇੜੇ ਹਾਦਸੇ ਦਾ ਸ਼ਿਕਾਰ ਹੋਈ ਕਿਸ਼ਤੀ 'ਚੋਂ ਬਚੇ ਕੁਝ ਮੁਸਾਫ਼ਰ।

# ਪੰਜਾਬ ਅਤੇ ਹਰਿਆਣਾ ਦੇ ਹਰ ਜ਼ਿਲ੍ਹੇ ਵਿਚ ਹਜ਼ਾਰਾਂ ਬਾਲ ਮਜ਼ਦੂਰ

## ਸਖ਼ਤ ਕਾਨੂੰਨ ਨੂੰ ਅੰਗੂਠਾ ਦਿਖਾਉਂਦਿਆਂ ਬਾਲ ਮਜ਼ਦੂਰੀ ਜਾਰੀ

ਨਵੀਂ ਦਿੱਲੀ (ਨਦਬ) : ਜਿਨ੍ਹਾਂ ਹੱਥਾਂ ਵਿਚ ਕਿਤਾਬ ਅਤੇ ਕਲਮ ਹੋਣੀ ਚਾਹੀਦੀ ਹੈ, ਬਾਲ ਮਜ਼ਦੂਰੀ ਵਿਰੁੱਧ ਸਖ਼ਤ ਕਾਨੂੰਨ ਹੋਣ ਦੇ ਬਾਵਜੂਦ ਉਹ ਅੱਜ ਵੀ ਮਜ਼ਦੂਰੀ ਕਰਨ ਲਈ ਮਜਬੂਰ ਹਨ। ਲੱਖ ਕੋਸ਼ਿਸ਼ਾਂ ਦੇ ਬਾਵਜੂਦ ਭਾਰਤ ਸਰਕਾਰ ਇਸ ਸਮੱਸਿਆ 'ਤੇ ਰੋਕ ਲਾਉਣ ਵਿਚ ਨਾਕਾਮ ਰਹੀ ਹੈ। ਹਰ ਸਾਲ ਬਾਲ ਮਜ਼ਦੂਰ ਦਿਵਸ 12 ਜੂਨ ਨੂੰ ਇਸ ਸਮੱਸਿਆ 'ਤੇ ਰੋਕ ਲਾਉਣ ਦੇ ਵੱਡੇ-ਵੱਡੇ ਵਾਅਦੇ ਕੀਤੇ ਜਾਂਦੇ ਹਨ ਪਰ ਅੰਕੜਿਆਂ 'ਤੇ ਗੌਰ ਕੀਤਾ ਜਾਵੇ ਤਾਂ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਇਹ ਸਮੱਸਿਆ ਜਿਉਂ ਦੀ ਤਿਉਂ ਹੈ। ਮੌਜੂਦਾ ਸਮੇਂ ਵਿਚ ਦੇਸ਼ ਦੇ ਹਰ ਹਿੱਸੇ ਵਿਚ ਦੁਕਾਨਾਂ, ਦਫ਼ਤਰਾਂ ਅਤੇ ਵੱਖ-ਵੱਖ ਅਦਾਰਿਆਂ ਵਿਚ ਬੱਚੇ ਮਜ਼ਦੂਰੀ ਕਰਦੇ ਹੋਏ ਦੇਖੇ ਜਾ ਸਕਦੇ ਹਨ। ਦਿੱਲੀ ਸਰਕਾਰ ਦੇ ਅਧਿਕਾਰਤ ਅੰਕੜਿਆਂ ਮੁਤਾਬਕ ਰਾਸ਼ਟਰੀ ਰਾਜਧਾਨੀ ਵਿਚ ਹੀ 58 ਹਜ਼ਾਰ ਬਾਲ ਮਜ਼ਦੂਰ ਵੱਖ-ਵੱਖ ਉਦਯੋਗਾਂ ਵਿਚ ਕੰਮ ਕਰ ਰਹੇ ਹਨ। ਉਧਰ ਐਨ.ਜੀ.ਓ., ਬਚਪਨ ਬਚਾਓ ਅੰਦੋਲਨ ਦਾ ਕਹਿਣਾ ਹੈ ਕਿ ਦਿੱਲੀ ਵਿਚ ਘੱਟ ਤੋਂ ਘੱਟ ਇਕ ਲੱਖ ਬਾਲ ਮਜ਼ਦੂਰ ਤਾਂ ਸਿਰਫ਼ ਘਰੇਲੂ ਕੰਮ 'ਤੇ ਲੱਗੇ ਹੋਏ ਹਨ ਅਤੇ ਲਗਭਗ 2 ਲੱਖ ਬੱਚੇ ਚਾਹ ਦੀਆਂ ਦੁਕਾਨਾਂ, ਹੋਟਲ ਦੇ ਕੰਮ, ਨਿਰਮਾਣ ਕਾਰਜਾਂ, ਪਟਾਕੇ ਬਣਾਉਣ, ਕੱਪੜਿਆਂ ਦੀਆਂ ਫੈਕਟਰੀਆਂ ਸਮੇਤ ਛੋਟੇ-ਛੋਟੇ ਉਦਯੋਗਾਂ ਵਿਚ ਮਜ਼ਦੂਰੀ ਕਰ ਰਹੇ ਹਨ।

ਹਰਿਆਣਾ ਦੇ ਵੀ ਹਰ ਜ਼ਿਲ੍ਹੇ ਵਿਚ ਹਜ਼ਾਰਾਂ ਬੱਚੇ ਮਜ਼ਦੂਰੀ ਕਰ ਰਹੇ ਹਨ। ਇਕ ਸਰਵੇਖਣ ਅਨੁਸਾਰ ਫ਼ਰੀਦਾਬਾਦ ਜ਼ਿਲ੍ਹੇ ਵਿਚ ਤਕਰੀਬਨ 18 ਹਜ਼ਾਰ ਬੱਚੇ ਇਸ ਸਮੇਂ ਮਜ਼ਦੂਰੀ ਕਰ ਰਹੇ ਹਨ। ਗੁੜਗਾਓਂ ਵਿਚ ਇਹ ਅੰਕੜਾ 1000 ਤੋਂ ਜ਼ਿਆਦਾ ਹੈ। ਇਕ ਅਨੁਮਾਨ ਅਨੁਸਾਰ ਪਲਵਲ ਜ਼ਿਲ੍ਹੇ ਵਿਚ 2000 ਤੋਂ 3000 ਬਾਲ ਮਜ਼ਦੂਰ ਕੰਮ ਕਰਦੇ ਹਨ। ਰੋਹਤਕ ਜ਼ਿਲ੍ਹੇ ਵਿਚ ਹੋਟਲਾਂ, ਚਾਹ ਦੀਆਂ ਦੁਕਾਨਾਂ ਅਤੇ ਕੰਪਨੀਆਂ ਵਿਚ ਤਕਰੀਬਨ 150 ਤੋਂ 200 ਬਾਲ ਮਜ਼ਦੂਰ ਕੰਮ ਕਰ ਰਹੇ ਹਨ। ਦੂਜੇ ਪਾਸੇ ਬਹਾਦਰਗੜ੍ਹ ਜ਼ਿਲ੍ਹੇ ਵਿਚ ਲਗਭਗ 2 ਹਜ਼ਾਰ ਬਾਲ ਮਜ਼ਦੂਰ ਹਨ। ਇਸੇ ਤਰਾਂ ਝੱਜਰ, ਭਵਾਨੀ, ਫ਼ਤਿਆਬਾਦ, ਪਾਣੀਪਤ, ਸੋਨੀਪਤ, ਕਰਨਾਲ, ਕੁਰੂਕਸ਼ੇਤਰ, ਜੀਂਦ ਅਤੇ ਹਿਸਾਰ ਵਿਚ ਵੀ ਫ਼ੈਕਟਰੀਆਂ, ਦੁਕਾਨਾਂ ਅਤੇ ਢਾਬਿਆਂ ਵਿਚ ਸੈਂਕੜੇ ਬਾਲ ਮਜ਼ਦੂਰ ਕੰਮ ਕਰ ਰਹੇ ਹਨ।

### 2.5 ਕਰੋੜ ਬਾਲ ਮਜ਼ਦੂਰ

ਯੂਨੀਸੈਫ਼ ਅਨੁਸਾਰ ਦੁਨੀਆ ਵਿਚ 2 ਤੋਂ 17 ਸਾਲ ਦੇ ਲਗਭਗ 2.5 ਕਰੋੜ ਬੱਚੇ ਬਾਲ ਮਜ਼ਦੂਰੀ ਵਿਚ ਲੱਗੇ ਹੋਏ ਹਨ। ਇਨ੍ਹਾਂ ਅੰਕੜਿਆਂ ਵਿਚ ਘਰੇਲੂ ਬਾਲ ਮਜ਼ਦੂਰ ਸ਼ਾਮਲ ਨਹੀਂ ਹਨ। ਬਾਲ ਮਜ਼ਦੂਰੀ ਵਿਚ ਬੱਚਿਆਂ ਦਾ ਫ਼ੌਜੀ ਵਰਤੋਂ, ਬਾਲ ਵੇਸ਼ਵਾਗਿਰੀ ਆਦਿ ਸ਼ਾਮਲ ਹੈ।

### ਕਾਰਨ ਹੈ ਆਰਥਕ ਕਮਜ਼ੋਰੀ

ਆਰਥਕ ਤੌਰ 'ਤੇ ਕਮਜ਼ੋਰ ਮਾਤਾ-ਪਿਤਾ ਆਪਣੇ ਬੱਚਿਆਂ ਨੂੰ ਪੜ੍ਹਾ ਨਹੀਂ ਸਕਦੇ। ਇਸ ਤੋਂ ਇਲਾਵਾ ਵੱਡਾ ਪਰਿਵਾਰ ਵੀ ਬਾਲ ਮਜ਼ਦੂਰੀ ਦਾ ਮੁੱਖ ਕਾਰਨ ਹੈ। ਮਾਂ-ਬਾਪ ਵੱਡੇ ਪਰਿਵਾਰਾਂ ਦਾ ਪਾਲਣ-ਪੋਸਣ ਕਰਨ ਵਿਚ ਅਸਮਰਥ ਹੁੰਦੇ ਹਨ, ਜਿਸ ਦੇ ਚਲਦਿਆਂ ਬੱਚਿਆਂ ਨੂੰ ਛੋਟੀ ਉਮਰ ਵਿਚ ਹੀ ਕੰਮ ਕਰਨ ਲਈ ਭੇਜ ਦਿੱਤਾ ਜਾਂਦਾ ਹੈ।



### ਹਾਈ ਕੋਰਟ ਦੇ ਹੁਕਮਾਂ 'ਤੇ ਬਣਿਆ ਕਮਿਸ਼ਨ

ਭਾਰਤ ਵਿਚ ਘਰੇਲੂ ਬਾਲ ਮਜ਼ਦੂਰੀ ਆਮ ਹੈ। ਦੇਸ਼ ਵਿਚ 1986 ਤੋਂ ਬਾਲ ਮਜ਼ਦੂਰੀ ਵਿਰੁੱਧ ਕਾਨੂੰਨ ਹੈ। ਇਸ ਸਮੱਸਿਆ ਨੂੰ ਰੋਕਣ ਦੀ ਬਜਾਏ ਗ਼ੈਰ ਖ਼ਤਰਨਾਕ ਉਦਯੋਗਾਂ ਵਿਚ ਬੱਚਿਆਂ ਨੂੰ ਕੰਮ ਕਰਨ ਦੀ ਮਨਜ਼ੂਰੀ ਦੇਣ ਦਾ ਪ੍ਰਸਤਾਵ ਹੈ। ਇਕ ਐਨ.ਜੀ.ਓ. (ਗ਼ੈਰ ਸਰਕਾਰੀ ਸੰਗਠਨ) ਨੇ ਸਰਕਾਰ ਦੇ ਇਸ ਪ੍ਰਸਤਾਵ ਅਤੇ ਬਾਲ ਅਧਿਕਾਰਾਂ ਦੀ ਉਲੰਘਣਾ 'ਤੇ ਰੋਕ ਲਾਉਣ ਵਿਚ ਸਰਕਾਰ ਦੀ ਅਸਫਲਤਾ ਨੂੰ ਲੈ ਕੇ ਅਦਾਲਤ ਦਾ ਦਰਵਾਜ਼ਾ ਖੜਕਾਇਆ ਸੀ।

ਸੰਸਥਾ ਦੀ ਇਸ ਮੁਹਿੰਮ ਨੇ ਸਰਕਾਰ ਨੂੰ ਹਰਿਆਣਾ, ਪੰਜਾਬ ਅਤੇ ਚੰਡੀਗੜ੍ਹ ਵਿਚ ਬਾਲ ਅਧਿਕਾਰਾਂ ਦੀ ਸੁਰੱਖਿਆ ਲਈ ਕਮਿਸ਼ਨ ਬਣਾਉਣ ਦਾ ਹੁਕਮ ਦਿੱਤਾ। ਐਨ. ਜੀ.ਓ. ਦੀ ਪਟੀਸ਼ਨ 'ਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸਾਰੀਆਂ ਦਲੀਲਾਂ ਅਤੇ ਸੁਝਾਵਾਂ ਨੂੰ ਮੰਨਦੇ ਹੋਏ ਬਾਲ ਮਜ਼ਦੂਰੀ ਮਾਮਲੇ ਵਿਚ 9 ਅਪ੍ਰੈਲ 2013 ਨੂੰ ਅਹਿਮ ਹੁਕਮ ਜਾਰੀ ਕੀਤਾ।



ਬਾਲ ਮਜ਼ਦੂਰੀ ਬਾਰੇ ਸਾਡੀ ਸੋਚ ਵੀ ਬੜੀ ਹੱਦ ਤੱਕ ਜ਼ਿੰਮੇਵਾਰ ਹੈ। ਅਸੀਂ ਆਪਣੇ ਸਾਹਮਣੇ ਗ਼ੈਰ-ਕਾਨੂੰਨੀ ਕੰਮ ਹੁੰਦਿਆਂ ਵੇਖਦੇ ਹਾਂ ਤੇ ਉਦਾਸੀਨ ਬਣੇ ਰਹਿੰਦੇ ਹਾਂ। ਸਾਡੇ ਸਮਾਜ ਦੇ ਬਹੁਤੇ ਲੋਕਾਂ ਵਿਚ ਗ਼ਲਤ ਨੂੰ ਗ਼ਲਤ ਕਹਿਣ ਦੀ ਹਿੰਮਤ ਮੁੱਕ ਗਈ ਹੈ। ਅਸੀਂ ਆਪਣੀਆਂ ਅੱਖਾਂ ਸਾਹਮਣੇ ਅਨਿਆਂ ਅਤੇ ਜ਼ੁਲਮ ਵੇਖਦੇ ਹੋਏ ਵੀ ਚੁੱਪ ਰਹਿੰਦੇ ਹਾਂ ਜਾਂ ਅੱਖਾਂ ਚੁਰਾ ਕੇ ਨਿਕਲ ਜਾਂਦੇ ਹਾਂ। ਸਰਕਾਰੀ ਕਾਨੂੰਨ ਕਹਿੰਦਾ ਹੈ ਕਿ 14 ਵਰ੍ਹੇ ਤੋਂ ਘੱਟ ਉਮਰ ਦੇ ਕਿਸੇ ਬੱਚੇ ਕੋਲੋਂ ਮਜ਼ਦੂਰੀ ਕਰਾਉਣਾ ਅਪਰਾਧ ਹੈ ਪਰ ਇਸ ਕਾਨੂੰਨ ਦੀ ਕੋਈ ਪ੍ਰਵਾਹ ਨਹੀਂ ਕਰਦਾ। ਅੱਜ ਦੀ ਹਾਲਤ ਇਹ ਹੈ ਕਿ ਇਸ ਦੇਸ਼ ਵਿਚ ਬਾਲ ਮਜ਼ਦੂਰਾਂ ਦੀ ਗਿਣਤੀ ਦੁਨੀਆ ਦੇ ਕਿਸੇ ਵੀ ਦੇਸ਼ ਨਾਲੋਂ ਵੱਧ ਹੈ।

ਬਾਲ ਮਜ਼ਦੂਰੀ ਦੀ ਸਮੱਸਿਆ ਵਿਸ਼ਵ ਵਿਆਪੀ ਸਮੱਸਿਆ ਹੈ। ਜਿਨ੍ਹਾਂ ਦੇਸ਼ਾਂ ਨੇ ਇਸ ਸਮੱਸਿਆ ਤੋਂ ਪੂਰੀ ਜਾਂ ਅਧੂਰੀ ਮੁਕਤੀ ਪਾਈ ਹੈ, ਉਨ੍ਹਾਂ ਇਹ ਸਿੱਟਾ ਕੱਢਿਆ ਹੈ ਕਿ ਜਦੋਂ ਤੱਕ ਮੁੱਢਲੀ ਪ੍ਰਾਇਮਰੀ ਸਿੱਖਿਆ ਨੂੰ ਬੱਚੇ ਦਾ ਬੁਨਿਆਦੀ ਹੱਕ ਮੰਨ ਕੇ ਜ਼ਰੂਰੀ ਨਹੀਂ ਬਣਾਇਆ ਜਾਏਗਾ, ਉਦੋਂ ਤੱਕ ਇਸ ਸਮੱਸਿਆ ਨੂੰ ਹੱਲ ਨਹੀਂ ਕੀਤਾ ਜਾ ਸਕਦਾ।

*– ਹਰਪ੍ਰੀਤ ਸਿੰਘ ਮੋਗਾ*

## ਦੇਸ਼ ਵਿਚ ਬਾਲ ਮਜ਼ਦੂਰਾਂ ਦੀ ਸਥਿਤੀ

**06** ਵੱਖ-ਵੱਖ ਸੰਗਠਨਾਂ ਅਨੁਸਾਰ 06 ਕਰੋੜ ਬਾਲ ਮਜ਼ਦੂਰ ਹਨ ਦੇਸ਼ ਵਿਚ।

**21.73** ਲੱਖ ਬੱਚੇ ਫ਼ੈਕਟਰੀਆਂ ਅਤੇ ਕਾਰਖ਼ਾਨਿਆਂ ਵਿਚ ਕੰਮ ਕਰਦੇ ਹਨ।

**50** ਲੱਖ ਤੋਂ ਜ਼ਿਆਦਾ ਬਾਲ ਮਜ਼ਦੂਰ 10 ਤੋਂ 14 ਸਾਲ ਦੇ।

**08** ਲੱਖ ਤੋਂ ਜ਼ਿਆਦਾ ਬਾਲ ਮਜ਼ਦੂਰ ਪੰਜ ਤੋਂ 9 ਸਾਲ ਦੀ ਉਮਰ ਦੇ।




**6.57** ਲੱਖ ਬੱਚੇ ਉਸਾਰੀ ਦੇ ਖੇਤਰ ਵਿਚ ਕਰਦੇ ਹਨ ਕੰਮ।

**4.72** ਲੱਖ ਬੱਚੇ ਖੇਤੀਬਾੜੀ ਵਿਚ ਕਰਦੇ ਹਨ ਮਜ਼ਦੂਰੀ।

**02** ਲੱਖ ਬੱਚੇ ਘਰੇਲੂ ਨੌਕਰ, ਢਾਬੇ, ਚਾਹ ਦੀਆਂ ਦੁਕਾਨਾਂ ਅਤੇ ਹੋਟਲਾਂ ਵਿਚ ਕੰਮ ਕਰਦੇ ਹਨ।

**02** ਕਰੋੜ ਤੋਂ ਜ਼ਿਆਦਾ ਬਾਲ ਮਜ਼ਦੂਰ 15 ਤੋਂ 17 ਸਾਲ ਤਕ ਦੇ।

## ਬਾਲ ਮਜ਼ਦੂਰੀ

*ਵਕਤ ਤੋਂ ਪਹਿਲਾਂ ਵੱਡੇ ਹੁੰਦੇ ਬੱਚੇ, ਨਾਜ਼ੁਕ ਮੋਢਿਆਂ 'ਤੇ ਜ਼ਿੰਮੇਵਾਰੀਆਂ ਦਾ ਬੋਝ ਢੋਂਦੇ ਬੱਚੇ। ਕੀ ਵੱਡਾ ਕੀ ਛੋਟਾ ਸ਼ਹਿਰ, ਹਰ ਥਾਂ ਅਜਿਹੇ ਬੱਚਿਆਂ ਦੀ ਭਰਮਾਰ ਹੈ। ਜੋ ਹਾਲਤਾਂ ਦੇ ਚਲਦਿਆਂ ਬਾਲ ਮਜ਼ਦੂਰੀ ਦੀ ਗ੍ਰਿਫ਼ਤ ਵਿਚ ਫਸ ਕੇ ਅਪਣਾ ਬਚਪਨ ਗੁਆ ਚੁੱਕੇ ਹਨ। ਸਿਰਫ਼ ਮਜ਼ਦੂਰੀ ਹੀ ਨਹੀਂ ਹੈ, ਇਸ ਤੋਂ ਇਲਾਵਾ ਇਨ੍ਹਾਂ ਬੱਚਿਆਂ ਨੂੰ ਕਈ ਕੁਕਰਮਾਂ ਅਤੇ ਸਜ਼ਾਵਾਂ ਦਾ ਸ਼ਿਕਾਰ ਹੋਣਾ ਵੀ ਹੋਣਾ ਪੈਂਦਾ ਹੈ। ਇਹ ਸਾਲ ਸੰਯੁਕਤ ਰਾਸ਼ਟਰ ਅਤੇ ਕੌਮਾਂਤਰੀ ਮਜ਼ਦੂਰ ਸੰਗਠਨ ਨੇ ਬੱਚਿਆਂ ਦੀ ਵਰਤੋਂ ਬਤੌਰ ਘਰੇਲੂ ਨੌਕਰ ਨਾ ਕਰਨ ਨੂੰ ਵਿਸ਼ਵ ਬਾਲ ਮਜ਼ਦੂਰੀ ਵਿਰੋਧੀ ਦਿਵਸ ਦਾ ਵਿਸ਼ਾ ਰੱਖਿਆ ਹੈ।*





# ਮੁਜ਼ੱਫ਼ਰਨਗਰ ਦੀ ਫਿਰਕੂ ਹਿੰਸਾ

ਜਗਤਾਰ ਸਾਲਮ
+91-97804-70386
jagtar.saalam@rediffmail.com



ਸੰਵਿਧਾਨਕ ਤੌਰ 'ਤੇ ਭਾਰਤ ਭਾਵੇਂ ਧਰਮ ਨਿਰਪੱਖ ਜਮਹੂਰੀ ਦੇਸ਼ ਹੈ ਪਰ ਦੁਖਾਂਤ ਹੈ ਕਿ ਇੱਥੋਂ ਦੇ ਬਹੁਤੇ ਸਿਆਸੀ ਦਲਾਂ ਦੀ ਸਿਆਸਤ ਦਾ ਆਧਾਰ ਫਿਰਕਾਪ੍ਰਸਤੀ ਹੈ। ਕਈ ਦਲ ਸਿੱਧੇ ਤੌਰ ਉੱਤੇ ਅਤੇ ਕਈ ਅਸਿੱਧੇ ਤੌਰ ਉੱਤੇ ਕਿਸੇ ਨਾ ਕਿਸੇ ਧਰਮ, ਜ਼ਾਤ ਜਾਂ ਨਸਲ ਨਾਲ ਜੁੜੇ ਹੋਏ ਹਨ, ਭਾਵ ਕਿ ਧਰਮ, ਜ਼ਾਤ ਜਾਂ ਨਸਲ ਦਾ ਮਖੌਟਾ ਪਾਇਆ ਹੋਇਆ ਹੈ। ਇਹੀ ਕਾਰਣ ਹੈ ਕਿ ਭਾਰਤ ਵਿੱਚ ਅਕਸਰ ਧਰਮ, ਜ਼ਾਤ ਜਾਂ ਨਸਲ ਦੇ ਆਧਾਰ 'ਤੇ ਦੰਗੇ ਹੁੰਦੇ ਹਨ ਤੇ ਇਹਨਾਂ ਦੰਗਿਆਂ ਨੂੰ ਭੜਕਾਉਣ ਜਾਂ ਸ਼ਹਿ ਦੇਣ ਦਾ ਦੋਸ਼ ਅਕਸਰ ਸਿਆਸੀ ਦਲਾਂ ਦੇ ਆਗੂਆਂ 'ਤੇ ਲੱਗਦਾ ਹੈ। ਆਜ਼ਾਦੀ ਤੋਂ ਬਾਅਦ ਇਤਿਹਾਸ ਵਿੱਚ ਹੋਏ ਦੰਗਿਆਂ ਦੇ ਹਵਾਲੇ ਨਾਲ ਗੱਲ ਕਰੀਏ ਤਾਂ ਇਹ ਕਿਹਾ ਜਾ ਸਕਦਾ ਹੈ ਕਿ ਹੁਣ ਤਕ ਭਾਰਤ ਵਿੱਚ ਜਿੰਨੇ ਵੀ ਫਿਰਕੂ ਦੰਗੇ ਹੋਏ ਹਨ, ਉਹਨਾਂ ਦਾ ਖਾਸਾ ਸਿਆਸੀ ਰਿਹਾ ਹੈ ਤੇ ਰਾਜਨੀਤਿਕ ਦਲਾਂ ਦੇ ਆਗੂਆਂ ਨੇ ਦੰਗਿਆਂ ਵਿੱਚ ਸਿੱਧੀ ਭੂਮਿਕਾ ਨਿਭਾਈ ਹੈ। ਉਦਾਹਰਣ ਵਜੋਂ ਅਸੀਂ ਬਾਬਰੀ ਮਸਜਿਦ ਅਤੇ ਦਿੱਲੀ ਦੇ ਸਿੱਖ ਕਤਲੇਆਮ ਨੂੰ ਲੈ ਸਕਦੇ ਹਾਂ। ਇਹਨਾਂ ਦੰਗਿਆਂ ਦੇ ਕਰਤਾ-ਧਰਤਾ ਭਾਰਤ ਦੀਆਂ ਦੋਵੇਂ ਮੁੱਖ ਸਿਆਸੀ ਧਿਰਾਂ ਦੇ ਆਗੂ ਰਹੇ ਹਨ ਤੇ ਅਦਾਲਤਾਂ ਵਿੱਚ ਇਹਨਾਂ ਆਗੂਆਂ ਵਿਰੁੱਧ ਕੇਸ ਵੀ ਚੱਲ ਰਹੇ ਹਨ। ਇਹ ਵੱਖਰੀ ਗੱਲ ਹੈ ਕਿ ਇਹਨਾਂ ਦੋਵੇਂ ਮਾਮਲਿਆਂ ਵਿੱਚ ਕਿਸੇ ਵੱਡੇ ਸਿਆਸੀ ਆਗੂ ਨੂੰ ਉਸਦੇ ਕੀਤੇ ਦੀ ਸਜ਼ਾ ਅਜੇ ਤਕ ਨਹੀਂ ਮਿਲੀ। ਪਰ ਅਜਿਹੇ ਦੰਗਿਆਂ ਵਿੱਚ ਸਿਆਸੀ ਆਗੂਆਂ ਦੀ ਭੂਮਿਕਾ ਤੋਂ ਸਿੱਧ ਹੁੰਦਾ ਹੈ ਕਿ ਰਾਜਨੀਤਿਕ ਦਲ ਭਾਰਤ ਦੇ ਸੰਵਿਧਾਨ ਦਾ ਮਜ਼ਾਕ ਉਡਾ ਰਹੇ ਹਨ, ਹਾਲਾਂਕਿ ਜੇ ਸੋਚਿਆ ਜਾਵੇ ਤਾਂ ਸੰਵਿਧਾਨ ਦੇ ਸਭ ਤੋਂ ਵੱਡੇ ਆਗਿਆਕਾਰ ਰਾਜਨੀਤਿਕ ਦਲ ਹੀ ਹੋਣੇ ਚਾਹੀਦੇ ਹਨ। ਲੋਕ ਇਹਨਾਂ ਨੂੰ ਸੰਵਿਧਾਨ ਵਿੱਚ ਸ਼ੋਧ ਕਰਨ ਦਾ ਵੀ ਹੱਕ ਤਾਂ ਹੀ ਦਿੰਦੇ ਹਨ। ਇਸ ਮਾਮਲੇ ਵਿੱਚ ਉਹ ਦੂਜੀਆਂ ਧਿਰਾਂ ਲਈ ਰੋਲ ਮਾਡਲ ਦਾ ਕੰਮ ਕਰ ਸਕਦੇ ਹਨ ਪਰ ਸਾਡੇ ਦੇਸ਼ ਵਿੱਚ ਬਹੁਤੇ ਸਿਆਸੀ ਰੁਝਾਨ ਸੰਵਿਧਾਨ ਵਿਰੋਧੀ ਹਨ। ਜਿਨ੍ਹਾਂ ਲਈ ਸਿਆਸੀ ਦਲ ਸਿੱਧੇ ਤੌਰ 'ਤੇ ਜ਼ਿੰਮੇਵਾਰ ਹਨ।

ਜਿਸ ਧਰਮ ਨਿਰਪੱਖ ਦੇਸ਼ ਵਿੱਚ ਕਾਨੂੰਨ ਸਭ ਲਈ ਬਰਾਬਰ ਹੋਵੇ ਅਤੇ ਸੰਵਿਧਾਨ ਤੇ ਕਾਨੂੰਨ ਦੀ ਮਾਨਤਾ ਹੋਵੇ, ਉੱਥੇ ਜੇਕਰ ਫਿਰ ਵੀ ਵੱਡੇ ਪੱਧਰ 'ਤੇ ਦੰਗੇ ਹੁੰਦੇ ਹਨ ਤਾਂ ਇਸਦਾ ਸਿੱਧਾ ਮਤਲਬ ਇਹ ਹੁੰਦਾ ਹੈ ਕਿ ਸਰਕਾਰੀ ਮਸ਼ੀਨਰੀ ਕਿਸੇ ਖ਼ਾਸ ਧਿਰ ਦੇ ਹੱਕ ਵਿੱਚ ਭੁਗਤੀ ਹੈ। ਅਜਿਹੇ ਦੰਗਿਆਂ ਵਿੱਚ ਬਹੁਤ ਕੁੱਝ ਗਿਣੀ-ਮਿੱਥੀ ਸਾਜ਼ਿਸ਼ ਤਹਿਤ ਵਾਪਰਦਾ ਹੈ। ਇਸ ਪਿੱਛੇ ਸਿਆਸੀ ਦਲਾਂ ਦੇ ਸੌੜੇ ਹਿੱਤ ਹੁੰਦੇ ਹਨ। ਅਜਿਹਾ ਕੁੱਝ ਹੀ ਅੱਠਵੇਂ ਮਹੀਨੇ ਦੇ ਅੰਤ ਵਿੱਚ ਸ਼ੁਰੂ ਹੋਏ ਮੁਜੱਫ਼ਰਨਗਰ ਦੰਗਿਆਂ 'ਚ ਵਾਪਰਿਆ ਹੈ। ਇੱਥੇ ਦੰਗਿਆਂ ਦੌਰਾਨ ਸਰਕਾਰ ਮੂਕ ਦਰਸ਼ਕ ਬਣ ਕੇ ਤਮਾਸ਼ਾ ਦੇਖਦੀ ਰਹੀ ਤੇ ਲਗਭਗ ਤਿੰਨ ਹਫ਼ਤੇ ਦੋ ਫਿਰਕਿਆਂ ਦੇ ਲੋਕਾਂ ਵਿਚਕਾਰ ਆਪਸ 'ਚ ਮਾਰ-ਕੁਟਾਈ ਹੁੰਦੀ ਰਹੀ। ਸਰਕਾਰ ਦੇ ਪੱਖਪਾਤੀ ਰਵੱਈਏ ਕਾਰਣ ਇੱਥੇ ਪੰਜਾਹ ਦੇ ਕਰੀਬ ਜਾਨਾਂ ਗਈਆਂ ਤੇ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਬੇਘਰ ਹੋਏ ਹਨ। ਜੇਕਰ ਇਹਨਾਂ ਦੰਗਿਆਂ ਦੇ ਤੱਥਾਂ 'ਤੇ ਨਜ਼ਰ ਮਾਰੀਏ ਤਾਂ ਸਪੱਸ਼ਟ ਹੁੰਦਾ ਹੈ ਕਿ ਜੇ ਸਰਕਾਰ ਦੀ ਨੀਅਤ ਵਿੱਚ ਖੋਟ ਨਾ ਹੁੰਦਾ ਤਾਂ ਝੜਪ, ਦੰਗਿਆਂ ਵਿੱਚ ਨਾ ਬਦਲਦੀ। ਪਾਠਕਾਂ ਦੀ ਜਾਣਕਾਰੀ ਲਈ ਅਸੀਂ ਇੱਥੇ ਇਹਨਾਂ ਦੰਗਿਆਂ ਨਾਲ ਜੁੜੇ ਵੱਖ-ਵੱਖ ਤੱਥਾਂ 'ਤੇ ਵਿਸਥਾਰ ਨਾਲ ਚਾਨਣਾ ਪਾ ਰਹੇ ਹਾਂ।

## ਛੋਟੀ ਜਿਹੀ ਗੱਲ 'ਤੇ ਦੰਗਾ ਹੋਣਾ ਵਿਉਂਤ ਦਾ ਸੰਕੇਤ

ਉੱਤਰ ਪ੍ਰਦੇਸ਼ ਦੇ ਜਿਲ੍ਹਾ ਮੁਜੱਫ਼ਰਨਗਰ ਵਿੱਚ ਹੋਏ ਦੰਗਿਆਂ ਦੀ ਸ਼ੁਰੂਆਤ ਲਈ ਦੋ ਕਾਰਨਾਂ ਨੂੰ ਲੈ ਕੇ ਚਰਚਾ ਹੋ ਰਹੀ ਹੈ। ਪਹਿਲਾਂ ਕਾਰਨ ਇੱਕ ਛੋਟਾ ਜਿਹਾ ਐਕਸੀਡੈਂਟ ਦੱਸਿਆ ਜਾ ਰਿਹਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਇਹ ਐਕਸੀਡੈਂਟ ਹਿੰਦੂ ਅਤੇ ਮੁਸਲਿਮ ਫਿਰਕੇ ਦੇ ਦੋ ਮੋਟਰਸਾਈਕਲ ਸਵਾਰਾਂ ਵਿੱਚ ਹੋਇਆ। ਇਸ ਤੋਂ ਬਾਅਦ ਉਹਨਾਂ ਦੀ ਆਪਸੀ ਝੜਪ ਨਾਲ ਮਾਮਲਾ ਇੰਨਾ ਵਧ ਗਿਆ ਕਿ ਨਤੀਜਾ ਦੰਗਿਆਂ 'ਚ ਨਿਕਲਿਆ। ਦੂਜਾ ਕਾਰਨ ਇਹ ਦੱਸਿਆ ਜਾ ਰਿਹਾ ਹੈ ਕਿ ਜਿਲ੍ਹਾ ਮੁਜੱਫ਼ਰਨਗਰ ਦੇ ਪਿੰਡ ਕਵਲ ਵਿੱਚ ਮੁਸਲਿਮ ਫਿਰਕੇ ਨਾਲ ਸਬੰਧਿਤ ਸ਼ਾਹਨਵਾਜ ਕੁਰੈਸ਼ੀ ਨਾਮ ਦੇ ਲੜਕੇ ਨੇ ਹਿੰਦੂ ਜੱਟਾਂ ਦੀ ਕੁੜੀ ਨਾਲ ਛੇੜ-ਛਾੜ ਕੀਤੀ, ਜਿਸ ਤੋਂ ਗੁੱਸੇ ਵਿੱਚ ਆ ਕੇ ਕੁੜੀ ਦੇ ਭਰਾਵਾਂ ਸਚਿਨ ਸਿੰਘ ਅਤੇ ਗੌਰਵ ਸਿੰਘ ਨੇ ਉਸ ਲੜਕੇ ਨੂੰ ਘਰੋਂ ਕੱਢ ਕੇ ਉਸ ਉੱਤੇ ਤਲਵਾਰਾਂ ਅਤੇ ਚਾਕੂਆਂ ਨਾਲ ਵਾਰ ਕੀਤੇ, ਜਿਸ ਕਰਕੇ ਮੁੰਡੇ ਦੀ ਮੌਕੇ 'ਤੇ ਹੀ ਮੌਤ ਹੋ ਗਈ। ਪਰ ਨਾਲ ਦੀ ਨਾਲ ਇਸਦੀ ਪ੍ਰਤੀਕਿਰਿਆ ਵਿੱਚ ਮੁਸਲਿਮ ਨੌਜਵਾਨਾਂ ਦੀ ਭੀੜ ਨੇ ਸਚਿਨ ਅਤੇ ਗੌਰਵ ਨੂੰ ਘੇਰ ਲਿਆ ਤੇ ਉਹਨਾਂ ਦਾ ਥਾਵੇਂ ਹੀ ਕਤਲ ਕਰ ਦਿੱਤਾ। ਇੱਥੇ ਜ਼ਿਕਰਯੋਗ ਹੈ ਕਿ ਪੁਲਿਸ ਵੱਲੋਂ ਜੋ ਮਾਮਲਾ ਦਰਜ ਕੀਤਾ ਗਿਆ ਹੈ, ਉਹ ਐਕਸੀਡੈਂਟ ਦਾ ਹੈ, ਐਫ ਆਰ ਆਈ ਮੁਤਾਬਿਕ ਗੌਰਵ ਅਤੇ ਮੁਜੱਸਿਮ ਨਾਮ ਦੇ ਲੜਕੇ ਦੀ ਆਪਸ ਵਿੱਚ ਮੋਟਰਸਾਇਕਲਾਂ ਦੀ ਟੱਕਰ ਹੋਈ, ਜਿਸ ਤੋਂ ਇਹ ਸਾਰਾ ਮਾਮਲਾ ਭਵਕਿਆ। ਐਫ ਆਰ ਆਈ ਵਿੱਚ ਕਿਤੇ ਵੀ ਲੜਕੀ ਨਾਲ ਛੇੜ-ਛਾੜ ਦਾ ਜ਼ਿਕਰ ਨਹੀਂ ਕੀਤਾ ਗਿਆ। ਭਾਵੇਂ ਅਸੀਂ ਇਹ ਨਹੀਂ ਕਹਿ ਸਕਦੇ ਕਿ ਦੰਗੇ ਦੇ ਦੋਵਾਂ ਕਾਰਨਾਂ ਵਿੱਚੋਂ ਕਿਹੜਾ ਸਹੀ ਹੈ ਪਰ ਇਸ ਮਾਮਲੇ ਵਿੱਚ ਪੁਲਿਸ ਦੇ ਪੱਖਪਾਤੀ ਰਵੱਈਏ ਦਾ ਇਸ ਗੱਲ ਤੋਂ ਪਤਾ ਜਰੂਰ ਲੱਗਦਾ ਹੈ।

ਸਾਡੇ ਰਾਜਾਂ ਜਾਂ ਸਾਡੇ ਦੇਸ਼ ਦੀਆਂ ਸਰਕਾਰੀ ਏਜੰਸੀਆਂ ਦੀ ਕਾਬਲੀਅਤ ਦਾ ਅੰਦਾਜ਼ਾ ਤਾਂ ਅਸੀਂ ਇਸ ਗੱਲ ਤੋਂ ਲਗਾ ਸਕਦੇ ਹਾਂ ਕਿ ਰਾਜ ਵਿੱਚ ਇੰਨੇ ਵੱਡੇ ਪੱਧਰ 'ਤੇ ਦੰਗੇ ਹੋਏ ਹਨ, ਜਿਸਦੀ ਚਰਚਾ ਅੰਤਰਰਾਸ਼ਟਰੀ ਪੱਧਰ ਤੱਕ ਹੋਈ ਹੈ ਪਰ ਸਰਕਾਰੀ ਮਸ਼ੀਨਰੀ ਅਜੇ ਤਕ ਇਹ ਪਤਾ ਨਹੀਂ ਲਗਾ ਸਕੀ ਕਿ ਇਹਨਾਂ ਦੰਗਿਆਂ ਦਾ ਅਸਲ ਕਾਰਨ ਕੀ ਹੈ।

ਦੂਜੀ ਗੱਲ ਇਹ ਹੈ ਕਿ ਜਿਹੜੀਆਂ ਦੋ ਘਟਨਾਵਾਂ ਛੋਟਾ ਜਿਹਾ ਐਕਸੀਡੈਂਟ ਅਤੇ ਲੜਕੀ ਨਾਲ ਛੇੜ-ਛਾੜ ਨੂੰ ਦੰਗਿਆਂ ਲਈ ਜ਼ਿੰਮੇਵਾਰ ਠਹਿਰਾਇਆ ਜਾ ਰਿਹਾ ਹੈ, ਕੀ ਅਸੀਂ ਮੰਨ ਸਕਦੇ ਹਾਂ ਕਿ ਇਹਨਾਂ ਦੋਹਾਂ ਵਿੱਚੋਂ ਇੱਕ ਘਟਨਾ ਹੋਣ 'ਤੇ ਇੰਨੇ ਵੱਡੇ ਪੱਧਰ 'ਤੇ ਦੰਗੇ ਹੋ ਸਕਦੇ ਹਨ। ਭਾਰਤ ਵਿੱਚ ਅਜਿਹੀਆਂ ਸੈਂਕੜੇ ਘਟਨਾਵਾਂ ਹਰ ਰੋਜ਼ ਹੁੰਦੀਆਂ ਹਨ। ਜੇ ਅਜਿਹੀਆਂ ਘਟਾਨਵਾਂ 'ਤੇ ਦੰਗੇ ਹੋਣ ਲੱਗ ਪੈਣ ਤਾਂ ਭਾਰਤ ਵਿੱਚ ਕਦੇ ਵੀ ਅਮਨ-ਚੈਨ ਨਾ ਹੋਵੇ।

ਤੀਜੀ ਗੱਲ ਇਹ ਹੈ ਕਿ ਦੰਗਿਆਂ ਦੀ ਸ਼ੁਰੂਆਤ 27 ਅਗਸਤ ਨੂੰ ਹੋਈ ਅਤੇ 17 ਸਤੰਬਰ ਤੱਕ ਤਣਾਓਪੂਰਨ ਮਹੌਲ ਬਣਿਆ ਰਿਹਾ। ਅਸੀਂ ਕਹਿ ਸਕਦੇ ਹਾਂ ਕਿ ਤਿੰਨ ਹਫ਼ਤੇ ਦੰਗੇ ਜਾਰੀ ਰਹੇ। ਇਸ ਸਮੇਂ ਦਰਮਿਆਨ ਦੰਗਿਆਂ ਨੇ ਹੌਲੀ-ਹੌਲੀ ਭਿਆਨਕ ਰੂਪ ਧਾਰਿਆ। ਜੇਕਰ ਸਰਕਾਰ ਚਾਹੁੰਦੀ ਤਾਂ ਪਹਿਲੇ ਦਿਨ ਹੀ ਸਮਾਜ ਵਿਰੋਧੀ ਅਨਸਰਾਂ ਨੂੰ ਨੱਥ ਪਾ ਸਕਦੀ ਸੀ ਤੇ ਉੱਤਰ ਪ੍ਰਦੇਸ਼ ਦੇ ਮੱਥੇ 'ਤੇ ਇਹ ਦੰਗਿਆਂ ਦਾ ਕਲੰਕ ਨਾ ਲੱਗਦਾ, ਪਰ ਸਰਕਾਰ ਨੇ ਜਾਣਬੁੱਝ ਕੇ ਅਜਿਹੇ ਅਨਸਰਾਂ ਪ੍ਰਤੀ ਨਰਮ ਰਵੱਈਆ ਅਪਣਾਇਆ ਤੇ ਸਾਧਾਰਣ ਝੜਪਾਂ ਨੂੰ ਦੰਗਿਆਂ ਵਿੱਚ ਤਬਦੀਲ ਹੋਣ ਦਿੱਤਾ। ਜਾਪਦਾ ਇਹ ਹੈ ਕਿ ਇਹ ਦੰਗੇ ਪੂਰੀ ਤਰ੍ਹਾਂ ਵਿਉਂਤਬਧ ਸਨ ਤੇ ਦੰਗਾਕਾਰੀਆਂ ਨੂੰ ਸਿਆਸੀ ਸ਼ਹਿ ਪ੍ਰਾਪਤ ਸੀ।

BLITZ AUTO CANADA
3207-97 Street, Edmonton, Alberta, T6N 1B7, Canada
Full Maintenance Service
❖ Breaks
❖ Muffler
❖ Suspension
❖ Lube & Oil
❖ Tires
❖ Batteries
Umesh Amin
email: unamin@gmail.com



WE CARE YOUR CAR BETTER
Phone:780 463 2886

# ਪੰਜਾਹ ਹਜ਼ਾਰ ਲੋਕ ਬੇਘਰ ਹੋਏ

ਮੁਜੱਫ਼ਰਨਗਰ ਵਿੱਚ ਸ਼ੁਰੂ ਹੋਏ ਦੰਗਿਆਂ ਨੇ ਹੌਲੀ-ਹੌਲੀ ਯੂ ਪੀ ਦੇ ਦੂਸਰੇ ਸ਼ਹਿਰਾਂ ਜਿਵੇਂ ਸ਼ਾਮਲੀ, ਸਹਾਰਨਪੁਰ, ਮੇਰਠ ਅਤੇ ਬਾਗਪਟ ਨੂੰ ਵੀ ਆਪਣੀ ਲਪੇਟ ਵਿੱਚ ਲੈ ਲਿਆ। ਜਿਉਂ-ਜਿਉਂ ਦੰਗੇ ਭਿਆਨਕ ਰੂਪ ਧਾਰਦੇ ਗਏ ਤਿਉਂ-ਤਿਉਂ ਜਾਨੀ-ਮਾਲੀ ਨੁਕਸਾਨ ਵਿੱਚ ਵੀ ਵਾਧਾ ਹੁੰਦਾ ਗਿਆ। ਅਖ਼ਬਾਰਾਂ ਵਿੱਚ ਛਪੀਆਂ ਖ਼ਬਰਾਂ ਮੁਤਾਬਕ ਤਿੰਨ ਹਫ਼ਤਿਆਂ ਵਿੱਚ ਲਗਭਗ 49 ਮੌਤਾਂ ਹੋਈਆਂ ਅਤੇ 93 ਵਿਅਕਤੀ ਜ਼ਖ਼ਮੀ ਹੋਏ। ਇੱਕ ਅੰਦਾਜ਼ੇ ਮੁਤਾਬਕ ਇਹਨਾਂ ਦੰਗਿਆਂ ਦੌਰਾਨ ਪੰਜਾਹ ਹਜ਼ਾਰ ਲੋਕਾਂ ਨੂੰ ਆਪਣਾ ਘਰ-ਬਾਰ ਛੱਡ ਕੇ ਦੌੜਨਾ ਪਿਆ। ਇਹਨਾਂ ਵਿੱਚੋਂ ਬਹੁਤ ਸਾਰੇ ਲੋਕਾਂ ਨੇ ਸਰਕਾਰੀ ਸਰਨਾਰਥੀ ਕੈਂਪਾਂ ਵਿੱਚ ਸ਼ਰਨ ਲਈ। ਇਸ ਤੋਂ ਇਲਾਵਾ ਬਹੁਤ ਸਾਰੇ ਲੋਕ ਅਜੇ ਲਾਪਤਾ ਹਨ, ਲਾਪਤਾ ਵਿਅਕਤੀ ਨਾ ਤਾਂ ਘਰ ਪਹੁੰਚੇ ਹਨ, ਨਾ ਸਰਨਾਰਥੀ ਕੈਂਪਾਂ ਵਿੱਚ ਹਨ ਤੇ ਨਾ ਕਿਤਿਓਂ ਹੋਰ ਲੱਭ ਰਹੇ ਹਨ। ਸਰਕਾਰ ਨੇ ਭਾਵੇਂ ਉਹਨਾਂ ਨੂੰ ਮ੍ਰਿਤਕ ਨਹੀਂ ਐਲਾਨਿਆ ਪਰ ਉਹਨਾਂ ਦੀ ਮੌਤ ਦਾ ਖ਼ਦਸ਼ਾ ਪ੍ਰਗਟਾਇਆ ਜਾ ਰਿਹਾ ਹੈ। ਦੰਗਿਆਂ ਨੂੰ ਭੜਕਾਉਣ ਦੇ ਮਾਮਲੇ ਵਿੱਚ ਸਰਕਾਰ



ਨੇ ਲਗਭਗ ਇੱਕ ਹਜ਼ਾਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ ਤੇ ਦਸ ਹਜ਼ਾਰ ਲੋਕਾਂ ਨੂੰ ਨਜ਼ਰਬੰਦ ਕੀਤਾ ਗਿਆ ਹੈ।

ਦੰਗਿਆਂ ਦੌਰਾਨ ਮਾਲੀ ਤੌਰ 'ਤੇ ਵੀ ਕਾਫ਼ੀ ਨੁਕਸਾਨ ਹੋਇਆ ਹੈ। ਭੜਕੀ ਹੋਈ ਭੀੜ ਨੇ ਬਹੁਤ ਸਾਰੇ ਵਾਹਨਾਂ ਨੂੰ ਅੱਗ ਲਾ ਕੇ ਸਾੜ ਦਿੱਤਾ, ਕਈ ਥਾਂਵਾਂ 'ਤੇ ਘਰਾਂ ਨੂੰ ਵੀ ਨੁਕਸਾਨ ਪਹੁੰਚਾਇਆ ਗਿਆ। ਦੰਗਿਆਂ ਨੂੰ ਕੰਟਰੋਲ ਕਰਨ ਦੀ ਕਵਾਇਦ ਵਿੱਚ ਪੁਲਿਸ ਵੱਲੋਂ ਦੋ ਹਜ਼ਾਰ ਹਥਿਆਰ ਜ਼ਬਤ ਕੀਤੇ ਗਏ ਅਤੇ ਲਗਭਗ 2300 ਲਾਇਸੰਸ ਕੈਂਸਲ ਕੀਤੇ ਗਏ ਹਨ। ਹਾਲਾਤ 'ਤੇ ਕਾਬੂ ਪਾਉਣ ਲਈ ਵੱਡੀ ਗਿਣਤੀ ਵਿੱਚ ਸੈਨਾ, ਅਰਧ ਸੈਨਿਕ ਬਲ, ਸੈਂਟਰਲ ਰਿਜ਼ਰਵ ਫੋਰਸ ਦੇ ਜਵਾਨ ਅਤੇ ਰੈਪਿਡ ਐਕਸ਼ਨ ਫੋਰਸ ਦੇ ਜਵਾਨ ਤਾਇਨਾਤ ਕੀਤੇ ਗਏ।

## ਸਿਆਸੀ ਆਗੂਆਂ ਦੀ ਭੂਮਿਕਾ

*ਇਸ ਖੇਡ ਵਿੱਚ ਭਾਰਤੀ ਜਨਤਾ ਪਾਰਟੀ ਨੇ ਹਿੰਦੂਆਂ ਵੱਲੋਂ ਕੌਡੀਆਂ ਪਾਈਆਂ ਅਤੇ ਬਾਕੀ ਧਿਰਾਂ ਜਿਵੇਂ ਬਹੁਜਨ ਸਮਾਜ ਪਾਰਟੀ, ਸੂਬੇ ਦੀਆਂ ਮੁਸਲਿਮ ਜਥੇਬੰਦੀਆਂ ਅਤੇ ਕਾਂਗਰਸ ਆਦਿ ਨੇ ਮੁਸਲਿਮ ਭਾਈਚਾਰੇ ਵੱਲੋਂ ਕੌਡੀਆਂ ਪਾਈਆਂ ਹਨ।*

*ਸਿਆਸੀ ਆਗੂ ਇਸ ਘਟਨਾ ਲਈ ਕਿਸ ਹੱਦ ਤੱਕ ਜ਼ਿੰਮੇਵਾਰ ਹਨ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਇਹਨਾਂ ਦੰਗਿਆਂ ਨੂੰ ਲੈ ਕੇ ਪੁਲਿਸ ਵੱਲੋਂ ਵੱਖ-ਵੱਖ ਧਿਰਾਂ ਨਾਲ ਜੁੜੇ ਸਿਆਸੀ ਆਗੂਆਂ ਖ਼ਿਲਾਫ 17 ਮਾਮਲੇ ਦਰਜ ਕੀਤੇ ਹਨ।*

ਟਾਲੇ ਜਾ ਸਕਣ ਵਾਲੇ ਦੰਗਿਆਂ ਤੋਂ ਸਿਆਸੀ ਆਗੂਆਂ ਦੇ ਨਿੱਜੀ ਹਿੱਤਾਂ ਕਾਰਨ ਦੇਸ਼ ਦਾ ਇਤਿਹਾਸ ਇੱਕ ਵਾਰ ਫਿਰ ਕਲੰਕਿਤ ਹੋਇਆ ਹੈ। ਇਸ ਘਟਨਾ ਨੂੰ ਜੇਕਰ ਸਿਆਸੀ ਨਜ਼ਰੀਏ ਤੋਂ ਦੇਖੀਏ ਤਾਂ ਉੱਤਰ ਪ੍ਰਦੇਸ਼ ਵਿੱਚ ਸਰਗਰਮ ਸਾਰੀਆਂ ਸਿਆਸੀ ਪਾਰਟੀਆਂ ਮੁਸਲਿਮ ਵੋਟ ਨੂੰ ਆਪਣੇ ਹੱਕ ਵਿੱਚ ਕਰਨ ਲਈ ਸਮੇਂ-ਸਮੇਂ 'ਤੇ ਵੱਖੋ-ਵੱਖਰੀਆਂ ਖੇਡਾਂ ਖੇਡਦੀਆਂ ਆਈਆਂ ਹਨ। ਇਹ ਘਿਨਾਉਣੀ ਖੇਡ ਵੀ ਇਸੇ ਕੜੀ ਦਾ ਇੱਕ ਹਿੱਸਾ ਹੈ। ਕਿਉਂਕਿ 2014 ਵਿੱਚ ਲੋਕਸਭਾ ਦੀਆਂ ਚੋਣਾਂ ਆ ਰਹੀਆਂ ਹਨ, ਇਸ ਲਈ ਕੋਈ ਵੀ ਸਿਆਸੀ ਧਿਰ ਨਹੀਂ ਚਾਹੁੰਦੀ ਕਿ ਮੁਸਲਿਮ ਭਾਈਚਾਰੇ ਦੀ ਵੋਟ ਉਹਨਾਂ ਦੇ ਹੱਥੋਂ ਨਿਕਲ ਜਾਣ। ਇਹੀ ਕਾਰਣ ਹੈ ਕਿ ਸਰਕਾਰ ਵੱਲੋਂ ਦੰਗਾਕਾਰੀਆਂ ਪ੍ਰਤੀ ਤਿੰਨ ਹਫ਼ਤਿਆਂ ਤਕ ਨਰਮ ਰਵੱਈਆ ਅਪਣਾਇਆ ਗਿਆ। ਇਸ ਖੇਡ ਵਿੱਚ ਭਾਰਤੀ ਜਨਤਾ ਪਾਰਟੀ ਨੇ ਹਿੰਦੂਆਂ ਵੱਲੋਂ ਕੌਡੀਆਂ ਪਾਈਆਂ ਅਤੇ ਬਾਕੀ ਧਿਰਾਂ ਜਿਵੇਂ ਬਹੁਜਨ




ਸਮਾਜ ਪਾਰਟੀ, ਸੂਬੇ ਦੀਆਂ ਮੁਸਲਿਮ ਜਥੇਬੰਦੀਆਂ ਅਤੇ ਕਾਂਗਰਸ ਆਦਿ ਨੇ ਮੁਸਲਿਮ ਭਾਈਚਾਰੇ ਵੱਲੋਂ ਕੌਡੀਆਂ ਪਾਈਆਂ ਹਨ।

ਸਿਆਸੀ ਆਗੂ ਇਸ ਘਟਨਾ ਲਈ ਕਿਸ ਹੱਦ ਤੱਕ ਜ਼ਿੰਮੇਵਾਰ ਹਨ, ਇਸਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਇਹਨਾਂ ਦੰਗਿਆਂ ਨੂੰ ਲੈ ਕੇ ਪੁਲਿਸ ਵੱਲੋਂ ਵੱਖ-ਵੱਖ ਧਿਰਾਂ ਨਾਲ ਜੁੜੇ ਸਿਆਸੀ ਆਗੂਆਂ ਖ਼ਿਲਾਫ 17 ਮਾਮਲੇ ਦਰਜ ਕੀਤੇ ਹਨ। ਬਿਨਾ ਸ਼ੱਕ ਰਾਜ ਕਰਦੀ ਪਾਰਟੀ ਇਹਨਾਂ ਦੰਗਿਆਂ ਲਈ ਸਿੱਧੇ ਤੌਰ 'ਤੇ ਜ਼ਿੰਮੇਵਾਰ ਹੈ, ਕਿਉਂਕਿ ਰਾਜ ਵਿੱਚ ਅਮਨ-ਕਾਨੂੰਨ ਦੀ ਸਥਿਤੀ ਬਣਾਈ ਰੱਖਣਾ ਸੱਤਾਧਾਰੀ ਪਾਰਟੀ ਦਾ ਪਹਿਲਾ ਧਰਮ ਹੁੰਦਾ ਹੈ। ਜਿਸ ਵਿੱਚ ਸਮਾਜਵਾਦੀ ਪਾਰਟੀ ਪੂਰੀ ਤਰ੍ਹਾਂ ਅਸਫ਼ਲ ਰਹੀ ਹੈ। ਸੂਬੇ ਦੇ ਮੁੱਖ ਮੰਤਰੀ ਅਖਿਲੇਸ਼ ਯਾਦਵ ਇਸ ਲਈ ਸਿੱਧੇ ਤੌਰ 'ਤੇ ਜ਼ਿੰਮੇਵਾਰ ਹਨ, ਜਿਨ੍ਹਾਂ ਨੇ ਪ੍ਰਭਾਵਤ ਖੇਤਰ ਦਾ ਦੌਰਾ ਕਰਨ ਵਿੱਚ ਵੀ ਕਾਫ਼ੀ ਦੇਰੀ ਕੀਤੀ। ਉਹ ਉਦੋਂ ਮੁਜੱਫ਼ਰਨਗਰ ਪਹੁੰਚੇ ਜਦੋਂ ਮੀਡੀਆ ਨੇ ਉਹਨਾਂ ਦੇ ਦਖ਼ਲਅੰਦਾਜ਼ੀ ਨਾ ਕਰਨ ਦੇ ਰਵੱਈਏ ਅਤੇ ਉਹਨਾਂ ਦੀ ਗੈਰ ਮੌਜੂਦਗੀ ਨੂੰ ਇੱਕ ਮੁੱਦਾ ਬਣਾ ਲਿਆ।

ਦੰਗਿਆਂ ਦਾ ਖਾਸਾ ਸਿਆਸੀ ਹੈ ਇਸਦਾ ਪਤਾ ਇਸ ਗੱਲ ਤੋਂ ਵੀ ਲੱਗਦਾ ਹੈ ਕਿ ਝੜਪ ਸ਼ੁਰੂ ਹੋਣ ਦੇ ਤਿੰਨ ਦਿਨ ਬਾਅਦ ਤੀਹ ਅਗਸਤ ਨੂੰ ਬਹੁਜਨ ਸਮਾਜ ਪਾਰਟੀ ਅਤੇ ਕਾਂਗਰਸ ਦੇ ਆਗੂਆਂ ਨੇ ਮੁਸਲਿਮ ਆਗੂਆਂ ਨਾਲ ਮੀਟਿੰਗ ਕੀਤੀ, ਜਿਸ 'ਚ ਉਹਨਾਂ ਨੇ ਮੁਸਲਮਾਨ ਭਾਈਚਾਰੇ ਨੂੰ ਕਤਲ ਕਾਂਡ ਵਿੱਚ ਇਨਸਾਫ਼ ਮੰਗਣ ਦੇ ਬਹਾਨੇ ਦੰਗਾ ਕਰਨ ਲਈ ਉਕਸਾਇਆ। ਇਸਦੇ ਜਵਾਬ ਵਿੱਚ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਨੇ ਇਸੇ ਦਿਨ ਹਿੰਦੂ ਕਿਸਾਨਾਂ ਨਾਲ ਮੀਟਿੰਗ ਕਰਕੇ ਉਹਨਾਂ ਨੂੰ ਮੁਸਲਮਾਨਾਂ ਵਿਰੁੱਧ ਭੜਕਾਇਆ। ਜਿਨ੍ਹਾਂ ਆਗੂਆਂ ਨੇ ਇਹ ਕਾਰਵਾਈ ਕੀਤੀ ਹੈ, ਪੁਲਿਸ ਵੱਲੋਂ ਦਰਜ ਕੀਤੀ ਐਫ ਆਰ ਆਈ ਵਿੱਚ ਉਹਨਾਂ ਦੇ ਨਾਮ ਹਨ।

ਇਹੀ ਨਹੀਂ 'ਹੈਡਲਾਈਨਜ਼ ਟੂਡੇ ਵੱਲੋਂ ਕੀਤੇ ਗਏ ਸਟਿੰਗ ਅਪਰੇਸ਼ਨ ਵਿੱਚ ਉੱਤਰ ਪ੍ਰਦੇਸ਼ ਦਾ ਘੱਟ ਗਿਣਤੀਆਂ ਦੀ ਭਲਾਈ ਬਾਰੇ ਮੰਤਰੀ ਆਜ਼ਮ ਖਾਨ ਪੁਲਿਸ ਅਫ਼ਸਰਾਂ ਨੂੰ ਨਿਰਦੇਸ਼ ਦੇ ਰਿਹਾ ਹੈ ਕਿ ਉਹ ਮੁਸਲਿਮ ਦੰਗਾਕਾਰੀਆਂ ਨੂੰ ਤੁਰੰਤ ਰਿਹਾ ਕਰ ਦੇਣ ਤੇ ਉਹਨਾਂ ਖ਼ਿਲਾਫ ਕੋਈ ਕਾਰਵਾਈ ਨਾ ਕਰਨ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਸਰਕਾਰੀ ਮਸ਼ੀਨਰੀ ਦੰਗਕਾਰੀਆਂ ਨੂੰ ਸ਼ਹਿ ਦੇ ਰਹੀ ਸੀ। ਇਹ ਵੱਖਰੀ ਗੱਲ ਹੈ ਕਿ ਆਜਮ ਖ਼ਾਨ ਨੇ ਆਪਣੇ ਉੱਤੇ ਲੱਗੇ ਦੋਸ਼ਾਂ ਨੂੰ ਨਕਾਰਿਆ ਹੈ।

ਇੱਥੇ ਵਿਸ਼ੇਸ਼ ਤੌਰ 'ਤੇ ਦੱਸਣਯੋਗ ਹੈ ਕਿ ਇਹਨਾਂ ਦੰਗਿਆਂ ਦੇ ਮਾਮਲੇ ਵਿੱਚ ਕੇਂਦਰ ਦੀ ਯੂਪੀਏ ਸਰਕਾਰ ਨੂੰ ਵੀ ਮਾਫ਼ ਨਹੀਂ ਕੀਤਾ ਜਾ ਸਕਦਾ। ਇਸ ਮਾਮਲੇ ਵਿੱਚ ਕੇਂਦਰ ਸਰਕਾਰ ਨੇ ਵੀ ਬਣਦੀ ਭੂਮਿਕਾ ਨਹੀਂ ਨਿਭਾਈ। ਇਹਨਾਂ ਦੰਗਿਆਂ ਲਈ ਜਿੰਨੀ ਸੂਬਾ ਸਰਕਾਰ ਜ਼ਿੰਮੇਵਾਰ ਹੈ ਓਨੀ ਹੀ ਜ਼ਿੰਮੇਵਾਰ ਕੇਂਦਰ ਸਰਕਾਰ ਹੈ। ਜੇਕਰ ਸਮਾਂ ਰਹਿੰਦਿਆਂ ਕੇਂਦਰ ਸਰਕਾਰ ਨੇ ਉਚਿਤ ਕਦਮ ਚੁੱਕਿਆ ਹੁੰਦਾ ਤਾਂ ਸ਼ਾਇਦ ਦੰਗੇ ਇੰਨਾ ਭਿਆਨਕ ਰੂਪ ਨਾ ਧਾਰਦੇ। ਦੂਜੀ ਗੱਲ ਇਹ ਹੈ ਕਿ ਕੇਂਦਰੀ ਏਜੰਸੀਆਂ ਵੀ ਮਾਮਲੇ ਦੀ ਗੰਭੀਰਤਾ ਨੂੰ ਜਾਂਚਣ 'ਚ ਅਸਮੱਰਥ ਰਹੀਆਂ ਹਨ। ਪ੍ਰਧਾਨ ਮੰਤਰੀ ਮਨਮੋਹਨ ਸਿੰਘ, ਯੂ.ਪੀ.ਏ. ਦੀ ਚੇਅਰਪਰਸਨ ਸੋਨੀਆ ਗਾਂਧੀ ਅਤੇ ਕਾਂਗਰਸ ਦੇ ਜਨਰਲ ਸਕੱਤਰ ਰਾਹੁਲ ਗਾਂਧੀ ਨੇ ਵੀ ਦੰਗਿਆਂ ਦੇ ਸ਼ਿਕਾਰ ਹੋਏ ਲੋਕਾਂ ਪ੍ਰਤੀ ਹਮਦਰਦੀ ਪ੍ਰਗਟ ਕਰਨ ਵਿੱਚ ਕਾਫ਼ੀ ਦੇਰ ਲਗਾਈ। ਅਸੀਂ ਇਹ ਕਹਿ ਸਕਦੇ ਹਾਂ ਕਿ ਮੀਡੀਆ ਨੇ ਇਹਨਾਂ ਆਗੂਆਂ ਦਾ ਧਿਆਨ ਦੰਗਿਆਂ ਵੱਲ ਦੁਆਇਆ ਹੈ।

*ਇਹੀ ਨਹੀਂ 'ਹੈਡਲਾਈਨਜ਼ ਟੂਡੇ ਵੱਲੋਂ ਕੀਤੇ ਗਏ ਸਟਿੰਗ ਅਪਰੇਸ਼ਨ ਵਿੱਚ ਉੱਤਰ ਪ੍ਰਦੇਸ਼ ਦਾ ਘੱਟ ਗਿਣਤੀਆਂ ਦੀ ਭਲਾਈ ਬਾਰੇ ਮੰਤਰੀ ਆਜ਼ਮ ਖਾਨ ਪੁਲਿਸ ਅਫ਼ਸਰਾਂ ਨੂੰ ਨਿਰਦੇਸ਼ ਦੇ ਰਿਹਾ ਹੈ ਕਿ ਉਹ ਮੁਸਲਿਮ ਦੰਗਾਕਾਰੀਆਂ ਨੂੰ ਤੁਰੰਤ ਰਿਹਾ ਕਰ ਦੇਣ ਤੇ ਉਹਨਾਂ ਖ਼ਿਲਾਫ਼ ਕੋਈ ਕਾਰਵਾਈ ਨਾ ਕਰਨ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਸਰਕਾਰੀ ਮਸ਼ੀਨਰੀ ਦੰਗਕਾਰੀਆਂ ਨੂੰ ਸ਼ਹਿ ਦੇ ਰਹੀ ਸੀ। ਇਹ ਵੱਖਰੀ ਗੱਲ ਹੈ ਕਿ ਆਜਮ ਖ਼ਾਨ ਨੇ ਆਪਣੇ ਉੱਤੇ ਲੱਗੇ ਦੋਸ਼ਾਂ ਨੂੰ ਨਕਾਰਿਆ ਹੈ।*

## ਸਿਆਸੀ ਆਗੂਆਂ ਦੀਆਂ ਰਾਜਨੀਤਿਕ ਟਿੱਪਣੀਆਂ

ਉੱਤਰ ਪ੍ਰਦੇਸ਼ ਵਿੱਚ ਫਿਰਕੂ ਤਣਾਅ ਨਾਲ ਜੁੜੀਆਂ ਘਟਨਾਵਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ। ਇਸ ਮਾਮਲੇ ਵਿੱਚ ਮੈਂ ਮੁੱਖ ਮੰਤਰੀ ਨੂੰ ਚਿਤਾਵਨੀ ਦੇ ਦਿੱਤੀ ਹੈ। ਉਹਨਾਂ ਨੂੰ ਕਿਹਾ ਗਿਆ ਹੈ ਕਿ ਫਿਰਕੂ ਤਣਾਅ ਨੂੰ ਰੋਕਣ ਲਈ ਸੂਬੇ ਵਿੱਚ ਤੁਰੰਤ ਲੋੜੀਂਦੇ ਇੰਤਜ਼ਾਮ ਕੀਤੇ ਜਾਣ। ਮੁੱਖ ਮੰਤਰੀ ਵੱਲੋਂ ਅਮਨ-ਚੈਨ ਰੱਖਣ ਦਾ ਪੂਰਾ ਭਰੋਸਾ ਦਿੱਤਾ ਗਿਆ ਹੈ।

***ਸੁਸ਼ੀਲ ਕੁਮਾਰ ਸ਼ਿੰਦੇ -ਕੇਂਦਰੀ ਗ੍ਰਹਿ ਮੰਤਰੀ***

----

ਮੁਜੱਫ਼ਰਨਗਰ ਵਿੱਚ ਜੋ ਵੀ ਵਾਪਰਿਆ ਉਸਦੀ ਸ਼ੁਰੂਆਤ ਬਹੁਤ ਪਹਿਲਾਂ ਹੋ ਗਈ ਸੀ, ਬਹੁਤ ਸਾਰੀਆਂ ਅਜਿਹੀਆਂ ਘਟਨਾਵਾਂ ਹਨ, ਜਿਨ੍ਹਾਂ ਨੇ ਇਹਨਾਂ ਦੰਗਿਆਂ ਲਈ ਪਿੱਠ ਭੂਮੀ ਤਿਆਰ ਕੀਤੀ। ਜੇਕਰ ਇਸਨੂੰ ਗਹੁ ਨਾਲ ਵਾਚਿਆ ਜਾਵੇ ਤਾਂ ਇਹ ਗਿਣੀ-ਮਿੱਥੀ ਸਾਜ਼ਿਸ਼ ਜਾਪਦੀ ਹੈ।

***ਅਖਿਲੇਸ਼ ਯਾਦਵ-ਮੁਖ ਮੰਤਰੀ, ਉਤਰ ਪ੍ਰਦੇਸ਼***

----

ਸਮਾਜਵਾਦੀ ਪਾਰਟੀ ਵੱਲੋਂ ਕਾਰਵਾਈ ਕਰਨ ਦੇ ਨਾਂ 'ਤੇ ਭਾਜਪਾ ਦੇ ਵਿਧਾਨਕਾਰਾਂ, ਕਾਰਕੁੰਨਾਂ ਅਤੇ ਇੱਕ ਖ਼ਾਸ ਤਬਕੇ ਦੇ ਲੋਕਾਂ ਨੂੰ ਸ਼ਿਕਾਰ ਬਣਾਇਆ ਜਾ ਰਿਹਾ ਹੈ, ਜੋ ਕਿ ਨਿੰਦਣਯੋਗ ਹੈ।

***ਉਮਾ ਭਾਰਤੀ-ਸੀਨੀਅਰ ਭਾਜਪਾ ਆਗੂ***

----

ਸਮਾਜਵਾਦੀ ਪਾਰਟੀ ਦੀ ਸਰਕਾਰ ਸੂਬੇ ਵਿੱਚ ਫਿਰਕੂ ਅਨਸਰਾਂ ਨੂੰ ਨੱਥ ਪਾਉਣ ਵਿੱਚ ਪੂਰੀ ਤਰ੍ਹਾਂ ਅਸਫ਼ਲ ਰਹੀ ਹੈ। ਇਸ ਮਾਮਲੇ ਵਿੱਚ ਬਹੁਜਨ ਸਮਾਜ ਪਾਰਟੀ ਦੀ ਕਾਰਗੁਜ਼ਾਰੀ ਚੰਗੀ ਸੀ।

***ਦਿਗਵਿਜੇ ਸਿੰਘ-ਸੀਨੀਅਰ ਕਾਂਗਰਸ ਆਗੂ***

## ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ....

ਉੱਤਰ ਪ੍ਰਦੇਸ਼ ਦੀ ਸਰਕਾਰ ਵੱਲੋਂ ਦੰਗਿਆਂ ਦੀ ਜਾਂਚ ਲਈ ਇੱਕ ਮੈਂਬਰੀ ਕਮਿਸ਼ਨ ਕਾਇਮ ਕੀਤਾ ਗਿਆ ਹੈ। ਇਸ ਮਕਸਦ ਲਈ ਅਲਾਹਾਬਾਦ ਹਾਈਕੋਰਟ ਦੇ ਸਾਬਕਾ ਜੱਜ ਜਸਟਿਸ ਵਿਸ਼ਨੂੰ ਸਹਾਏ ਦੀ ਨਿਯੁਕਤੀ ਕੀਤੀ ਗਈ ਹੈ। ਜਾਂਚ ਲਈ ਕਮਿਸ਼ਨ ਕਾਇਮ ਕਰਨ ਦਾ ਐਲਾਨ 9 ਸਤੰਬਰ ਨੂੰ ਕੀਤਾ ਗਿਆ ਤੇ ਕਮਿਸ਼ਨ ਨੂੰ ਅਗਲੇ ਦੋ ਮਹੀਨਿਆਂ ਵਿੱਚ ਦੰਗਿਆਂ ਨਾਲ ਜੁੜੇ ਵੱਖ-ਵੱਖ ਤੱਥਾਂ 'ਤੇ ਰਿਪੋਰਟ ਦੇਣ ਨੂੰ ਕਿਹਾ ਗਿਆ ਹੈ। ਭਾਵੇਂ ਕਮਿਸ਼ਨ ਬਾਰੇ ਇੱਥੇ ਕੋਈ ਟਿੱਪਣੀ ਕਰਨੀ ਅਤਿਕਥਨੀ ਹੋਵੇਗੀ ਪਰ ਇਸ ਵਿੱਚ ਰਤਾ ਵੀ ਸ਼ੱਕ ਨਹੀਂ ਕਿ ਫਿਰਕੂ ਦੰਗਿਆਂ ਬਾਰੇ ਕਾਇਮ ਕੀਤੇ ਗਏ ਹੁਣ ਤਕ ਦੇ ਕਮਿਸ਼ਨਾਂ ਦੀ ਕਾਰਗੁਜ਼ਾਰੀ ਜ਼ੀਰੋ ਰਹੀ ਹੈ। ਇਸ ਤੋਂ ਵੀ ਅੱਗੇ ਗੱਲ ਇਹ ਹੈ ਕਿ ਸਰਕਾਰਾਂ ਹਾਲਾਤ ਦੀ ਨਜ਼ਾਕਤ ਨੂੰ ਦੇਖਦਿਆਂ ਕਮਿਸ਼ਨ ਬਣਾ ਦਿੰਦੀਆਂ ਹਨ, ਪਰ ਸਰਕਾਰਾਂ ਵੱਲੋਂ ਕਮਿਸ਼ਨ ਦੀਆਂ ਰਿਪੋਰਟਾਂ 'ਤੇ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ। ਅਸਲ ਵਿੱਚ ਕਮਿਸ਼ਨ ਬਣਾਉਣ ਦੀ ਕਾਰਵਾਈ ਮਾਮਲੇ ਨੂੰ ਠੰਡੇ ਬਸਤੇ ਵਿੱਚ ਪਾਉਣ ਲਈ ਕੀਤੀ ਜਾਂਦੀ ਹੈ। ਫਿਰ ਵੀ ਜੇਕਰ ਕਮਿਸ਼ਨ ਦੀ ਰਿਪੋਰਟ ਸਰਕਾਰੀ ਮਸ਼ ਦੇ ਖ਼ਿਲਾਫ ਹੋਵੇ ਤਾਂ ਉਸੇ ਮਾਮਲੇ 'ਤੇ ਫਿਰ ਇੱਕ ਹੋਰ ਕਮਿਸ਼ਨ ਬਣਾ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਦੋਸ਼ੀ ਆਜ਼ਾਦ ਘੁੰਮਦੇ ਹਨ ਤੇ ਮਾਮਲਾ ਕਮਿਸ਼ਨਾਂ ਕੋਲ ਫਸ ਜਾਂਦਾ ਹੈ। ਜਿਵੇਂ ਕਿ ਦਿੱਲੀ ਦੇ ਸਿੱਖ ਕਤਲੇਆਮ ਜਾਂ ਫਿਰ ਗੁਜਰਾਤ ਵਿੱਚ ਗੋਧਰਾ ਕਾਂਡ ਤੋਂ ਬਾਅਦ ਹੋਏ ਕਤਲੇਆਮ ਦੇ ਮਾਮਲੇ ਵਿੱਚ ਹੋਇਆ ਹੈ। ਇਹਨਾਂ ਦੋਵੇਂ ਮਾਮਲਿਆਂ ਵਿੱਚ ਕਮਿਸ਼ਨ ਹੀ ਕਮਿਸ਼ਨ ਗਠਿਤ ਕੀਤੇ ਗਏ ਹਨ, ਕਾਰਵਾਈ ਕੀਤੀ ਹੀ ਨਹੀਂ। ਫ਼ਿਲਹਾਲ ਸਰਕਾਰ ਵੱਲੋਂ ਲੋਕਾਂ ਦੇ ਹੰਝੂ ਪੂੰਝਣ ਲਈ ਪੰਜ ਸੀਨੀਅਰ ਅਫ਼ਸਰਾਂ ਨੂੰ ਸਹੀ ਫਰਜ਼ ਨਾ ਨਿਭਾਉਣ ਬਦਲੇ ਹਟਾਇਆ ਗਿਆ ਹੈ। ਇਸ ਤੋਂ ਇਲਾਵਾ ਘਰਾਂ ਤੋਂ ਦੌੜ ਕੇ ਆਏ ਲੋਕਾਂ ਲਈ ਸਰਨਾਰਥੀ ਕੈਂਪ ਸਥਾਪਤ ਕੀਤੇ ਗਏ ਹਨ।

## ਲੋਕ ਗੀਤਾਂ ਦੇ ਨਾਲ ਨਾਲ

ਲੜੀ ਨੰ: 41

# ਦਾਦੂ ਵੇ ਗੁੱਜਰਾ

ਡਾ. ਕਰਮਜੀਤ ਸਿੰਘ
+91-98763-23862
kjskurukshetra@yahoo.com



ਜਦੋਂ ਕੋਈ ਡੂੰਘਾਈ ਵਿਚ ਜਾ ਕੇ ਖੇਤਰੀ ਕਾਰਜ ਕੀਤਾ ਜਾਂਦਾ ਹੈ ਤਾਂ ਸਾਨੂੰ ਬਹੁਤ ਸਾਰੇ ਅਜਿਹੇ ਕਾਵਿ-ਰੂਪ ਤੇ ਗੀਤ ਮਿਲਦੇ ਹਨ ਜਿਨ੍ਹਾਂ ਬਾਰੇ ਪਹਿਲਾਂ ਜਾਣਕਾਰੀ ਨਹੀਂ ਹੁੰਦੀ। ਦੁਆਬੇ ਦਾ ਖੇਤਰ ਕਈ ਪੱਖਾਂ ਤੋਂ ਬੜਾ ਅਮੀਰ ਹੈ, ਪਰ ਇਸ ਖੇਤਰ ਦੀ ਲੋਕ-ਧਾਰਾ ਨੂੰ ਇਕੱਤਰ ਕਰਨ ਦਾ ਕੰਮ ਨਾਂਹ ਦੇ ਬਰਾਬਰ ਹੀ ਸੀ ਜਦੋਂ ਮੈਂ ਇਸ ਪਾਸੇ ਵੱਲ ਕਦਮ ਵਧਾਇਆ। ਕਈ ਸਾਲਾਂ ਦੇ ਖੇਤਰੀ ਕਾਰਜ ਸਮੇਂ ਮੇਰਾ ਅਨੇਕਾਂ ਨਵੇਂ ਲੋਕ-ਗੀਤਾਂ ਤੇ ਕਾਵਿ-ਰੂਪਾਂ ਨਾਲ ਵਾਹ ਪਿਆ। ਜਿਵੇਂ ਕੰਢੀ, ਸੁਬਹ ਦੇ ਗੀਤ, ਸੰਝੜੀਆਂ (ਸ਼ਾਮ ਨੂੰ ਗਾਏ ਜਾਣ ਵਾਲੇ ਗੀਤ) ਦੂਜੀ ਵਿਸ਼ਵ ਜੰਗ ਨਾਲ ਸਬੰਧਤ ਗੀਤ, ਔਰਤਾਂ ਦਾ ਮਿਰਜ਼ਾ-ਸਾਹਿਬਾਂ ਆਦਿ। ਇਨ੍ਹਾਂ ਗੀਤਾਂ ਨੇ ਪਹਿਲਾਂ ਪ੍ਰਾਪਤ ਮਰਦ ਦ੍ਰਿਸ਼ਟੀਕੋਣ ਦੇ ਬਰਾਬਰ ਔਰਤ ਦਾ ਦ੍ਰਿਸ਼ਟੀਕੋਣ ਰੱਖ ਕੇ ਕਈ ਨਵੇਂ ਬਿਰਤਾਂਤ ਸਿਰਜੇ ਹਨ।

ਇਹੋ ਜਿਹਾ ਹੀ ਇਕ ਕਾਵਿ-ਰੂਪ ਹੈ 'ਦਾਦੂ ਗੁੱਜਰ'। ਇਸ ਕਾਵਿ-ਰੂਪ ਨਾਲ ਮਾਹੀਏ ਦੇ ਟੱਪਿਆਂ ਦਾ ਕਾਫ਼ੀ ਮੇਲ ਹੈ। ਪਰ ਦਾਦੂ ਗੁੱਜਰ ਨਾਲ ਜੁੜੇ ਟੱਪਿਆ ਵਿਚ ਵੱਖਰਤਾ ਵੀ ਹੈ। ਹਰ ਟੱਪਾ ਦਾਦੂ ਗੁੱਜਰ ਨਾਲ ਸ਼ੁਰੂ ਹੁੰਦਾ ਹੈ। ਇਹ ਕਿਵੇਂ ਤੇ ਕਿਉਂ ਸ਼ੁਰੂ ਹੋਇਆ ਇਸ ਬਾਰੇ ਕੁਝ ਵੀ ਨਹੀਂ ਕਿਹਾ ਜਾ ਸਕਦਾ। ਸਭ ਤੋਂ ਪਹਿਲਾਂ ਇਸ ਤਰ੍ਹਾਂ ਦੇ ਟੱਪੇ ਮੈਂ ਹੁਸ਼ਿਆਰਪੁਰ ਦੇ ਨੇੜੇ ਪਿੰਡ ਬਾਦੋਵਾਲ ਵਿਚੋਂ ਸੁਣੇ। ਹੁਣ ਤੱਕ ਘੱਟੋ ਘੱਟ ਚਾਰ ਥਾਈਂ ਇਸ ਤਰ੍ਹਾਂ ਦੇ ਟੱਪੇ ਸੁਣਨ ਦਾ ਮੌਕਾ ਮਿਲਿਆ। ਸ਼ੁਰੂਆਤ ਤਾਂ ਲਗਭਗ ਇਕੋ ਜਿਹੀ ਹੈ, 'ਦਾਦੂ ਵੇ ਗੁੱਜਰਾ ਵੇ ਲੰਮੇ ਵੱਗ ਦਰਿਆਵਾਂ ਦੇ ਵੇ ਲੰਮੇ ਵੱਗ ਦਰਿਆਵਾਂ ਵੇ।' ਪਰ ਬਾਅਦ ਵਿਚ ਵੱਖੋ-ਵੱਖਰੇ ਟੱਪੇ ਆਉਂਦੇ ਹਨ ਜੋ ਅੰਤਰ-ਸਬੰਧਤ ਹਨ। ਸਾਂਝਾ ਸੂਤਰ ਇਹ ਹੈ ਕਿ ਦਾਦੂ ਨੂੰ ਪਤੀ ਦੇ ਰੂਪ ਵਿਚ ਕਲਪਿਤ ਕਰਕੇ ਸਾਰੀ ਗੱਲ ਕੀਤੀ ਗਈ ਹੈ। ਟੱਪੇ ਦੀ ਪਹਿਲੀ ਪੰਗਤੀ ਕਿਤਿਉਂ ਵੀ ਸ਼ੁਰੂ ਹੋ ਜਾਂਦੀ ਹੈ ਜਿਸ ਦਾ ਵਿਚਾਰ ਨਾਲ ਕੋਈ ਸੰਬੰਧ ਨਹੀਂ ਪਰ ਦੂਜੀ ਪੰਗਤੀ ਦੇ ਤੁਕਾਂਤ ਨਾਲ ਜੋੜ ਪੂਰਾ ਹੈ। ਜਿਵੇਂ :

ਦਾਦੂ ਵੇ ਗੁੱਜਰਾ ਵੇ ਤੇਰੇ ਪੱਲੇ ਚੁਆਨੀ ਆਂ,
ਵੇ ਤੇਰੇ ਪੱਲੇ ਚੁਆਨੀ ਆਂ।
ਛੱਡ ਕੇ ਨਾ ਜਾਈਂ ਸੁਹਣਿਆ,
ਸਾਡੀ ਭਰੀ ਹੋਈ ਜੁਆਨੀ ਆਂ।

ਕਮਾਲ ਦੀ ਗੱਲ ਇਹ ਹੈ ਕਿ ਗੁੱਜਰਾਂ ਦੇ ਇਲਾਕੇ ਵਿਚ ਦਾਦੂ, ਲਾਲੂ ਬਣ ਜਾਂਦਾ ਹੈ। ਹੋ ਸਕਦਾ ਹੈ ਕਿ ਇਸ ਨਾਂ ਦੇ ਮੁਸਲਮਾਨ ਗੁੱਜਰ ਵਧੇਰੇ ਹੋਣ, ਇਸ ਲਈ ਹਿੰਦੂ ਗੁੱਜਰ ਬਣਾ ਦਿੱਤਾ ਗਿਆ ਹੋਵੇ। ਪਰ ਹੋਇਆ ਇਹ ਅਚੇਤ ਹੀ ਹੈ। ਗੜ੍ਹਸ਼ੰਕਰ ਨੇੜਿਉਂ, ਬਹਿਰਾਮਪੁਰ ਪਿੰਡ ਤੋਂ ਜਦੋਂ ਮੈਂ ਗੀਤ ਸੁਣ ਰਿਹਾ ਸਾਂ ਤਾਂ ਔਰਤਾਂ ਇਸ ਪੱਖੋਂ ਸੁਚੇਤ ਨਹੀਂ ਸਨ। ਉਹ ਬੜੇ ਸਹਿਜ ਨਾਲ 'ਲਾਲੂ ਵੇ ਗੁੱਜਰਾ' ਗਾ ਰਹੀਆਂ ਸਨ।

ਇਨ੍ਹਾਂ ਟੱਪਿਆਂ ਦਾ ਸਿੱਧਾ ਸੰਬੰਧ ਪਤਨੀ ਦੀਆਂ ਵੱਖ-ਵੱਖ ਭਾਵਨਾਵਾਂ ਨਾਲ ਜੁੜਿਆ ਹੋਇਆ ਹੈ। ਪਤਨੀ ਮਾਪਿਆਂ ਦੇ ਜੀਆਂ ਨੂੰ ਮਜਬੂਰੀ ਵੱਸ ਛੱਡ ਕੇ ਦਾਦੂ (ਪਤੀ) ਦੇ ਲੜ ਲੱਗਦੀ ਹੈ। ਇਸੇ ਲਈ ਜਦੋਂ ਉਸ ਨੂੰ ਸੁਖਾਵਾਂ ਮਾਹੌਲ ਨਹੀਂ ਮਿਲਦਾ ਤਾਂ ਉਹ ਉਦਾਸ ਸੁਰ ਵਿਚ ਗਾ ਉੱਠਦੀ ਹੈ।

ਦਾਦੂ ਵੇ ਗੁੱਜਰਾਂ ਵੇ ਲੰਮੇ ਗੇੜ ਵੇ ਹਵੇਲੀਆਂ ਦੇ
ਵੇ ਲੰਮੇ ਗੇੜ ਵੇ ਹਵੇਲੀਆਂ ਦੇ।
ਤੇਰੇ ਲੜ ਲੱਗੀ ਸੁਹਣਿਆਂ ਵੇ
ਲੜ ਛੱਡ ਕੇ ਸਹੇਲੀਆਂ ਦੇ।
ਦਾਦੂ ਵੇ ਗੁੱਜਰਾਂ ਵੇ ਲੰਮੇ ਗੇੜ ਦਰਿਆਵਾਂ ਦੇ
ਵੇ ਲੰਮੇ ਗੇੜ ਦਰਿਆਵਾਂ ਦੇ।
ਤੇਰੇ ਲੜ ਲੱਗੀ ਸੁਹਣਿਆਂ ਵੇ,
ਲੜ ਛੱਡ ਕੇ ਭਰਾਵਾਂ ਦੇ।
ਦਾਦੂ ਵੇ ਗੁੱਜਰਾਂ ਵੇ ਲੰਮੀ ਵਾੜ ਏ ਛਾਪਿਆਂ ਦੀ।
ਵੇ ਲੰਮੀ ਵਾੜ ਏ ਛਾਪਿਆਂ ਦੀ
ਤੇਰੇ ਲੜ ਲੱਗੀ ਸੋਹਣਿਆਂ ਵੇ
ਲੜ ਛੱਡ ਕੇ ਮਾਪਿਆਂ ਦੀ।

ਪਹਿਲੀ ਪੰਗਤੀ ਵਿਚਾਰ ਨਾਲ ਸਬੰਧਤ ਨਾ ਹੁੰਦੀ ਹੋਈ ਵੀ ਸਮਾਜਿਕ ਜੀਵਨ ਨਾਲ ਸਿੱਧੀ ਜੁੜੀ ਹੋਈ ਹੈ। 'ਲੰਮੇ ਗੇੜ ਹਵੇਲੀਆਂ ਦੇ' 'ਲੰਮੇ ਗੇੜ ਦਰਿਆਵਾਂ ਦੇ' ਅਤੇ 'ਲੰਮੀ ਵਾੜ ਏ ਛਾਪਿਆਂ ਦੀ' ਲੋਕ ਜੀਵਨ ਦੇ ਅਨੁਭਵ ਤੋਂ ਦੂਰ ਨਹੀਂ ਹਨ।

ਦਾਦੂ (ਪਤੀ) ਔਰਤ ਦੇ ਜੋੜ ਦਾ ਹੀ ਹੋਵੇ, ਇਹ ਜ਼ਰੂਰੀ ਨਹੀਂ ਕਿਉਂਕਿ ਜਿਹੋ ਜਿਹੀ ਵਿਆਹ ਸੰਸਥਾ ਹੈ ਉਸ ਵਿਚ 'ਜੋੜੀਆਂ ਜਗ ਥੋੜ੍ਹੀਆਂ ਪਰ ਨਰੜ ਬਥੇਰੇ' ਹਨ। ਇਨ੍ਹਾਂ ਅਣਜੋੜਾਂ ਦੀ ਗੱਲ 'ਦਾਦੂ ਗੁੱਜਰ' ਵਿਚ ਨਾ ਆਵੇ ਇਹ ਹੋ ਹੀ ਨਹੀਂ ਸਕਦਾ। ਹਾਂ ਅਜਿਹੇ ਅਣਜੋੜ ਪ੍ਰਤਿ ਰਵੱਈਆ ਵਿਅੰਗ ਦਾ, ਮਜ਼ਾਕ ਦਾ ਹੈ।

ਦਾਦੂ ਵੇ ਗੁੱਜਰਾ ਵੇ ਵਿਹੜੇ ਬੂਟਾ ਆ ਲਸਣੇ ਦਾ,
ਵੇ ਵਿਹੜੇ ਬੂਟਾ ਆ ਲਸਣੇ ਦਾ।
ਰੰਗ ਤੇਰਾ ਸ਼ਾਹ ਕਾਲ਼ਾ ਵੇ
ਸਾਡਾ 'ਰਾਦਾ ਨੀ ਵਸਣੇ ਦਾ।
ਦਾਦੂ ਵੇ ਗੁੱਜਰਾ ਵੇ, ਮੀਂਹ ਪੈਂਦਾ ਏ ਚੀਨੀ 'ਤੇ
ਵੇ ਮੀਂਹ ਪੈਂਦਾ ਏ ਚੀਨੀ 'ਤੇ।
ਰੰਗ ਤੇਰਾ ਸ਼ਾਹ ਕਾਲ਼ਾ ਵੇ
ਮੈਂ ਤਾਂ ਡੁਲ੍ਹ ਗਈ ਸ਼ਕੀਨੀ 'ਤੇ।

ਔਰਤ ਨੇ ਅਣਜੋੜ ਜਾਂ ਕਾਲ਼ੇ ਸ਼ਾਹ ਪਤੀ ਪ੍ਰਤਿ ਨਾਪਸੰਦਗੀ ਤਾਂ ਜ਼ਾਹਰ ਕਰ ਦਿੱਤੀ ਹੈ, ਪਰ ਵਿਛੜਨਾ ਸਮਾਜ ਵਿਚ ਏਨਾ ਆਸਾਨ ਨਹੀਂ ਤੇ ਨਾ ਹੀ ਦੂਜਾ ਵਰ ਲੱਭਣਾ ਇਸ ਲਈ ਗੱਲ ਨਾਪਸੰਦਗੀ ਤੱਕ ਹੀ ਸੀਮਤ ਹੋ ਕੇ ਰਹਿ ਗਈ ਹੈ। ਦਾਦੂ ਦੇ ਵਿਆਹ ਬਾਹਰੇ ਰਿਸ਼ਤਿਆਂ, ਘਰ ਤੇ ਬਾਹਰ ਦੇ ਰਿਸ਼ਤਿਆਂ ਪ੍ਰਤਿ ਵੀ ਉਪਰੋਕਤ ਨਾਪਸੰਦਗੀ ਜ਼ਾਹਰ ਕੀਤੀ ਗਈ ਹੈ ਅਤੇ ਇਕ ਤਰ੍ਹਾਂ ਨਾਲ ਮਜ਼ਾਕ ਦਾ ਸਾਮਾਨ ਵੀ ਤਿਆਰ ਕੀਤਾ ਗਿਆ ਹੈ।

ਦਾਦੂ ਵੇ ਗੁੱਜਰਾ ਵੇ ਕੰਢਾ ਭੱਜ ਗਿਆ ਚਾਬੀ ਦਾ
ਵੇ ਕੰਢਾ ਭੱਜ ਗਿਆ ਚਾਬੀ ਦਾ।
ਤੇਰੇ ਘਰ ਨਹੀਉਂ ਵੱਸਣਾ
ਵੇ ਤੈਨੂੰ ਇਸ਼ਕ ਏ ਚਾਚੀ/ਭਾਬੀ ਦਾ।
ਦਾਦੂ ਵੇ ਗੁੱਜਰਾ ਵੇ ਕੰਢਾ ਭੱਜ ਗਿਆ ਥਾਲੀ ਦਾ,
ਤੇਰੇ ਨਾਲ ਕੀ ਵਸਣਾ ਵੇ ਤੈਨੂੰ ਇਸ਼ਕ ਹੈ ਸਾਲੀ ਦਾ।

ਵੱਸਣ ਦੇ ਮਾਮਲੇ 'ਤੇ ਕਈ ਥਾਂ ਦਾਦੂ ਦੇ ਗੀਤਾਂ ਦੀ ਨਾਇਕਾ ਆਹਮੋ-ਸਾਹਮਣੇ ਵੀ ਆ ਜਾਂਦੇ ਹਨ। ਇਸ ਵਿਚ ਮਰਦ ਦਾ ਸੰਭਾਵੀ ਉੱਤਰ ਵੀ ਸਹਿਜ ਹੀ ਪ੍ਰਗਟ ਹੋ ਗਿਆ ਹੈ।

ਦਾਦੂ ਵੇ ਗੁੱਜਰਾ
ਵੇ ਬੁੱਕ ਭਰਿਆ ਸੀ ਲਸਣੇ ਦਾ।
ਵੇ ਬੁੱਕ ਭਰਿਆ ਸੀ ਲਸਣੇ ਦਾ।
ਪਹਿਲੀ ਗੱਡੀ ਆਪੇ ਚੜ੍ਹ ਜਾਊਂ,
ਸਾਡਾ 'ਰਾਦਾ ਨੀ ਵੱਸਣੇ ਦਾ।
ਦਾਦੂ ਵੇ ਗੁੱਜਰਾ ਵੇ,
ਬੁੱਕ ਭਰਿਆ ਸੀ ਸ਼ੱਕਰੇ ਦਾ।
ਪਹਿਲੀ ਗੱਡੀ ਚੜ੍ਹ ਗੋਰੀਏ,
ਸਾਡਾ 'ਰਾਦਾ ਨੀ ਰੱਖਣੇ ਦਾ।

ਇਸ ਤੋਂ ਬਾਅਦ ਨਾਇਕਾ ਚੁੱਪ ਹੈ। ਨਾ ਸਮਾਜ ਵਿਚ ਤੇ ਨਾ ਹੀ ਗੀਤ ਵਿਚ ਇਸ ਦੇ ਵਿਰੋਧ ਵਿਚ ਬੋਲਣ ਦੀ ਉਸ ਦੀ ਹਿੰਮਤ ਹੈ। ਬੜੀ ਉਲਝੀ ਹੋਈ ਸਥਿਤੀ ਨੂੰ ਗੀਤ ਸਾਫ਼ ਰੂਪ ਵਿਚ ਉਚਾਰ ਜਾਂਦੇ ਹਨ। ਇਸ ਬੇਵਸੀ ਵਿਚ ਉਲਾਂਭੇ ਵਰਗੇ ਉਚਾਰ ਹੀ ਬਾਕੀ ਬਚਦੇ ਹਨ।

ਦਾਦੂ ਵੇ ਗੁੱਜਰਾ ਵੇ ਕੱਚੇ ਘੜੇ ਤੇ ਜਲੇਬੀ ਆ,
ਵੇ ਕੱਚੇ ਘੜੇ ਤੇ ਜਲੇਬੀ ਆ।
ਇਕ ਤੇਰੀ ਮਾਂ ਖੱਚਰੀ ਵੇ
ਦੂਜਾ ਪੁੱਤ ਫਰਬੇਜੀ (ਫਰੇਬੀ) ਆ
ਦਾਦੂ ਵੇ ਗੁੱਜਰਾ ਵੇ ਸੱਪ ਲੱਗਾ ਸੀਗਾ ਕੇਲੇ ਨੂੰ,
ਵੇ ਸੱਪ ਲੱਗਾ ਸੀਗਾ ਕੇਲੇ ਨੂੰ।
ਲਾਵਾਂ ਤੇਰੇ ਨਾਲ ਲੈ ਵੇ ਲਈਆਂ,
ਪਛਤਾਉਨੀਆਂ ਵੇਲੇ ਨੂੰ।
ਦਾਦੂ ਵੇ ਗੁੱਜਰਾ ਵੇ,
ਸੱਪ ਲੱਗਾ ਸੀਗਾ ਢੀਂਗਲੀ ਨੂੰ,
ਵੇ ਸੱਪ ਲੱਗਾ ਸੀਗਾ ਢੀਂਗਲੀ ਨੂੰ,
ਤੇਰੇ ਉੱਤੇ ਸਬਰ ਪਵੇ
ਤੇਰੀ ਨਾਚਕ (ਨਾਜ਼ੁਕ) ਜਿੰਦੜੀ ਨੂੰ।

ਭਾਬੀ, ਚਾਚੀ, ਸਾਲੀ ਦੇ ਨਾਲ-ਨਾਲ ਇਕ ਹੋਰ ਪਾਤਰ ਹੈ ਸੌਂਕਣ, ਜਿਸ ਦੇ ਪ੍ਰਵੇਸ਼ ਨਾਲ ਤਣਾਉ ਤਾਂ ਆਮ ਬਣਦਾ ਹੈ ਕਈ ਵਾਰ ਦੁਖਾਂਤ ਵੀ ਵਾਪਰਦੇ ਹਨ। ਅਸਲ ਵਿਚ ਸੌਂਕਣ ਨੇ ਘਰ ਹੀ ਨਹੀਂ ਵੰਡਾਉਣਾ ਪਤੀ ਨੂੰ ਵੀ ਵੰਡਾ ਲੈਣਾ ਹੈ। ਕਈ ਵਾਰ ਆਪਣੇ ਵੱਲ ਵੀ ਕਰ ਲੈਣਾ ਹੈ। ਇਹ ਸਾੜਾ ਔਰਤ ਲਈ ਅਸਹਿ ਹੈ। ਇਸ ਸਮੱਸਿਆ ਨਾਲ ਜੁੜੇ ਅਣਗਿਣਤ ਗੀਤ (ਗੰਭੀਰ ਵੀ ਤੇ ਮਜ਼ਾਕੀਆਂ ਵੀ) ਮਿਲਦੇ ਹਨ। ਫਿਰ 'ਦਾਦੂ' ਪਿੱਛੇ ਕਿਉਂ ਰਹਿ ਜਾਏ।

ਦਾਦੂ ਵੇ ਗੁੱਜਰਾ ਵੇ ਵਿਹੜੇ ਬੂਟਾ ਏ ਸੌਂਚਲ ਦਾ
ਵੇ ਵਿਹੜੇ ਬੂਟਾ ਏ ਸੌਂਚਲ ਦਾ।
ਇਕ ਮੈਨੂੰ ਤੇਰਾ ਸਾੜਾ ਵੇ,
ਦੂਜਾ ਸਾੜਾ ਸੌਂਕਣ ਦਾ।

ਨਾਇਕਾ ਜਦੋਂ 'ਦਾਦੂ' ਦੇ ਘਰ ਦੀ ਮਾੜੀ ਆਰਥਿਕ ਸਥਿਤੀ ਨੂੰ ਬਿਆਨ ਕਰਦੀ ਹੈ ਤਾਂ ਉਹ ਆਪਣੇ ਵਰਗੀਆਂ ਲੱਖਾਂ ਔਰਤਾਂ ਦੀ ਸਥਿਤੀ ਨੂੰ ਬਿਆਨ ਕਰ ਰਹੀ ਹੁੰਦੀ ਹੈ। ਪਰ ਨਾਲ ਹੀ 'ਟੋਕਰਾ ਨਿਆਣਿਆਂ ਦਾ' ਬਾਰੇ ਗੱਲ ਕਰਦੀ ਆਪਣੇ ਆਪ 'ਤੇ ਮਜ਼ਾਕ ਵੀ ਕਰ ਰਹੀ ਹੁੰਦੀ ਹੈ।

ਦਾਦੂ ਵੇ ਗੁੱਜਰਾ ਵੇ,
ਛੱਜ ਭਰਿਆ ਏ ਲੀਰਾਂ ਦਾ,
ਵੇ ਛੱਜ ਭਰਿਆ ਏ ਲੀਰਾਂ ਦਾ।
ਆਪ ਤੁਸੀਂ ਠਾਣੇਦਾਰ ਓ,
ਵੇ ਘਰ ਹਾਲ ਫ਼ਕੀਰਾਂ ਦਾ।
ਦਾਦੂ ਵੇ ਗੁੱਜਰਾ ਵੇ,
ਛੱਜ ਭਰਿਆ ਏ ਦਾਣਿਆਂ ਦਾ,
ਵੇ ਛੱਜ ਭਰਿਆ ਏ ਦਾਣਿਆਂ ਦਾ,
ਤੇਰੀ ਸ਼ਾਹੀ ਕੀ ਕਰਨੀ ਵੇ,
ਘਰ ਟੋਕਰਾ ਨਿਆਣਿਆ ਦਾ।

ਔਰਤ ਆਪ ਰਚਨਾ ਕਰ ਰਹੀ ਹੈ ਤਾਂ ਉਸ ਨੂੰ 'ਦਾਦੂ' ਦੇ ਮੁਕਾਬਲੇ ਆਪਣੇ ਆਪ ਨੂੰ ਤੇ ਆਪਣੇ ਪਰਿਵਾਰ ਨੂੰ ਉੱਚਾ ਦਰਸਾਉਣ ਤੋਂ ਕੋਈ ਨਹੀਂ ਰੋਕ ਸਕਦਾ।

ਦਾਦੂ ਵੇ ਗੁੱਜਰਾ ਵੇ,
ਡੱਬੀ ਭਰੀ ਹੋਈ ਤੀਲ੍ਹਾਂ ਦੀ,
ਵੇ ਡੱਬੀ ਭਰੀ ਹੋਈ ਤੀਲ੍ਹਾਂ ਦੀ।
ਤੂੰ ਪੁੱਤ ਹੌਲਦਾਰ ਦਾ ਵੇ,
ਮੈਂ ਵੀ ਧੀ ਆਂ ਵਕੀਲਾਂ ਦੀ।

ਕਿਤੇ ਇਕ ਅੱਧ ਜਗਾਹ ਦਾਦੂ ਨੂੰ ਪ੍ਰੇਮੀ ਦੇ ਰੂਪ ਵਿਚ ਵੀ ਕਲਪਿਆ ਗਿਆ ਹੈ।

ਦਾਦੂ ਵੇ ਗੁੱਜਰਾ ਵੇ,
ਥਾਲੀ ਭਰੀ ਹੋਈ ਛੁਆਰਿਆਂ ਦੀ,
ਵੇ ਥਾਲੀ ਭਰੀ ਹੋਈ ਛੁਆਰਿਆਂ ਦੀ।
ਉਹ ਯਾਰੀ ਨਹੀਂ ਟੁੱਟਣੀ ਵੇ
ਜਿਹੜੀ ਲੱਗੀ ਆ ਕੁਆਰਿਆਂ ਦੀ।

ਇਨ੍ਹਾਂ ਸਾਰੀਆਂ ਸਥਿਤੀਆਂ ਦੇ ਬਾਵਜੂਦ ਸਾਡੇ ਵਰਤਮਾਨ ਸਮਾਜ ਵਿਚ ਔਰਤ ਇਕੱਲੀ ਨਹੀਂ ਰਹਿ ਸਕਦੀ। ਇਸੇ ਲਈ ਉਹ ਸਭ ਕੁਝ ਸਹਾਰਨ ਨੂੰ ਤਿਆਰ ਹੋ ਜਾਂਦੀ ਹੈ, ਪਰ ਵੱਖ ਹੋਣ ਨੂੰ ਉਹ ਤਿਆਰ ਨਹੀਂ ਹੁੰਦੀ। ਉਹ ਵਿਛੋੜਾ ਨੌਕਰ ਦਾ ਵੀ ਹੋ ਸਕਦਾ ਹੈ ਤੇ 'ਛੁੱਟੜ' ਹੋਣ ਦਾ ਵੀ। ਔਰਤ ਦਾਦੂ ਬਾਰੇ ਇਸ ਮਸਲੇ 'ਤੇ ਅਰਜੋਈਆਂ ਵਰਗੇ ਗੀਤ ਗਾਉਂਦੀ ਹੈ।

ਲਾਲੂ ਵੇ ਗੁੱਜਰਾ ਵੇ
ਛੱਜ ਭਰਿਆ ਇਆ ਭੂਕਾਂ ਦਾ,
ਵੇ ਛੱਜ ਭਰਿਆ ਇਆ ਭੂਕਾਂ ਦਾ।
ਛੱਡ ਕੇ ਨਾ ਜਾਈਂ ਸੁਹਣਿਆ,
ਵੇ ਇਹ ਪਿੰਡ ਰਜਪੂਤਾਂ ਦਾ।
ਲਾਲੂ ਵੇ ਗੁੱਜਰਾ ਵੇ,
ਮੇਰੇ ਪੱਲੇ ਮਖਾਣੇ ਆਂ।
ਵੇ ਮੇਰੇ ਪੱਲੇ ਮਖਾਣੇ ਆਂ।
ਛੱਡ ਕੇ ਨਾ ਜਾਈਂ ਸੁਹਣਿਆਂ,
ਤੇਰੇ ਰੋਂਦੇ ਨਿਆਣੇ ਆਂ।

'ਰਜਪੂਤਾਂ' ਦੇ ਪਿੰਡ ਦੀ ਗੱਲ ਬੜੀ ਮਹੱਤਵਪੂਰਨ ਹੈ ਕਿਉਂਕਿ ਸਭ ਤੋਂ ਵੱਧ ਬੰਦਸ਼ਾਂ ਰਾਜਪੂਤਾਂ ਵਿਚ ਹੀ ਹਨ। ਸਤੀ ਹੋਣ ਤੱਕ ਦੀਆਂ ਰਸਮਾਂ, ਇਨ੍ਹਾਂ ਵਿਚ ਵਧੇਰੇ ਹਨ। ਇੱਥੇ ਪਤੀ-ਵਿਹੂਣੀ ਹੋਣ ਦੇ ਅਰਥ ਸਮਝ ਆ ਸਕਦੇ ਹਨ। ਇਉਂ ਘਰ ਦੇ, ਔਰਤ ਦੇ ਅਨੇਕਾਂ ਪੱਖਾਂ ਦੇ ਚਿੱਤਰ ਉਲੀਕਦੇ ਦਾਦੂ ਦੇ ਟੱਪੇ ਲਗਾਤਾਰ ਜਾਰੀ ਰਹਿੰਦੇ ਹਨ, ਇਨ੍ਹਾਂ ਵਿਚ ਹਰ ਪਿੰਡ ਵਿਚ ਕੁਝ ਨਾ ਕੁਝ ਹੋਰ ਜੁੜਦਾ ਰਹਿੰਦਾ ਹੈ। ਗਾਇਕਾ ਇਸ ਤੱਥ ਨੂੰ ਚੰਗੀ ਤਰ੍ਹਾਂ ਜਾਣਦੀ ਹੈ ਇਸ ਲਈ ਉਸ ਨੂੰ ਇਸ ਟੱਪੇ ਨਾਲ ਸਮਾਪਤੀ ਕਰਨੀ ਪੈਂਦੀ ਹੈ।

ਦਾਦੂ ਵੇ ਗੁੱਜਰਾ ਵੇ
ਤੌੜੀ ਧੋ ਕੇ ਸੁਕਾਣੀ ਆਂ,
ਵੇ ਤੌੜੀ ਧੋ ਕੇ ਸੁਕਾਣੀ ਆਂ।
ਗੁੱਜਰ ਤਾਂ ਨਹੀਂ ਮੁੱਕਣਾ ਵੇ,
ਇਹ ਤਾਂ ਲੰਮੀ ਕਹਾਣੀ ਆਂ।

'ਬਾਦੋਵਾਲ' ਪਿੰਡ ਤੋਂ ਤੁਰ ਕੇ 'ਬਹਿਰਾਮਪੁਰ' ਤੱਕ ਆਉਂਦਿਆਂ ਦਾਦੂ/ਲਾਲੂ ਨਾਲ ਜੁੜੇ ਜਿਹੜੇ ਟੱਪੇ ਮੈਂ ਸੁਣੇ ਉਸ ਤੋਂ ਹੀ ਮੈਂ ਇਸ ਨਤੀਜੇ 'ਤੇ ਪੁੱਜਾ ਹਾਂ ਕਿ ਇਨ੍ਹਾਂ ਨੂੰ ਮਾਹੀਏ ਤੋਂ ਵੀ ਵੱਖ ਕਾਵਿ-ਰੂਪ ਸਮਝਣਾ ਚਾਹੀਦਾ ਹੈ।

***

GILL HOME INSPECTION LTD.
COMMERCIAL & RESIDENTIAL
Registered Home Inspector **Kulvir Gill**
Ontario Association of Certified Home Inspectors
OAHI
ਗਰੇਟਰ ਟਰਾਂਟੋ ਵਿੱਚ ਘਰਾਂ ਦੀ
ਇਨਸਪੈਕਸ਼ਨ ਲਈ ਫੋਨ ਕਰੋ
HELPING YOU
TO MAKE INFORMED DECISIONS
GHI
Cell: 416 839 3436 ▲ Ph: 905 479 5807

# ਪੰਜਾਬੀ ਕਵਿਤਾ ਦਾ ਮੌਲਿਕ ਅੰਦਾਜ਼ ਜਗਜੀਵਨ ਮੀਤ



ਜਗਜੀਵਨ ਮੀਤ
+91-80545-28927

ਜਗਜੀਵਨ ਮੀਤ ਪੰਜਾਬੀ ਕਵਿਤਾ ਦਾ ਬਿਲਕੁਲ ਮੌਲਿਕ ਅੰਦਾਜ਼ ਹੈ। ਉਹਦੇ ਮਨ 'ਚ ਤਾਂ ਹਲਚਲ ਹੁੰਦੀ ਹੈ ਪਰ ਇਹ ਹਲਚਲ ਸ਼ਾਇਰੀ ਦੇ ਰੂਪ ਵਿਚ ਕਾਗ਼ਜ਼ 'ਤੇ ਉਤਰਦਿਆਂ ਬੇਹੱਦ ਸ਼ਹਿਜ ਰੂਪ ਅਖ਼ਤਿਆਰ ਕਰ ਜਾਂਦੀ ਹੈ। ਇਹ ਉਸ ਦੀ ਕਾਵਿ ਪ੍ਰਤਿਭਾ ਦਾ ਪ੍ਰਮਾਣ ਹੈ ਕਿ ਉਹ ਕਹਿੰਦਾ ਹੈ ਕਿ 'ਮੇਰੇ ਤੇ ਦੁਨੀਆ ਵਿਚ ਬਸ ਫ਼ਰਕ ਏਨਾ ਕੁ ਹੈ ਕਿ ਲੋਕ ਜ਼ਿੰਦਗੀ ਜਿਉਂਦੇ ਨੇ ਤੇ ਮੈਂ ਜ਼ਿੰਦਗੀ ਲਿਖਦਾ ਹਾਂ।' ਆਪਣੀ ਕਵਿਤਾ ਵਿਚ ਜ਼ਿੰਦਗੀ ਲਿਖਣ ਵਾਲਾ ਇਹ ਸ਼ਾਇਰ ਨਜ਼ਮ ਦੇ ਨਾਲ-ਨਾਲ ਗ਼ਜ਼ਲ ਵੀ ਲਿਖਦਾ ਹੈ ਪਰ ਮੈਂ ਖ਼ੁਦ ਗ਼ਜ਼ਲਗੋ ਹੋਣ ਦੇ ਬਾਵਜੂਦ ਇਹ ਸਮਝਦਾ ਹਾਂ ਕਿ ਜਗਜੀਵਨ ਕੋਲ ਗ਼ਜ਼ਲ ਨਾਲੋਂ ਨਜ਼ਮ ਕਹਿਣ ਦਾ ਅੰਦਾਜ਼ ਵਧੇਰੇ ਪੁਖ਼ਤਾ ਹੈ। ਜਗਜੀਵਨ ਦੀ ਕਾਵਿ ਉਡਾਣ ਵਿਚ ਪਛਾਣ ਦਾ ਦਵੰਦ ਵੀ ਹੈ ਤੇ ਚੁੱਪ ਦੀ ਗਾਥਾ ਵੀ। ਪਰ ਉਹ ਚੁੱਪ ਰਹਿ ਕੇ ਵੀ ਚੁੱਪ ਨਹੀਂ ਹੈ, ਸਗੋਂ ਮੌਨ ਅਵਸਥਾ ਵਿਚੋਂ ਉਹ ਸੁਪਨਿਆਂ ਨੂੰ ਤਰਾਸ਼ਣ ਦਾ ਵਲ ਜਾਣਦਾ ਹੈ। ਸੁਪਨਿਆਂ ਨੂੰ ਤਰਾਸ਼ਦਿਆਂ ਉਹਨੂੰ ਇਲਮ ਹੈ ਕਿ ਇਸ ਰਸਤੇ ਵਿਚ ਹਜ਼ਾਰਾਂ-ਹਜ਼ਾਰ ਮੁਸੀਬਤਾਂ ਵੀ ਘੇਰਾ ਘੱਤੀ ਖੜੀਆਂ ਹਨ ਪਰ ਉਹ ਇਨ੍ਹਾਂ ਸਭ ਤੋਂ ਪਾਰ ਜਾਂਦਿਆਂ ਆਪਣੇ ਅਖਰਾਂ ਦੇ ਸਫ਼ਰ ਨਾਲ ਹਰ ਤਰ੍ਹਾਂ ਦੇ ਯੁੱਧ ਨਾਲ ਟਕਰਾਉਣ ਦਾ ਹੌਂਸਲਾ ਰੱਖਦਾ ਹੈ। ਪੇਸ਼ ਹਨ ਉਸ ਦੀਆਂ ਕੁਝ ਕਵਿਤਾਵਾਂ ਅਤੇ ਇਕ ਗ਼ਜ਼ਲ। ਜਗਜੀਵਨ ਦੀ ਇਹ ਕਾਵਿ ਬੁਲੰਦੀ ਅੰਬਰ ਤੀਕ ਫ਼ੈਲੇ -ਆਮੀਨ



ਸੁਲੱਖਣ ਸਰਹੱਦੀ
+91-94174-84337
sarhadisulkhan@yahoo.com

## ਪਛਾਣ

ਕਈ ਵਾਰ ਮਨ ਕਰਦਾ ਹੈ
ਦੀਵਾਰ ਤੋਂ ਲਾਹ ਕੇ ਸ਼ੀਸ਼ਾ
ਸੁੱਟ ਆਵਾਂ ਬਾਹਰ
ਗਲੀ 'ਚ
ਜਾਂ ਉਸ ਤੋਂ ਵੀ ਅੱਗੇ।
ਮੈਂ ਰੋਜ਼ ਸ਼ੀਸ਼ਾ ਵੇਖਦਾ ਹਾਂ
ਰੋਜ਼ ਉਹੀ ਚੇਹਰਾ...।
ਰੋਜ਼ ਉਹੀ ਸ਼ੀਸ਼ਾ...।
ਪਤਾ ਨਹੀਂ ਕਿਉਂ ਲੱਗਦਾ ਹੈ
ਕਿ ਜਾਂ ਤਾਂ
ਮੇਰਾ ਚੇਹਰੇ 'ਤੇ ਵਿਸ਼ਵਾਸ ਨਹੀਂ
ਜਾਂ ਫਿਰ ਸ਼ੀਸ਼ਾ ਸੱਚ ਨਹੀਂ ਬੋਲਦਾ।
ਮੈਂ ਸੁੱਟ ਦਿਆਂਗਾ
ਕਿਸੇ ਦਿਨ
ਦੀਵਾਰ ਤੋਂ ਲਾਹ ਕੇ ਸ਼ੀਸ਼ਾ
ਗਲੀ 'ਚ
ਜਾਂ ਉਸ ਤੋਂ ਵੀ ਕਿਤੇ ਅੱਗੇ।

---

## ਮੌਨ ਦੀ ਕਥਾ

ਉਦਾਸ ਮਨ 'ਚ
ਜ਼ਿਆਦਾ ਹਲਚਲ ਹੁੰਦੀ ਹੈ
ਤੇ ਚੁੱਪ ਬੈਠਾ ਆਦਮੀ
ਬਹੁਤ ਕੁਝ ਕਹਿਣਾ ਚਾਹੁੰਦਾ ਹੈ
ਮਨ ਜੋੜ-ਤੋੜ ਕਰਦਾ ਹੈ
ਉਮਰ ਦਿਨ ਮਹੀਨੇ
ਸਾਲ ਗਿਣਦੀ
ਬਦਲ ਜਾਂਦੀ ਹੈ
ਕੰਧ ਤੋਂ ਕਲੰਡਰ ਵਾਂਗ।
ਅੱਖਾਂ ਰਸਤੇ ਨਾਪਦੀਆਂ ਨੇ
ਪੜਾਅ-ਦਰ-ਪੜਾਅ
ਕੁਝ ਹੈ ਜੋ ਆਪਸ 'ਚ ਉਲਝਦਾ ਹੈ
ਰਸਤਿਆਂ 'ਚ
ਅੱਧੀ ਅਧੂਰੀ ਭਕਟਦੀ ਨਜ਼ਰ
ਆਖ਼ਰ ਮੀਟ ਲੈਂਦੀ ਹੈ ਅੱਖਾਂ।
ਰੂਹ ਸ਼ਾਂਤੀ ਚ ਉਤਰਨਾ ਚਾਹੁੰਦੀ ਹੈ
ਮਨ ਦੀ ਅਗਨ ਮੂਹਰੇ
ਇਕਾਗਰਤਾ ਦਾ ਡਰਾਮਾ ਰਚਿਆ ਜਾਂਦਾ ਹੈ
ਅੰਦਰ ਕੁਝ ਟੁੱਟਦਾ ਹੈ
ਸੂਈ ਦੇ ਨੱਕੇ 'ਤੇ
ਵਹਿਮ ਤੇ ਧਿਆਨ ਝੂਲਦੇ ਨੇ।
ਮੇਰੇ ਤੇ ਦੁਨੀਆ 'ਚ
ਬਸ ਫ਼ਰਕ ਏਨਾ ਕੁ
ਲੋਕ ਜ਼ਿੰਦਗੀ ਜਿਉਂਦੇ ਨੇ
ਤੇ ਮੈਂ ਜ਼ਿੰਦਗੀ ਲਿਖਦਾ ਹਾਂ।

---

## ਘਰ ਵਾਪਸੀ

ਅੱਜ ਸਵੇਰ ਚੁੱਪ ਹੈ ਸਵੇਰ ਤੋਂ ਹੀ
ਮਨ ਦੇ ਉਣੇਪਣ 'ਚ
ਕੁਝ ਛਲਕ ਰਿਹਾ ਹੈ
ਪਤਾ ਨਹੀਂ ਮੇਰੇ ਤੋਂ
ਕੀ ਨਹੀਂ ਸਾਂਭਿਆ ਜਾਂਦਾ।
ਇਕ ਉਮਰ ਬੀਤ ਗਈ ਹੈ
ਕਿੰਨਾ ਕੁਝ ਖਿਲਰਿਆ ਪਿਆ ਹੈ।

ਮਨ ਛਲਾਵੇ ਕਰਦਾ ਹੈ
ਉਮਰ ਅਧੂਰੇਪਣ ਨੂੰ ਤਰਸਦੀ ਹੈ
ਕੁਝ ਹੈ ਜੋ ਨਿਰੰਤਰ
ਮੇਰੇ ਪੱਲੇ 'ਚੋਂ ਕਿਰ ਰਿਹਾ ਹੈ।

ਤੇਰੇ ਹੋਣ ਜਾਂ ਨਾ ਹੋਣ ਨਾਲ
ਪਤਾ ਨਹੀਂ ਕਿਉਂ
ਮੈਨੂੰ ਹੁਣ ਫ਼ਰਕ ਨਹੀਂ ਪੈਂਦਾ
ਜਦ ਤੂੰ ਲੱਭੀ ਸੀ
ਤਾਂ ਮੈਂ ਗਵਾਚ ਗਿਆ ਸੀ
ਅੱਜ ਮੇਰਾ ਪਤਾ
ਮੇਰੇ ਹੱਥ 'ਚ ਹੈ
ਦੇਖ, ਮੈਂ ਅੱਜ ਘਰ ਪਰਤ ਰਿਹਾ ਹਾਂ।

---

## ਅੱਧ-ਵਿਚਾਲੇ

ਮੈਂ ਤੈਨੂੰ ਆਪਣੇ ਨਾਲ
ਤੋਰ ਤਾਂ ਲਿਆ ਹੈ
ਪਤਾ ਨਹੀਂ ਕਿਉਂ
ਮੈਨੂੰ ਵਹਿਮ ਹੈ
ਕਿ ਤੂੰ ਆਪਣੇ ਪੈਰ
ਘਰ ਛੱਡ ਆਈ ਏਂ।

---

## ਖਿਲਰੇ ਅੱਖਰ

ਹੋ ਸਕੇ ਤਾਂ
ਤੂੰ ਮੈਨੂੰ ਮੁਖ਼ਾਤਬ ਹੋਈਂ
ਮੇਰੇ ਸਾਹਮਣੇਂ ਬੈਠੀਂ
ਮੈਂ ਤੇਰੀਆਂ ਅੱਖਾਂ 'ਚੋਂ
ਰੱਬ ਲੱਭਾਂਗਾ
ਤੇ ਤੂੰ ਮੇਰੇ ਮੱਥੇ ਉਪਰੋਂ
ਆਪਣੇਂ ਪੈਰਾਂ ਦੀ ਧੂੜ ਦੀ
ਪਛਾਣ ਕਰੀਂ।

---

## ਗ਼ਜ਼ਲ

ਕਦੋਂ ਮੈਂ ਬਾਜ ਆਇਆ ਹਾਂ ਕਦੋਂ ਮੈਂ ਬਾਜ ਆਵਾਂਗਾ,
ਤੂੰ ਜਿੱਥੇ ਤੀਕ ਜਾਵੇਂਗਾ ਮੈਂ ਓਥੇ ਤੀਕ ਜਾਵਾਂਗਾ।

ਤੁਸੀਂ ਬੇਸ਼ਕ ਮੇਰੇ ਰਸਤਿਆਂ ਵਿੱਚ ਧਰ ਦਿਓ ਕੰਡੇ,
ਮੈਂ ਤੁਰਨਾ ਜਾਣਦਾ ਹਾਂ ਮੈਂ ਇਹ ਰਸਤੇ ਲੰਘ ਆਵਾਂਗਾ।

ਇਹਨੂੰ ਮੇਰੀ ਅਦਾ ਆਖੀਂ ਇਹਨੂੰ ਮੇਰਾ ਸ਼ਦਾ ਆਖੀਂ,
ਮੈਂ ਖੜ੍ਹਕੇ ਸ਼ਹਿਰ ਦੇ ਵਿਚਕਾਰ ਤੇਰਾ ਨਾਂ ਬੁਲਾਵਾਂਗਾ।

ਕੋਈ ਮੇਰਾ ਜੇ ਰਸਤਾ ਹੋ ਗਿਆ ਜੇ ਆਖ਼ਰੀ ਕਿਧਰੇ,
ਮੈਂ ਮੱਥੇ ਧੂੜ ਪਾਵਾਂਗਾ ਮੈਂ ਮੱਥੇ ਲੀਕ ਵਾਹਵਾਂਗਾ।

ਹਵਾ ਫਿਰ ਨਾਲ ਹੋਵੇਗੀ ਤੇ ਚੂੜਾ ਪਾ ਕੇ ਬੈਠੇਗੀ,
ਜਦੋਂ ਘਰ ਦੇ ਬਨੇਰੇ 'ਤੇ ਕੋਈ ਦੀਵਾ ਜਗਾਵਾਂਗਾ।

---

## ਰੁਕੇ ਹੋਏ ਪਲ

ਵਿਹੜੇ 'ਚ ਖੁਸ਼ੀਆਂ
ਕਿਸਨੇ ਮਧੋਲ ਸੁਟੀਆਂ ਨੇ
ਯਾਦਾਂ ਨੂੰ ਫੀਤਾ-ਫੀਤਾ
ਕੌਣ ਕਰ ਗਿਆ ਹੈ
ਇਹ ਕਿਸਦਾ ਪਰਛਾਵਾਂ ਹੈ
ਜਿਹੜਾ ਖ਼ੁਦਕੁਸ਼ੀ ਕਰ ਗਿਆ ਹੈ
ਉਠ ਕੇ ਵੇਖੋ ਤਾਂ ਸਹੀ
ਰਾਤੀਂ ਕੌਣ ਆਇਆ ਸੀ ?
ਉਣੀਂਦਰੇ ਸੁਪਨਿਆਂ 'ਚ
ਕਿਸਦਾ ਵਿਯੋਗ ਹੈ
ਦਿਲਾਂ 'ਚ ਦਹਿਸ਼ਤ
ਕੌਣ ਭਰ ਗਿਆ ਹੈ
ਉਮੀਦਾਂ ਦੇ ਅੱਖਰ
ਫਿਕੇ ਕਿਉਂ ਪੈ ਗਏ ਨੇ
ਉਠ ਕੇ ਵੇਖੋ ਤਾਂ ਸਹੀ
ਸ਼ਹਿਰ 'ਚ ਰਾਤੀਂ
ਕੌਣ ਕੌਣ ਨਹੀਂ ਸੁੱਤਾ।
ਸਾਰੇ ਰਸਤੇ
ਕਿਉਂ ਉਲਝ ਗਏ ਨੇ
ਮੂੰਹ ਭਾਰ ਕੌਣ ਡਿਗ ਗਿਆ ਹੈ
ਘੜੀ ਦੀਆਂ ਸੂਈਆਂ
ਪੈਰਾਂ 'ਚ
ਕੀਹਨੇ ਖੋਭ ਦਿਤਿਆਂ ਨੇ
ਉਠ ਕੇ ਵੇਖੋ ਤਾਂ ਸਹੀ
ਪਲ ਕਿਉਂ ਰੁਕ ਗਏ ਨੇ
ਘਰ ਕੀਹਦਾ ਮੁੜਨਾ ਟਲ ਗਿਆ ਹੈ।

---

## ਜ਼ਿੰਦਗੀ ਦਾ ਸਿਰਲੇਖ

ਲਫ਼ਜ਼ਾਂ ਦੇ ਮੰਦਰ ਅੰਦਰ
ਵੇਖ ਮੈਂ ਸਮੇਤ ਚੱਪਲਾਂ
ਆ ਵੜਿਆਂ ਹਾਂ
ਮੇਰਾ ਸਿਰ ਵੀ ਨੰਗਾ ਹੈ
ਤੇ ਹੱਥਾਂ 'ਚ ਵੀ
ਕੋਈ ਸੌਗਾਤ ਨਹੀਂ।
ਜਦੋਂ ਬਾਹਰ ਨਿਕਲਿਆ
ਤਾਂ ਮੇਰੇ ਗਲੇ 'ਚ
ਕਵਿਤਾਵਾਂ ਦੀ ਮਾਲਾ ਸੀ
ਤੇ ਮੇਰੇ ਮੱਥੇ 'ਤੇ
ਜ਼ਿੰਦਗੀ ਦਾ ਸਿਰਲੇਖ।

---

## ਸਵਾਲਾਂ ਦਾ ਸੱਥਰ

ਸੁਪਨਿਆਂ ਦਾ ਦਾਹ ਸਸਕਾਰ ਕਰਕੇ
ਮੁੜਿਆਂ ਹਾਂ...
ਉਹ ਕੌਣ ਸੀ ?
ਜਿਸਨੇ ਮੇਰੇ ਹੱਥ ਧੁਆਏ
ਮੇਰੇ ਪੈਰਾਂ 'ਤੇ ਪਾਣੀ ਪਾਇਆ
ਮੈਂ ਕਿਸਦੇ ਆਖੇ ?
ਹੱਥ ਮੂੰਹ ਧੋਤਾ
ਮੈਂ ਉਮੀਦਾਂ ਦੇ ਕੱਪੜੇ ਲਾਹ ਕੇ
ਕੀਹਦੇ ਅੱਗੇ ਸੁੱਟ ਦਿੱਤੇ ਨੇ ?
ਤੇ ਉਹ ਕੌਣ ਸੀ ?
ਜਿਹੜਾ ਸਮੇਂ ਦਾ ਗੇੜ ਕਹਿੰਦਾ
ਬਾਹਾਂ 'ਚ ਸਵਾਲਾਂ ਦਾ ਸੱਥਰ ਘੁੱਟਦਾ
ਉਸੇ ਗਲੀ 'ਚ ਅਲੋਪ ਹੋ ਗਿਆ।

---

## ਮਹਾਂਯੁੱਧ

ਮੇਰੇ ਅੰਦਰ ਇਕ ਯੁੱਧ ਚਲਦਾ ਹੈ
ਇਕ ਮਹਾਂਯੁੱਧ।
ਮੈਂ ਇਸ 'ਚ ਸ਼ਾਮਲ ਹੋ ਕੇ ਵੀ
ਸ਼ਾਮਲ ਨਜ਼ਰ ਨਹੀਂ ਆਉਂਦਾ।

ਮੇਰੇ ਅੰਦਰ ਹਾਥੀ ਘੋੜੇ
ਦਗੜ-ਦਗੜ ਦੌੜਦੇ ਨੇ
ਸਿਰ ਤੋਂ ਪੈਰਾਂ ਤੱਕ ਲਹੂ ਲੁਹਾਨ
ਰੂਹ ਤਮਾਸ਼ਾ ਵੇਖਦੀ ਹੈ
ਤਾਜ਼ੇ ਬਲਦੇ ਸਿਵੇ ਦੀ ਦੁਰਗੰਧ
ਮੇਰਾ ਦਮ ਘੁੱਟਦੀ ਹੈ।

ਉਹ ਮੇਰਾ ਪੰਚਨਾਮਾ ਕਰਦੇ ਨੇ
ਤੇ ਮੇਰੇ ਮੱਥੇ 'ਤੇ ਸ਼ਹੀਦ ਦੀ ਤਖ਼ਤੀ ਟੰਗ ਕੇ
ਮੇਰਾ ਬੁੱਤ ਚੌਰਾਹੇ 'ਚ ਗੱਡ ਦਿੰਦੇ ਨੇ।

ਅੱਜ ਕੋਈ ਦਿਨ ਹੈ ਸ਼ਾਇਦ....
ਤਾਜ਼ੇ ਫੁੱਲਾਂ ਦਾ ਕਤਲ ਕਰਕੇ
ਮੇਰੇ ਗਲੇ 'ਚ
ਸੱਪ ਵਰਗੀ ਮਾਲਾ ਟੰਗੀ ਗਈ ਹੈ
ਉਹ ਸਿਰੋਂ ਭਾਰ ਹੌਲਾ ਕਰਦੇ ਨੇ
ਤਾੜੀਆਂ ਦੀ ਅਵਾਜ਼ 'ਚ
ਮੇਰੀ ਚੀਕ ਗੁਆਚ ਰਹੀ ਹੈ
ਤੇ ਮੈਂ.... ਮੈਂ ਫਿਰ
ਮਹਾਂਯੁੱਧ 'ਚ ਘਿਰ ਗਿਆ ਹਾਂ।

---

## ਅੱਖਰ ਲਾਟ

ਜੰਗਲ 'ਚੋਂ ਲੰਘ ਰਿਹਾ ਸੀ
ਹਨੇਰਾ ਘੁੱਪ, ਬੀਆਬਾਨ ਚੁੱਪ।
ਮੇਰੇ ਹੱਥਾਂ 'ਚ ਸ਼ਬਦਾਂ ਦਾ
ਭਰਿਆ ਹੋਇਆ ਥਾਲ ਸੀ
ਕਿਸੇ ਜਾਨਵਰ ਦਾ ਡਰ ਰੋਮ-ਰੋਮ
'ਚ ਫੈਲ ਗਿਆ।
ਮੈਂ ਦੋ ਸ਼ਬਦ ਆਪਸ 'ਚ ਰਗੜੇ
ਤੇ ਮੱਥੇ 'ਚ ਅੱਗ ਬਾਲ ਲਈ
ਥਾਲ 'ਚ ਧੂੰਆਂ ਰੌਲੀ ਜਿਹੀ ਪੈ ਗਈ
ਚਾਰ ਕੁ ਕਦਮ ਪੁੱਟੇ ਹੋਣਗੇ
ਤੂੰ ਅੱਧਾ ਕੁ ਮਿੱਟੀ 'ਚ ਉਤਰਿਆ
ਪੱਥਰ 'ਤੇ ਪੱਥਰ ਮਾਰ ਕੇ
ਅੱਗ ਬਾਲ ਰਿਹਾ ਸੀ
ਮੇਰੇ ਹੱਥੋਂ ਥਾਲੀ ਡਿੱਗ ਪਈ
ਧੂੰਏਂ ਨਾਲ ਜੰਗਲ ਭਰ ਗਿਆ
ਤੂੰ ਇਕ ਦਮ ਤ੍ਰਭਕ ਕੇ
ਪੱਥਰ ਡਿੱਗੀ ਥਾਲੀ 'ਚ
ਵਗਾ ਮਾਰੇ....।
ਮੇਰੇ ਮੱਥੇ 'ਚੋਂ ਅੱਗ ਬੁੱਝ ਗਈ।

# ਜ਼ਿੰਦਗੀ ਬੜੀ ਬੇਵਫ਼ਾ ਹੈ, ਇਸਦਾ ਇਕ ਪਲ ਦਾ ਵੀ ਭਰੋਸਾ ਨਾ ਕਰੋ।




ਸਾਡੇ ਨਾਲ ਕੰਮ ਕਰਨ ਲਈ ਜਾਂ ਆਪਣੇ ਸ਼ਹਿਰ ਵਿੱਚ ਦਫ਼ਤਰ ਖੋਲ੍ਹਣ ਲਈ ਸੰਪਰਕ ਕਰੋ

## ਜ਼ਰਾ ਸੋਚੋ ! !

| Age ਉਮਰ | Per Month Rate / ਪ੍ਰਤੀ ਮਹੀਨਾ ਰੇਟ* | | | |
|---|---|---|---|---|
| | 100,000 | 250,000 | 500,000 | 1,000,000 |
| 25 | 11.34 | 18.23 | 29.70 | 52.65 |
| 35 | 11.70 | 19.70 | 31.50 | 56.65 |
| 45 | 16.20 | 30.38 | 54.00 | 101.25 |
| 55 | 30.60 | 66.38 | 126.00 | 245.25 |
| 65 | 67.68 | 159.08 | 311.40 | 616.05 |

* Rates may change without notice

ਕੀ ਤੁਸੀਂ ਉਕਤ ਲਿਖੇ ਰੇਟਾਂ ਨਾਲੋਂ ਜ਼ਿਆਦਾ ਪੇਮੈਂਟ ਦੇ ਰਹੇ ਹੋ ?

- ✦ ਕੀ ਤੁਸੀਂ ਹਾਲ ਹੀ ਵਿਚ ਘਰ ਖ਼ਰੀਦਿਆ ਹੈ ? ✦ ਕੀ ਤੁਹਾਡੇ ਘਰ ਉੱਪਰ ਮੌਰਗੇਜ਼ ਹੈ ?
- ✦ ਕੀ ਤੁਸੀਂ ਬੈਂਕ ਤੋਂ ਮੌਰਗੇਜ਼ ਇੰਸ਼ੋਰੈਂਸ ਲਈ ਹੈ ਅਤੇ ਬੈਂਕ ਨਾਲੋਂ ਸਸਤੀ ਮੌਰਗੇਜ਼ ਇੰਸ਼ੋਰੈਂਸ ਲੈਣੀ ਚਾਹੁੰਦੇ ਹੋ?
- ✦ ਕੀ ਤੁਸੀਂ ਘਰ ਦੇ ਮੁਖੀ ਹੋ ?
- ✦ ਕੀ ਤੁਹਾਡੇ ਬੱਚੇ ਅਜੇ ਛੋਟੇ ਹਨ ਅਤੇ ਉਨ੍ਹਾਂ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਤੁਹਾਡੇ ਉੱਪਰ ਹੈ ?
- ✦ ਕੀ ਤੁਹਾਡੀ ਲਾਈਫ਼ ਇੰਸ਼ੋਰੈਂਸ ਵੀ ਰਿਨਿਊ ਹੋਣ ਵਾਲੀ ਹੈ ?

ਜੇਕਰ, ਉੱਪਰ ਲਿਖੇ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿੱਚ ਹੈ ਤਾਂ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ। ਮੁਫ਼ਤ ਸਲਾਹ ਅਤੇ ਵਧੀਆ ਰੇਟ ਲਈ ਅੱਜ ਹੀ ਜੀਵਨ ਬੀਮਾ ਇੰਕ. ਦੇ ਨੇੜਲੇ ਦਫ਼ਤਰ ਨਾਲ ਸੰਪਰਕ ਕਰੋ।

ਅਸੀਂ ਹਾਰਟ ਅਟੈਕ, ਕੈਂਸਰ, ਸਟ੍ਰੋਕ ਵਰਗੀਆਂ 20 ਤੋਂ ਵੱਧ ਨਾ-ਮੁਰਾਦ ਬੀਮਾਰੀਆਂ ਲਈ ਇੰਸ਼ੋਰੈਂਸ ਵੀ ਕਰਦੇ ਹਾਂ । ਜੇ ਤੁਹਾਨੂੰ ਇਨ੍ਹਾਂ ਬੀਮਾਰੀਆਂ ਵਿੱਚੋਂ ਕੋਈ ਬੀਮਾਰੀ ਨਾ ਹੋਵੇ ਤਾਂ ਅਖ਼ੀਰ ਵਿਚ ਤੁਹਾਡੇ ਪੈਸੇ ਵਾਪਿਸ ਮਿਲ ਸਕਦੇ ਹਨ ।



**Jessie Singh**
(C.A.I.B)

- ✦ Life Insurance
- ✦ Mortgage Insurance
- ✦ Disability Insurance
- ✦ Critical Illness Insurance
- ✦ Longterm Care Insurance
- ✦ Travel Insurance
- ✦ Health Plans



**Jasvir Deol**
(C.A.I.B)

*For All Insurance Needs Book Appointment Today.*

## Calgary

Bus: (403) 717 - 0666
Cell: (403) 830 - 7007

## Edmonton

Bus: (780) 465 - 6900
Cell: (780) 906 - 4497

MILLBOURNE ROAD
MEDICAL CLINIC
WALK-INS WELCOME FAMILY PHYSICIANS



Dr. V.K. Thapar (M.D., CCFP)*
Dr. B.S. Jassar (M.D., Ph.D, CCFP)*
Dr. S. Bananda (M.D.)
Dr. Farhat Siddiqui (M.D.)
By Appointments Only Cell: 780 918 0516

ਤੁਹਾਡੀ ਸਹਾਇਤਾ ਲਈ ਮਾਹਿਰ ਡਾਕਟਰਾਂ ਦੀ ਟੀਮ ਹਾਜ਼ਰ ਹੈ।
ਹੁਣ ਤੁਸੀ ਸਲਾਹ ਮਸ਼ਵਰੇ ਲਈ ਲੇਡੀ ਡਾਕਟਰ ਸਦੀਕੀ ਨੂੰ ਵੀ ਮਿਲ ਸਕਦੇ ਹੋ।
Ph: 780 462 4229 Fax: 780 462 3315
131 Millbourne Road East, Lee Ridge Plaza Edmonton, AB T6K 1P6
* Professional Corporation

WESTFORK Interiors
Specializing in Cabinets & Counter tops
Kitchen & Vanities, Custom Cabinets, Staining & Spraying Doors
Endless Options
- On site full custom designing and manufacturing.
- Consultation for Kitchens, Bathrooms, Offices, Dens, Storage etc.
- Quality installation and delivery.
- One Location - Multiple Considerations
- Complete Range of Counter tops including laminate.

Custom Cabinetry
Exceptional Quality Customised Solutions
Premium Construction at Competitive Price.
ਕੈਬਨਿਟ ਅਤੇ ਕਾਊਂਟਰ ਟੌਪ ਬਨਾਉਣ ਦੇ ਮਾਹਿਰ
ਆਪਣੇ ਦਫ਼ਤਰ, ਘਰ, ਰਸੋਈ ਦੀ ਵਧੀਆ ਦਿੱਖ, ਉੱਤਮ ਕੁਆਲਟੀ, ਚੰਗੀ ਕਾਰੀਗਰੀ
ਅਤੇ ਵਾਜਬ ਮੁੱਲ ਦੇ ਸੁਮੇਲ ਵਾਸਤੇ ਹਮੇਸ਼ਾ ਯਾਦ ਰੱਖੋ ਵੈਸਟਫੋਰਕ ਇੰਟੀਰੀਅਰਜ਼



Westfork Interiors, 8307 Argyll Road, Edmonton T6C 4B2
Tel: 780-490-4983
Fax: 780-490-4982
www.westforkinteriors.com
info@westforkinteriors.com
Gurmail Matharu : 780-990-9349
Ranjit Matharu : 780-907-9889



Passport Photos
by:
Kanwal Lyall
All types of Immigration, Passport, PIO, Citizenship Photos
Phone: 780-952-8017 lyallstudio@gmail.com

Auto Shine
Interior Shampooing ✦ Power Polishing ✦ Engine Cleaning ✦ Fabric Guard ✦ Tar Ramoval
Move to New & Bigger Location for Better Service



DAVE VIRK
Ph: 780 485 1253
Cell: 780 902 3727
Fax: 780 485 1353
autoshinedetailing@gmail.com
10365 59 Ave NW, Edmonton AB T6H1E7

Fancy DOORS & MOULDINGS LTD.
JELD-WEN WINDOWS & DOORS · ALEXANDRIA Moulding · Masonite
FALL SHOWCASE
CHECK OUT OUR QUALITY SELECTION

Interior Doors
Cheyenne — Smooth, H/C, Pre-Hung 18" x 36" MDF Jamb, 3 Hinges
Bostonian — 6-Panel, Pre-Hung 18" x 36" MDF Jamb, 3 Hinges

Exterior Doors
Fibreglass "Parliament" — Pre-Hung (32" or 36" x80") with 4.5" Jamb
6-Panel Steel Door — with Brick Moulding Pre-Hung (32" or 36") with 4.5" Jamb

French Doors
A. 3-Panel Mission Shaker, Fir
B. 3-Panel Equal Shaker, MDF
C. 5-Panel Shaker, MDF

Single or Double "Paris" Doors
Pantry Slab
Square Ring with Band

Exterior Wood Doors
Prefinished 32" x 32" x 96"

SAVE ON DOOR KNOBS AND HANDLES!
BOSTAT Clearance Locks
Keyed Lever $15.00
Deadbolt $15.00
Privacy Lever $12.00
Passage Lever $12.00
*Please Note - All Sales of these locks are final and carry no warranty!
2 Piece Deadbolt $15.00
Passage Knob $10.99

MOULDING & MILLWORK HIGHLAND PARK SERIES ~ CLEAN, MODERN & ELEGANT!
#546 Casing 1¼" x 5½" SPERO™
#8039 Casing ¾" x 3½" MDF Primed
#8237 Baseboard ⅝" x 5½" MDF Primed
#8081 Casing ⅝" x 3¼" MDF Primed
#8281 Baseboard ½" x 6" MDF Primed

ALEXANDRIA Moulding MOULDING SPECIALS!
#5010 1 3/16" x 4 3/16" MDF Primed
#412 Baseboard ⅝" x 4¼" MDF Primed
#411 Casing 11/16" x 3" MDF Primed
#3140 ⅜" x 3¼" MDF Primed
#356 2 ¼" x 3/8" MDF Primed

SAVE ON BATHROOM FIXTURES!
Infinity 4 Piece Bath Set
Robe Hook
Towel Bar
Towel Ring
Paper Holder
Sunglow 4 Piece Bath Set
Towel Bar
Robe Hook
Paper Holder
Towel Ring

Interior & Exterior, Prehung Units, Locks & Hardware, French Doors, Bi-Folds, Mouldings & Accessories
Commercial Doors & Hardware, Custom Railing Supplied & Installed
Alberta Location: 9129 - 35 Avenue, Edmonton, AB, T6E 5Y1
Ph: 780-432-7700
Fax: 780-432-7710 www.fancy-doors.com
Limited time offer. Expires November 31, 2012





ਵਿਨੀਪੈਗ ਵਿਖੇ ਸਟਾਈਲ ਇੰਡੀਆ ਦੇ ਉਦਘਾਟਨ ਮੌਕੇ ਦੀਆਂ ਝਲਕੀਆਂ।




ਸੁਪਰ ਸਟੋਰ (ਸਾਊਥ ਕੌਮਨ, ਐਡਮਿੰਟਨ) ਦੇ ਕਰਮਚਾਰੀ 'ਪਿਕਟ ਲਾਈਨ' 'ਤੇ ਨਜ਼ਰ ਆ ਰਹੇ ਹਨ



ਐਮ.ਐਲ.ਏ. ਮਨਮੀਤ ਸਿੰਘ ਭੁੱਲਰ, ਐਪਲਵੁੱਡ ਕਮਿਊਨਿਟੀ ਐਸੋਸੀਏਸ਼ਨ ਨੂੰ 375,000 ਡਾਲਰ ਦਾ ਚੈੱਕ ਦਿੰਦੇ ਹੋਏ



ਐਡਮਿੰਟਨ ਕੌਂਸਲ ਮੇਅਰ ਦੀ ਉਮੀਦਵਾਰ ਕੈਰਨ ਦੀ ਫ਼ੰਡ ਰੇਜ਼ਿੰਗ ਵਿਨਰ ਮੌਕੇ ਭਾਈਚਾਰੇ ਦੇ ਉਘੇ ਬਿਜ਼ਨਸਮੈਨ ਮਿਲਵੁੱਡ ਸਜ਼ੂਕੀ ਤੋਂ ਜੈਸੀ ਪ੍ਰਹਾਰ, ਰਾਇਲ ਐਗਜ਼ੀਕਿਊਟਿਵ ਹੋਮਜ਼ ਤੋਂ ਰਣਜੀਤ ਦਿਓਲ, ਡਿਊਰਾ ਬੈਲਟ ਵਿੰਡੋਜ਼ ਤੋਂ ਜੋ ਸੁੰਨੜ, ਬੈਲ ਕਮਿਊਨੀਕੇਸ਼ਨ ਤੋਂ ਰੇਸ਼ਮਦੀਪ ਮੁੰਡੀ ਅਤੇ ਐਮ.ਐਲ.ਏ. ਨਰੇਸ਼ ਭਾਰਦਵਾਜ ਨਜ਼ਰ ਆ ਰਹੇ ਹਨ।




ਗੁਰਦੁਆਰਾ ਮਿਲਵੁੱਡਜ਼ ਐਡਮਿੰਟਨ ਦੀ ਸੰਗਤ ਪਿਕਨਿਕ ਦੌਰਾਨ।

# Elite Driving School

Learn to drive with experienced,
caring & friendly instructor
Lessons available in English, Hindi, Punjabi & Urdu

19 ਸਾਲਾਂ ਦਾ ਤਜ਼ਰਬਾ, ਭਰੋਸੇਯੋਗ ਤੇ ਵਧੀਆ ਸੇਵਾਵਾਂ ਲਈ, ਟੈਸਟ ਲਈ ਕਾਰ ਉਪਲਬਧ ਹੈ।

19 Years Road Experience

15 Hours in Class Room
& 10 Hours in Car
Package Available

ਐਡਵਾਂਸ ਤੇ ਬੇਸਿਕ ਟਰੇਨਿੰਗ ਤਸੱਲੀਬਖ਼ਸ਼ ਸੇਵਾਵਾਂ ਲਈ ਸੰਪਰਕ ਕਰੋ।





- Reasonable Rates
- Free Home Pick up and Drop off
- Weekday and weekend appointments available
- Fully insured, banded and licensed
- class Room Service available
- Help Available in Learner.
- Professional Service with Full Respect.

Gurmail Dhaliwal (Garry)
780-265-6990



2019 61st St NW, Edmonton, AB, T6L 1M5
Tel: 780-265-6990 Fax: 780-461-6990
Email: elitedriving@hotmail.com, www.elitedrivingschoolltd.ca



# ਅੱਜ ਨਹੀਂ ਤਾਂ ਕਲ੍ਹ ਕੋਈ ਜ਼ਰੂਰ ਦੱਸੇਗਾ ਕਿ ਭਗਤ ਸਿੰਘ, ਭਗਤ ਸਿੰਘ ਕਿਵੇਂ ਬਣਿਆ : ਵਿਸ਼ਨੂ ਖਰੇ

*ਭਗਤ ਸਿੰਘ 'ਤੇ ਕਈ ਫ਼ਿਲਮਾਂ ਬਣ ਚੁੱਕੀਆਂ ਹਨ। ਇਨ੍ਹਾਂ ਵਿਚੋਂ ਜਿਹੜੀਆਂ ਤਿੰਨ ਮਹੱਤਵਪੂਰਨ ਫ਼ਿਲਮਾਂ ਹਨ, ਉਨ੍ਹਾਂ ਦੇ ਨਾਮ ਹਨ – 'ਸ਼ਹੀਦ', '23 ਮਾਰਚ, 1931 –ਸ਼ਹੀਦ' ਅਤੇ 'ਦਿ ਲੀਜੇਂਡ ਆਫ਼ ਭਗਤ ਸਿੰਘ'। ਪਹਿਲੀ ਫ਼ਿਲਮ ਮਨੋਜ ਕੁਮਾਰ ਦੀ ਸੀ, ਦੂਜੀ ਫ਼ਿਲਮ ਦਾ ਨਿਰਦੇਸ਼ਨ ਗੁੱਡੂ ਧਨੋਆ ਨੇ ਕੀਤਾ ਸੀ ਅਤੇ ਤੀਜੀ ਫ਼ਿਲਮ ਰਾਜ ਕੁਮਾਰ ਸੰਤੋਸ਼ੀ ਵਲੋਂ ਨਿਰਦੇਸ਼ਤ ਕੀਤੀ ਗਈ ਸੀ। ਇਨ੍ਹਾਂ ਤਿੰਨਾਂ ਫ਼ਿਲਮਾਂ 'ਤੇ ਹਿੰਦੀ ਕਵੀ ਅਤੇ ਪ੍ਰਸਿੱਧ ਵਿਦਵਾਨ ਵਿਸ਼ਨੂ ਖਰੇ ਨਾਲ ਗੱਲਬਾਤ ਪਾਠਕਾਂ ਨੂੰ ਨਾ ਕੇਵਲ ਇਨ੍ਹਾਂ ਫ਼ਿਲਮਾਂ ਬਾਰੇ ਬਹੁਤ ਸਾਰੀਆਂ ਗੱਲਾਂ ਦਸਦੀ ਹੈ ਬਲਕਿ ਇਨ੍ਹਾਂ ਫ਼ਿਲਮਾਂ ਦੇ ਬਹਾਨੇ ਭਗਤ ਸਿੰਘ ਦੀ ਸਖਸ਼ੀਅਤ ਅਤੇ ਦਰਸ਼ਨ 'ਤੇ ਵੀ ਪੂਰੀ ਰੌਸ਼ਨੀ ਪਾਉਂਦੀ ਹੈ। –ਅਜੇ ਕੁਮਾਰ*

ਮੁਲਾਕਾਤੀ : ਅਜੇ ਕੁਮਾਰ, ਸੰਪਾਦਕ ਉਦਭਾਵਨਾ

***? : ਪਹਿਲਾ ਸਵਾਲ ਇਹ ਹੈ ਕਿ ਭਗਤ ਸਿੰਘ 'ਤੇ ਬਣੀਆਂ ਇਹ ਫ਼ਿਲਮਾਂ ਕੀ ਰਾਸ਼ਟਰਵਾਦ ਨੂੰ ਕੈਸ਼ ਕਰਨ ਦੀ ਕੋਸ਼ਿਸ਼ ਹਨ?***

ਜਵਾਬ : ਇਸ ਵਿਚ ਕੋਈ ਸ਼ੱਕ ਨਹੀਂ ਕਿ ਰਾਸ਼ਟਰਵਾਦ ਇਨ੍ਹਾਂ ਤਿੰਨੇ ਫ਼ਿਲਮਾਂ ਦਾ ਮੌਲਿਕ ਥੀਮ ਹੈ ਅਤੇ ਇਨ੍ਹਾਂ ਤਿੰਨਾਂ ਨੇ ਵੱਖ-ਵੱਖ ਮਾਤਰਾ ਵਿਚ ਰਾਸ਼ਟਰਵਾਦ ਨੂੰ ਕੈਸ਼ ਕੀਤਾ ਹੈ। ਇਹ ਵੀ ਦੇਖਣਾ ਦਿਲਚਸਪ ਹੈ ਕਿ ਇਨ੍ਹਾਂ ਤਿੰਨਾਂ ਨਿਰਦੇਸ਼ਕਾਂ ਦਾ ਚਿੰਤਨ ਕੀ ਹੈ। ਤੁਸੀਂ ਮਨੋਜ ਕੁਮਾਰ ਦੀ ਫ਼ਿਲਮ 'ਸ਼ਹੀਦ' ਲਵੋ ਤਾਂ ਇਹ ਦਅਰਸਲ ਮਨੋਜ ਕੁਮਾਰ ਦੀ ਪਹਿਲੀ ਫ਼ਿਲਮ ਹੈ, ਜਿਸ ਨਾਲ ਮਨੋਜ ਕੁਮਾਰ ਨੂੰ ਰਾਸ਼ਟਰਵਾਦ ਦਾ ਚਸਕਾ ਲੱਗਾ। ਉਸਦੇ ਰਾਸ਼ਟਰਵਾਦ ਤੋਂ ਬਾਅਦ ਆਉਂਦਾ ਹੈ ਅਵਸਰਵਾਦ ਯਾਨੀ ਮੌਕਾਪ੍ਰਸਤੀ। ਕਿਉਂਕਿ ਭਗਤ ਸਿੰਘ ਦੀ ਜਨਮ ਸ਼ਤਾਬਦੀ ਨੇੜੇ ਸੀ ਤਾਂ ਜਨਮ ਸ਼ਤਾਬਦੀ ਨੂੰ ਕੈਸ਼ ਕਰਨ ਦੀ ਗੱਲ ਆਈ। ਅਸਲ ਵਿਚ ਵੱਡੀ ਸਮੱਸਿਆ ਖੜੀ ਕੀਤੀ ਗਈ ਖ਼ੁਦ ਭਾਰਤ ਦੇ ਇਤਿਹਾਸਕਾਰਾਂ ਅਤੇ ਭਾਰਤ ਦੇ 'ਮੁੱਖਧਾਰਾ ਦੇ ਰਾਸ਼ਟਰਵਾਦ' ਨੇ ਜੋ ਅਸਲ ਵਿਚ ਕਾਂਗਰਸੀ ਮੁੱਖਧਾਰਾ ਹੈ। ਭਗਤ ਸਿੰਘ ਦੀ ਤਸਵੀਰ ਸ਼ੁਰੂ ਤੋਂ ਸਿਰਫ਼ ਇਕ ਰਾਸ਼ਟਰਵਾਦੀ ਦੀ ਬਣਾਈ ਗਈ ਹੈ। ਕਾਂਗਰਸੀਆਂ ਨੂੰ ਇਹ ਡਰ ਸੀ ਕਿ ਕਿਤੇ ਲੋਕ ਭਗਤ ਸਿੰਘ ਨੂੰ ਮਹਾਤਮਾ ਗਾਂਧੀ ਤੋਂ ਵੱਖ ਕਰ ਕੇ ਨਾ ਦੇਖਣ ਲੱਗ ਜਾਣ। ਇਕ ਤਰ੍ਹਾਂ ਨਾਲ ਭਗਤ ਸਿੰਘ ਦੇ ਪੂਰੇ ਜੀਵਨ ਅਤੇ ਸੰਘਰਸ਼ ਨੂੰ ਕਾਂਗਰਸਵਾਦ ਨੇ ਨਿਗਲਣ ਦੀ ਕੋਸ਼ਿਸ਼ ਕੀਤੀ ਹੈ। ਕੋਸ਼ਿਸ਼ ਇਹ ਰਹੀ ਹੈ ਕਿ ਭਗਤ ਸਿੰਘ ਨੂੰ ਸਿਰਫ਼ ਇਕ ਰਾਸ਼ਟਰਵਾਦੀ ਦੇ ਰੂਪ ਵਿਚ ਹੀ ਪੇਸ਼ ਕੀਤਾ ਜਾਵੇ, ਕਿਸੇ ਹੋਰ ਰੂਪ ਵਿਚ ਨਹੀਂ।

ਇਨ੍ਹਾਂ ਤਿੰਨਾਂ ਫ਼ਿਲਮਾਂ ਦੇ ਤਿੰਨ ਪੜਾਅ ਹਨ। ਪਹਿਲਾ ਪੜਾਅ ਸ਼ੁੱਧ ਰਾਸ਼ਟਰਵਾਦੀ ਹੈ। ਉਸ ਤੋਂ ਬਾਅਦ ਜੋ ਗੁੱਡੂ ਧਨੋਆ ਦੀ ਫ਼ਿਲਮ ਹੈ, ਉਸ ਵਿਚ ਰਾਸ਼ਟਰਵਾਦ ਤਾਂ ਹੈ ਪਰ ਮਨੋਜ ਕੁਮਾਰ ਦੀ ਫ਼ਿਲਮ ਤੋਂ ਬਾਅਦ ਭਗਤ ਸਿੰਘ ਨੂੰ ਲੈ ਕੇ ਜੋ ਨਵੇਂ ਤੱਥ ਸਾਹਮਣੇ ਆਏ, ਉਨ੍ਹਾਂ ਦਾ ਥੋੜ੍ਹਾ ਰਲਾਅ ਹੈ। ਰਾਜ ਕੁਮਾਰ ਸੰਤੋਸ਼ੀ ਇਨ੍ਹਾਂ ਦੋਵਾਂ ਤੋਂ ਅੱਗੇ ਵੱਧ ਕੇ ਭਗਤ ਸਿੰਘ ਨੂੰ ਇਕ ਜ਼ਿਆਦਾ ਵਿਆਪਕ ਸੰਦਰਭ ਵਿਚ ਰੱਖਣ ਦੀ ਕੋਸ਼ਿਸ਼ ਕਰਦਾ ਹੈ।



ਵਿਸ਼ਨੂ ਖਰੇ

***? : ਅਜੇ ਦੇਵਗਨ ਦੀ ਫ਼ਿਲਮ ਵਿਚ ਭਗਤ ਸਿੰਘ ਨਾਲ ਸਬੰਧਤ ਕੁਝ ਇਤਿਹਾਸਕ ਤੱਥਾਂ ਨੂੰ ਹੂਬਹੂ ਰੱਖ ਦਿੱਤਾ ਗਿਆ ਹੈ, ਜਿਵੇਂ ਗਾਂਧੀ ਵਲੋਂ ਵਿਰੋਧ, ਭਗਤ ਸਿੰਘ ਨੂੰ ਮਾਰਕਸਵਾਦੀ ਦਿਖਾਉਣਾ ਆਦਿ। ਇਹ ਇਕ ਵੱਡੇ ਬਜਟ ਦੀ ਫ਼ਿਲਮ ਸੀ ਫਿਰ ਵੀ ਸੰਤੋਸ਼ੀ ਨੇ ਅਜਿਹਾ ਦਿਖਾਉਣ ਦਾ ਹੌਸਲਾ ਕੀਤਾ। ਸੰਤੋਸ਼ੀ ਕੋਈ ਪ੍ਰਗਤੀਸ਼ੀਲ ਵਿਅਕਤੀ ਤਾਂ ਹੈ ਨਹੀਂ, ਫਿਰ ਵੀ ਉਸ ਨੇ ਅਜਿਹੀ ਫ਼ਿਲਮ ਬਣਾਈ। ਉਸ ਨੂੰ ਕਿਉਂ ਅਜਿਹੀ ਫ਼ਿਲਮ ਬਣਾਉਣ ਦੀ ਜ਼ਰੂਰਤ ਪਈ?***

ਜਵਾਬ : ਸੰਤੋਸ਼ੀ ਫ਼ਿਲਮ ਦਾ ਪ੍ਰੋਡਿਊਸਰ ਨਹੀਂ ਹੈ। ਪ੍ਰੋਡਿਊਸਰ ਭਗਤ ਸਿੰਘ ਦੇ ਜੀਵਨ 'ਚੋਂ ਜਿਹੜੀ ਚੀਜ਼ ਕੱਢਣਾ ਚਾਹੁੰਦਾ ਹੈ ਜਾਂ ਜਿੰਨੇ ਉਹ ਤੱਥ ਲਿਆਉਣਾ ਚਾਹੁੰਦਾ ਸੀ, ਉਹ ਲਿਆ ਸਕਿਆ। ਅਸਲ ਵਿਚ ਕਹਾਣੀ 'ਤੇ ਕੰਟਰੋਲ ਪ੍ਰੋਡਿਊਸਰ ਦਾ ਨਹੀਂ ਸੀ। ਕਹਾਣੀ ਉਸ ਨੂੰ ਐਨੀ ਚੰਗੀ ਲੱਗੀ ਹੋਵੇਗੀ। ਜੋ ਲੇਖਕ ਹਨ, ਘੱਟ ਤੋਂ ਘੱਟ ਇਸ ਚਰਿੱਤਰ ਨੂੰ ਲੈ ਕੇ ਐਨਾ ਤਾਂ ਪ੍ਰਤੀਬੱਧ ਹੋ ਗਿਆ ਕਿ ਉਸ ਦੇ ਨਾਲ ਉਸ ਨੇ ਖਿਲਵਾੜ ਨਹੀਂ ਕੀਤਾ। ਇਹ ਉਹੀ Syndrome ਹੈ ਜਿਹੜਾ ਰਾਜ ਕੁਮਾਰ ਅਤੇ ਖ਼ਵਾਜ਼ਾ ਅਹਿਮਦ ਅੱਬਾਸ ਵਿਚਕਾਰ ਸੀ। ਜਦੋਂ ਤਕ ਖ਼ਵਾਜਾ ਅਹਿਮਦ ਅੱਬਾਸ ਰਾਜ ਕੁਮਾਰ ਦੇ ਨਾਲ ਰਹੇ, ਰਾਜ ਕੁਮਾਰ ਇਕ ਪ੍ਰਤੀਬੱਧ ਫ਼ਿਲਮ-ਨਿਰਮਾਤਾ ਦੀ ਤਰ੍ਹਾਂ ਸਾਹਮਣੇ ਆਏ। ਜਦੋਂ ਉਹ ਵੱਖ ਹੁੰਦੇ ਹਨ ਤਾਂ ਰਾਜ ਕੁਮਾਰ ਫਿਰ ਉਹੀ ਆਪਣੇ 'ਬਰਸਾਤ' ਦੇ ਪੁਰਾਣੇ ਪੜਾਅ 'ਤੇ ਆ ਜਾਂਦਾ ਹੈ। ਇਕ ਚੰਗੇ ਕਹਾਣੀਕਾਰ-ਲੇਖਕ ਵਿਚ ਜੇਕਰ ਨੈਤਿਕਤਾ ਹੈ ਤਾਂ ਫਿਰ ਉਹ ਆਪਣੇ ਨਾਲ ਨਿਰਮਾਤਾ ਅਤੇ ਨਿਰਦੇਸ਼ਕ ਨੂੰ ਵੀ ਲੈ ਜਾਂਦਾ ਹੈ।

ਜਿਹੜੀ ਦੂਜੀ ਫ਼ਿਲਮ ਹੈ, ਧਰਮਿੰਦਰ ਵਾਲੀ, ਉਹ ਦਰਅਸਲ ਮਨੋਜ ਕੁਮਾਰ ਦੀ ਫ਼ਿਲਮ ਦਾ ਰੀਮੇਕ ਹੈ। ਸਾਰਾ ਸਿਹਰਾ ਉਨ੍ਹਾਂ ਨੇ ਮਨੋਜ ਕੁਮਾਰ ਨੂੰ ਦਿੱਤਾ ਹੈ। ਕਹਾਣੀ ਦਾ, ਸੰਵਾਦਾਂ ਦਾ ਇਥੋਂ ਤਕ ਕਿ ਗੀਤਾਂ ਦਾ ਵੀ। ਜਿਥੋਂ ਤਕ ਮੇਰਾ ਖ਼ਿਆਲ ਹੈ, ਮਨੋਜ ਕੁਮਾਰ ਦੀ ਫ਼ਿਲਮ ਦੇ ਗੀਤ ਅਤੇ ਸੰਗੀਤ ਪ੍ਰੇਮ ਧਵਨ ਦੇ ਹਨ। ਧਵਨ ਦੇ ਗੀਤਾਂ ਨੂੰ, 'ਰੰਗ ਦੇ ਬਸੰਤੀ ਚੋਲਾ' ਜਾਂ 'ਪਗੜੀ ਸੰਭਾਲ ਜੱਟਾ' ਜੋ ਦੇਸ਼ ਭਗਤੀ ਦੇ ਜਾਂ ਕਿਸਾਨ ਭਗਤੀ ਦੇ ਰਵਾਇਤੀ ਗੀਤ ਹਨ, ਆਪਣਾ ਕਹਿ ਦੇਣਾ ਵੀ ਤਾਂ ਗ਼ਲਤ ਹੈ। ਗੁੱਡੂ ਧਨੋਆ ਦੀ ਫ਼ਿਲਮ ਜ਼ਿਆਦਾਤਰ ਮਨੋਜ ਕੁਮਾਰ ਦੀ 'ਸ਼ਹੀਦ' ਦੀ ਮਿਰਰ ਇਮੇਜ ਹੈ। ਕਿਉਂਕਿ ਮਨੋਜ ਕੁਮਾਰ ਦੀ 'ਸ਼ਹੀਦ' ਨਾ ਸਿਰਫ਼ ਰਾਸ਼ਟਰ ਭਗਤੀ ਭਰੀ ਫ਼ਿਲਮ ਹੈ ਬਲਕਿ ਉਸ ਨੇ ਦੋ ਚੀਜ਼ਾਂ ਨੂੰ ਸੰਤੁਲਨ ਕੀਤਾ ਹੈ, ਜਿਸ ਦੇ ਕਾਰਨ ਇਹ ਫ਼ਿਲਮ ਉਸ ਸਮੇਂ ਬਹੁਤ ਚਲੀ। ਇਕ ਤਾਂ ਉਸ ਨੇ 'ਰੰਗ ਦੇ ਬਸੰਤੀ ਚੋਲਾ', 'ਪਗੜੀ ਸੰਭਾਲ ਜੱਟਾ' ਜਾਂ 'ਸਰਫ਼ਰੋਸ਼ੀ ਕੀ ਤਮੰਨਾ' ਇਨ੍ਹਾਂ ਸਾਰੇ ਗੀਤਾਂ ਨੂੰ, ਉਨ੍ਹਾਂ ਦੀਆਂ ਰਵਾਇਤੀ ਧੁਨਾਂ ਵਿਚ ਹੀ ਰੱਖਿਆ। ਇਕ ਗੱਲ ਹੋਰ ਕੀਤੀ ਹੈ। ਉਸ ਨੇ ਉਸ ਨੂੰ ਇਕ ਪਰਿਵਾਰਕ ਫ਼ਿਲਮ ਬਣਾਉਣ ਦੀ ਕੋਸ਼ਿਸ਼ ਵੀ ਕੀਤੀ ਹੈ। ਤੁਸੀਂ ਦੇਖਦੇ ਹੋ ਕਿ ਉਸ ਵਿਚ ਮਾਂ-ਬਾਪ, ਪਰਿਵਾਰ ਦੇ ਦ੍ਰਿਸ਼ ਬਹੁਤ ਹਨ, ਦੁਰਗਾ ਭਾਬੀ ਦੇ ਦ੍ਰਿਸ਼ ਬਹੁਤ ਹਨ। ਮਨੋਜ ਕੁਮਾਰ ਦਾ ਫ਼ਾਰਮੂਲਾ ਸੀ – ਰਾਸ਼ਟਰ ਅਤੇ ਘਰ-ਪਰਿਵਾਰ। ਇਸ ਵਿਚ ਜੋ ਅਸਲੀ ਭਗਤ ਸਿੰਘ, ਜੋ ਮਾਰਕਸਵਾਦੀ ਭਗਤ ਸਿੰਘ, ਜੋ ਕ੍ਰਾਂਤੀਕਾਰੀ ਭਗਤ ਸਿੰਘ ਹੈ, ਉਸ ਲਈ ਸਥਾਨ ਘੱਟ ਤੋਂ ਘੱਟ ਸੀ। ਉਹ




ਲਗਭਗ 1950 ਦੀਆਂ ਫ਼ਿਲਮਾਂ ਦਾ ਕੋਈ ਵੀ ਹੀਰੋ ਹੋ ਸਕਦਾ ਹੈ। ਉਹ ਦਲੀਪ ਕੁਮਾਰ ਹੋ ਸਕਦਾ ਹੈ ਜਾਂ ਬਲਰਾਜ ਸਾਹਨੀ ਹੋ ਸਕਦਾ ਹੈ। ਬਲਕਿ ਜਦੋਂ ਤੁਸੀਂ ਇਹ 'ਸ਼ਹੀਦ' ਦੇਖਦੇ ਹੋ ਤਾਂ ਤੁਹਾਨੂੰ ਦਲੀਪ ਕੁਮਾਰ ਵਾਲੀ ਪੁਰਾਣੀ 'ਸ਼ਹੀਦ' ਫ਼ਿਲਮ ਯਾਦ ਆਉਂਦੀ ਹੈ। ਉਸ ਵਿਚ ਦਲੀਪ ਰਾਸ਼ਟਰਵਾਦੀ ਹੁੰਦਾ ਹੈ। ਪਰ ਉਸ ਦੇ ਨਾਲ ਉਸ ਦਾ ਪ੍ਰੇਮ ਵੀ ਹੈ, ਪਰਿਵਾਰ ਵੀ ਹੈ। ਮਨੋਜ ਕੁਮਾਰ ਕਿਉਂਕਿ ਭਗਤ ਸਿੰਘ ਦੀ ਜੀਵਨੀ ਤੋਂ ਮਜਬੂਰ ਹੈ, ਇਸ ਲਈ ਪ੍ਰੇਮ ਤਾਂ ਦਿਖਾ ਨਹੀਂ ਸਕਦਾ। ਇਸ ਲਈ ਉਸ ਨੇ ਪ੍ਰੇਮ ਨੂੰ ਪਰਿਵਾਰ ਵਿਚ ਬਦਲ ਦਿੱਤਾ। ਮਨੋਜ ਦੀ ਫ਼ਿਲਮ ਦਾ ਫ਼ਾਰਮੂਲਾ 'ਰਾਸ਼ਟਰਵਾਦ ਅਤੇ ਪਰਿਵਾਰਵਾਦ' ਉਸ ਜ਼ਮਾਨੇ ਲਈ ਬਹੁਤ ਚੰਗਾ ਸੀ। ਇਹ ਕਲਿੱਕ ਕਰ ਗਿਆ। ਇਸ ਲਈ ਤੁਸੀਂ ਦੇਖੋਗੇ ਕਿ ਇਨ੍ਹਾਂ ਤਿੰਨਾਂ ਵਿਚੋਂ ਵਪਾਰਕ ਦ੍ਰਿਸ਼ਟੀ ਨਾਲ ਇਹ ਸਭ ਤੋਂ ਸਫ਼ਲ ਫ਼ਿਲਮ ਰਹੀ ਸੀ।

***?: ਉਸ ਸਮੇਂ ਚੀਨ ਨਾਲ ਯੁੱਧ ਹੋ ਚੁੱਕਾ ਸੀ। ਇਸ ਲਈ ਸ਼ਾਇਦ ਦੇਸ਼ ਵਿਚ ਰਾਸ਼ਟਰਵਾਦੀ ਭਾਵਨਾਵਾਂ ਪਹਿਲਾਂ ਤੋਂ ਹੀ ਮੌਜੂਦ ਸਨ, ਜਿਸ ਨੇ ਫ਼ਿਲਮ ਨੂੰ ਹਿੱਟ ਕਰਨ ਵਿਚ ਕੋਈ ਭੂਮਿਕਾ ਨਿਭਾਈ। ਤੁਹਾਨੂੰ ਕੀ ਲਗਦਾ ਹੈ?***

ਜਵਾਬ : ਅਸੀਂ ਚੀਨ ਤੋਂ ਹਾਰ ਚੁੱਕੇ ਸਾਂ। ਇਸ ਲਈ 'ਸ਼ਹੀਦ' ਦਾ ਐਨਾ ਵੱਡਾ ਚਿਤਰ ਖੜਾ ਕਰ ਕੇ ਥੋੜ੍ਹੀ ਜਿਹੀ ਜੋ ਸਾਡੀ ਹਾਰ ਦੀ ਭਾਵਨਾ ਹੈ, ਸ਼ਾਇਦ ਉਸ 'ਤੇ ਇਕ ਮਰਹਮ ਲਾਉਣ ਦੀ ਕੋਸ਼ਿਸ਼ ਰਹੀ ਹੋਵੇਗੀ। ਕਿਉਂਕਿ ਇਹ ਨਾ ਭੁੱਲੋ ਕਿ ਮਨੋਜ ਕੁਮਾਰ ਮੁੱਖ ਤੌਰ 'ਤੇ ਨਹਿਰੂਵਾਦੀ ਆਦਮੀ ਹੈ। ਉਹ ਨਹਿਰੂ ਤੋਂ ਬਾਹਰ ਨਹੀਂ ਜਾ ਸਕਦਾ। ਇਹ ਦੋ ਫ਼ਿਲਮਾਂ ਜੋ 2003-2004 ਵਿਚ ਬਣ ਕੇ ਆਉਂਦੀਆਂ ਹਨ, ਜਦਕਿ ਨਹਿਰੂ ਦੀ ਯਾਦ 40 ਸਾਲ ਪੁਰਾਣੀ ਹੋ ਚੁੱਕੀ ਹੈ, ਤਾਂ ਇਹ ਨਹਿਰੂ ਦੀ ਵਿਅਕਤੀ ਪੂਜਾ ਤੋਂ ਆਜ਼ਾਦ ਹੈ।

***?: ਮੈਂ ਮੁੜ ਆਪਣੇ ਸਵਾਲ 'ਤੇ ਪਰਤਦਾ ਹਾਂ ਕਿ 'ਦਿ ਲਿਜੇਂਡ ਆਫ਼ ਭਗਤ ਸਿੰਘ' ਵਰਗੀ ਪ੍ਰਤੀਬੱਧ ਫ਼ਿਲਮ ਬਣਾਉਣ ਦੀ ਕੀ ਮਜਬੂਰੀ ਸੀ?***

ਜਵਾਬ : ਅਵੱਲ ਤਾਂ ਇਹ ਕਿ ਉਸ ਵਿਚ ਪ੍ਰਤੀਬੱਧਤਾ ਦੀ ਘਾਟ ਹੈ, ਪੂਰਨ ਤੌਰ 'ਤੇ ਇਹ ਪ੍ਰਤੀਬੱਧ ਫ਼ਿਲਮ ਨਹੀਂ ਹੈ। ਪਰ ਮੈਂ ਹੌਲੀ-ਹੌਲੀ ਇਹ ਮੰਨਣ ਲੱਗਾ ਹਾਂ ਕਿ 'ਲੀਜੇਂਡ' ਵਰਗੀ ਤਾਕਤਵਰ ਕਹਾਣੀ ਨਿਰਦੇਸ਼ਕ ਅਤੇ ਪ੍ਰੋਡਿਊਸਰ ਦੋਵਾਂ ਨੂੰ ਆਪਣੇ ਨਾਲ ਤੋਰ ਲੈਂਦੀ ਹੈ। ਇਹ ਉਨ੍ਹਾਂ ਨੂੰ ਦੱਸਦੀ ਹੈ ਕਿ ਪੂਰਾ ਭਗਤ ਸਿੰਘ ਇਹ ਹੈ। ਅੱਜ ਉਸ ਨੂੰ ਕੱਟ-ਵੱਢ ਦਿਉਂਗੇ ਤਾਂ ਠੀਕ ਨਹੀਂ ਹੋਵੇਗਾ ਕਿਉਂਕਿ ਹੁਣ 1960 ਵਾਲੇ ਮਨੋਜ ਕੁਮਾਰ ਦਾ ਮਾਮਲਾ ਨਹੀਂ ਰਿਹਾ। ਹੁਣ ਭਗਤ ਸਿੰਘ 'ਤੇ ਨਵੇਂ ਤੱਥ ਆ ਚੁੱਕੇ ਹਨ। ਅੱਜ ਜੇਕਰ ਤੁਸੀਂ ਭਗਤ ਸਿੰਘ ਦੇ ਮੂਲ ਰੂਪ ਮਾਰਕਸਵਾਦੀ ਹੋਣ ਦੇ ਤੱਥਾਂ ਨੂੰ ਛੁਪਾਉਗੇ ਤਾਂ ਤੁਸੀਂ ਆਮ ਦਰਸ਼ਕਾਂ ਨੂੰ ਗੁੰਮਰਾਹ ਕਰ ਲਵੋ ਪਰ ਜਿਹੜੇ ਜਾਗਰੂਕ ਹਨ ਜਾਂ ਆਲੋਚਕ ਹਨ, ਉਨ੍ਹਾਂ ਨੂੰ ਨਹੀਂ ਕਰ ਸਕਦੇ। ਇਥੇ ਤੁਸੀਂ ਪਿਟ ਕੇ ਨਾ ਰਹਿ ਜਾਓ, ਸੰਤੋਸ਼ੀ ਦੀ ਫ਼ਿਲਮ ਇਹ ਅਹਿਤਿਆਤ ਵਰਤਦੀ ਹੈ। ਜੋ ਬੌਬੀ ਦਿਓਲ ਵਾਲੀ ਫ਼ਿਲਮ ਹੈ, ਉਸ ਵਿਚ ਕੇਵਲ ਇਕ ਅੱਧੀ ਥਾਂ ਇਸ਼ਾਰਾ ਹੈ ਮਾਰਕਸਵਾਦ ਦਾ। ਇਸ ਵਿਚ ਨਿਰਮਾਤਾ ਦੀ ਮਾਨਸਿਕਤਾ ਨੂੰ ਦੇਖੋ। ਦਿਓਲ ਪਰਿਵਾਰ ਓਨਾ ਜ਼ੋਖਮ ਨਹੀਂ ਲੈਣਾ ਚਾਹੁੰਦਾ। ਇਹ ਨਾ ਭੁੱਲੋ ਕਿ ਧਰਮਿੰਦਰ ਖ਼ੁਦ ਭਾਜਪਾ ਦਾ ਆਦਮੀ ਹੈ। ਦੂਜੀ ਪਤਨੀ ਸਮੇਤ ਉਸ ਦਾ ਪੂਰਾ ਪਰਿਵਾਰ ਭਾਜਪਾ ਦਾ ਹੈ। ਉਹ ਮਾਰਕਸਵਾਦ ਦੀ ਗੱਲ ਕਿਉਂ ਕਰੇਗਾ? ਉਹ ਮਾਰਕਸਵਾਦ ਨੂੰ ਲੈ ਕੇ ਕਿਸ ਤਰ੍ਹਾਂ ਆਵੇਗਾ? ਇਥੇ ਉਸ ਦਾ ਭਾਜਪਾਈ ਘਰਾਣਾ ਅਤੇ ਸੋਚ ਸਕਰਿਪਟ ਨੂੰ ਕੰਟਰੋਲ ਕਰ ਰਹੀ ਹੈ।

ਦੇਵਗਨ ਵਾਲੀ ਫ਼ਿਲਮ ਤੈਰਾਨੀ ਨੇ ਪ੍ਰੋਡਿਊਸ ਕੀਤੀ ਹੈ ਅਤੇ ਮੈਂ ਸਮਝਦਾ ਹਾਂ ਕਿ ਉਸ ਨੇ ਕਹਾਣੀ ਨਾਲ ਵਿਚਾਰਧਾਰਕ ਛੇੜਛਾੜ ਬਿਲਕੁਲ ਨਹੀਂ ਕੀਤੀ ਹੈ। ਇਕ ਤਾਂ ਉਸ ਦੀ ਹਿੰਦੀ ਬਹੁਤ ਚੰਗੀ ਹੈ। ਕ੍ਰਾਂਤੀ, ਸਮਾਜਵਾਦ, ਰੂਸ ਅਤੇ ਲੇਨਿਨ ਨੂੰ ਲੈ ਕੇ ਜੋ ਸ਼ਬਦ ਵਰਤੇ ਗਏ ਹਨ, ਉਹ ਠੇਠ ਹਨ। ਉਨ੍ਹਾਂ ਵਿਚ ਕੁਝ ਛੁਪਾਇਆ ਨਹੀਂ ਗਿਆ। ਉਹ ਇਨ੍ਹਾਂ ਚੀਜ਼ਾਂ ਦੇ ਬਾਰੇ ਵਿਚ ਸਾਫ਼ ਸਾਫ਼ ਗੱਲ ਕਰਦੇ ਹਨ। ਸਭ ਤੋਂ ਪ੍ਰਸੰਗਿਕ ਫ਼ਿਲਮ ਇਹੀ ਹੈ। ਪਰ ਕੁਝ ਕਾਰਨ ਹੈ ਕਿ ਇਹ ਦੋਵੇਂ ਫ਼ਿਲਮਾਂ, ਜਿਹੜੀਆਂ ਕਿ ਤਕਨੀਕੀ ਤੌਰ 'ਤੇ ਮਨੋਜ ਕੁਮਾਰ ਦੀ ਫ਼ਿਲਮ ਤੋਂ ਬਹੁਤ ਵਧੀਆ ਫ਼ਿਲਮਾਂ ਹਨ, ਸਫ਼ਲ ਨਹੀਂ ਹੋ ਸਕੀਆਂ।

***?: ਅੱਜ ਦਾ ਨੌਜਵਾਨ ਚਾਹੇਗਾ ਕਿ ਬੰਬ ਸੁੱਟਿਆ ਹੈ ਤਾਂ ਭੱਜ ਲਓ। ਉਹ ਕਦੇ ਸਰੰਡਰ ਕਰਨਾ ਨਹੀਂ ਚਾਹੇਗਾ। ਤੁਸੀਂ ਕੀ ਸੋਚਦੇ ਹੋ?***

ਜਵਾਬ : ਮੈਨੂੰ ਲਗਦਾ ਹੈ ਕਿ ਸਾਡੇ ਆਜ਼ਾਦੀ ਸੰਗਰਾਮ ਦਾ ਵੱਖ-ਵੱਖ ਦ੍ਰਿਸ਼ਟੀਕੋਨਾਂ ਤੋਂ ਅਧਿਐਨ ਨਹੀਂ ਕੀਤਾ ਗਿਆ। ਸਾਨੂੰ ਪਤਾ ਨਹੀਂ ਹੈ ਕਿ 1910-40 ਦੇ ਵਿਚਕਾਰ ਦੇ ਭਾਰਤੀ ਨੌਜਵਾਨ ਗਾਂਧੀ-ਖੇਮੇ ਅਤੇ ਭਗਤ ਸਿੰਘ-ਖੇਮੇ ਜਾਂ ਸੁਭਾਸ਼ ਚੰਦਰ-ਖੇਮੇ ਦੇ ਬਾਰੇ ਵਿਚ ਕੀ ਸੋਚਦੇ ਸਨ। ਜ਼ਿਆਦਾਤਰ ਨੌਜਵਾਨ ਹਰ ਯੁੱਗ ਵਿਚ ਕ੍ਰਾਂਤੀ ਹੀ ਚਾਹੁੰਦੇ ਹਨ। ਇਸ ਲਈ ਅੱਜ ਜਦੋਂ ਤੁਸੀਂ ਭਾਵੇਂ ਸਹੀ ਪਰ ਇਹ ਦਿਖਾਉਂਦੇ ਹੋ ਕਿ ਭਗਤ ਸਿੰਘ ਨੇ ਸਿਰਫ਼ 'ਬੋਲ਼ਿਆਂ ਨੂੰ ਸੁਣਾਉਣ ਲਈ' ਬੰਬ ਸੁੱਟਿਆ ਸੀ ਤਾਂ ਉਨ੍ਹਾਂ ਦਾ ਕੁਝ ਨਿਰਾਸ਼ ਹੋਣਾ ਅਸੁਭਾਵਿਕ ਨਹੀਂ। ਫਿਰ ਬ੍ਰਿਟਿਸ਼ ਸ਼ਾਸਨ ਦੇ ਅੱਗੇ ਸ਼ਾਂਤੀਪੂਰਨ ਆਤਮ ਸਮਰਪਣ ਕਰ ਦੇਣਾ ਵੀ ਦਰਸ਼ਕਾਂ ਨੂੰ ਭਗਤ ਸਿੰਘ ਦੇ ਆਮ ਅਕਸ ਤੋਂ ਦੂਰ ਲਿਜਾਂਦਾ ਹੈ - ਇਹ ਲਗਭਗ ਗਾਂਧੀਵਾਦੀ ਰਣਨੀਤੀ ਹੀ ਹੋ ਜਾਂਦੀ ਹੈ। ਇਸ ਦੇ ਬਰਕਸ ਤੁਸੀਂ ਐਡਵਰਡ ਪਾਰਕ ਵਿਚ ਆਜ਼ਾਦ ਦਾ ਘੇਰਾਓ ਅਤੇ ਉਨ੍ਹਾਂ ਦੀ ਸੰਘਰਸ਼ ਪੂਰਨ ਮੌਤ ਦੇਖੋ। ਦੇਵਗਨ ਦੀ ਫ਼ਿਲਮ ਵਿਚ ਉਹ ਇਕ ਮੁੱਠੀ ਮਿੱਟੀ ਉਠਾ ਕੇ ਕਹਿੰਦੇ ਹਨ, "ਮਾਂ ਮਾਫ਼ ਕਰਨਾ ਤੇਰੀ ਇਸ ਤੋਂ ਜ਼ਿਆਦਾ ਸੇਵਾ ਨਹੀਂ ਕਰ ਸਕੇ।' ਇਹ ਫ਼ਿਲਮ ਦਾ ਇਕ ਭਾਵੁਕ ਪਲ ਹੈ। ਦਰਅਸਲ ਤਿੰਨੇ ਫ਼ਿਲਮਾਂ ਦੇਸ਼ ਭਗਤੀ ਦੀ ਉਪਰੀ ਭਾਵਨਾ ਉਤੇਜਤ ਕਰਨ ਦੀ ਕੋਸ਼ਿਸ਼ ਕਰਦੀਆਂ ਹਨ, ਉਸ ਨੂੰ ਇਕ ਵਿਚਾਰ ਬਣਾ ਸਕਣ ਵਿਚ ਸਫ਼ਲ ਨਹੀਂ ਹੋ ਸਕਦੀਆਂ। ਇਕ ਫ਼ਿਲਮ ਵਿਚ ਭਗਤ ਸਿੰਘ ਦਾ ਇਹ ਕਹਿਣਾ ਹੈ ਕਿ ਮੁੜ ਜਨਮ ਲਵਾਂਗੇ, ਦਰਸ਼ਕਾਂ ਨੂੰ ਆਸਵੰਦ ਕਰਨ ਦੀ ਬਜਾਏ ਵਿਅੰਗਾਤਮਕ ਢੰਗ ਨਾਲ ਨਿਰਾਸ਼ ਹੀ ਕਰਦਾ ਹੈ। ਆਜ਼ਾਦੀ ਦੇ 66 ਸਾਲ ਤੋਂ ਉਪਰ ਹੋ ਗਏ ਹਨ, ਭਗਤ ਸਿੰਘ ਨੇ ਮੁੜ ਜਨਮ ਤਾਂ ਨਹੀਂ ਲਿਆ। ਪਿਛਲੇ ਦਸ ਸਾਲਾਂ ਵਿਚ ਭਾਰਤ ਜੋ ਹੋ ਗਿਆ ਹੈ, ਉਸ ਵਿਚ ਭਗਤ ਸਿੰਘ ਦੀ ਜ਼ਰੂਰਤ ਤਾਂ ਬਹੁਤ ਜ਼ਿਆਦਾ ਹੈ, ਗੁੰਜਾਇਸ਼ ਸਭ ਤੋਂ ਘੱਟ ਹੈ। ਅੱਜ ਦਾ ਭਗਤ ਸਿੰਘ ਨਕਲੀ ਐਨਕਾਊਂਟਰਾਂ ਵਿਚ ਮਾਰਿਆ ਜਾਵੇਗਾ।

***?: ਗਾਂਧੀ ਨਾਲ ਭਗਤ ਸਿੰਘ ਦਾ ਕੀ ਰਿਸ਼ਤਾ ਸੀ? ਕੀ ਉਹ ਹਮੇਸ਼ਾ ਗਾਂਧੀ ਨੂੰ ਹਰਾਉਣ ਦੀ ਕੋਸ਼ਿਸ਼ ਵਿਚ ਰਹਿੰਦੇ ਸਨ?***

ਜਵਾਬ : ਭਗਤ ਸਿੰਘ ਜਦੋਂ ਰਾਜਨੀਤਕ ਤੌਰ 'ਤੇ ਸਰਗਰਮ ਹੋਏ ਤਾਂ ਗਾਂਧੀ ਜੀ ਲਗਭਗ ਸੱਠ ਸਾਲ ਦੇ ਹੋ ਚੁੱਕੇ ਸਨ। ਭਗਤ ਸਿੰਘ ਦੀ ਫਾਂਸੀ ਸਮੇਂ ਉਹ ਤਕਰੀਬਨ 62 ਸਾਲਾਂ ਦੇ ਸਨ। ਉਹ ਭਾਰਤ ਅਤੇ ਸੰਸਾਰ ਵਿਚ ਪ੍ਰਸਿਧੀ ਹਾਸਲ ਕਰ ਚੁੱਕੇ ਸਨ। ਭਗਤ ਸਿੰਘ ਵਰਗੇ ਕ੍ਰਾਂਤੀਕਾਰੀ ਨੌਜਵਾਨ ਉਨ੍ਹਾਂ ਦਾ ਆਦਰ ਤਾਂ ਜ਼ਰੂਰ ਕਰਦੇ ਸਨ ਪਰ ਉਨ੍ਹਾਂ ਦੇ ਅਹਿੰਸਾਵਾਦੀ ਤੌਰ ਤਰੀਕਿਆਂ ਤੋਂ ਅਸੰਤੁਸ਼ਟ ਸਨ - ਬਲਕਿ ਦੋਵਾਂ ਦੀਆਂ ਵਿਚਾਰਧਾਰਾਵਾਂ ਵਿਚ ਬੁਨਿਆਦੀ ਫ਼ਰਕ ਸੀ। ਕਹਿਣਾ ਮੁਸ਼ਕਿਲ ਹੈ ਕਿ ਹਥਿਆਰਬੰਦ ਕ੍ਰਾਂਤੀ ਜ਼ਿਆਦਾ ਲੋਕਪ੍ਰਿਅ ਸੀ ਜਾਂ ਅਹਿੰਸਾ, ਪਰ ਕ੍ਰਾਂਤੀਕਾਰੀ ਸਰਗਰਮੀਆਂ ਜਨਤਾ, ਵਿਸ਼ੇਸ਼ ਤੌਰ 'ਤੇ ਨੌਜਵਾਨਾਂ ਦੀ ਕਲਪਨਾ ਨੂੰ ਜ਼ਿਆਦਾ ਉਡਾਣ ਦਿੰਦੀਆਂ ਹਨ। ਭਗਤ ਸਿੰਘ ਦਾ ਗਾਂਧੀ-ਵਿਰੋਧ ਨਿੱਜੀ ਨਹੀਂ। ਭਗਤ ਸਿੰਘ, ਆਜ਼ਾਦ, ਬਿਸਮਿਲ, ਅਸ਼ਫ਼ਾਕ ਉਲਾਹ ਅਤੇ ਹੋਰ ਕ੍ਰਾਂਤੀਕਾਰੀਆਂ ਨੂੰ ਗਾਂਧੀ ਦੀ ਚਿੰਤਾ ਜਾਂ ਉਨ੍ਹਾਂ ਤੋਂ ਡਰ ਨਹੀਂ ਸੀ। ਗਾਂਧੀ ਭਾਵੇਂ ਹਥਿਆਰਬੰਦ ਕ੍ਰਾਂਤੀਕਾਰੀਆਂ ਤੋਂ ਅਸੁਰੱਖਿਆ ਮਹਿਸੂਸ ਕਰਦੇ ਰਹੇ ਹੋਣ।

***?: ਇਕ ਅਧਿਐਨ ਕਰਤਾ ਦੇ ਰੂਪ ਵਿਚ ਭਗਤ ਸਿੰਘ ਦਾ ਅਕਸ ਇਨ੍ਹਾਂ ਫ਼ਿਲਮਾਂ ਨੇ ਨਹੀਂ ਬਣਾਇਆ?***

ਜਵਾਬ : ਇਹ ਤਿੰਨੇ ਫ਼ਿਲਮਾਂ ਭਗਤ ਸਿੰਘ ਦੇ ਇੰਟੇਲੈਕਟ ਨੂੰ ਜਾਂ ਤਾਂ ਜਾਣਦੀਆਂ ਨਹੀਂ ਹਨ ਜਾਂ ਉਸ ਤੋਂ ਪ੍ਰਹੇਜ਼ ਕਰਦੀਆਂ ਹਨ। ਅਜਿਹੇ ਨਿਰਮਾਤਾ-ਨਿਰਦੇਸ਼ਕਾਂ-ਕਹਾਣੀਕਾਰਾਂ ਤੋਂ ਤੁਸੀਂ ਉਮੀਦ ਵੀ ਕੀ ਕਰ ਸਕਦੇ ਹੋ? ਜੇਕਰ ਤੁਸੀਂ ਭਗਤ ਸਿੰਘ ਦੀ ਜੇਲ੍ਹ ਨੋਟਬੁੱਕ ਦੇਖੋ ਤਾਂ ਤੁਹਾਨੂੰ ਉਸ ਦੀ ਰੀਡਿੰਗ ਲਿਸਟ ਤੋਂ ਹੈਰਾਨੀ ਹੁੰਦੀ ਹੈ। ਉਸ ਵਿਚ ਮਾਰਕਸ, ਏਂਗਲਸ, ਲੇਨਿਨ, ਰੂਸੋ, ਬਰਟ੍ਰੈਂਡ ਰਸੇਲ, ਜਾਰਜ ਬਰਨਾਰਡ ਸ਼ਾਹ, ਨੀਤਸ਼ੇ ਆਦਿ ਦੀਆ ਉਦਾਹਰਣਾਂ ਹਨ, ਅਮਰੀਕੀ ਅਰਥ-ਵਿਵਸਥਾ 'ਤੇ ਟਿੱਪਣੀ ਹੈ, ਕਈ ਕਾਵਿ ਪੰਕਤੀਆਂ ਹਨ। ਸ਼ਾਇਦ ਸਿਰਫ਼ ਜਵਾਹਰ ਲਾਲ ਨਹਿਰੂ ਦੇ ਪੱਤਰਾਂ ਵਿਚ ਹੀ ਅਜਿਹੇ ਅਤੇ ਐਨੇ ਵਰਨਣ ਹਨ। 1947 ਵਿਚ ਭਗਤ ਸਿੰਘ ਸਿਰਫ਼ 40 ਸਾਲ ਦੇ ਹੁੰਦੇ ਪਰ 'ਆਜ਼ਾਦ' ਭਾਰਤ ਦੇ 'ਨੇਤਾਵਾਂ' ਅੱਗੇ ਕਠਿਨ ਚੁਣੌਤੀ ਦੇ ਰਹੇ ਹੁੰਦੇ।

ਦਰਅਸਲ ਬੰਬ ਸੁੱਟ ਕੇ ਗ੍ਰਿਫ਼ਤਾਰ ਹੋ ਜਾਣਾ ਭਗਤ ਸਿੰਘ ਦੇ ਮਨੋਵਿਗਿਆਨ ਨੂੰ ਲੈ ਕੇ ਸਾਡੇ ਸਾਹਮਣੇ ਕਈ ਪ੍ਰਸ਼ਨ ਖੜੇ ਕਰਦਾ ਹੈ। ਭਗਤ ਸਿੰਘ ਠੀਕ ਕਹਿੰਦੇ ਸਨ ਕਿ ਰਸਮੀ ਆਜ਼ਾਦੀ ਨਾਲ ਕੁਝ ਨਹੀਂ ਹੋਵੇਗਾ, ਗੋਰਿਆਂ ਦੀ ਥਾਂ ਭੂਰੇ ਸ਼ਾਸਕ ਹੋ ਜਾਣਗੇ। ਫਿਰ ਉਨ੍ਹਾਂ ਨੇ ਸ਼ਹਾਦਤ ਦਿੱਤੀ ਹੀ ਕਿਉਂ? ਉਨ੍ਹਾਂ ਨੇ ਇਹ ਕਿਉਂ ਸੋਚਿਆ ਕਿ ਉਨ੍ਹਾਂ ਦੀ ਫਾਂਸੀ ਤੋਂ ਬਾਅਦ ਦੇਸ਼ ਦੇ ਲੱਖਾਂ ਨੌਜਵਾਨ ਉਨ੍ਹਾਂ ਦੇ ਰਸਤੇ ਦੇ ਕਾਇਲ ਹੋ ਜਾਣਗੇ? ਉਨ੍ਹਾਂ ਨੇ ਇਤਿਹਾਸ ਨੂੰ ਇਕ ਸਰਲ ਰੇਖਾ ਦੇ ਰੂਪ ਵਿਚ ਲਿਆ। ਬ੍ਰਿਟਿਸ਼ ਸਰਕਾਰ ਇਕ ਪਾਸੇ ਇਹ ਜਾਣਦੀ ਸੀ ਕਿ ਭਾਰਤੀ ਜਨਤਾ ਰੂਸੀ ਜਾਂ ਬੋਲਸ਼ੇਵਿਕ ਕ੍ਰਾਂਤੀ ਤੋਂ, ਇੱਥੋਂ ਤਕ ਮਾਰਕਸੀ ਦਰਸ਼ਨ ਤੋਂ, ਲਗਭਗ ਜਾਣੂ ਨਹੀਂ ਹੈ ਅਤੇ ਦੂਜੇ ਪਾਸੇ ਇਹ ਜਾਣਦੀ ਸੀ ਕਿ ਗਾਂਧੀ ਭਾਰਤੀ ਜਨਤਾ 'ਤੇ ਜ਼ਿਆਦਾ ਛਾਇਆ ਹੋਇਆ ਹੈ। ਆਪਣੀ ਮੌਤ ਤੋਂ ਜਿਸ ਦੇਸ਼ਵਿਆਪੀ ਪ੍ਰਭਾਵ ਦੀ ਉਮੀਦ ਭਗਤ ਸਿੰਘ ਨੂੰ ਸੀ, ਉਹ ਹੋਇਆ ਨਹੀਂ, ਉਲਟਾ ਸ਼ਾਇਦ ਵੱਖਵਾਦੀ ਗਤੀਵਿਧੀਆਂ ਵਿਚ ਉਤਾਰ-ਚੜ੍ਹਾਅ ਜਿਹਾ ਆ ਗਿਆ। ਜੇਕਰ ਫ਼ਰਾਂਸੀਸੀ ਜਾਂ ਬੋਲੇਸ਼ਵਿਕ ਕ੍ਰਾਂਤੀਕਾਰੀ ਇਸ ਉਮੀਦ ਨਾਲ ਆਤਮ ਸਮਰਪਣ ਕਰ ਦਿੰਦੇ ਕਿ ਉਨ੍ਹਾਂ ਦੀ ਫਾਂਸੀ ਨਾਲ ਕ੍ਰਾਂਤੀ ਵਿਚ ਤੇਜ਼ੀ ਆਵੇਗੀ ਤਾਂ ਉਸ ਤੋਂ ਗ਼ਲਤ ਸ਼ਾਇਦ ਹੋਰ ਕੁਝ ਨਾ ਹੁੰਦਾ। ਇਕ ਬੰਬ ਸੁੱਟਣ ਅਤੇ ਗ੍ਰਿਫ਼ਤਾਰੀ ਦੇ ਪਿਛੇ ਸ਼ਾਇਦ ਭਗਤ ਸਿੰਘ 'ਤੇ ਗਾਂਧੀ ਦੀ ਕਾਰਜਸ਼ੈਲੀ ਦਾ ਪ੍ਰਭਾਵ ਰਿਹਾ ਹੈ। ਭਗਤ ਸਿੰਘ ਦੀ ਸ਼ਹਾਦਤ ਉਨ੍ਹਾਂ ਨੂੰ ਇਕ ਅਮਰ ਬਲਿਦਾਨੀ ਤਾਂ ਬਣਾ ਗਈ ਪਰ ਉਸ ਨਾਲ ਕਿਸੇ ਦੇਸ਼ਵਿਆਪੀ ਹਥਿਆਰਬੰਦ ਅੰਦੋਲਨ ਨੇ ਜਨਮ ਨਹੀਂ ਲਿਆ। ਕਮਿਊਨਿਸਟਾਂ ਨੇ ਵੀ ਉਨ੍ਹਾਂ ਨੂੰ ਨਹੀਂ ਅਪਣਾਇਆ। ਫਿਰ ਯੂਰਪ ਵਿਚ ਹਿਟਲਰ ਦੇ ਆਉਣ ਤੋਂ ਬਾਅਦ ਬ੍ਰਿਟਿਸ਼ ਸ਼ਾਸਕਾਂ-ਕਮਿਊਨਿਸਟਾਂ-ਗਾਂਧੀ ਆਦਿ ਵਿਚਕਾਰ ਹੈਰਾਨੀਜਨਕ ਅਤੇ ਅਜੀਬ ਆਪਸੀ ਸਮਝ ਪੈਦਾ ਹੋਈ। ਗਾਂਧੀ ਦੇ ਸ਼ਾਂਤੀਪੂਰਨ ਅੰਦੋਲਨ ਨੂੰ ਹੀ ਬੜਾਵਾ ਦੇਣਾ ਸਾਰਿਆਂ ਲਈ ਸੌਖਾ ਅਤੇ ਮੁਫ਼ੀਦ ਮੰਨਿਆ ਗਿਆ। ਜਦੋਂ 1947 ਵਿਚ ਆਜ਼ਾਦੀ ਹਾਸਲ ਹੋਈ ਤਾਂ ਉਸ ਦਾ ਸਿਹਰਾ ਗਾਂਧੀ-ਨਹਿਰੂ ਨੂੰ ਗਿਆ। ਭਗਤ ਸਿੰਘ, ਸੁਭਾਸ਼ ਚੰਦਰ ਬੋਸ, ਬਿਸਮਿਲ, ਆਜ਼ਾਦ ਅਤੇ ਹੋਰ ਕਈ ਸ਼ਹੀਦਾਂ ਨੂੰ ਪੂਜਨੀਕ ਤਾਂ ਬਣਾ ਲਿਆ ਗਿਆ ਪਰ ਉਨ੍ਹਾਂ ਨੂੰ ਵੀ ਕਾਂਗਰਸ ਦੀ ਵੱਡੀ ਮੁਹਿੰਮ ਦੀ ਇਕ ਬਾਗ਼ੀ ਟੁਕੜੀ ਦਾ ਅਕਸ ਦਿੱਤਾ ਗਿਆ। ਭਗਤ ਸਿੰਘ 'ਤੇ ਸਿਰਫ਼ ਇਕ 'ਬਾਇਓਪਿਕ' (ਜੀਵਨ ਚਿੱਤਰ) ਬਣਾਉਣ ਨਾਲ ਕੰਮ ਨਹੀਂ ਚਲੇਗਾ, ਉਨ੍ਹਾਂ 'ਤੇ ਜਿਹੜੀ ਫ਼ਿਲਮ ਬਣੇਗੀ ਉਸ ਨੂੰ 'ਸਾਇਕੋਪਿਕ' (ਮੋਨੋਲੋਗ ਚਿੱਤਰ) ਅਤੇ 'ਪੋਲੀਹਿਸਟ੍ਰੀਪਿਕ' (ਰਾਜਨੀਤਿਹਾਸਿਕ ਫ਼ਿਲਮ) ਵੀ ਹੋਣਾ ਪਵੇਗਾ।

***?: ਸੁਭਾਸ਼ ਚੰਦਰ ਬੋਸ ਦੇ ਉਭਰਨ ਨਾਲ ਕੀ ਭਗਤ ਸਿੰਘ ਦਾ ਰੁਤਬਾ ਘੱਟ ਹੋਇਆ?***

ਜਵਾਬ : ਨੌਜਵਾਨਾਂ 'ਤੇ ਭਗਤ ਸਿੰਘ ਤੋਂ ਜ਼ਿਆਦਾ ਬੋਸ ਦਾ ਅਸਰ ਹੋਇਆ। ਅਸਲ ਵਿਚ ਉਨ੍ਹਾਂ ਦੇ ਭੱਜਣ ਅਤੇ ਜਰਮਨੀ ਜਾ ਕੇ ਇਕ ਬਹੁਤ ਵੱਡੇ ਕ੍ਰਾਂਤੀਕਾਰੀ ਵਿਚ ਤਬਦੀਲ ਹੋ ਜਾਣ ਨੇ ਭਗਤ ਸਿੰਘ ਦੇ ਅਸਰ ਨੂੰ ਘੱਟ ਕਰ ਦਿੱਤਾ। ਹੁਣ ਤੁਸੀਂ ਇਹ ਦੇਖੋ ਕਿ ਭਾਰਤੀ ਮਨੁੱਖ ਨੂੰ ਜਦੋਂ ਜਰਮਨੀ ਤੋਂ 'ਨੇਤਾ ਜੀ' ਦੀ ਆਵਾਜ਼ ਸੁਣਾਈ ਪੈ ਰਹੀ ਹੈ, ਉਹ ਆਦਮੀ ਹਿਟਲਰ ਨਾਲ ਮਿਲਿਆ ਹੋਇਆ ਹੈ, ਹਿਟਲਰ ਜਿਸ ਨੇ ਕਿ ਅੰਗਰੇਜ਼ਾਂ ਦੀ ਨੱਕ ਵਿਚ ਦਮ ਕਰਕੇ ਰੱਖਿਆ ਹੋਇਆ ਹੈ, ਉਸ ਨੇ ਉਥੇ ਹੀ ਇਕ ਹਿੰਦੁਸਤਾਨੀ ਫ਼ੌਜ ਖੜੀ ਕਰ ਲਈ ਹੈ ਤਾਂ ਇਸ ਦਾ ਗਹਿਰਾ ਅਸਰ ਭਾਰਤੀ ਜਨਤਾ 'ਤੇ ਹੋਣਾ ਹੀ ਸੀ। 'ਤੁਮ ਮੁਝੇ ਖ਼ੂਨ ਦੋ, ਮੈਂ ਤੁਮੇ ਆਜ਼ਾਦੀ ਦੂੰਗਾ' --- ਇਹ ਭਗਤ ਸਿੰਘ ਦੀ ਪਰੰਪਰਾ ਦਾ ਨਾਅਰਾ ਸੀ ਪਰ ਆਜ਼ਾਦ ਹਿੰਦ ਫ਼ੌਜ ਦੀ ਧਾਰਨਾ ਅਤੇ ਉਸ ਦੇ ਕਾਰਨਾਮਿਆਂ ਨੇ ਭਗਤ ਸਿੰਘ ਦੇ ਆਕਰਸ਼ਨ ਨੂੰ ਬਹੁਤ ਸੀਮਤ ਕਰ ਦਿੱਤਾ।

1931 ਤੋਂ ਬਾਅਦ ਦਾ ਜੋ ਸ਼ਹੀਦ ਭਗਤ ਸਿੰਘ ਹੈ, ਉਸ ਨੂੰ ਜਨਤਾ ਦੀ ਕਲਪਨਾ ਵਿਚ ਜਾਣ ਦਾ ਮੌਕਾ ਹੀ ਨਹੀਂ ਮਿਲਿਆ। ਸ਼ਹੀਦ ਹੋਇਆ ਉਹ, ਬਲੀਦਾਨ ਦਿੱਤਾ ਉਸ ਨੇ ਪਰ ਉਸ ਦੇ ਏਜੰਡੇ ਨੂੰ ਜਾਣੇ-ਅਣਜਾਣੇ ਬੋਸ ਨੇ ਹਾਈਜੈਕ ਕਰ ਲਿਆ। ਕਮਿਊਨਿਸਟਾਂ ਨੇ ਨਹੀਂ ਕੀਤਾ। ਬੋਸ ਕਮਿਊਨਿਸਟ ਨਹੀਂ ਸੀ। ਉਨ੍ਹਾਂ ਨੂੰ ਪਤਾ ਸੀ ਕਿ ਕਮਿਊਨਿਜ਼ਮ ਨਾਲ ਭਾਰਤੀ ਜਨਤਾ ਫ਼ਿਲਹਾਲ ਪ੍ਰਭਾਵਤ ਨਹੀਂ ਹੋਵੇਗੀ। ਕਮਿਊਨਿਸਟਾਂ ਨੂੰ ਨਾਲ ਲੈਣਾ ਉਨ੍ਹਾਂ ਨੂੰ ਇਸ ਲਈ ਬੇਕਾਰ ਲੱਗਿਆ ਕਿ ਉਦੋਂ ਰੂਸੀ ਅਤੇ ਅੰਗਰੇਜ਼ ਮਿਲ ਚੁੱਕੇ ਸਨ ਅਤੇ ਬੋਸ ਨੂੰ ਲਗ ਰਿਹਾ ਸੀ ਕਿ ਇਹ ਦੋਵੇਂ ਮਿਲ ਕੇ ਸਾਡੇ ਰਾਸ਼ਟਰਵਾਦ ਨੂੰ ਦਬਾਉਣਗੇ। ਦੂਜਾ ਵਿਸ਼ਵ ਯੁੱਧ ਵੈਸੇ ਵੀ ਸਾਰੀ ਜਨਤਾ ਦਾ ਧਿਆਨ ਵੰਡ ਚੁੱਕਿਆ ਸੀ। ਇਹ ਯੁੱਧ ਖ਼ਤਮ ਹੋਇਆ 1945 ਵਿਚ, ਅਤੇ ਸਾਨੂੰ ਆਜ਼ਾਦੀ ਮਿਲਦੀ ਹੈ, ਉਸ ਦੇ ਕੇਵਲ ਦੋ ਸਾਲ ਬਾਅਦ।

ਇਸ ਸਭ ਦੇ ਵਿਚਕਾਰ 1942 ਦਾ 'ਭਾਰਤ ਛੱਡੋ ਅੰਦੋਲਨ' ਵੀ ਜਨਤਾ ਨੂੰ ਜ਼ਿਆਦਾ Mobilize ਕਰਦਾ ਹੈ। ਗਾਂਧੀ ਦਾ ਅੰਦੋਲਨ ਕਦੇ ਵੀ ਪੂਰਨ ਤੌਰ 'ਤੇ ਹਿੰਸਕ ਨਹੀਂ ਰਿਹਾ। ਬ੍ਰਿਟਿਸ਼ ਲੋਕ ਤਾਂ ਹਿੰਸਾ ਕਰਦੇ ਹੀ ਰਹੇ, ਉਸ ਦਾ Retaliation ਘੱਟ ਹੋਇਆ, ਪਰ ਹਿੰਸਾ ਹਮੇਸ਼ਾ ਸੀ। ਛੋਟੀਆਂ-ਮੋਟੀਆਂ ਕ੍ਰਾਂਤੀਕਾਰੀ ਸਰਗਰਮੀਆਂ ਵੀ ਸਨ। ਪਰ ਕੁਲ ਮਿਲਾ ਕੇ ਅੰਗਰੇਜ਼ ਗਾਂਧੀ ਨੂੰ ਰਿਆਇਤ ਦਰ ਰਿਆਇਤ

ਦਈ ਜਾ ਰਹੇ ਸਨ। ਉਹ ਦੇਖ ਚੁੱਕੇ ਸਨ ਕਿ ਭਗਤ ਸਿੰਘ ਦੀ ਲੋਕਪ੍ਰਿਅਤਾ ਇਕ ਰਾਸ਼ਟਰ ਨੇਤਾ ਦੀ ਨਹੀਂ, ਇਕ ਨਾਇਕ ਦੀ ਹੈ।

ਭਗਤ ਸਿੰਘ ਨੂੰ ਇਸ ਦੇਸ਼ ਦੀ ਜਨਤਾ ਇਕ ਮੂਰਤੀ ਜਾਂ ਚਿੱਤਰ ਬਣਾ ਕੇ ਪੂਜਣ ਤਾਂ ਲੱਗਦੀ ਹੈ, ਉਸ ਦਾ ਅਨੁਸਰਨ ਨਹੀਂ ਕਰਦੀ। ਦੇਸ਼ ਦੀ ਜਨਤਾ ਨੇ ਆਪਣੇ ਜ਼ਿਹਨ ਵਿਚ ਦੋ ਬਲਾਕ ਬਣਾ ਲਏ ਸਨ – ਜਿਸ ਵਿਚ ਭਗਤ ਸਿੰਘ ਸ਼ਹੀਦ ਹੈ ਪਰ ਮਹਾਤਮਾ ਗਾਂਧੀ ਰਾਸ਼ਟਰ ਪਿਤਾ ਹੈ।

*? : 1931 ਵਾਲੀ ਫ਼ਿਲਮ ਵਿਚ ਤੱਥਾਂ ਨਾਲ ਖਿਲਵਾੜ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਭਗਤ ਸਿੰਘ ਤੋਂ ਅੰਤ ਵਿਚ ਕਹਾਇਆ ਗਿਆ ਹੈ ਕਿ 'ਮੈਂ ਪੁਨਰ ਜਨਮ ਲਵਾਂਗਾ।" ਦੂਜਾ, ਇਕ ਥਾਂ ਪਿਸਤੌਲ ਨਾਲ ਗੋਲੀ ਚਲਾ ਕੇ ਭਗਤ ਸਿੰਘ ਨੂੰ ਰਾਵਣ ਦੇ ਪੁਤਲੇ ਦਾ ਦਹਿਨ ਕਰਦੇ ਹੋਏ ਦਿਖਾਇਆ ਗਿਆ ਹੈ। ਜਿਥੋਂ ਤਕ ਮੈਂ ਪੜ੍ਹਿਆ ਹੈ, ਉਸ ਦੇ ਜੀਵਨ ਵਿਚ ਅਜਿਹੇ ਪ੍ਰਸੰਗ ਨਹੀਂ ਮਿਲਦੇ। ਅਜਿਹਾ ਕਿਸ ਲਈ ਕੀਤਾ ਗਿਆ ? ਜਰਮਨ ਇਤਿਹਾਸਕਾਰ ਵਿਲਹੇਲਮ ਡਿਲਥੇ ਨੇ ਕਿਹਾ ਸੀ ਕਿ ਮਨੁੱਖ ਕੇਵਲ ਆਪਣੇ ਇਤਿਹਾਸ ਰਾਹੀਂ ਹੀ ਖ਼ੁਦ ਨੂੰ ਜਾਣ ਸਕਦਾ ਹੈ। ਇਸ ਲਈ ਅਤੀਤ ਨੂੰ ਤੋੜਨਾ-ਮਰੋੜਨਾ, ਉਹ ਵੀ ਆਰਥਕ ਜਾਂ ਰਾਜਨੀਤਕ ਲਾਭ ਲਈ, ਮਾਨਵਤਾ ਦੀ ਦਾ ਇਕ ਗੰਭੀਰ ਮਸਲਾ ਹੈ। ਕੀ ਤੁਹਾਨੂੰ ਲਗਦਾ ਹੈ ਕਿ ਫ਼ਿਲਮ ਵਾਲਿਆਂ ਨੇ ਭਗਤ ਸਿੰਘ ਦੇ ਇਤਿਹਾਸ ਨਾਲ ਅਜਿਹਾ ਸਲੂਕ ਕੀਤਾ ਹੈ ?*

ਜਵਾਬ : ਅਜਿਹੀ ਫ਼ਿਲਮ ਦੀ ਸਮੱਸਿਆ ਹਮੇਸ਼ਾ ਹੁੰਦੀ ਹੈ ਕਿ ਤੁਸੀਂ ਕਦੇ ਵੀ ਉਸ ਨੂੰ ਇਕ ਜ਼ਿੰਦਗੀ ਦੇ ਹੂਬਹੂ ਨਹੀਂ ਬਣਾ ਸਕਦੇ। ਫ਼ਿਲਮ ਰਾਹੀਂ ਇਹ ਤਵੱਕੋ ਕਰਨਾ ਕਿ ਬਿਲਕੁਲ ਜਿਵੇਂ ਦੀ ਜ਼ਿੰਦਗੀ ਕਿਸੇ ਇਤਿਹਾਸਕ ਕਥਾ ਨਾਇਕ ਦੀ ਸੀ, ਉਸ 'ਤੇ ਉਹ ਪੂਰੀ ਫ਼ਿਲਮ ਬਣਾਏਗਾ, ਅਜਿਹਾ ਹੋ ਨਹੀਂ ਸਕਦਾ। ਅੰਤ ਫ਼ਿਲਮ ਇਕ ਕਲਾਕ੍ਰਿਤ ਹੁੰਦੀ ਹੈ ਅਤੇ ਕਲਾ ਦੀਆਂ ਮੰਨਣੀਆਂ ਪੈਂਦੀਆਂ ਹਨ ਨਹੀਂ ਤਾਂ ਡਾਕੂਮੈਂਟਰੀ ਅਤੇ ਫ਼ੀਚਰ ਫ਼ਿਲਮ ਵਿਚ ਕੋਈ ਫ਼ਰਕ ਨਹੀਂ ਰਹਿ ਜਾਵੇਗਾ। ਤਿੰਨੇ ਫ਼ਿਲਮਾਂ ਵਿਚ ਬਹੁਤ ਖੁਲ੍ਹ ਲਈ ਗਈ ਹੈ, ਇਤਿਹਾਸ 'ਚੋਂ। ਪਰ ਸਵਾਲ ਇਤਿਹਾਸ ਦੀ ਭੰਨ ਤੋੜ ਦਾ ਨਹੀਂ ਹੈ। ਇਥੇ ਭਗਤ ਸਿੰਘ ਨੂੰ ਇਸ ਦੁਵਿਧਾ ਵਿਚ ਪੇਸ਼ ਕੀਤਾ ਜਾ ਰਿਹਾ ਹੈ ਕਿ ਉਹ ਜਨਤਾ ਨੂੰ ਪ੍ਰੇਰਿਤ ਕਰ ਕੇ ਬਾਕਸ ਆਫ਼ਿਸ ਨੂੰ ਪ੍ਰੇਰਿਤ ਕਰੇ। ਜੇਕਰ ਬਾਕਸ ਆਫ਼ਿਸ ਵੱਲ ਧਿਆਨ ਦਿੱਤਾ ਜਾਵੇ ਤਾਂ ਤੁਹਾਨੂੰ ਕਈ ਚੀਜ਼ਾਂ ਅਜਿਹੀਆਂ ਪਾਉਣੀਆਂ ਪੈਣਗੀਆਂ ਜੋ ਇਤਿਹਾਸ ਵਿਚ ਕਿਤੇ ਹੈ ਹੀ ਨਹੀਂ ਹਨ। ਇਤਰਾਜ਼ ਉਦੋਂ ਤਕ ਨਹੀਂ ਹੋ ਸਕਦਾ ਜਦੋਂ ਤਕ ਕੋਈ ਇਤਿਹਾਸ ਨੂੰ Fundamentally distort ਨਾ ਕਰੇ। ਜੋ ਭਗਤ ਸਿੰਘ ਨੇ ਸੋਚਿਆ ਨਹੀਂ, ਵਿਚਾਰਿਆ ਨਹੀਂ, ਕਿਹਾ ਨਹੀਂ ਉਸ ਨੂੰ ਜੇਕਰ ਉਸ ਦੇ ਮੂੰਹ ਵਿਚ ਪਾਇਆ ਜਾਵੇ ਤਾਂ ਇਹ ਭੰਨ ਤੋੜ ਹੈ। ਤੁਸੀਂ ਜਿਹੜੀ ਪੁਨਰ ਜਨਮ ਦੀ ਗੱਲ ਕੀਤੀ ਹੈ, ਉਹ ਇਤਿਹਾਸਕ ਭੰਨ-ਤੋੜ ਹੈ। ਇਸ ਦੇ ਪਿਛੇ ਵੀ ਕੀ ਹੈ ? ਇਥੇ ਨਿਰਦੇਸ਼ਕ ਦਾ ਬਹੁਤ ਸਸਤਾ, ਦਰਸ਼ਕਾਂ ਨੂੰ ਬਹਿਕਾਉਣ ਵਾਲਾ ਆਦਰਸ਼ਵਾਦ ਹੈ ਕਿ ਭਗਤ ਸਿੰਘ ਫਿਰ ਆਵੇਗਾ। ਹੁਣ ਇਹ ਆਦਰਸ਼ਵਾਦ ਫ਼ਿਲਮ ਵਿਚ ਅਤੇ ਫ਼ਿਲਮ ਤੋਂ ਬਾਹਰ ਹਾਰ ਜਾਂਦਾ ਹੈ ਕਿਉਂਕਿ ਜੇਕਰ ਸੱਚਾ ਭਗਤ ਸਿੰਘ ਆਵੇਗਾ ਤਾਂ ਮਾਰਕਸਵਾਦੀਆਂ ਨੂੰ ਲਿਆਉਣਾ ਪਵੇਗਾ। ਇਸ ਗੱਲ ਦਾ ਨਤੀਜਾ ਇਹੀ ਹੈ ਕਿ ਖੱਬੇਪੱਖੀ ਹੀ ਇਸ ਦੇਸ਼ ਵਿਚ ਸੱਚੀ ਆਜ਼ਾਦੀ ਲਿਆ ਸਕਦੇ ਹਨ। ਪਰ ਕਿਉਂਕਿ ਇਹ ਕਹਿਣ ਦੀ ਹਿੰਮਤ ਨਹੀਂ ਹੈ, ਇਸ ਲਈ ਭਗਤ ਸਿੰਘ ਨਾਮ ਦੇ ਇਕ ਵਿਅਕਤੀ ਦੀ ਪੂਜਾ, ਇਕ ਰਾਸ਼ਟਰ ਪ੍ਰੇਮੀ, ਇਕ ਦੇਸ਼ ਭਗਤ ਦੀ ਪੂਜਾ ਦਿਖਾਉਂਦੇ ਹਨ।

*? : ਇਹ ਗੱਲ ਤੁਹਾਡੀ ਬਿਲਕੁਲ ਸਹੀ ਹੈ ਕਿ ਇਨ੍ਹਾਂ ਫ਼ਿਲਮਾਂ ਵਿਚ ਭਗਤ ਸਿੰਘ ਦੇ ਅਧਿਐਨ 'ਤੇ ਕੁਝ ਵੀ ਨਹੀਂ ਹੈ, ਉਸ ਦੇ ਪੱਤਰਕਾਰ ਹੋਣ ਦੇ ਤੱਥ ਨੂੰ ਲਗਭਗ ਛੁਪਾ ਦਿੱਤਾ ਗਿਆ ਹੈ। ਦੂਜਾ ਇਹ ਕਿ ਉਸ ਦੇ ਜਿਹੜੇ ਲੇਖ ਹਨ – ਅਛੂਤ ਸਮੱਸਿਆ, ਫ਼ਿਰਕੂ ਦੰਗੇ ਅਤੇ ਉਨ੍ਹਾਂ ਦਾ ਇਲਾਜ, ਮੈਂ ਨਾਸਤਿਕ ਕਿਉਂ ਹਾਂ ਆਦਿ 'ਤੇ ਉਸ ਵਿਚ ਸਿਨੇਮੈਟਿਕ ਵੈਲਿਊ ਤਲਾਸ਼ਣਾ ਮੁਸ਼ਕਲ ਕੰਮ ਹੈ ਪਰ ਇਹ ਕਰਨਾ ਚਾਹੀਦਾ ਸੀ। ਕੇਵਲ ਭਾਸ਼ਣਾਂ ਰਾਹੀਂ ਕੁਝ ਦਿਖਾਇਆ ਗਿਆ ਹੈ।*

ਜਵਾਬ : ਜਰਮਨ ਵਿਚ ਇਕ ਸ਼ਬਦ ਹੈ, 'ਆਊਸਬਿਲਡੁੰਗ', ਯਾਨੀ ਵਿਕਾਸ। ਭਗਤ ਸਿੰਘ ਦਾ ਜੋ ਆਊਸਬਿਲਡੁੰਗ ਹੈ – ਆਤਮ ਵਿਕਾਸ ਹੈ, ਇਹ ਇਨ੍ਹਾਂ ਫ਼ਿਲਮਾਂ ਵਿਚ ਨਾਮਾਤਰ ਹੀ ਹੈ। ਲੋਕਪ੍ਰਿਅਤਾ ਦੇ ਨਾਮ 'ਤੇ ਕਾਲਜ ਵਿਚ ਉਸ ਨੂੰ ਭੰਗੜਾ ਕਰਦੇ ਹੋਏ ਦਿਖਾਇਆ ਗਿਆ ਹੈ, ਇਹ ਕਾਲਪਨਿਕ ਐਪੀਸੋਡ ਹੈ। ਇਕ ਕੁੜਮਾਈ ਵਾਲਾ ਪ੍ਰਸੰਗ ਵਾਰ-ਵਾਰ ਲੈ ਆਉਂਦੇ ਹਨ। ਉਹ ਪਿੰਡ ਵਾਲਾ ਡਾਂਸ, ਅਜਿਹਾ ਹੋਇਆ ਕਿਥੇ ? ਇਹ ਤਾਂ ਭਗਤ ਸਿੰਘ ਦੇ ਜੀਵਨ ਨੂੰ ਫ਼ਜ਼ੂਲ ਬਣਾਉਂਦਾ ਹੈ। ਇਨ੍ਹਾਂ ਲੋਕਾਂ ਦਾ ਭਰੋਸਾ ਦਰਅਸਲ ਅਸਲੀ ਭਗਤ ਸਿੰਘ 'ਤੇ ਨਹੀਂ ਹੈ। ਇਨ੍ਹਾਂ ਲੋਕਾਂ ਨੂੰ ਭਰੋਸਾ ਬਾਕਸ ਆਫ਼ਿਸ ਦੇ ਭਗਤ ਸਿੰਘ 'ਤੇ ਹੈ। ਦੇਸ਼ ਭਗਤ, ਭਗਤ ਸਿੰਘ ਉਹ ਕਹਿ ਦਿੰਦੇ ਹਨ ਪਰ ਕਮਿਊਨਿਸਟ ਭਗਤ ਸਿੰਘ ਇਨ੍ਹਾਂ ਦੀ ਡਰੀ ਹੋਈ ਸਮਝ ਵਿਚ ਨਹੀਂ ਆਉਂਦਾ। ਉਥੇ ਮੁਸ਼ਕਲਾਂ ਹਨ। ਉਸ ਨੂੰ ਸਮਝਣ ਲਈ ਇਕ ਬਿਲਕੁਲ ਵਖਰੀ ਕਿਸਮ ਦੀ ਸਮਝ ਦੀ ਜ਼ਰੂਰਤ ਹੈ। ਇਹ ਅਸਲ ਵਿਚ ਇਕ ਭਿਆਨਕ ਚੀਜ਼ ਹੈ। 1931 ਵਿਚ ਉਸ ਦੀ ਮੌਤ ਹੋਈ। 81 ਸਾਲ ਹੋ ਚੁੱਕੇ ਹਨ। ਤੁਸੀਂ ਉਸ ਦੀ ਵਿਚਾਰਧਾਰਾ ਨੂੰ ਨਕਾਰ ਰਹੇ ਹੋ। ਅਸਲ ਵਿਚ ਹੋਇਆ ਕੀ ਕਿ ਸੋਵੀਅਤ ਯੂਨੀਅਨ ਦੀ ਕ੍ਰਾਂਤੀ ਤੋਂ ਜਿਹੜਾ ਪ੍ਰੇਰਿਤ ਰਿਹਾ, ਉਹ ਸਾਂਚਾ ਹੁਣ ਟੁੱਟ ਚੁੱਕਿਆ ਹੈ। ਹੁਣ ਉਸ ਕੋਲ ਇਕ ਮੌਕਾ ਹੈ ਕਿ ਅਜਿਹੀ ਫ਼ਿਲਮ ਬਣਾਏ ਜਿਸ ਵਿਚ ਅੱਜ ਦੇ ਯੁੱਗ ਦਾ ਪ੍ਰੇਰਿਕ ਨਵਾਂ ਖੱਬੇਪੱਖੀ ਭਗਤ ਸਿੰਘ ਹੋਵੇ।

*? : ਭਗਤ ਸਿੰਘ ਗ੍ਰਿਫ਼ਤਾਰ ਕਿਉਂ ਹੋਏ ਅਤੇ ਸ਼ਹਾਦਤ ਦੇ ਕੇ ਕੀ ਸੰਦੇਸ਼ ਦੇਣਾ ਚਾਹੁੰਦੇ ਸੀ, ਇਹ ਫ਼ਿਲਮਾਂ ਕਿਥੇ ਤਕ ਦਿਖਾ ਸਕੀਆਂ ?*

ਜਵਾਬ : ਇਹ ਇਨ੍ਹਾਂ ਨੇ ਥੋੜ੍ਹਾ ਬਹੁਤ ਦਿਖਾਇਆ ਹੈ, ਇਹ ਇਨ੍ਹਾਂ ਦੀ ਮਜਬੂਰੀ ਵੀ ਹੈ ਅਤੇ ਕਮਜ਼ੋਰੀ ਵੀ ਤੇ ਇਸੇ ਕਾਰਨ ਇਹ ਅਸਫ਼ਲ ਵੀ ਹੋਈਆਂ। ਕਿਉਂਕਿ ਬਚਪਨ ਵਿਚ ਅਸੀਂ ਅੰਗਰੇਜ਼ਾਂ ਨੂੰ ਮੌਤ ਦੇ ਘਾਟ ਉਤਾਰਨ ਵਾਲੇ ਇਕ ਦੇਸ਼ ਭਗਤ ਦਾ ਕਿੱਸਾ ਸੁਣਦੇ ਆਏ ਹਾਂ। ਭਗਤ ਸਿੰਘ ਮਾਰਕਸਵਾਦੀ ਸੀ, ਇਹ ਕੇਵਲ ਖੱਬੇਪੱਖੀ ਬੁੱਧੀਜੀਵੀਆਂ ਤੋਂ ਇਲਾਵਾ ਕੋਈ ਨਹੀਂ ਜਾਣਦਾ, ਨਾ ਮੰਨਦਾ ਹੈ। ਅਜੇ ਵੀ ਅਸੀਂ ਭਗਤ ਸਿੰਘ ਨੂੰ ਖੱਬੇਪੱਖੀ ਨਕਸ਼ੇ 'ਤੇ ਸਥਾਪਤ ਨਹੀਂ ਕਰ ਸਕੇ। ਹੁਣ ਭਗਤ ਸਿੰਘ ਹੋਰ ਵੀ ਮੁਸ਼ਕਲਾਂ ਭਰਿਆ ਹੋ ਗਿਆ ਹੈ। ਕਾਰਨ ਇਹ ਹੈ ਕਿ ਉਸ ਦਾ ਰਸਤਾ ਨਕਸਲਵਾਦ ਵੱਲ ਜਾ ਰਿਹਾ ਹੈ। ਭਗਤ ਸਿੰਘ ਨੇ ਕਿਸਾਨਾਂ ਮਜ਼ਦੂਰਾਂ ਦੀ ਗੱਲ ਕੀਤੀ, ਪੂੰਜੀਵਾਦ ਨੂੰ ਲੈ ਕੇ ਗੱਲਾਂ ਕਹੀਆਂ, ਦੇਸੀ ਨੇਤਾਵਾਂ ਦੇ ਬਾਰੇ ਵਿਚ ਜੋ ਕਿਹਾ, ਸਭ ਕੁਝ ਸਹੀ ਨਿਕਲਿਆ। ਅਸਲ ਵਿਚ ਕੇਵਲ ਭਗਤ ਸਿੰਘ ਹੀ ਨਹੀਂ, ਕੋਈ ਵੀ ਪ੍ਰਬੁੱਧ ਖੱਬੇਪੱਖੀ ਜਾਂ ਜਾਗਰੂਕ ਵਿਅਕਤੀ ਇਹ ਦੇਖ ਰਿਹਾ ਸੀ ਕਿ ਇਹ ਜੋ ਆਜ਼ਾਦੀ ਹੈ, ਇਹ ਨਕਲੀ ਹੈ। ਇਸ ਨਕਲੀ ਆਜ਼ਾਦੀ ਨੂੰ ਅਸਲੀ ਆਜ਼ਾਦੀ ਵਿਚ ਬਦਲਣ ਦੇ ਤਰੀਕੇ ਵੱਖਰੇ ਵੱਖਰੇ ਸਨ – ਇਕ ਤਰੀਕਾ ਲੋਹੀਆ ਦਾ ਸੀ, ਇਕ ਰਾਜਨਾਰਾਇਣ ਦਾ, ਇਕ ਭਾਜਪਾਈਆਂ ਦਾ, ਇਕ ਕਮਿਊਨਿਸਟ ਪਾਰਟੀਆਂ ਦਾ ਅਤੇ ਇਕ ਨਕਸਲਵਾਦੀਆਂ ਦਾ। ਭਗਤ ਸਿੰਘ ਨੇ ਜ਼ਮੀਨੀ ਪੱਧਰ 'ਤੇ ਕੰਮ ਕਰਨ ਦੀ ਗੱਲ 'ਤੇ ਜ਼ੋਰ ਦਿੱਤਾ।

ਤੁਸੀਂ ਢਿੱਲੀ ਗੱਲਬਾਤ ਕਰ ਕੇ ਭਗਤ ਸਿੰਘ 'ਤੇ ਇਕ ਯਥਾਰਥਵਾਦੀ ਫ਼ਿਲਮ ਨਹੀਂ ਬਥਾ ਸਕਦੇ। ਇਹ ਤਿੰਨੇ ਫ਼ਿਲਮਾਂ ਅਸਲੀ ਭਗਤ ਸਿੰਘ ਨਾਲ ਨਿਆਂ ਨਹੀਂ ਕਰਦੀਆਂ ਅਤੇ ਨਿਆਂ ਕਰਨ ਕਿਸ ਤਰ੍ਹਾਂ ? ਕਿਉਂਕਿ ਇਕ ਪਾਸੇ ਭਗਤ ਸਿੰਘ ਦੀ ਅਸਲੀ ਵਿਚਾਰਧਾਰਾ ਹੈ ਅਤੇ ਹੁਣ ਵਰਤਮਾਨ ਇਤਿਹਾਸ ਐਨਾ ਗੁੰਝਲਦਾਰ ਹੋ ਗਿਆ ਹੈ। ਅੱਜ ਜੇਕਰ ਤੁਸੀਂ ਭਗਤ ਸਿੰਘ ਦੀ ਗੱਲ ਕਰੋਗੇ ਜੋ ਬੋਲਸ਼ਵਿਕ ਕ੍ਰਾਂਤੀ ਲਿਆਉਣਾ ਚਾਹੁੰਦਾ ਹੈ ਤਾਂ ਤੁਹਾਨੂੰ ਬਿਲਕੁਲ ਵਖਰੀ ਫ਼ਿਲਮ ਬਣਾਉਣੀ ਪਵੇਗੀ। ਭਗਤ ਸਿੰਘ ਦੀ Continuity ਤੁਹਾਨੂੰ ਆਜ਼ਾਦੀ ਦੇ ਫ਼ੌਰਨ ਬਾਅਦ ਦੇ ਤੇਲੰਗਾਨਾ ਵਿਚ ਮਿਲਦੀ ਹੈ।

*? : ਇਨ੍ਹਾਂ ਫ਼ਿਲਮਾਂ ਵਿਚ ਜੇਲ੍ਹ ਦੇ ਸੈੱਟ ਬਹੁਤ ਭਿਆਨਕ ਹਨ। ਜਦਕਿ ਭਗਤ ਸਿੰਘ ਜਿਸ ਜੇਲ੍ਹ ਵਿਚ ਸੀ, ਉਥੇ ਹਾਲਾਤ ਐਨੇ ਖ਼ਰਾਬ ਨਹੀਂ ਸੀ ਕਿ ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਮਾਰਚ ਵਿਚ ਉਨ੍ਹਾਂ ਨੂੰ ਫਾਂਸੀ ਦਿੱਤੀ ਜਾਵੇਗੀ ਤਾਂ ਉਨ੍ਹਾਂ ਦੀ ਪਹਿਲੀ ਪ੍ਰਤੀਕਿਰਿਆ ਸੀ ਕਿ 'ਚੰਗਾ ਹੈ, ਗਰਮੀਆਂ ਆ ਰਹੀਆਂ ਹਨ। ਇਸ ਜੇਲ੍ਹ ਵਿਚ ਭੁੱਜਣ ਤੋਂ ਤਾਂ ਮਰ ਜਾਣਾ ਚੰਗਾ ਹੈ।' ਭਗਤ ਸਿੰਘ ਦਾ ਸਰੀਰ ਉਸ ਕਮਰੇ ਵਿਚ ਮੁਸ਼ਕਲ ਨਾਲ ਆਉਂਦਾ ਸੀ, ਐਨਾ ਛੋਟਾ ਕਮਰਾ ਸੀ ਉਹ। ਦੇਵਗਨ ਦੀ ਫ਼ਿਲਮ ਵਿਚ ਭਗਤ ਸਿੰਘ ਵੀ ਮੁੱਛਾਂ ਨੂੰ ਤਰਾਸ਼ ਕੇ ਅਤੇ ਚਕਾਚਕ ਚਿੱਟੇ ਕਪੜੇ ਪਾ ਕੇ ਪੇਸ਼ ਹੁੰਦਾ ਹੈ।*

ਜਵਾਬ : ਦਰਅਸਲ ਸਾਡੇ ਆਮ ਫ਼ਿਲਮ ਨਿਰਮਾਤਾਵਾਂ ਵਿਚ ਨਾ ਤਾਂ ਪ੍ਰਬੁੱਧ ਆਤਮ ਵਿਸ਼ਵਾਸ ਹੈ ਅਤੇ ਨਾ ਯਥਾਰਥ ਦੀ ਤਾਕਤ ਵਿਚ ਯਕੀਨ। ਐਨਾ ਵਧਾ ਚੜ੍ਹਾ ਕੇ ਪੇਸ਼ ਕਰਨਾ ਅਤੇ ਦਿਖਾਉਣਾ ਕਿ ਕ੍ਰਾਂਤੀਕਾਰੀਆਂ ਅਤੇ ਬ੍ਰਿਟਿਸ਼ ਪੁਲੀਸ ਵਿਚਕਾਰ ਹਜ਼ਾਰਾਂ ਗੋਲੀਆਂ ਚੱਲ ਰਹੀਆਂ ਹਨ। ਦਿਓਲ ਦੀ ਫ਼ਿਲਮ ਵਿਚ ਤਾਂ ਇਹੀ ਹੈ। ਅਜਿਹਾ ਲਗਦਾ ਹੈ ਕਿ ਜਿਵੇਂ ਖੰਦਕਾਂ ਵਿਚ ਲੜਾਈ ਹੋ ਰਹੀ ਹੋਵੇ, ਇਹ ਪੂਰੇ ਦਾ ਪੂਰਾ Glamorized ਮਸਲਾ ਹੈ, ਜਿਵੇਂ ਦਿਓਲ ਦੀ ਫ਼ਿਲਮ ਵਿਚ ਆਜ਼ਾਦ ਦੀ ਮੌਤ ਦਿਖਾਈ ਗਈ ਹੈ। ਆਜ਼ਾਦ ਨੇ ਕਿੱਥੇ ਇਕ ਗੋਰੇ ਪੁਲੀਸ ਵਾਲੇ ਨੂੰ ਮਾਰਿਆ ? ਅਸਲ ਵਿਚ ਸਾਡੇ ਇਥੇ ਇਹ ਸਮਝਿਆ ਜਾਂਦਾ ਹੈ ਕਿ ਜਦੋਂ ਤਕ ਗਲੈਮਰਾਈਜ਼ਡ, ਸੁਪਰਮੈਨ ਤਰੀਕੇ ਨਾਲ ਨਹੀਂ ਦਿਖਾਇਆ ਜਾਵੇਗਾ ਉਦੋਂ ਤਕ ਇਹ ਲੋਕ ਮਹਾਨ ਨਹੀਂ ਸਮਝੇ ਜਾਣਗੇ।

*? : ਕਮਿਊਨਿਸਟ ਜੇਕਰ 1946 ਵਿਚ ਹੀ ਭਗਤ ਸਿੰਘ ਨੂੰ ਪ੍ਰਵਾਨ ਕਰ ਲੈਂਦੇ ਤਾਂ ਅੱਜ ਸਥਿਤੀਆਂ ਕੀ ਵੱਖਰੀਆਂ ਹੁੰਦੀਆਂ ?*

ਜਵਾਬ : ਇਹ ਗੱਲ ਸਹੀ ਹੈ ਕਿ ਪਹਿਲਾਂ-ਪਹਿਲਾਂ ਜਨ ਸੰਘ ਨੇ ਭਗਤ ਸਿੰਘ ਨੂੰ ਅਪਨਾ ਲਿਆ ਸੀ ਪਰ ਜਿਵੇਂ-ਜਿਵੇਂ ਕਮਿਊਨਿਸਟਾਂ ਨੇ ਦੱਸਣਾ ਸ਼ੁਰੂ ਕੀਤਾ ਕਿ ਭਗਤ ਸਿੰਘ ਖੱਬੇਪੱਖੀ ਵਿਚਾਰਾਂ ਦੇ ਸਨ, ਜਨ ਸੰਘ ਨੇ ਉਨ੍ਹਾਂ ਨੂੰ ਛੱਡ ਦਿੱਤਾ। ਹੁਣ ਉਹ ਭਗਤ ਸਿੰਘ ਦਾ ਜਨਮ ਦਿਨ ਤਾਂ ਮਨਾਉਂਦੇ ਹਨ ਪਰ ਸਿਰਫ਼ ਰਸਮੀ ਤੌਰ 'ਤੇ। ਉਸ ਦੀ ਵਿਚਾਰਧਾਰਾ ਦਾ ਜ਼ਿਕਰ ਉਹ ਨਹੀਂ ਕਰਦੇ। ਅੱਜ ਜੋ ਵੀ ਆਦਮੀ ਭਗਤ ਸਿੰਘ ਦਾ ਨਾਮ ਲੈਂਦਾ ਹੈ, ਦੇਸ਼ ਭਗਤ ਤਾਂ ਆਪਣੇ ਆਪ ਹੋ ਗਿਆ। ਹੁਣ ਲੋਕ ਸਭਾ ਵਿਚ ਉਸ ਦੀ 14 ਫੁੱਟ ਉੱਚੀ ਮੂਰਤੀ ਲੱਗ ਗਈ ਹੈ। ਕੀ ਇਹ ਲੋਕ ਸਭਾ ਭਗਤ ਸਿੰਘ ਨੂੰ ਨਿਗਲ ਸਕਦੀ ਹੈ ? ਹੋਰ ਪਾਰਟੀਆਂ ਨੂੰ ਤਾਂ ਛੱਡੋ, ਕੀ ਕਮਿਊਨਿਸਟ ਪਾਰਟੀਆਂ ਅੱਜ ਆਪਣੇ ਸੰਮੇਲਨਾਂ ਵਿਚ ਭਗਤ ਸਿੰਘ ਦੀਆਂ ਫ਼ੋਟੋਆਂ ਲਾਉਂਦੀਆਂ ਹਨ ? ਬਿਸਮਿਲ ਕਿਥੇ ਹੈ ? ਤੇ ਕਿੱਥੇ ਹੈ ਆਜ਼ਾਦ ?

*? : ਕਿਹੜੇ-ਕਿਹੜੇ ਜ਼ਰੂਰੀ ਤੱਥ ਹਨ ਜਿਹੜੇ ਇਨ੍ਹਾਂ ਫ਼ਿਲਮਾਂ ਵਿਚ ਨਹੀਂ ਦਿਖਾਏ ਗਏ ?*

ਜਵਾਬ : ਸਾਰਾ ਮੁਕੱਦਮਾ ਲਾਹੌਰ ਵਿਚ ਚੱਲਿਆ ਸੀ। ਸਾਰੇ ਤੱਥ ਪਾਕਿਸਤਾਨ ਦੀਆਂ ਫ਼ਾਈਲਾਂ ਵਿਚ ਹਨ। ਉਹ ਤੁਹਾਨੂੰ ਇਹ ਫ਼ਾਈਲਾਂ ਨਹੀਂ ਦੇਣਗੇ। ਹੋ ਸਕਦਾ ਹੈ ਉਨ੍ਹਾਂ ਨੇ ਨਸ਼ਟ ਕਰ ਦਿੱਤੇ ਹੋਣ। ਅਫ਼ਸੋਸ ਦੀ ਗੱਲ ਤਾਂ ਇਹ ਹੈ ਕਿ ਪਾਕਿਸਤਾਨ ਦੇ ਇਤਿਹਾਸ ਵਿਚ ਭਗਤ ਸਿੰਘ ਦਾ ਕੋਈ ਨਾਮੋ-ਨਿਸ਼ਾਨ ਨਹੀਂ ਹੈ। ਖ਼ੈਰ ਉਹ ਤਾਂ ਹਿੰਦੁਸਤਾਨ ਵਿਚ ਵੀ ਓਨਾ ਨਹੀਂ ਹੈ। ਬ੍ਰਿਟਿਸ਼ Archives ਨੂੰ ਵੀ ਖੰਗਾਲਣ ਦੀ ਕੋਸ਼ਿਸ਼ ਓਨੀ ਨਹੀਂ ਹੋਈ ਹੈ। ਅਸਲ ਵਿਚ ਅੰਗਰੇਜ਼ ਭਗਤ ਸਿੰਘ ਬਾਰੇ ਕੀ ਸੋਚਦੇ ਸਨ, ਇਹ ਵੀ ਕੋਈ ਨਹੀਂ ਦੱਸ ਸਕਦਾ।

ਦੇਵਗਨ ਦੀ ਫ਼ਿਲਮ ਵਿਚ ਤਾਂ ਐਨੀ ਵੱਡੀ ਗ਼ਲਤੀ ਹੈ ਕਿ ਉਸ ਵਿਚ ਇਹ ਕਹਿ ਦਿੱਤਾ ਗਿਆ



ਹੈ ਕਿ ਰਾਣੀ ਰਾਜ ਕਰ ਰਹੀ ਹੈ, ਜਦਕਿ ਵਿਕਟੋਰੀਆ ਨੂੰ ਮਰੇ ਕਿੰਨੇ ਸਾਲ ਹੋ ਗਏ ਸਨ। ਉਧਰ ਦੇਵਗਨ ਦੀ ਫ਼ਿਲਮ ਇਹ ਦੱਸਣ ਵਿਚ ਫ਼ੇਲ੍ਹ ਹੋ ਗਈ ਕਿ ਭਗਤ ਸਿੰਘ ਦਾ ਘਰਾਣਾ ਦੇਸ਼ ਭਗਤਾਂ ਦਾ ਘਰਾਣਾ ਸੀ। ਇਹ ਸੰਨੀ ਦਿਓਲ ਦਸਦਾ ਹੈ। ਅਜੀਬ-ਅਜੀਬ ਕਮੀਆਂ ਹਨ ਇਨ੍ਹਾਂ ਤਿੰਨਾਂ ਫ਼ਿਲਮਾਂ ਵਿਚ। ਇਹ ਵੀ ਨਹੀਂ ਦਸਦੇ ਕਿ ਭਗਤ ਸਿੰਘ ਦਾ ਚਾਚਾ ਰੂਸ ਚਲਾ ਗਿਆ ਸੀ। ਉਸ ਦਾ ਜ਼ਿਕਰ ਕੋਈ ਨਹੀਂ ਕਰਦਾ। ਇਹ ਲੋਕ ਸਮੁੱਚੇ ਅਸਲੀ ਭਗਤ ਸਿੰਘ ਨੂੰ ਦਿਖਾਉਣ ਵਿਚ ਦਿਲਚਸਪੀ ਨਹੀਂ ਰਖਦੇ।

ਜਾਰਜ ਬਰਨਾਰਡ ਸ਼ਾਅ ਦੇ ਐਨੇ ਨੋਟਸ ਲਏ ਹਨ ਭਗਤ ਸਿੰਘ ਨੇ ਆਪਣੀ ਡਾਇਰੀ ਵਿਚ! ਐਨੀਆਂ ਕਵਿਤਾਵਾਂ ਹੈ ਦੇਸ਼ ਭਗਤੀ ਦੀਆਂ, ਅੰਗਰੇਜ਼ੀ ਦੀਆਂ ਟੂਕਾਂ ਚੁਣ-ਚੁਣ ਕੇ ਉਹ ਲਿਆਇਆ ਹੈ। ਫ਼੍ਰੈਂਚ ਕ੍ਰਾਂਤੀ ਦੇ ਗੀਤ 'ਮਾਰਸੀਈ' ਨੂੰ ਉਹ ਜਾਣਦਾ ਸੀ। ਉਹ ਐਨਾ ਜਾਗਰੂਕ ਸੀ। ਮੈਨੂੰ ਇਹ ਸਭ ਸਭ ਬਹੁਤ ਰੁਮਾਂਚਿਤ ਕਰਦਾ ਹੈ। ਕਦੇ-ਕਦੇ ਮੈਨੂੰ ਭਗਤ ਸਿੰਘ ਭਾਰਤੀ ਰਾਜਨੀਤੀ ਦਾ ਇਕ ਤਰ੍ਹਾਂ ਦਾ ਆਈਨਸਟਾਈਨ ਲਗਦਾ ਹੈ। ਕਦੇ-ਕਦੇ ਉਹ ਰਾਮਾਨੁੰਜਮ ਲਗਦਾ ਹੈ, ਕਦੇ ਆਦਿ ਸ਼ੰਕਰਚਾਰੀਆ ਅਤੇ ਕਦੇ ਈਸਾ ਮਸੀਹ।

ਭਗਤ ਸਿੰਘ ਦੇ ਜੀਵਨ ਵਿਚ ਦੋ ਵਿਅਕਤੀ ਉਸ ਦੀ ਟੱਕਰ ਦੇ ਹਨ - ਆਜ਼ਾਦ ਅਤੇ ਬਿਸਮਿਲ! ਮੈਂ ਸੋਚਦਾ ਹਾਂ ਕਿ ਕੋਈ ਅਜਿਹੀ ਫ਼ਿਲਮ ਬਣਨੀ ਚਾਹੀਦੀ ਹੈ ਜੋ ਤਿੰਨਾਂ ਵਿਚੋਂ ਇਕ 'ਤੇ ਨਾ ਹੋ ਕੇ ਤਿੰਨਾਂ 'ਤੇ ਹੋਵੇ। ਜੇਕਰ ਤੁਸੀਂ ਭਗਤ ਸਿੰਘ 'ਤੇ ਫ਼ਿਲਮ ਬਣਾਉਣੀ ਵੀ ਹੈ ਤਾਂ ਫਿਰ ਆਜ਼ਾਦ ਅਤੇ ਬਿਸਮਿਲ 'ਤੇ ਵੀ ਬਣਾਉਣੀ ਚਾਹੀਦੀ ਹੈ। ਇਨ੍ਹਾਂ ਤਿੰਨਾਂ ਨੂੰ ਵੱਖ-ਵੱਖ ਕਰ ਕੇ ਤੁਸੀਂ ਦੇਖ ਹੀ ਨਹੀਂ ਸਕਦੇ। ਇਨ੍ਹਾਂ ਤਿੰਨਾਂ ਨੂੰ ਇਨ੍ਹਾਂ ਦੀ ਵਿਚਾਰਧਾਰਾ ਤੋਂ ਵੱਖ ਕਰ ਦਿੱਤਾ ਗਿਆ ਹੈ।

ਕੁਲ ਮਿਲਾ ਕੇ ਇਹ ਫ਼ਿਲਮਾਂ ਚੰਗੀਆਂ ਹੋ ਸਕਦੀਆਂ ਸਨ ਜੇਕਰ ਤੁਸੀਂ ਲੰਮੇ ਅਦਾਲਤੀ ਸੀਨਾਂ ਨੂੰ ਕੁਝ ਕੱਟ ਦਿੰਦੇ, ਭੁੱਖ ਹੜਤਾਲ ਕੱਟ ਦਿੰਦੇ, ਇਸ ਨਾਲ ਬਹੁਤ ਗ਼ਲਤ ਅਸਰ ਪੈਂਦਾ ਹੈ। ਇਸ ਤੋਂ ਤੁਸੀਂ ਕੀ ਸਿੱਧ ਕਰ ਰਹੇ ਹੋ? ਇਹ ਲੋਕ ਜਾਨ ਦੇ ਚੁੱਕੇ Already! ਇਕ ਅਜਿਹੀ ਕਲਾਕ੍ਰਿਤ ਜੋ ਤੁਸੀਂ Masses ਲਈ ਬਣਾ ਰਹੇ ਹੋ, ਉਥੇ ਕੁਝ ਚੀਜ਼ਾਂ ਤੁਹਾਨੂੰ Creatively Censor ਕਰਨੀ ਪੈਂਦੀਆਂ ਹਨ। ਮਨੋਜ ਨੇ ਭੁੱਖ ਹੜਤਾਲ ਨੂੰ ਬਹੁਤ ਘੱਟ ਦਿਖਾਇਆ ਹੈ।

***?: ਔਰਤਾਂ ਦੇ ਯੋਗਦਾਨ ਨੂੰ ਇਨ੍ਹਾਂ ਫ਼ਿਲਮਾਂ ਨੇ ਕਿਸ ਤਰ੍ਹਾਂ ਦਿਖਾਇਆ?***

ਜਵਾਬ : ਅਜੇ ਦੇਵਗਨ ਦੀ ਫ਼ਿਲਮ ਵਿਚ ਦੁਰਗਾ ਭਾਬੀ ਦੀ ਭੂਮਿਕਾ ਨੂੰ ਇਕਦਮ ਨਿਗੂਣੀ ਕਰ ਦਿੱਤਾ ਗਿਆ ਹੈ। ਭੇਸ ਬਦਲ ਕੇ ਭਗਤ ਸਿੰਘ ਦਾ ਲਾਹੌਰ ਤੋਂ ਜਾਣ ਵਾਲਾ ਦ੍ਰਿਸ਼ ਬਚਕਾਨਾ ਹੈ। ਔਰਤ ਪਾਤਰਾਂ ਨੂੰ ਸਭ ਤੋਂ ਵੱਧ ਮਹੱਤਵ ਮਨੋਜ ਕੁਮਾਰ ਨੇ 'ਸ਼ਹੀਦ' ਵਿਚ ਦਿੱਤਾ ਹੈ। ਨਿਰੂਪਾ ਰਾਏ ਅਤੇ ਕਾਮਿਨੀ ਕੌਸ਼ਲ ਆਪਣੀ ਵਧੀਆ ਕਲਾਕਾਰੀ ਨਾਲ ਮੌਜੂਦ ਹਨ। ਦਿਓਲ ਦੀ ਫ਼ਿਲਮ ਵਿਚ ਭਗਤ ਸਿੰਘ ਦੀ ਮਾਂ ਦੀ ਭੂਮਿਕਾ ਵਿਚ ਅੰਮ੍ਰਿਤਾ ਸਿੰਘ ਚੰਗੀ ਹੈ। ਪਰ ਮੈਨੂੰ ਲਗਦਾ ਹੈ ਕਿ ਭਗਤ ਸਿੰਘ ਦੇ ਜੀਵਨ ਵਿਚ ਇਨ੍ਹਾਂ ਦੋ ਇਸਤਰੀਆਂ ਦੀ ਜੋ ਭੂਮਿਕਾ ਹੈ, ਉਸ ਨੂੰ ਹੋਰ ਮਹੱਤਵ ਦਿੱਤਾ ਜਾ ਸਕਦਾ ਸੀ - ਸਿਰਫ਼ ਪਰਿਵਾਰਕ ਭਾਵੁਕਤਾ ਦੇ ਪੱਧਰ 'ਤੇ ਹੀ ਨਹੀਂ।

***?: ਮੁਸਲਮਾਨਾਂ ਨੂੰ ਇਨ੍ਹਾਂ ਫ਼ਿਲਮਾਂ ਨੇ ਕਿਸ ਤਰ੍ਹਾਂ ਲਿਆ?***

ਜਵਾਬ : ਤਿੰਨੇ ਫ਼ਿਲਮਾਂ ਵਿਚ ਮੁਸਲਮਾਨਾਂ ਦੀ ਭੂਮਿਕਾ ਨਿਗੂਣੀ ਹੈ। ਤਾਂਗੇਵਾਲੇ ਦੇ ਰੂਪ ਵਿਚ ਤਾਂ ਇਕ ਮੁਸਲਮਾਨ ਆਉਂਦਾ ਹੈ, ਮਨੋਜ ਦੀ ਫ਼ਿਲਮ ਵਿਚ। ਜੇਕਰ ਕੋਈ ਮੁਸਲਮਾਨ ਸਚਮੁੱਚ ਇਨ੍ਹਾਂ ਦੇ ਨਾਲ ਨਹੀਂ ਸੀ, ਤਾਂ ਇਹ ਚਿੰਤਾ ਦੀ ਗੱਲ ਹੈ। ਇਸ ਦੇ ਕਾਰਨਾਂ ਵਿਚ ਜਾਣਾ ਚਾਹੀਦਾ ਹੈ। ਅਸ਼ਫ਼ਾਕ ਉਲਾਹ ਤਾਂ ਕਾਕੋਰੀ ਦਾ ਹੀਰੋ ਸੀ। ਉਸ ਨੂੰ ਵੀ ਉਸ ਸੰਦਰਭ ਵਿਚ ਨਹੀਂ ਦਿਖਾਇਆ ਗਿਆ। ਸਿਰਫ਼ ਮਨੋਜ ਨੇ ਹੀ ਦਿਖਾਇਆ ਹੈ।

ਅਸਲ ਵਿਚ ਬਾਅਦ ਵਿਚ ਬਣੀਆਂ ਦੋ ਫ਼ਿਲਮਾਂ ਦੇ ਨਿਰਮਾਤਾਵਾਂ 'ਤੇ ਇਸ ਚੀਜ਼ ਦਾ ਵੀ ਦਬਾਅ ਸੀ ਕਿ ਉਹ ਫ਼ਿਲਮਾਂ ਭਾਜਪਾ ਦੇ ਸ਼ਾਸਨ ਕਾਲ ਵਿਚ ਬਣੀਆਂ ਸਨ। ਦੇਵਗਨ ਦੀ ਫ਼ਿਲਮ ਵਿਚ ਇਕ ਸੀਨ ਵਿਚ ਕਮਰੇ ਵਿਚ ਦੋ ਤਸਵੀਰਾਂ ਦਿਖਾਈਆਂ ਗਈਆਂ ਹਨ। ਇਕ ਕਾਰਲ ਮਾਰਕਸ ਦੀ ਹੈ ਅਤੇ ਦੂਜੀ ਸ਼ਿਵਾ ਜੀ ਦੀ ਹੈ। ਅਜੇ ਦੀ ਫ਼ਿਲਮ 'ਓਮ' ਤੋਂ ਸ਼ੁਰੂ ਹੁੰਦੀ ਹੈ। ਟਾਈਟਲ ਵਿਚ।

***?: ਦੇਵਗਨ ਦੀ ਫ਼ਿਲਮ ਵਿਚ ਕਿਹੜਾ ਚਰਿੱਤਰ ਭਰੋਸੇਯੋਗ ਲੱਗਾ?***

ਜਵਾਬ : ਗਾਂਧੀ ਦਾ! ਸੁਰਿੰਦਰ ਰਾਜਨ ਬਣਿਆ ਹੈ ਗਾਂਧੀ। ਗਾਂਧੀ ਦੇ ਲਹਿਜ਼ੇ ਤਕ ਉਹ ਪਹੁੰਚ ਸਕਿਆ ਹੈ। ਭਗਤ ਸਿੰਘ ਨੂੰ ਲੈ ਕੇ ਗਾਂਧੀ ਦੇ ਦੁਹਰੇਪਣ ਨੂੰ ਉਸ ਰਾਹੀਂ ਬਹੁਤ ਚੰਗੀ ਤਰ੍ਹਾਂ ਉਭਾਰਿਆ ਗਿਆ ਹੈ। ਜੇਕਰ ਡਰਵਿਨ ਅਤੇ ਗਾਂਧੀ ਦੀ ਨਿੱਜੀ ਗੱਲਬਾਤ ਦੇ ਰਿਕਾਰਡ ਮਿਲਣ ਤਾਂ ਇਹ ਜਾਣਨਾ ਬੜਾ ਦਿਲਚਸਪ ਹੋਵੇਗਾ ਕਿ ਕਿਸ ਹੱਦ ਤਕ ਜਾ ਕੇ ਗਾਂਧੀ ਨੇ ਭਗਤ ਸਿੰਘ ਦਾ ਵਿਰੋਧ ਜਾਂ ਸਮਰਥਨ ਕੀਤਾ। ਦੇਵਗਨ ਦੀ ਫ਼ਿਲਮ ਸਾਬਤ ਕਰਨ ਦੀ ਕੋਸ਼ਿਸ਼ ਕਰਦੀ ਹੈ ਕਿ ਗਾਂਧੀ ਨੇ ਭਗਤ ਸਿੰਘ ਨਾਲ ਕੋਈ ਹਮਦਰਦੀ ਨਹੀਂ ਵਰਤੀ।




ਜਦਕਿ ਗਾਂਧੀ ਨੂੰ ਹਰ ਹਾਲ ਵਿਚ ਭਗਤ ਸਿੰਘ ਨੂੰ ਬਚਾਉਣਾ ਚਾਹੀਦਾ ਸੀ। ਗਾਂਧੀ ਨੇ ਜੋ ਚਾਲ ਅੰਬੇਦਕਰ ਅਤੇ ਸੁਭਾਸ਼ ਚੰਦਰ ਬੋਸ ਨਾਲ ਖੇਡੀ, ਉਹੀ ਚਾਲ ਪਹਿਲਾਂ ਉਨ੍ਹਾਂ ਨੇ ਭਗਤ ਸਿੰਘ ਨਾਲ ਖੇਡੀ। ਇਕ ਪੈਟਰਨ ਬਣਦਾ ਹੈ ਬਾਕਾਇਦਾ। ਕਦੇ ਉਸ 'ਤੇ ਕੋਈ ਕਿਤਾਬ ਲਿਖੀ ਜਾਣੀ ਚਾਹੀਦੀ ਹੈ ਕਿ ਕਿਸ ਤਰ੍ਹਾਂ ਗਾਂਧੀ ਨੇ ਆਪਣੇ Potential Rivals ਨੂੰ ਟੈਕਿਲ ਕੀਤਾ। ਇਹ ਬਹੁਤ ਦਿਲਚਸਪ ਵਿਸ਼ਾ ਹੈ। ਜੇਕਰ ਗਾਂਧੀ ਉਨ੍ਹਾਂ ਨੂੰ ਬਚਾ ਲੈਂਦਾ ਤਾਂ ਸੰਭਵ ਹੈ ਕਿ ਦੋਵੇਂ ਕਿਸੇ ਬਿੰਦੂ 'ਤੇ ਮਿਲ ਕੇ ਲੜਦੇ ਅਤੇ ਜੋ ਆਜ਼ਾਦੀ ਸਾਨੂੰ ਵਿਸ਼ਵ ਯੁੱਧ ਤੋਂ ਬਾਅਦ ਮਿਲੀ, ਸ਼ਾਇਦ ਉਸ ਤੋਂ ਪਹਿਲਾਂ ਮਿਲ ਜਾਂਦੀ। ਮੈਨੂੰ ਪੂਰਾ ਯਕੀਨ ਹੈ ਕਿ ਗਾਂਧੀ ਉਨ੍ਹਾਂ ਨੂੰ ਬਚਾ ਸਕਦਾ ਸੀ। ਭਗਤ ਸਿੰਘ ਦੀ ਹਿੰਸਾ ਚੌਰੀ-ਚੌਰਾ ਦੀ ਹਿੰਸਾ ਨਹੀਂ ਸੀ।

ਚੰਦਰ ਸ਼ੇਖਰ ਆਜ਼ਾਦ ਕੀ ਭਗਤ ਸਿੰਘ ਨੂੰ ਛੁਡਾਉਣਾ ਚਾਹੁੰਦੇ ਸਨ? ਕੀ ਭਗਤ ਸਿੰਘ ਨੂੰ ਵਾਅਕਿਆ ਹੀ ਉਨ੍ਹਾਂ ਨੇ ਆਗਿਆ ਦਿੱਤੀ ਸੀ ਕਿ ਤੂੰ ਇਕ 'ਪੀਸਫੁਲ' ਬੰਬ ਅਸੈਂਬਲੀ ਵਿਚ ਸੁੱਟ? ਅਜਿਹੇ ਬਹੁਤ ਸਾਰੇ ਸਵਾਲ ਹਨ। ਭਗਤ ਸਿੰਘ ਦੀ ਟ੍ਰਾਇਲ ਦਾ ਇਕ-ਇਕ ਵਾਕ ਧਿਆਨ ਨਾਲ ਪੜ੍ਹਿਆ ਜਾਣਾ ਚਾਹੀਦਾ ਹੈ, ਬਹੁਤ ਸਾਰੀ ਖੋਜ ਦੀ ਜ਼ਰੂਰਤ ਹੈ। ਕਾਕੋਰੀ ਕੇਸ ਤਾਂ ਪੂਰਾ ਸਾਡੇ ਕੋਲ ਮੌਜੂਦ ਹੈ ਪਰ ਭਗਤ ਸਿੰਘ ਦੇ ਕਾਗ਼ਜ਼ਾਤ ਲਾਹੌਰ ਤੋਂ ਮੰਗਵਾਉਣ ਲਈ ਸਾਡੀ ਸਰਕਾਰ ਵੀ ਕਿਥੇ ਕੋਸ਼ਿਸ਼ ਕਰ ਰਹੀ ਹੈ? ਸਾਡੀ ਸਰਕਾਰ ਲਈ ਵੀ ਤਾਂ ਭਗਤ ਸਿੰਘ ਗਲੇ ਦੀ ਹੱਡੀ ਹੈ। ਇਨ੍ਹਾਂ ਦੋਵਾਂ ਫ਼ਿਲਮਾਂ ਵਿਚ ਇਕ Discerning ਦਰਸ਼ਕ ਲਈ ਦਿਮਾਗੀ ਕਸਰਤ ਲਈ ਕੁਝ ਮਸਾਲਾ ਦਿੱਤਾ ਗਿਆ ਹੈ ਕਿ ਤੁਸੀਂ ਸੋਚੋ ਇਸ 'ਤੇ। ਇਨ੍ਹਾਂ ਦੋਵਾਂ ਫ਼ਿਲਮਾਂ ਦਾ ਅਸਫ਼ਲ ਹੋਣਾ ਵੀ ਇਕ ਦੁਰਘਟਨਾ ਹੈ ਜਦੋਂ ਕਿ ਭਗਤ ਸਿੰਘ 'ਤੇ ਇਕ ਵਧੀਆ ਤੇ ਸਫ਼ਲ ਫ਼ਿਲਮ ਹੁਣ ਵੀ ਸੰਭਵ ਹੈ।

ਸ਼ਿਆਮ ਬੇਨੇਗਲ ਨੇ ਨਹਿਰੂ, ਗਾਂਧੀ, ਅੰਬੇਦਕਰ ਆਦਿ 'ਤੇ ਫ਼ਿਲਮਾਂ ਬਣਾਈਆਂ ਪਰ ਇਹ ਫ਼ਿਲਮਾਂ ਇਕ ਰਾਸ਼ਟਰੀ Dialogue ਸਥਾਪਤ ਹੀ ਨਹੀਂ ਕਰ ਸਕੀਆਂ। ਇਹ ਮੈਨੂੰ ਬਹੁਤ ਭਿਆਨਕ ਲਗਦਾ ਹੈ। ਅੱਜ ਦੀ ਜੋ ਜਨਰੇਸ਼ਨ ਹੈ, ਉਹ ਉਨ੍ਹਾਂ ਗੱਲਾਂ ਨੂੰ ਜ਼ਿਆਦਾ ਯਾਦ ਨਹੀਂ ਕਰਨਾ ਚਾਹੁੰਦੀ। ਮੈਂ ਸਮਝਦਾ ਹਾਂ ਕਿ ਜੇਕਰ ਕੋਈ Reactionary ਫ਼ਿਲਮ ਸਾਵਰਕਰ ਜਾਂ ਸ਼ਿਆਮਾ ਪ੍ਰਸ਼ਾਦ ਮੁਖਰਜੀ 'ਤੇ ਬਣਦੀ ਹੈ ਤਾਂ ਉਹ ਵੀ ਨਹੀਂ ਚਲੇਗੀ। ਇਕ ਤਰ੍ਹਾਂ ਨਾਲ ਤੁਸੀਂ ਇਸ ਨੂੰ ਚੰਗਾ ਮੰਨ ਸਕਦੇ ਹੋ ਕਿ ਭਾਰਤ ਦੇਸ਼ ਆਪਣੇ ਭੂਤਕਾਲ ਵਿਚ ਐਨਾ Obsessed ਨਹੀਂ ਹੈ। ਪਰ ਸਾਡਾ ਦੇਸ਼ ਆਪਣੇ ਨੇੜਲੇ ਅਤੀਤ ਨੂੰ ਨਕਾਰ ਰਿਹਾ ਹੈ, ਇਹ ਬਹੁਤ ਭਿਆਨਕ ਹੈ। ਤਾਂ ਕੀ ਉਸ ਨੂੰ Patriotic ਫ਼ਿਲਮ ਦੇ ਨਾਮ 'ਤੇ Sugar coated pills ਚਾਹੀਦੈ? ਦੋਵੇਂ ਤਾਜ਼ਾ ਫ਼ਿਲਮਾਂ ਨੇ ਮਨੋਜ ਕੁਮਾਰ ਦੀ ਫ਼ਿਲਮ ਤੋਂ ਬਹੁਤ ਕੁਝ ਲਿਆ ਹੈ। ਕੀ ਕਾਰਨ ਹੈ ਕਿ ਸ਼ਿਆਮ ਬੇਨੇਗਲ ਵਰਗੇ ਖੱਬੇਪੱਖੀਆਂ ਨੇ ਭਗਤ ਸਿੰਘ 'ਤੇ ਫ਼ਿਲਮ ਬਣਾਉਣ ਦੀ ਨਹੀਂ ਸੋਚੀ? ਕੀ ਤੁਸੀਂ ਨਹੀਂ ਸਮਝਦੇ ਕਿ ਇਹ ਇਕ ਬਹੁਤ ਵੱਡੇ ਸੰਕਟ ਵੱਲ ਇਸ਼ਾਰਾ ਕਰ ਰਿਹਾ ਹੈ? ਇਕ ਪਾਸੇ ਇਹ ਫ਼ਿਲਮਾਂ ਫ਼ਲਾਪ ਹੋ ਰਹੀਆਂ ਹਨ, ਦੂਜੇ ਪਾਸੇ ਐਟਨਬਰੋ ਦੀ 'ਗਾਂਧੀ' ਆਲ ਟਾਈਮ ਬਾਕਸ ਆਫ਼ਿਸ ਹਿੱਟ ਹੈ। ਬੇਨੇਗਲ ਦੀ ਗਾਂਧੀ, ਬੋਸ, ਸਰਦਾਰ ਪਟੇਲ ਨਹੀਂ ਚਲੀ। ਇਸ ਦਾ ਮਤਲਬ ਇਹ ਹੋਇਆ ਕਿ ਭਾਰਤੀ ਨਿਰਮਾਤਾ-ਨਿਰਦੇਸ਼ਕ ਤੋਂ ਜਨਤਾ ਉਹੀ ਚਾਹੁੰਦੀ ਹੈ ਜੋ ਉਨ੍ਹਾਂ ਦੇ ਦੇਸੀ ਮਸ਼ਹੂਰ ਚਿਹਰੇ ਹਨ। ਇਨ੍ਹਾਂ ਫ਼ਿਲਮਾਂ ਦੀਆਂ ਲਾਗਤਾਂ ਵੀ ਵਸੂਲ ਨਹੀਂ ਹੋਈਆਂ। ਦੇਵਗਨ ਦੀ ਫ਼ਿਲਮ ਸਟਾਰ ਟੀ.ਵੀ. 'ਤੇ ਦਿਖਾਈਏ ਤਾਂ ਐਨੇ ਇਸ਼ਤਿਹਾਰ ਨਹੀਂ ਮਿਲਦੇ, ਜਿੰਨੇ ਵਿਦੇਸ਼ੀ ਗਾਂਧੀ ਨੂੰ ਹੁਣ ਵੀ ਮਿਲਦੇ ਹਨ। ਕਿਉਂਕਿ ਇਸ ਦੇ ਪਿਛੇ ਸਾਡੀ ਗੁਲਾਮ ਮਾਨਸਿਕਤਾ ਹੈ ਕਿ ਗੋਰੇ ਨੇ ਫ਼ਿਲਮ ਬਣਾਈ ਹੈ?

ਇਕ ਥਾਂ ਹਿੰਦੀ ਦੇ ਆਪਣੇ ਕ੍ਰਾਂਤੀਕਾਰੀ-ਸਾਹਿਤਕਾਰ ਮਨਮਥ ਨਾਥ ਗੁਪਤ ਦਾ ਜ਼ਿਕਰ ਆਉਂਦਾ ਹੈ। ਉਹ ਉਦੋਂ ਬਹੁਤ ਘੱਟ ਉਮਰ ਦੇ ਸਨ। ਉਨ੍ਹਾਂ ਨੂੰ ਕਾਕੋਰੀ ਕੇਸ ਵਿਚ ਇਸ ਲਈ ਫਾਂਸੀ ਨਹੀਂ ਹੋਈ। ਭੇਜੇ ਗਏ ਅੰਡੇਮਾਨ ਨਿਕੋਬਾਰ। ਮਨਮਥ ਨਾਥ ਗੁਪਤ ਨਾਲ ਦੁਰਘਟਨਾ ਇਹ ਹੋਈ ਕਿ ਸਾਲ 2000 ਵਿਚ ਉਹ ਮਰੇ, ਉਨ੍ਹਾਂ ਨੂੰ ਕਿਸੇ ਨੇ ਯਾਦ ਨਹੀਂ ਰੱਖਿਆ। ਮੈਂ ਸਾਰੇ ਪਾਠਕਾਂ ਨੂੰ ਅਪੀਲ ਕਰਦਾ ਹਾਂ ਕਿ ਮਨਮਥ ਨਾਥ ਗੁਪਤ ਦਾ ਜਨਮ ਦਿਨ ਸਾਨੂੰ ਮਨਾਉਣਾ ਚਾਹੀਦਾ ਹੈ। ਉਹ ਕ੍ਰਾਂਤੀਕਾਰੀ ਕਾਲੇ ਪਾਣੀ ਦੀ ਸਜ਼ਾ ਕੱਟ ਕੇ ਆਇਆ ਸੀ। ਉਹ ਇਕ Extra ਦੇ ਰੂਪ ਵਿਚ ਇਨ੍ਹਾਂ ਫ਼ਿਲਮਾਂ ਵਿਚ ਹੈ। ਉਸ ਨੇ ਆਪਣੇ ਅਸਲ ਆਜ਼ਾਦੀ ਘੁਲਾਟੀਆ ਹੋਣ ਨੂੰ ਕਦੇ ਕੈਸ਼ ਨਹੀਂ ਕੀਤਾ। ਮਾਮੂਲੀ ਤੋਂ ਮਾਮੂਲੀ ਨੌਕਰੀ ਕਰਦੇ ਰਹੇ। ਜ਼ਿਆਦਾ ਤੋਂ ਜ਼ਿਆਦਾ ਉਹ ਸਰਕਾਰੀ ਮਹੀਨਾਵਾਰ 'ਆਜਕਲ' ਦੇ ਸੰਪਾਦਕ ਹੋਏ। ਪਰ ਉਦੋਂ 'ਆਜਕਲ' ਕਿੰਨਾ ਚੰਗਾ ਨਿਕਲਦਾ ਸੀ। ਸਾਨੂੰ ਉਸ ਨੂੰ Extra ਦੀ ਭੂਮਿਕਾ ਤੋਂ ਉਪਰ ਉਠਾਉਣਾ ਚਾਹੀਦਾ ਹੈ।

***?: ਅਸਲ ਵਿਚ ਉਹ ਕੇਵਲ ਇਸ ਮੁੱਦੇ ਨੂੰ Encash ਕਰਨਾ ਚਾਹੁੰਦੇ ਹਨ ਕਿ ਇਕ ਨੌਜਵਾਨ 'ਹਸਦੇ-ਹਸਦੇ ਫਾਂਸੀ 'ਤੇ ਚੜ੍ਹ ਗਿਆ।'***

ਜਵਾਬ : ਭਗਤ ਸਿੰਘ ਦਾ ਨੌਜਵਾਨ ਹੋਣਾ, ਕੁਆਰਾ ਹੋਣਾ ਅਤੇ ਉਸ ਦਾ ਵਿਆਹ ਤੋਂ ਇਨਕਾਰ ਕਰਨਾ, ਪਿਆਰਾ ਪੁੱਤਰ ਹੋਣਾ ਅਤੇ ਇਕ ਜੋ Subtle Subtext ਤਿੰਨੇ ਫ਼ਿਲਮਾਂ ਵਿਚ ਹੈ, ਉਹ ਇਕ ਸੀਮਤ ਦਾਇਰੇ ਵਿਚ ਪੰਜਾਬੀਅਤ ਦਾ ਪੁੱਤਰ ਹੈ, ਹਾਲਾਂਕਿ ਭਗਤ ਸਿੰਘ ਦੇ ਖ਼ੁਦ ਦੇ ਸ਼ਬਦ ਉਸ ਨੂੰ 'ਅਖ਼ਿਲ ਭਾਰਤੀ' ਬਣਾਉਂਦੇ ਹਨ। ਫ਼ਿਲਮ ਨਿਰਮਾਤਾ ਉਸ ਨੂੰ ਉਥੇ ਹੀ ਰੋਕੀ ਬੈਠੇ ਹਨ। ਇਕ ਹੀ ਚੰਗੀ ਗੱਲ ਹੋਈ ਹੈ ਕਿ ਭਗਤ ਸਿੰਘ ਨੂੰ ਉਨ੍ਹਾਂ ਨੇ ਇਹ ਨਹੀਂ ਦੱਸਿਆ ਕਿ ਉਹ ਧਾਰਮਿਕ ਵੀ ਸੀ। ਗ਼ਨੀਮਤ ਹੈ ਕਿ ਭਗਤ ਸਿੰਘ ਨੂੰ ਉਨ੍ਹਾਂ ਨੇ 'ਸਰਦਾਰ ਜੀ' ਵਿਚ ਤਬਦੀਲ ਨਹੀਂ ਕਰ ਦਿੱਤਾ। ਹਾਲਾਂਕਿ ਬਹੁਤ ਸਾਰੇ ਸਿੱਖ ਧੜੇ ਇਹੀ ਕਹਿੰਦੇ ਰਹੇ ਹਨ ਕਿ ਉਹ ਹਮੇਸ਼ਾ ਸਰਦਾਰ ਹੀ ਰਿਹਾ। ਪਰ ਜੇਕਰ ਅਸੀਂ ਉਸ ਨੂੰ ਭੁੱਲ ਵੀ ਜਾਈਏ ਤਾਂ ਵੀ ਇਹ ਜੋ ਫ਼ਿਲਮਾਂ ਹਨ, ਇਹ ਬੜੀ ਭਾਰੀ ਸਮੱਸਿਆ ਪੈਦਾ ਕਰਦੀਆਂ ਹਨ, ਜਿਸ ਦਾ ਮੈਂ ਪਹਿਲਾਂ ਹੀ ਜ਼ਿਕਰ ਚੁੱਕਾ ਹਾਂ ਕਿ ਅੱਜ ਅਸੀਂ ਭਗਤ ਸਿੰਘ ਨੂੰ ਕਿਸ ਰੂਪ ਵਿਚ ਲਈਏ? ਕੀ ਅਸੀਂ ਉਸ ਦੇ ਮਾਰਕਸਵਾਦੀ ਨੱਕ ਅਤੇ ਦੰਦ ਤੋੜ ਦੇਈਏ ਅਤੇ ਉਸ ਨੂੰ ਸਿਰਫ਼ ਰਾਸ਼ਟਰ ਭਗਤ ਕ੍ਰਾਂਤੀਕਾਰੀ ਮੰਨ ਲਈਏ? ਜਾਂ ਉਸ ਨੂੰ ਉਸ ਦੇ ਪੂਰੇ ਅਸਲੀ ਸੰਦਰਭ ਵਿਚ ਲਈਏ? ਉਸ ਕਾਰਨ ਅੱਜ ਵੀ ਜੋ ਇਹ ਫ਼ਿਲਮਾਂ ਸਮੱਸਿਆ ਪੈਦਾ ਕਰ ਰਹੀਆਂ ਹਨ, ਕੀ ਇਨ੍ਹਾਂ ਕੋਲ ਅਜਿਹਾ ਕੋਈ ਹੱਲ ਹੈ। ਘੱਟ ਤੋਂ ਘੱਟ ਅਜੇ ਦੇਵਗਨ ਦੀ ਫ਼ਿਲਮ ਇਸ ਦਾ ਮੁਕਾਬਲਾ ਕਰਦੀ ਲਗਦੀ ਹੈ। ਕਹਿੰਦੀ ਵੀ ਹੈ ਕਿ ਗੋਰੇ ਸਾਹਿਬ ਚਲੇ ਜਾਣਗੇ ਤਾਂ ਭੂਰੇ ਸਾਹਿਬ ਆ ਜਾਣਗੇ। ਉਥੇ ਇਕ ਮਜ਼ਦੂਰ ਹੜਤਾਲ ਦਾ ਵੀ ਜ਼ਿਕਰ ਹੈ, ਕਿਸਾਨਾਂ ਦੀ ਦਸ਼ਾ ਦਾ ਵੀ ਦ੍ਰਿਸ਼ ਹੈ। ਪਰ ਜੇਕਰ ਤੁਸੀਂ ਉਸ ਨੂੰ ਪੂਰਾ ਪ੍ਰਤੀਬੱਧ ਮਾਰਕਸਵਾਦੀ ਦਿਖਾਉਂਦੇ ਹੋ ਤਾਂ ਇਸ ਫ਼ਿਲਮ ਦੀ ਅਸਫ਼ਲਤਾ ਤਹਿ ਹੈ? ਜਦੋਂ ਤਕ ਕਿ ਤੁਹਾਡਾ ਦਰਸ਼ਕ ਵਰਗ ਬੌਧਿਕ ਰੂਪ ਵਿਚ ਓਨਾ ਸਿਆਣਾ ਨਾ ਹੋ ਜਾਵੇ ਕਿ ਗ਼ੈਰ-ਮਾਰਕਸਵਾਦੀ ਹੁੰਦੇ ਹੋਏ ਮਾਰਕਸਵਾਦ ਦੀ ਗੱਲ ਸੁਣ ਲਵੇ। ਅਮਰੀਕਾ ਵਿਚ ਜਦੋਂ ਕਦੇ ਲੈਫ਼ਟ ਲੀਡਰ 'ਤੇ ਫ਼ਿਲਮ ਬਣਦੀ ਹੈ, ਮਾਲਕਮ ਐਕਸ 'ਤੇ ਬਣੀ, ਦੱਖਣ ਅਮਰੀਕਾ ਦਾ ਕਿਸਾਨ ਨੇਤਾ ਸੀ ਜ਼ਪਾਟਾ; ਉਸ 'ਤੇ ਫ਼ਿਲਮ ਬਣੀ, ਜਾਂ ਸਿਮੋਨ ਬੋਲੀਵਾਰ 'ਤੇ ਬਣਦੀ ਹੈ ਜਾਂ ਜਰਮਨੀ ਵਿਚ ਸੋਫ਼ੀ ਸ਼ੋਲ ਨਾਮਕ ਇਕ ਲੜਕੀ 'ਤੇ, ਜਿਸ ਨੇ ਹਿਟਲਰ ਦੇ ਖ਼ਿਲਾਫ਼ ਬਿਲਕੁਲ ਅਜਿਹੀ ਮੁਹਿੰਮ ਚਲਾਈ ਜਿਸ ਤਰ੍ਹਾਂ ਭਗਤ ਸਿੰਘ ਨੇ ਬ੍ਰਿਟਿਸ਼ ਸ਼ਾਸਨ ਵਿਰੁੱਧ ਚਲਾਈ ਸੀ, ਤਾਂ ਵਿਚਾਰਧਾਰਗਤ ਅਸਹਿਮਤੀ ਹੁੰਦੇ ਹੋਏ ਵੀ ਉਸ ਨੂੰ ਸਲਾਹਿਆ ਗਿਆ। ਪਰ ਜਰਮਨੀ ਵਿਚ ਇਕ ਹਿਟਲਰ ਵਿਰੋਧੀ ਫ਼ਿਲਮ ਬਣਾਉਣਾ ਬਿਲਕੁਲ ਅਲੱਗ ਗੱਲ ਹੈ, ਭਾਰਤ ਵਿਚ ਭਗਤ ਸਿੰਘ ਦੇ ਪੱਖ ਵਿਚ ਜਾਂ ਮਾਰਕਸਵਾਦ ਦੇ ਪੱਖ ਵਿਚ ਫ਼ਿਲਮ ਬਣਾਉਣਾ ਬਿਲਕੁਲ ਵੱਖਰੀ ਗੱਲ ਹੈ। ਉਸ ਜੋਖ਼ਮ ਨੂੰ ਕਲਾਤਮਕ ਅਤੇ ਆਸਥਾਤਮਕ ਰੂਪ ਨਾਲ ਚੁੱਕਣ ਲਈ ਜਿਹੜੇ ਔਜ਼ਾਰ ਹਨ, ਉਹ ਨਾ ਅਜੇ ਦੇਵਗਨ ਦੇ ਕੋਲ ਹਨ, ਨਾ ਸੰਨੀ ਦਿਓਲ ਦੇ ਕੋਲ ਹਨ। ਅਜਿਹੀ ਫ਼ਿਲਮ ਸਿਰਫ਼ ਭਗਤ ਸਿੰਘ ਦੇ ਕਾਰਨਾਮਿਆਂ 'ਤੇ ਨਾ ਹੋ ਕੇ ਉਸ ਦੇ ਬੌਧਿਕ ਵਿਕਾਸ, ਮਨੋਵਿਗਿਆਨਕ ਪੇਚੀਦਗੀ ਅਤੇ ਉਸ ਨਾਲ ਉਸ ਦੀ ਕ੍ਰਾਂਤੀਕਾਰਤਾ ਦੀ ਸੰਤੁਲਤ ਪੇਸ਼ਕਾਰੀ ਹੋਵੇਗੀ। ਇਨ੍ਹਾਂ ਤਿੰਨ ਪੱਖਾਂ ਨੂੰ ਸੰਤੁਲਤ ਕਰ ਕੇ ਕੋਈ ਕਲਪਨਾਸ਼ੀਲ ਫ਼ਿਲਮਕਾਰ ਫ਼ਿਲਮ ਬਣਾਏ ਤਾਂ ਭਗਤ ਸਿੰਘ ਦਾ ਅਸਲੀ ਸੰਦੇਸ਼ ਪਹੁੰਚੇਗਾ। ਹੁਣ ਤੁਸੀਂ ਉਸ ਨੂੰ ਗਾਉਂਦੇ ਹੋਏ, ਨੱਚਦੇ ਹੋਏ, ਦੋਸਤਾਂ ਨਾਲ ਗਲੇ ਮਿਲਦੇ ਹੋਏ ਦਿਖਾ ਦਿੰਦੇ ਹੋ ਪਰ ਭਗਤ ਸਿੰਘ, ਭਗਤ ਸਿੰਘ ਕਿਸ ਤਰ੍ਹਾਂ ਬਣਿਆ, ਇਹ ਤੁਸੀਂ ਦਸਦੇ ਨਹੀਂ? ਉਮੀਦ ਕਰਨੀ ਚਾਹੀਦੀ ਕਿ ਕੋਈ ਫ਼ਿਲਮਕਾਰ ਅੱਜ ਨਹੀਂ ਤਾਂ ਕਲ੍ਹ ਇਹ ਜ਼ਰੂਰ ਦੱਸੇਗਾ ਕਿ ਭਗਤ ਸਿੰਘ, ਭਗਤ ਸਿੰਘ ਕਿਵੇਂ ਬਣਿਆ।

**ਪੰਜਾਬੀ ਉਲੱਥਾ**
**ਮਹਿੰਗਾ ਸਿੰਘ**

# 6TH Anniversary Special

NIRVANA
ENTERTAINMENT INC.

NIRVANA

**Lunch & Dinner Buffet**
**7 Days a Week**
(Veg. & Non-Veg.)



# NIRVANA

1009-5075 Falconridge Blvd. N.E.

www.nirvanacalgary.com/nirvanantertainmentic.com

# 403-590-9797

ਕੁਲ ਸੰਸਾਰ ਇਕ ਪਰਿਵਾਰ...
ਨਵੀਂ ਦੁਨੀਆ

# ਬੰਦਾ ਬਹਾਦਰ ਬਾਰੇ ਇਤਿਹਾਸਕ ਤੱਥਾਂ ਦੀ ਪੇਸ਼ਕਾਰੀ



ਗਿਆਨ ਸਿੰਘ ਬਿਲਗਾ
+1-661-397-7330

ਮਨੁੱਖ ਗਿਲੇ ਕਰਦਾ ਹੈ, ਬਹਿਸਾਂ ਕਰਦਾ ਹੈ
ਆਪਣੇ ਆਪ ਨਾਲ ਘੁਲਦਾ ਹੈ
ਆਪਣੇ ਪ੍ਰਸ਼ਨਾਂ ਦੇ ਉਤਰ
ਕਿਤਾਬਾਂ 'ਚੋਂ ਲੱਭਣ ਦੇ ਯਤਨ ਕਰਦਾ ਹੈ
ਪਰਮਿੰਦਰ ਗਿੱਲ

ਹਫ਼ਤੇਵਾਰ ਪੰਜਾਬ ਟਾਈਮਜ਼ ਪਰਚੇ ਵਿਚ ਲੇਖਕ ਹਰਪਾਲ ਸਿੰਘ ਵਲੋਂ 'ਬੰਦਾ ਬਹਾਦਰ ਤੇ ਇਤਿਹਾਸ' ਲੜੀਵਾਰ ਨੌ ਲੇਖ ਪ੍ਰਕਾਸ਼ਤ ਹੋ ਚੁੱਕੇ ਹਨ। ਇਸ ਦੇ ਲੜੀ ਨੰਬਰ 8 'ਬੰਦਾ ਬਹਾਦਰ ਨੇ ਘਰ ਕਿਉਂ ਛੱਡਿਆ?' ਲੜੀ ਨੰ. 9 'ਕੀ ਬੰਦਾ ਬਹਾਦਰ ਅੰਮ੍ਰਿਤਧਾਰੀ ਸੀ?' ਬਾਰੇ ਇਤਿਹਾਸਕ ਤੱਥਾਂ ਦੇ ਆਧਾਰ 'ਤੇ ਪੁਣਛਾਣ ਕਰਨਾ ਤੇ ਖੰਘਾਲਣਾ ਬਣਦਾ ਹੈ। 27 ਜੁਲਾਈ ਦੇ ਅੰਕ ਵਿਚ ਸਯੋਗ ਸੰਪਾਦਕ ਅਮੋਲਕ ਸਿੰਘ ਜੰਮੂ ਦੀ ਇਹ ਟਿੱਪਣੀ ਪੜ ਕੇ ਬੜੀ ਹੈਰਾਨੀ ਹੋਈ। ਕੁੱਝ ਕੁ ਭੁੱਲੜ ਵੀਰਾਂ ਨੇ ਲੇਖ ਲੜੀ ਵਿਚ ਛਪੇ ਇਤਿਹਾਸਕ ਤੱਥਾਂ 'ਤੇ ਬੰਦਾ ਬਹਾਦਰ ਬਾਰੇ ਅਪਸ਼ਬਦਾਂ 'ਤੇ ਗੁੱਸੇ ਵਿਚ ਆ ਕੇ ਇਸ ਪਰਚੇ ਵਿਰੁੱਧ ਆਪਣਾ ਫ਼ਤਵਾ ਜਾਰੀ ਕਰ ਦਿੱਤਾ ਹੈ। ਇਤਿਹਾਸਕ ਤੱਥਾਂ ਦੇ ਆਧਾਰ 'ਤੇ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਹਰ ਇਕ ਦਾ ਜਮਹੂਰੀ ਹੱਕ ਬਣਦਾ ਹੈ। ਉਨਾਂ ਸੱਜਣਾਂ ਦਾ ਗੁੱਸਾ ਪਰਚੇ ਜਾਂ ਲੇਖਕ ਨਾਲੋਂ ਵੱਧ ਉਨਾਂ ਉੱਚ ਦਮਾਲੜੇ ਪੰਥਕ ਆਗੂਆਂ, ਇਤਿਹਾਸਕਾਰਾਂ, ਪੰਥ ਦੋਖੀਆਂ, ਪੰਥ ਨੂੰ ਦੋਫ਼ਾੜ ਕਰਨ ਵਾਲੇ ਜ਼ਾਲਮਾਂ ਵਿਰੁੱਧ ਗ਼ਰੀਬ ਪੰਜਾਬੀਆਂ ਦੀ, ਵਾਹੀਕਾਰ ਦੇ ਹੱਥਾਂ ਲਈ ਬੰਦਾ ਬਹਾਦਰ ਦੀ ਲੜਾਈ ਨੂੰ ਵਿਚੇ ਛੱਡ ਕੇ ਪਿੱਠ ਵਿਖਾਲਣ ਵਾਲੇ ਤੱਤਾਂ, ਡਿਪਲੋਮੈਟਿਕ ਫ਼ਰੰਟ 'ਤੇ ਕੀਤੀਆਂ ਵਿਚੋਲਗੀਆਂ ਕਰਨ ਵਾਲੀਆਂ ਨਾਮਵਰ ਹਸਤੀਆਂ ਵਿਰੁੱਧ ਸੇਧਤ ਹੋਣਾ ਚਾਹੀਦਾ ਸੀ। ਜੋ ਲੰਮੇ ਸਮੇਂ ਤੋਂ ਬੰਦਾ ਬਹਾਦਰ ਦੀ ਕਦਰ ਘਟਾਈ ਕਰਨ ਦੇ ਆਹਰ ਵਿਚ ਰਹੇ ਸਨ। ਭਾਵੇਂ ਇਨਾਂ ਦੀ ਸਰਪ੍ਰਸਤੀ ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਦੇ ਮਹਿਲ ਮਾਤਾ ਸੁੰਦਰੀ ਹੀ ਕਿਉਂ ਨਾ ਕਰ ਰਹੇ ਹੋਣ। ਬੰਦਾ ਬਹਾਦਰ ਦੇ ਖ਼ਿਲਾਫ਼ ਤਰਕ ਵਹੀਣ ਇਤਿਹਾਸਕ ਤੱਥਾਂ ਨਾਲ ਮੇਚ ਖਾਂਦੀ, ਮਨ ਘੜਤ ਦੂਸ਼ਣਬਾਜ਼ੀ ਬੰਦਾ ਬਹਾਦਰ ਨੂੰ ਅਸਿੱਖ, ਕੁਰਾਹੀਆ, ਕੁਰਹਿਤੀਆ, ਮਨਮਤੀਆ, ਜ਼ਾਲਮ ਵਰਗੇ ਵਿਸ਼ੇਸ਼ਣਾ ਨਾਲ ਨਵਾਜਿਆ ਗਿਆ। ਸਹੀ ਅਰਥਾਂ ਵਿਚ ਪੰਥ ਵਿਚ ਫੁੱਟ ਦੇ ਬੀਜ ਗੁਰੂ ਗੋਬਿੰਦ ਸਿੰਘ ਦੇ ਸਮੇਂ ਬੰਦ ਬਹਾਦਰ ਨੂੰ ਦੱਖਣ ਤੋਂ ਪੰਜਾਬ ਵੱਲ ਤੋਰਨ ਤੇ ਉਸ ਦੀ ਅਗਵਾਈ ਮੰਨਣ ਵੇਲੇ ਹੀ ਪੈਦਾ ਹੋ ਗਏ ਸਨ। ਜਦੋਂ ਦਸਮ ਗੁਰੂ ਵਲੋਂ ਬੰਦੇ ਦੇ ਸਤਿਕਾਰ ਤੇ ਪੰਥ ਦੇ ਆਗੂ ਨੀਯਤ ਕਰਨ ਸਮੇਂ ਗਲੋਂ ਪਾਈ ਗਾਤਰੇ ਵਾਲੀ ਕਿਰਪਾਨ ਕੁੱਝ ਕੁ ਨਰਾਜ਼ ਆਗੂਆਂ ਵਲੋਂ ਲੁਹਾ ਲਈ ਗਈ ਸੀ। ਜਿਸ ਦਾ ਸਿੱਟਾ ਬਾਬਾ ਵਿਨੋਦ ਸਿੰਘ, ਕਾਹਨ ਸਿੰਘ, ਮੀਰੀ ਸਿੰਘ ਵਰਗੇ ਜਰਨੈਲਾਂ ਦਾ ਜਦੋਂ ਪੰਥਕ ਸੰਘਰਸ਼ ਆਪਣੀ ਚਰਮ ਸੀਮਾ 'ਤੇ ਸੀ, ਬੰਦੇ ਬਹਾਦਰ ਦੇ ਸਾਥ ਛੱਡ ਜਾਣ ਵਿਚ ਨਿਕਲਿਆ, ਬੰਦਈ ਖ਼ਾਲਸਾ ਤੇ ਤੱਤ ਖ਼ਾਲਸਾ ਪੰਥ ਦੋਫਾੜ ਹੋ ਗਿਆ। ਬੰਦਾ ਬਹਾਦਰ ਨੂੰ ਅਲੱਗ ਥਲੱਗ ਕਰਨ ਲਈ ਤੱਤ ਖ਼ਾਲਸਾ ਨੇ ਫਰਖ਼ ਸਈਅਰ ਨਾਲ ਦਸ ਮਦਾਂ ਵਾਲਾ ਸਮਝੌਤਾ ਸਹੀਬੱਧ ਕਰ ਲਿਆ।

1. ਪੰਥ ਖ਼ਾਲਸਾ ਬਾਦਸ਼ਾਹ ਦੇ ਕਿਸੇ ਇਲਾਕੇ 'ਤੇ ਕਬਜ਼ਾ ਨਹੀਂ ਕਰੇਗਾ।
2. ਪੰਜਾਬ 'ਤੇ ਬਾਹਰੀ ਦੁਸ਼ਮਣ ਦੇ ਹਮਲੇ ਸਮੇਂ ਖ਼ਾਲਸਾ ਸੂਬੇਦਾਰ ਦੀ ਮਦਦ ਕਰੇਗਾ।
3. ਖ਼ਾਲਸੇ ਦੀ ਜਗੀਰ ਅਤੇ ਨਕਦ ਰਕਮ ਵਿਚ ਕੋਈ ਕਟੌਤੀ ਨਹੀਂ ਹੋਵੇਗੀ।
4. ਜਬਰੀ ਧਰਮ ਪਰਿਵਰਤਨ 'ਤੇ ਰੋਕ ਹੋਵੇਗੀ।
5. ਧਾਰਮਕ ਰਹੁ ਰੀਤਾਂ ਦੀ ਸਭ ਨੂੰ ਆਜ਼ਾਦੀ ਹੋਵੇਗੀ।
6. ਗੈਰ ਮੁਸਲਮਾਨਾਂ ਤੋਂ ਜਜ਼ੀਆ ਨਹੀਂ ਵਸੂਲਿਆ ਜਾਵੇਗਾ
7. ਸਿੱਖ ਵਾਹੀਕਾਰਾਂ ਤੋਂ ਅੱਧਾ ਭੂਮੀ ਲਗਾਨ ਵਸੂਲਿਆ ਜਾਵੇਗਾ।
8. ਪੰਜਾਬ ਵਿਚ ਗਊ ਹੱਤਿਆ 'ਤੇ ਪਾਬੰਦੀ ਲਾਈ ਜਾਵੇਗੀ।
9. ਗ਼ੈਰ ਮੁਸਲਮ ਇਸਤਰੀਆਂ ਦੀ ਇੱਜ਼ਤ ਦੀ ਰੱਖਿਆ ਕੀਤੀ ਜਾਵੇਗੀ।
10. ਖ਼ਾਲਸਾ ਬੰਦਾ ਬਹਾਦਰ ਦੀ ਸਹਾਇਤਾ ਨਹੀਂ ਕਰੇਗਾ।

ਪੰਚ ਪ੍ਰਧਾਨੀ ਫ਼ੈਸਲੇ ਅਨੁਸਾਰ ਪੰਥ ਦੇ ਆਗੂ ਦਾ ਫ਼ੈਸਲਾ ਨਾ ਕਰ ਕੇ ਪੰਥ ਦੇ ਆਗੂ ਦਾ ਫ਼ੈਸਲਾ ਪਰਚੀਆਂ ਪਾ ਕੇ ਕਰਨ ਵਾਲੇ ਜਾਂ ਆਗੂਆਂ ਦਾ ਘੋਲ ਕਰਾ ਕੇ ਗ਼ੈਰ ਜਮਹੂਰੀ ਫ਼ੈਸਲੇ ਲੈਣ ਵਾਲੇ ਪੰਥ ਵਿਚ ਦੁਫ਼ੇੜ ਪਾਉਣ ਵਾਲੇ ਆਗੂਆਂ ਖ਼ਿਲਾਫ਼ ਗੁੱਸਾ ਜ਼ਾਹਰ ਕਰਨਾ ਚਾਹੀਦਾ ਸੀ।

ਆਪਣੇ ਇਰਾਦੇ ਦੇ ਪੱਕੇ, ਦ੍ਰਿੜ, ਪ੍ਰਤੀਬੱਧ, ਸਿਰੜੀ, ਕੁਰਬਾਨੀ ਦੇ ਪੁੰਜ ਬੰਦਾ ਬਹਾਦਰ ਨੇ ਮੁਗ਼ਲ ਸਰਕਾਰ ਦੇ ਜ਼ੁਲਮ ਜਬਰ ਵਿਰੁੱਧ ਆਮ ਕਿਸਾਨ, ਵਾਹੀਕਾਰ ਤੇ ਗ਼ਰੀਬ ਲੋਕਾਂ ਦੀ ਲੜਾਈ ਜਾਰੀ ਰੱਖੀ। ਸਾਬਤ ਕਦਮ ਰਹਿੰਦਿਆਂ ਆਪਣੇ ਆਪ ਨੂੰ ਗੁਰੂ ਗੋਬਿੰਦ ਸਿੰਘ ਦਾ ਪੱਕਾ ਭਗਤ ਸਾਬਤ ਕਰਦਿਆਂ 'ਜਬ ਆਪ ਕੀ ਅਉਧ ਨਿਦਾਨ ਬਣੇ, ਅਤਿ ਹੀ ਰਣ ਮੈਂ ਤਬ ਜੂਝ ਮਰੋਂ" ਦੇ ਕਥਨ 'ਤੇ ਪਹਿਰਾ ਦਿੰਦਿਆਂ ਬੜੀ ਬਹਾਦਰੀ ਨਾਲ ਸ਼ਹਾਦਤ ਦਾ ਜਾਮ ਪੀਤਾ। ਸੀਅਰੁਲ ਮੁਖਾਤਬੀਨ ਦਾ ਕਰਤਾ ਗ਼ੁਲਾਮ ਹੁਸੈਨ ਤੇ ਖਫ਼ੀ ਖ਼ਾਨ ਲਾਸਾਨੀ ਸ਼ਹਾਦਤ ਦੇ ਅੱਖੀਂ ਵੇਖਣ ਵਾਲੇ ਗਵਾਹ ਹਨ। ਜੌਹਨ ਸਰਮਨ, ਐਡਵਰਡ ਸਟੀਫ਼ਸਨ ਦੀ ਰਿਪੋਰਟ ਜੋ ਜੇ.ਸੀ.ਟੀ. ਵੀਲਰ ਨੇ ਬਰਤਾਨਵੀ ਭਾਰਤ ਦੇ ਪਹਿਲੇ ਰਿਕਾਰਡ ਸਫ਼ਾ 180 'ਤੇ ਦਰਜ ਹਨ, ਸ਼ਾਹਦੀ ਭਰਦੇ ਹਨ।

ਉਸ ਦੀ ਮਹਾਨ ਸ਼ਹਾਦਤ ਦਾ ਨਤੀਜਾ ਹੈ ਪੰਥ ਕੀ ਮੁੱਖਧਾਰਾ ਵਾਲੇ ਆਗੂ, ਵਰਤਮਾਨ ਇਤਿਹਾਸਕਾਰ ਤੇ ਲੇਖਕ ਬੰਦਾ ਬਹਾਦਰ ਉਸ ਦੀ ਆਕਾਸ਼ ਛੋਹ ਰਹੀ ਉਚ ਪਾਏ ਦੀ ਸ਼ਖ਼ਸੀਅਤ ਬਾਰੇ ਆਪਣੇ ਵਿਚਾਰਾਂ ਨੂੰ ਸੋਧਣ ਲਈ ਮਜਬੂਰ ਹੋਏ ਹਨ। ਪੁਰਾਤਨ ਰਿਕਾਰਡ ਦੀ ਫੋਲਾ-ਫਰਾਲੀ ਹੋ ਰਹੀ ਹੈ। ਵਾਚਣ ਤੇ ਅਧਿਐਨ



ਕਰਨ ਦਾ ਕੰਮ ਆਰੰਭ ਹੋਇਆ ਹੈ। ਸਿੱਖ ਜਗਤ ਦੇ ਜਜ਼ਬਾਤ ਤੇ ਮਾਨਸਿਕਤਾ ਦਾ ਅਨੁਸਰਨ ਕਰਦਿਆਂ ਮੁੱਖ ਧਾਰਾ ਵਾਲੇ ਪੰਥ ਨੇ ਮੁੜ ਵਿਚਾਰ ਕਰਨ, ਬੰਦਾ ਬਹਾਦਰ ਦੀਆਂ ਇਤਿਹਾਸਕ ਯਾਦਗਾਰੀ ਥਾਵਾਂ ਜਿਵੇਂ ਚਪੜ ਚਿੜੀ ਵਿਚ ਇਤਿਹਾਸਕ ਯਾਦਗਾਰ ਉਸਾਰਨ ਲਈ ਪਹਿਲ ਕਦਮੀ ਦਿਖਾਈ ਹੈ।

ਬੰਦਾ ਬਹਾਦਰ ਦੀ ਕਦਰ ਘਟਾਈ ਕਰਨ ਵਿਚ ਉਸ ਦੇ ਅਖੌਤੀ ਆਪਣੇ ਪੈਰੋਕਾਰਾਂ ਨੇ ਵੀ ਘੱਟ ਨਹੀਂ ਗੁਜ਼ਾਰੀ। ਵੱਖਰਾ ਕੌਮਾਂਤਰੀ ਵਿਰਾਗੀ ਮੰਡਲ ਜਥੇਬੰਦ ਕਰ ਕੇ ਰਾਜਸੀ ਲਾਹਾ ਲੈਣ ਲਈ ਉਸ ਨੂੰ ਵੱਖਰੇ ਪੰਥ ਦਾ ਆਗੂ ਸਾਬਤ ਕਰ ਕੇ ਪੰਥ ਦੀ ਮੁੱਖ ਧਾਰਾ ਤੋਂ ਵਖਰਿਆਉਣ ਲਈ ਵੱਖਰੇ ਡੇਰੇ ਬਣਾ ਕੇ ਬੰਦਾ ਬਹਾਦਰ ਦੀ ਸ਼ਖ਼ਸੀਅਤ ਨੂੰ ਤੰਗ ਤੇ ਸੀਮਤ ਘੇਰੇ ਵਿਚ ਸਮੇਟਣ ਦਾ ਯਤਨ ਕੀਤਾ ਹੈ।

ਅਸਗਰ ਸਮੱਦੀ (1728-29 ਈ.) ਅਨੁਸਾਰ, 'ਕਿਸੇ ਵਿਅਕਤੀ ਦੀ ਉਸ ਦੇ ਪੰਜੇ ਵਿਚੋਂ ਰਿਹਾਈ ਨਾ ਵੇਖੀ ਗਈ, ਸੰਸਾਰ ਵਿਚ ਪਰਲੋ ਪ੍ਰਗਟ ਹੋ ਗਈ। ਉਸ ਦੇ ਫ਼ਸਾਦ ਨੇ ਜਹਾਨ ਨੂੰ ਐਨਾ ਤਬਾਹ ਕਰ ਦਿੱਤਾ ਕਿ ਧਰਤੀ ਹੇਠਾਂ ਸ਼ੇਸ਼ਨਾਗ ਵੀ ਬੇਚੈਨ ਹੋ ਉਠਿਆ ਵਰਗੀਆਂ ਟਿਪਣੀਆਂ ਕੀਤੀਆਂ ਹਨ। ਤਾਂ ਸਾਨੂੰ ਗੁੱਸੇ ਵਿਚ ਨਹੀਂ ਆਉਣਾ ਚਾਹੀਦਾ ਸਗੋਂ ਉਸ 'ਤੇ ਖ਼ੁਸ਼ੀ ਹੋਣੀ ਚਾਹੀਦੀ ਹੈ ਕਿਉਂਕਿ ਬੰਦਾ ਬਹਾਦਰ ਦੀ ਲੜਾਈ ਧਾਰਮਕ ਕੱਟੜ ਮੁਸਲਮ ਫਿਰਕਾਪ੍ਰਸਤੀ ਤੁਅੱਸਵੀ ਜਗੀਰਦਾਰੀ, ਸਾਮੰਤਵਾਦੀ ਰਾਜ ਪ੍ਰਬੰਧ ਢਹਿ ਢੇਰੀ ਕਰ ਕੇ ਜਨਤਕ ਖ਼ਾਲਸਈ ਲਹਿਰ ਰਾਹੀਂ ਜ਼ਮੀਨ ਹਲਵਾਹਕ ਦੀ, ਹਰ ਧਰਮ ਨੂੰ ਯੋਗ ਸਨਮਾਨ ਤੇ ਆਮ ਗ਼ਰੀਬ ਲੋਕਾਂ ਦੇ ਨਿਆਇਕ ਗੁਰੂ ਗੋਬਿੰਦ ਸਿੰਘ ਦੇ ਖ਼ਾਲਸਾਈ ਅਸੂਲਾਂ ਅਨੁਸਾਰ ਰਾਜ ਸਥਾਪਤ ਕਰਨ ਵੱਲ ਸੇਧਤ ਸੀ। ਪੰਥ ਪ੍ਰਕਾਸ਼ ਭੰਗੂ ਸਾਹਿਬ ਦੀ ਟਿੱਪਣੀ ਨੂੰ ਹੀ ਵਾਚੀਏ, "ਜਿਸ ਗੁਰੂ ਜੀ ਸੋ ਵੈਰ ਕਮਾਯੋ, ਬਦਲੇ ਲੈਣ ਤਿਸੀ ਮੈਂ ਆਇਯੋ, ਤਿੰਨ ਤਿੰਨ ਕੋ ਮੈਂ ਮਾਰ ਮਕਾਊਂ, ਤਊ ਸਤਿਗੁਰੂ ਕੋ ਬੰਦਾ ਕਹਾਊਂ।" ਦੌਲਤ ਰਾਏ ਇਤਿਹਾਸਕਾਰ, "ਬੰਦਾ ਬਹਾਦਰ ਇਸ ਮਿਸ਼ਨ ਨੂੰ ਪੂਰਾ ਕਰਨ ਵਿਚ ਸਫ਼ਲ ਹੋਇਆ। ਉਸ ਨੇ ਆਮ ਲੋਕਾਂ ਦੀ ਰਾਜਸੀ ਧਾਰਮਕ ਸ਼ਕਤੀ ਪੈਦਾ ਕਰ ਕੇ ਕੌਮੀਅਤ ਦਾ ਜਜ਼ਬਾ ਪੈਦਾ ਕੀਤਾ ਤੇ ਆਜ਼ਾਦੀ ਦੀ ਚਿਣਗ ਜਗਾਈ ਜੋ ਉਸ ਦੀ ਮੌਤ ਪਿਛੋਂ ਸਿੱਖ ਰਾਜ ਦੇ ਰੂਪ ਵਿਚ ਲੱਟ-ਲੱਟ ਕਰ ਕੇ ਬਲੀ।"

ਲੜੀ ਨੰ. 8 ਦਾ ਲੇਖ 'ਬੰਦਾ ਬਹਾਦਰ ਨੇ ਘਰ ਕਿਉਂ ਛੱਡਿਆ' ਲੇਖਕ ਹਰਪਾਲ ਫਾਰਸੀ ਵਿਦਵਾਨ ਬੁਧ ਸਿੰਘ ਤੇ ਅਜੈਬ ਸਿੰਘ ਮਲੇਰਕੋਟਲੇ ਦਾ ਹਵਾਲਾ, ਰਿਸਾਲਾ ਦਰ ਅਹਿਵਾਲ ਨਾਨਕਸ਼ਾਹ ਦਰਵੇਸ਼ ਨਾਂ ਦੀ ਕਿਤਾਬ 1783 ਈ. ਦੇ ਹਵਾਲੇ ਨਾਲ, ਹੋਰ ਵਿਦਵਾਨਾਂ ਅਤੇ ਬੰਦੇ ਦੇ ਜੀਵਨ ਕਾਲ ਦੇ ਨੇੜੇ ਦੇ ਇਤਿਹਾਸਕਾਰਾਂ ਦੇ ਹਵਾਲਿਆਂ ਨੂੰ ਪਲਟਦਿਆਂ (ੳ) ਬੰਦਾ ਬਹਾਦਰ ਦਾ ਜਨਮ ਪੁਣਛ ਖੇਤਰ ਵਿਚ ਤਛੱਲ ਦੇ ਕਿਲੇ ਦੇ ਕਿਲੇਦਾਰ ਸ੍ਰੀ ਰਾਮਦਾਸ ਦੇ ਘਰ ਦੀ ਬਜਾਏ ਪੰਡੋਰੀ ਕਰਤਾਰਪੁਰ ਨੇੜੇ ਬਿਸਤ ਦੁਆਬ (ਜਲੰਧਰ) ਵਿਖੇ ਬਾਜ਼ੀਗਰ ਬਰਾਦਰੀ ਵਿਚ ਹੋਇਆ, ਸਿੱਧ ਕਰਨ 'ਤੇ ਜ਼ੋਰ ਦਿੰਦਾ ਹੈ। ਉਸ ਨੂੰ ਹਿੰਦੂ ਵੈਰਾਗੀ ਤੋਂ ਬਾਜ਼ੀਗਰ ਬਣਾ ਦਿੰਦਾ ਹੈ ਅਤੇ ਐਚ.ਐਸ. ਸਿੰਘ ਦੇ 'ਇਨਸਾਈਕਲੋਪੀਡੀਆ ਆਫ਼ ਦੀ ਸਿੱਖਇਜ਼ਮ' ਦੇ ਕੇਵਲ ਇਕ ਫੁੱਟ ਨੋਟ ਨੂੰ ਆਧਾਰ ਬਣਾਉਂਦਾ ਹੈ। (ਅ) ਬੰਦਾ ਬਹਾਦਰ ਦੇ ਸ਼ਿਕਾਰੀ ਦੇ ਰੂਪ ਵਿਚ ਹਿਰਨੀ ਦਾ ਪੇਟ ਚਾਕ ਕਰਨ ਤੇ ਉਸ ਦੇ ਬੱਚਿਆਂ ਦਾ ਉਸ ਦੀਆਂ ਅੱਖਾਂ ਸਾਹਮਣੇ ਤੜਫ਼ ਤੜਫ਼ ਕੇ ਮਰ ਜਾਣ ਕਰ ਕੇ ਬਹਿਬਲ ਹੋ ਕੇ ਸਾਧ ਬਣ ਕੇ ਘਰ ਬਾਰ ਛੱਡ ਜਾਣ ਦੀ ਕਹਾਣੀ ਨੂੰ ਮਨਘੜਤ, ਅਜੋਕੇ ਇਤਿਹਾਸਕਾਰਾਂ ਵਲੋਂ ਪ੍ਰਾਚੀਨ ਇਤਿਹਾਸਕਾਰਾਂ ਦੇ ਨਕਸ਼ੇ ਕਦਮ 'ਤੇ ਚਲਦਿਆਂ ਲਕੀਰ ਪਿਟਣ ਵਾਲੀ ਗੱਲ ਮੰਨਦਾ ਹੈ। ਉਸ ਦੇ 1783 ਈ. ਦੇ ਹਵਾਲੇ ਨਾਲੋਂ ਸ੍ਰੀ ਗੁਰੂ ਸੋਭਾ (1711 ਈ.) ਗੁਰ ਬਿਲਾਸ ਪਾਤਸ਼ਾਹੀ ਦਸਵੀਂ (1751 ਈ.), ਬੰਸਾਵਲੀ ਨਾਮਾ ਦਸ ਪਾਤਸ਼ਾਹੀਆਂ (1769 ਈ.) ਗੁਰੂ ਕੀਆਂ ਸਾਖੀਆਂ (1790 ਈ.) ਦੇ ਦਿੱਤੇ ਵੇਰਵਿਆਂ ਨੂੰ ਵਧੇਰੇ ਸਾਰਥਕ ਮੰਨਿਆ ਜਾਣਾ ਚਾਹੀਦਾ ਹੈ। ਕਿਉਂਕਿ ਇਹ ਵੇਰਵੇ ਵਾਪਰੀਆਂ ਘਟਨਾਵਾਂ ਦੇ ਵੱਧ ਨੇੜੇ ਦੇ ਸਮੇਂ ਦੇ ਪ੍ਰਤੱਖ ਪ੍ਰਮਾਣ ਹਨ। ਸਾਨੂੰ ਕਰਮ ਸਿੰਘ ਹਿਸਟੋਰੀਅਨ ਦੇ ਇਨਾਂ ਸ਼ਬਦਾਂ ਨੂੰ ਅੱਖੋਂ ਪਰੋਖੇ ਨਹੀਂ ਕਰਨਾ ਚਾਹੀਦਾ, "ਇਤਿਹਾਸਕ ਤੱਥਾਂ ਨੂੰ ਖੋਜਦਿਆਂ ਮਿਤੀਆਂ ਸਥਾਨਾਂ ਆਦਿ ਦੇ ਥੋੜੇ ਬਹੁਤ ਫ਼ਰਕ ਨੂੰ ਜੇ ਉਹ ਸਿੱਖੀ ਦੇ ਮੁਢਲੇ ਅਸੂਲਾਂ ਦੀ ਅਵੱਗਿਆ ਨਾ ਕਰਦੇ ਹੋਣ ਤਾਂ ਲੋਕ ਧਾਰਨਾਵਾਂ ਨੂੰ ਸਹੀ ਮੰਨਣ ਤੋਂ ਗੁਰੇਜ਼ ਨਹੀਂ ਕਰਨਾ ਚਾਹੀਦਾ ਅਤੇ ਬੇਲੋੜੀ ਬਹਿਸ ਦਾ ਵਿਸ਼ਾ ਨਹੀਂ ਬਣਾਉਣਾ ਚਾਹੀਦਾ।"

ਕਹਾਣੀ ਇਥੇ ਰੁਕਦੀ ਨਹੀਂ, ਲੇਖਕ ਅਨੁਸਾਰ ਪੰਡੋਰੀ (ਜਲੰਧਰ) ਯਤੀਮ ਬਾਜ਼ੀਗਰਾਂ ਦਾ ਨੌਜਵਾਨ ਬੰਦਾ ਬਹਾਦਰ ਆਪਣੇ ਨੇੜੇ ਦੇ ਸਬੰਧੀ ਚਾਚੇ ਤਾਇਆਂ ਦਾ ਸਤਾਇਆ ਗੁਰੂ ਘਰ ਕਰਤਾਰਪੁਰ ਨੂੰ ਆਪਣਾ ਆਸਰਾ ਬਣਾਉਂਦਾ ਹੈ। ਗੁਰੂਦੁਆਰੇ ਦੇ ਭਾਈ ਜੀ ਜਿਸ ਦਾ ਲੇਖਕ ਨੇ ਨਾਉਂ ਨਹੀਂ ਲਿਖਿਆ, ਬੰਦੇ ਨੂੰ ਗੁਰੂ ਦੇ, ਸਿੱਖੀ ਦੇ ਮੁਢਲੇ ਅਸੂਲਾਂ, ਬਾਣੀ ਤੇ ਗੁਰੂ ਘਰ ਦੀ ਸੇਵਾ ਵਰਗੀ

ਕਵਾਇਦ, ਬੰਦੇ ਬਹਾਦਰ ਦਾ ਗੁਰੂ ਜੀ ਹਾਜ਼ਰੀ ਵਿਚ ਰਹਿਣਾ, ਬੰਦੇ ਬਹਾਦਰ ਨੂੰ ਕਰਤਾਰਪੁਰ ਤੋਂ ਅਨੰਦਪੁਰ ਲਿਆਉਣਾ, ਭੰਗਾਣੀ ਤੇ ਨਦੌਣ ਦੀਆਂ ਲੜਾਈਆਂ ਵਿਚ ਬੰਦੇ ਦੀ ਸ਼ਮੂਲੀਅਤ ਉਸ ਨੂੰ ਅਨੰਦਪੁਰ ਵਿਖੇ ਗੁਰੂ ਦੀ ਹਾਜ਼ਰੀ ਵਿਚ ਹੀ ਅੰਮ੍ਰਿਤਧਾਰੀ ਬਣਨਾ ਸਿੱਧ ਕਰਨ ਵੱਲ ਸੇਧਤ ਹੈ।

ਇਤਿਹਾਸਕਾਰਾਂ ਦੇ ਪਾਟਵੇਂ ਵਿਚਾਰਾਂ 'ਤੇ ਚਰਚਾ ਨਾ ਵੀ ਕਰੀਏ, ਲੇਖ ਲੰਮਾ ਨਾ ਹੋ ਜਾਵੇ। ਬੰਦਾ ਬਹਾਦਰ ਅੰਮ੍ਰਿਤਧਾਰੀ ਸੀ, ਬਾਰੇ ਦੇਸੀ ਵਿਦੇਸ਼ੀ ਲਿਖਾਰੀਆਂ ਦੀਆਂ ਟੂਕਾਂ ਦੇਣ ਦੀ ਲੋੜ ਨਹੀਂ, ਸੁਰਜੀਤ ਸਿੰਘ ਪੰਛੀ ਦੀ ਪੁਸਤਕ 'ਬੰਦਾ ਸਿੰਘ ਬਹਾਦਰ ਜੀਵਨ ਸੰਘਰਸ਼ ਤੇ ਪ੍ਰਾਪਤੀਆਂ' ਦੇ ਸਫ਼ਾ 141 ਤੋਂ 146 ਤਕ ਬੰਦਾ ਸਿੰਘ ਬਹਾਦਰ ਅੰਮ੍ਰਿਤਧਾਰੀ ਹੀ ਸੀ, ਬਾਰੇ ਵਿਸਥਾਰ ਪੂਰਵਕ ਚਰਚਾ ਕੀਤੀ ਹੋਈ ਹੈ। ਬੰਦੇ ਬਹਾਦਰ ਦੀ ਜੌਨਪੁਰ ਦੀ ਸੰਗਤ ਨੂੰ 12 ਦਸੰਬਰ 1710 ਈ. ਨੂੰ ਲਿਖੀ ਚਿੱਠੀ "ਸਰਬਤ ਖ਼ਾਲਸਾ ਜਾਉਨਪੁਰ ਕਾ ਗੁਰੂ ਰਾਖੇ ਰਹਾ। ਗੁਰੂ ਗੁਰੂ ਜਪਣਾ, ਤੁਸੀਂ ਅਕਾਲ ਪੁਰਖ ਕਾ ਖ਼ਾਲਸਾ ਹੋ, ਮੇਰਾ ਹੁਕਮ ਹੈ ਜੋ ਖ਼ਾਲਸੇ ਸਦੀ ਰਹਿਤ ਰਹੇਗਾ ਤਿਸ ਕੀ ਗੁਰੂ ਬਹੁੜੀ ਕਰੇਗਾ।" ਜਿਹੜਾ ਬੰਦਾ ਸਿੰਘ ਬਹਾਦਰ ਖ਼ਾਲਸੇ ਦੀ ਰਹਿਤ ਰਹਿਣ ਦਾ ਹੁਕਮ ਸੰਗਤ ਨੂੰ ਦਿੰਦਾ ਹੈ ਕੀ ਉਹ ਆਪ ਅੰਮ੍ਰਿਤਧਾਰੀ ਖ਼ਾਲਸਾ ਨਹੀਂ ਹੋਵੇਗਾ? ਕੀ ਸੰਗਤ ਬਿਨਾਂ ਅੰਮ੍ਰਿਤਧਾਰੀ ਬੰਦਾ ਸਿੰਘ ਦਾ ਹੁਕਮ ਮਨੇਗੀ? ਕੀ ਬਿਨਾਂ ਅੰਮ੍ਰਿਤ ਧਾਰਨ ਕੀਤੇ ਕੋਈ ਬੰਦਾ ਖ਼ਾਲਸੇ ਦੀ ਰਹਿਤ ਰਹਿਣ ਦਾ ਉਪਦੇਸ਼ ਦੇ ਸਕਦਾ ਹੈ? ਇਹ ਕਦਾਚਿਤ ਨਹੀਂ ਹੋ ਸਕਦਾ। ਇਸ ਘਟਨਾ ਤੋਂ ਬਾਅਦ ਲੇਖਕ ਬੰਦਾ ਸਿੰਘ ਬਹਾਦਰ ਨੂੰ ਇਤਿਹਾਸਕ ਘਟਨਾ ਕਰਮ 'ਚੋਂ ਗ਼ਾਇਬ ਕਰ ਕੇ ਪਿੱਠ ਭੂਮੀ (ਬੈਕ ਗਰਾਊਂਡ) ਵਿਚ ਧੱਕ ਦਿੰਦਾ ਹੈ। ਕੀ ਲੇਖਕ ਤੋਂ ਪੁੱਛਿਆ ਜਾ ਸਕਦਾ ਹੈ ਕਿ ਕੇਸਗੜ ਸਾਹਿਬ ਗੁਰੂ ਜੀ ਵਲੋਂ ਅੰਮ੍ਰਿਤ ਛਕਾਉਣ ਭਾਵ ਬੁਨਿਆਦੀ ਖ਼ਾਲਸਾ ਪੰਥ ਦੀ ਜਥੇਬੰਦੀ ਸੰਗਠਨ ਕਰਨ ਸਮੇਂ ਬੰਦਾ ਬਹਾਦਰ ਦੀ ਕੀ ਭੂਮਿਕਾ ਸੀ? ਅਨੰਦਪੁਰ ਛੱਡਣ ਸਮੇਂ ਸਰਸਾ ਕੰਢੇ ਹੋਏ ਯੁੱਧ ਸਮੇਂ, ਚਮਕੌਰ ਸਾਹਿਬ ਦੀ ਬੇ-ਮੇਚਵੀਂ ਲੜਾਈ ਵਿਚ ਕਿੱਥੇ ਸੀ? ਖਦਰਾਣੇ ਦੀ ਢਾਬ 'ਤੇ 40 ਸਿੰਘ ਸ਼ਹੀਦੀਆਂ ਪਾ ਰਹੇ ਸਨ ਅਤੇ ਆਪਣੀ ਭੁੱਲ ਬਖ਼ਸ਼ਾ ਰਹੇ ਸਨ, ਉਸ ਸਮੇਂ ਬੰਦਾ ਕਿਸ ਸਥਾਨ 'ਤੇ ਠਹਿਰਿਆ ਹੋਇਆ ਸੀ? ਲੇਖਕ ਵਲੋਂ ਇਸ ਖੱਪੇ ਨੂੰ ਭਰਨ ਦਾ ਕੀ ਯਤਨ ਹੈ? ਇਤਿਹਾਸਕ ਤੱਥਾਂ ਅਨੁਸਾਰ ਲੇਖਕ ਦੇ ਤਰਕ ਸੰਗਤ ਉਤਰ ਦੀ ਉਡੀਕ ਕਰਨੀ ਬਣਦੀ ਹੈ। ਇਥੇ ਸੁਰਜੀਤ ਸਿੰਘ ਪੰਛੀ ਸਿੱਖ ਇਤਿਹਾਸ ਦੇ ਖੋਜੀ, ਆਪਣੀ ਪੁਸਤਕ 'ਬੰਦਾ ਸਿੰਘ ਬਹਾਦਰ ਜੀਵਨ ਸੰਘਰਸ਼ ਤੇ ਪ੍ਰਾਪਤੀਆਂ ਦੇ' ਸਫ਼ਾ ਨੰਬਰ 22 'ਤੇ 'ਗੁਰੂ ਗੋਬਿੰਦ ਸਿੰਘ ਦਾਦੂ ਮਾਜਰੇ' ਸਿਰਲੇਖ ਹੇਠ ਲਿਖਦੇ ਹਨ, "ਦਾਦੂ ਮਾਜਰਾ ਜੈਪੁਰ ਰਾਜਸਥਾਨ ਵਿਚ ਪਿੰਡ ਨਰੈਣਾ ਵਿਚ ਹੈ, ਗੁਰੂ ਜੀ ਦਾਦੂ ਮਾਜਰੇ ਜੈਤ ਰਾਮ ਨੂੰ ਮਿਲੇ ਅਤੇ ਰਾਜਸਥਾਨ ਦੇ ਰਾਜਪੂਤ ਰਾਜਿਆਂ ਨੂੰ ਗੁਰੂ ਜੀ ਦੇ ਮੁਗ਼ਲ ਰਾਜ ਵਿਰੁੱਧ ਸੰਘਰਸ਼ ਵਿਚ ਪ੍ਰੇਰ ਕੇ ਸ਼ਾਮਲ ਕਰਵਾਉਣ ਲਈ ਕਿਹਾ ਪਰ ਜੈਤ ਰਾਮ ਨੇ ਮੁਗ਼ਲਾਂ ਤੇ ਰਠੌੜਾਂ ਵਿਚਕਾਰ ਭੀਸ਼ਣ ਲਹੂ ਵੀਟਵੇਂ ਸੰਘਰਸ਼ ਚੱਲ ਰਹੇ ਹੋਣ ਕਰ ਕੇ ਆਪਣੀ ਅਸਮਰਥਤਾ ਪ੍ਰਗਟ ਕੀਤੀ ਪਰ ਮਾਧੋਦਾਸ ਦੀ ਦੱਸ ਪਾਈ ਜੋ ਉਸ ਸਮੇਂ ਦੱਖਣ ਵਿਚ ਸੀ, ਉਹ ਗੁਰੂ ਜੀ ਦੀ ਸਹਾਇਤਾ ਕਰਨ ਦੇ ਯੋਗ ਤੇ ਸਮਰਥ ਸੀ।

20 ਫ਼ਰਵਰੀ, 1707 ਈ. ਔਰੰਗਜ਼ੇਬ ਦੀ ਮੌਤ ਭਾਰਤ ਦੇ ਇਤਿਹਾਸ ਵਿਚ ਮਹੱਤਵਪੂਰਨ ਘਟਨਾ ਸੀ। ਗੁਰੂ ਜੀ ਨੂੰ ਇਹ ਖ਼ਬਰ 12 ਮਾਰਚ 1707 ਈ. ਬਘੌਰ ਰਾਜਸਥਾਨ ਵਿਖੇ ਮਿਲੀ, ਇਸ ਨਾਲ ਭਾਰਤ ਦੀ ਰਾਜਨੀਤੀ ਵਿਚ ਕੋਈ ਜਮਾਤੀ ਸਿਫ਼ਤੀ ਤਬਦੀਲੀ ਆਉਣ ਦੀ ਆਸ ਨਹੀਂ ਕੀਤੀ ਜਾ ਸਕਦੀ ਸੀ। ਪਰ ਦਿੱਲੀ ਤਖ਼ਤ ਦੀ ਪ੍ਰਾਪਤੀ ਲਈ ਤਿੰਨ ਦਾਅਵੇਦਾਰ ਪੁੱਤਰਾਂ ਵਿਚ ਖ਼ੂਨੀ ਟਕਰਾਓ ਯਕੀਨੀ ਸੀ।

☛ ਬਾਕੀ ਸਫ਼ਾ 41 'ਤੇ

# ਸਮਾਜਕ ਸਰੋਕਾਰਾਂ ਦਾ ਬਿਰਤਾਂਤ 'ਇਲਮਦੀਨ ਦੀ ਧੀ'

ਮੱਖਣ ਕੁਹਾੜ
+1-587 708 5328
makhansinghkohar@gmail.com



ਲਛਮਣ ਸਿੰਘ ਰਠੌਰ ਨੇ ਆਪਣੇ ਜੀਵਨ ਵਿਚ ਕਿੰਨੇ ਹੀ ਔਖੇ ਤੇ ਲਮੇਰੇ ਪੰਧ ਬੜੀ ਹਿੰਮਤ ਨਾਲ ਮੁਕਾਏ ਨੇ। ਬੜੀ ਹੀ ਸ਼ਿੱਦਤ ਨਾਲ ਕੀਤੇ ਜੀਵਨ ਦੇ ਲੰਮੇ ਸਫ਼ਰਾਂ ਦੌਰਾਨ ਉਸ ਨੇ ਅਨੇਕਾਂ ਕੌੜੇ-ਮਿੱਠੇ ਤਜ਼ਰਬੇ ਵੀ ਹਾਸਲ ਕੀਤੇ ਹਨ।

ਰਠੌਰ ਅਜੇ ਦੋ ਸਾਲ ਦਾ ਸੀ ਜਦ ਉਸਦੇ ਮਾਪੇ 1947 ਦੀ ਦਰਦਨਾਕ ਵੰਡ ਦਾ ਸੇਕ ਸਹਿੰਦੇ, ਬਚਦੇ-ਬਚਾਉਂਦੇ ਮੌਤ ਦੇ ਭਰ ਵਗਦੇ, ਹੜ੍ਹੇ ਹੋਏ ਦਰਿਆ ਦੇ ਕਿਨਾਰੇ-ਕਿਨਾਰੇ ਕਿਸੇ ਨਾ ਕਿਸੇ ਤਰ੍ਹਾਂ ਭਾਰਤ ਪਹੁੰਚੇ। ਇੱਕ ਪੰਜਾਬ ਤੋਂ ਦੂਜੇ ਪੰਜਾਬ ਪਹੁੰਚੇ ਲਛਮਣ ਸਿੰਘ ਰਠੌਰ ਪੰਜਾਬ ਵਿਚ ਹੀ ਪਰਾਏ ਦੇਸ਼ ਦਾ ਵਾਸੀ ਹੋ ਗਿਆ। ਕਿੰਨਾ ਚਿਰ ਉਸ ਨੂੰ ਏਸ ਸੱਲ੍ਹ ਦਾ ਹੀ ਸਾਹਮਣਾ ਕਰਨਾ ਪਿਆ। ਜ਼ਿਲ੍ਹਾ ਨਵਾਂ ਸ਼ਹਿਰ (ਦੁਆਬੇ) ਦੇ ਪਿੰਡ ਮੀਰਪੁਰ ਰਹਿ ਕੇ ਉਸ ਨੇ ਨਵਾਂ ਜੀਵਨ ਪੰਧ ਅਰੰਭ ਕੀਤਾ। ਉਸ ਨੂੰ ਪਰਿਵਾਰ ਨਾਲ ਨਵੇਂ ਸਿਰਿਉਂ ਜ਼ਿੰਦਗੀ ਅਰੰਭ ਕਰਨੀ ਪਈ। ਸਾਰਾ ਕੁਝ ਉਜਾੜ, ਲੁੱਟ-ਲੁਟਾ, ਗਵਾ ਕੇ ਨਵੇਂ ਸਿਰਿਉਂ ਵਸਾਉਣਾ, ਬਣਾਉਣਾ ਪਿਆ। ਉੱਧਰ ਦੀ ਸ਼ਹਿਨਸ਼ਾਹੀ ਤੇ ਏਧਰਲੀ ਕੰਗਾਲੀ। ਇਕ ਲੰਮੀ ਘਾਲਣਾ ਦੇ ਬਾਅਦ ਨਵੇਂ ਸਿਰਿਉਂ ਪੈਰਾਂ 'ਤੇ ਖੜ੍ਹੇ ਹੋਣਾ। ਬਹੁਤ ਕਠਿਨ ਹਾਲਤਾਂ ਵਿਚ ਵੀ ਪੜ੍ਹਾਈ ਕਰ ਲੈਣਾ ਤੇ ਦਸਵੀਂ ਕਰ ਕੇ ਜੇ.ਬੀ. ਅਧਿਆਪਨ ਦਾ ਕਿੱਤਾ, ਬੀ.ਏ. ਐਮ.ਏ., ਬੀ.ਐੱਡ ਤੱਕ ਪੁੱਜਣਾ ਤੇ ਫੇਰ ਅਮਰੀਕਾ ਕੈਲੇਫੋਰਨੀਆ ਆ ਵੱਸਣਾ। ਦੂਜੀ ਵਾਰੀ ਫੇਰ ਉੱਜੜ ਕੇ ਫੇਰ ਵੱਸਣਾ ਹੀ ਤਾਂ ਸੀ ਇਹ। ਪਰ ਉਸ ਨੇ ਹਿੰਮਤ ਨਹੀਂ ਹਾਰੀ। ਐਸੀ ਹਿੰਮਤ ਹੋਰ ਵੀ ਅਨੇਕਾਂ ਲੋਕਾਂ ਨੇ ਕੀਤੀ ਪਰ ਲੰਮੇ ਸਫ਼ਰ ਦੌਰਾਨ ਵਾਪਰੀਆਂ ਘਟਨਾਵਾਂ ਤੇ ਦੁਖਾਤਾਂ ਨੂੰ ਕਲਮਬੰਦ ਕਰਨਾ ਕਿਸੇ ਕਿਸੇ ਦੇ ਹੀ ਹਿੱਸੇ ਆਇਆ ਹੈ।

ਲਛਮਣ ਸਿੰਘ ਰਠੌਰ ਨੇ 1974 ਵਿਚ ਇਕਾਂਗੀ ਨਾਟਕ 'ਓੜਕ ਸੱਚ ਰਹੀ', 1980 ਵਿਚ ਕਾਵਿ ਸੰਗ੍ਰਹਿ 'ਸੋਨੇ ਦਾ ਕੰਗਣਾ', 1984 ਵਿਚ ਦੂਜਾ ਕਾਵਿ ਸੰਗ੍ਰਹਿ 'ਹੁਕ ਪੰਜਾਬ ਦੀ', 2004 ਵਿਚ ਤੀਜਾ ਕਾਵਿ ਸੰਗ੍ਰਹਿ 'ਤ੍ਰੇਲ ਧੋਤੇ ਫੁੱਲ', 2005 ਵਿਚ ਪੰਜਵਾਂ ਕਾਵਿ ਸੰਗ੍ਰਹਿ 'ਸੱਜਰੀਆਂ ਪੈੜਾਂ' ਤੇ ਫੇਰ ਛੇਵਾਂ ਕਾਵਿ ਸੰਗ੍ਰਹਿ 2005 ਵਿਚ ਹੀ 'ਸੱਜਰੇ ਬੋਲ ਪ੍ਰੀਤਾਂ ਦੇ' ਲਿਖ ਕੇ ਆਪਣੇ ਦਿਲ ਦੇ ਜ਼ਖ਼ਮਾਂ 'ਤੇ ਮੱਲ੍ਹਮ ਲਾਉਣ ਦਾ ਯਤਨ ਕੀਤਾ। ਪਰ ਜ਼ਖ਼ਮ ਐਨੇ ਅੱਲ੍ਹੇ ਤੇ ਗਹਿਰੇ ਸਨ ਕਿ ਕਾਵਿ-ਮੱਲ੍ਹਮ ਵੀ ਕਾਰਗਰ ਸਾਬਤ ਨਾ ਹੋਈ। ਤਦ 2009 ਵਿਚ ਪਹਿਲਾ ਕਹਾਣੀ ਸੰਗ੍ਰਹਿ 'ਸੰਧਿਆ ਦੀ ਨਮਾਜ਼' ਲਿਖ ਕੇ ਆਪਣੇ ਪਿੰਡੇ 'ਤੇ ਹੰਢਾਏ ਦਰਦਾਂ, ਤਜ਼ਰਬਿਆਂ ਨੂੰ ਬਿਆਨ ਕਰਨ ਦਾ ਸਫ਼ਲ ਯਤਨ ਕੀਤਾ। ਇਹ ਹੱਥਲਾ ਕਹਾਣੀ ਸੰਗ੍ਰਹਿ ਉਸ ਦਾ ਦੂਜਾ ਕਹਾਣੀ ਸੰਗ੍ਰਹਿ 'ਇਲਮਦੀਨ ਦੀ ਧੀ' ਦੇ ਰੂਪ ਵਿਚ ਸਾਡੇ ਸਾਹਮਣੇ ਆਇਆ ਹੈ।

ਇਸ ਕਹਾਣੀ ਸੰਗ੍ਰਹਿ ਵਿਚ ਕੁੱਲ 23 ਕਹਾਣੀਆਂ ਹਨ। ਹਰ ਕਹਾਣੀ ਪੜਾਅ ਦਰ ਪੜਾਅ ਜੀਵਨ ਦੇ ਹਰ ਪਹਿਲੂ ਬਾਰੇ ਆਪਣਾ ਬਿਰਤਾਂਤ ਉਸਾਰਦੀ ਹੈ। ਸਾਰੀਆਂ ਕਹਾਣੀਆਂ ਪਾਠਕਾਂ ਨੂੰ ਇਕ ਨਵੇਂ ਜੀਵਨ ਤਜਰਬੇ ਦਾ ਅਹਿਸਾਸ ਕਰਾਉਂਦੀਆਂ ਹਨ। ਉਸ ਨੇ ਪੰਜਾਬ ਦੇ ਧਰਾਤਲ 'ਤੇ ਜੋ ਦੁਖਾਂਤਕ ਘਟਨਾਵਾਂ ਵਾਪਰੀਆਂ, ਉਨ੍ਹਾਂ ਦੀ ਵੀ ਹੂ-ਬ-ਹੂ ਸਫ਼ਲ ਪੇਸ਼ਕਾਰੀ ਕੀਤੀ ਹੈ। ਪੰਜਾਬ ਵਿੱਚੋਂ ਹੋਰ ਚੰਗਾ ਜੀਵਨ ਜਿਉਣ ਲਈ ਅਮਰੀਕਾ ਤੇ ਹੋਰ ਦੇਸ਼ਾਂ ਵਿਚ ਵਸੇ ਲੋਕਾਂ ਦੇ ਦੁੱਖ-ਦਰਦ ਹਾਵ-ਭਾਵ ਵੀ ਖ਼ੂਬ ਬਿਆਨ ਕੀਤੇ ਹਨ। ਸ਼ਾਇਦ ਹੀ ਕੋਈ ਐਸਾ ਵਿਸ਼ਾ ਹੋਵੇਗਾ ਜੋ ਉਸ ਨੇ ਨਾ ਛੋਹਿਆ ਹੋਵੇ।

ਇਸ ਪੁਸਤਕ ਵਿਚਲੀਆਂ ਕਹਾਣੀਆਂ ਵਿੱਚੋਂ ਚੌਥੀ ਕਹਾਣੀ 'ਇਲਮਦੀਨ ਦੀ ਧੀ' ਉਸ ਦੀ ਵਧੇਰੇ ਸਫ਼ਲ ਕਹਾਣੀ ਏਸ ਕਰ ਕੇ ਵੀ ਬਣ ਜਾਂਦੀ ਹੈ ਕਿ ਜਿੱਥੇ ਸੰਤਾਲੀ ਦੀ ਵੰਡ ਵੇਲੇ ਦੇ ਦੁਖਾਂਤ ਤੋਂ ਬਹੁਤੇ ਲੋਕ ਇਹੀ ਜਾਣਦੇ ਹਨ ਕਿ ਪਾਕਿ ਵਿਚ ਰਹਿ ਗਏ ਪੰਜਾਬ ਤੋਂ ਜਦ ਹਿੰਦੂ ਸਿੱਖ ਭਾਰਤ ਵਾਲੇ ਪਾਸੇ ਹਿਜ਼ਰਤ ਕਰਨ ਲੱਗੇ ਤਦ ਉੱਥੋਂ ਦੇ ਮੁਸਲਮਾਨਾਂ ਨੇ ਹਿੰਦੂ-ਸਿੱਖਾਂ ਦੇ ਖ਼ੂਬ ਆਹੂ ਲਾਹੇ। ਬਹੁਤ ਜ਼ੁਲਮ ਕੀਤੇ। ਕੀ ਬੱਚੇ, ਕੀ ਬੁੱਢੇ, ਕੀ ਜਵਾਨ ਸਭ ਦੇ ਗਾਟੇ ਲਾਹ ਕੇ ਮਾਣ ਮਹਿਸੂਸ ਕਰਦੇ ਸਨ। ਹਿੰਦੂ-ਸਿੱਖਾਂ ਦੀਆਂ ਧੀਆਂ ਨੂੰ ਮੁਸਲਮਾਨਾਂ ਨੇ ਆਪਣੀ ਹਵਸ ਦਾ ਸ਼ਿਕਾਰ ਵੀ ਬਣਾਇਆ ਤੇ ਆਪਣੇ ਘਰੀਂ ਵੀ ਵਸਾ ਲਿਆ। ਜੇ ਕੋਈ ਜਾਨ ਬਚਾ ਕੇ ਵਾਹਘੇ ਦੀ ਲਕੀਰੋਂ ਪਾਰ ਆ ਸਕਿਆ ਤਾਂ ਉਹ ਕੇਵਲ ਆਪਣੀ ਹਿੰਮਤ ਨਾਲ, ਕਾਫ਼ਲਿਆਂ ਵਿਚ ਰਲ਼ ਕੇ ਅਤੇ ਉਹ ਵੀ ਅੱਧ ਪਚੱਧੇ ਜੀਅ ਹੀ ਹਿੰਦੋਸਤਾਨ ਪੁੱਜਣ ਵਿਚ ਸਫ਼ਲ ਹੋ ਸਕੇ। ਏਸੇ ਹੀ ਤਰ੍ਹਾਂ ਭਾਰਤ ਵਾਲੇ ਪਾਸੇ ਤੋਂ ਪਾਕਿਸਤਾਨ ਵਾਲੇ ਪਾਸੇ ਜਾਣ ਵਾਲੇ ਮੁਸਲਮਾਨਾਂ ਨਾਲ ਵਾਪਰੀ। ਏਧਰ ਅਫ਼ਵਾਹਾਂ ਸੁਣ-ਸੁਣ ਕੇ ਸਿੱਖਾਂ ਨੇ ਮੁਸਲਮਾਨਾਂ ਦੇ ਗਾਟੇ ਲਾਹੇ। ਸ਼ਰੇਆਮ ਉਨ੍ਹਾਂ ਦੇ ਸਿਰ ਕਲਮ ਕੀਤੇ। ਜੋ ਤਲਵਾਰ ਗੁਰੂ ਗੋਬਿੰਦ ਸਿੰਘ ਨੇ ਸਵੈ ਰੱਖਿਆ ਤੇ ਮਜ਼ਲੂਮਾਂ ਦੀ ਰਾਖੀ ਲਈ ਬਖ਼ਸ਼ੀ ਸੀ, ਉਹ ਖ਼ੁਦ ਹੀ ਜ਼ਾਲਮ ਹੋ ਗਈ ਤੇ ਬੱਚੇ-ਬੁੱਢੇ ਵੀ ਨਹੀਂ ਬਖ਼ਸ਼ੇ। ਮੁਸਲਮਾਨਾਂ ਦੀਆਂ ਜਵਾਨ-ਮਸੂਮ ਧੀਆਂ ਨਾਲ ਉਹੀ ਕੁਝ ਵਾਪਰਿਆ ਜੋ ਹਿੰਦੂ ਸਿੱਖ ਧੀਆਂ ਨਾਲ ਵਾਪਰਿਆ ਸੀ।

ਆਪਸ ਵਿਚ ਚੰਗੇ ਭਲੇ ਸਦੀਆਂ ਤੋਂ ਭੈਣਾਂ-ਭਰਾਵਾਂ ਦੀ ਤਰ੍ਹਾਂ ਰਹਿ ਰਹੇ ਲੋਕ ਹੀ ਮਜ਼੍ਹਬੀ ਜਨੂੰਨੀਆਂ ਦੀ ਟੇਟੇ ਚੜ੍ਹ ਕੇ ਆਪਦੇ ਹੀ ਭੈਣ ਭਰਾਵਾਂ ਦੀਆਂ ਜਾਨਾਂ ਦੇ ਵੈਰੀ ਬਣ ਗਏ। ਪਰ ਨਾ ਸਾਰੇ ਮੁਸਲਮਾਨ ਅਜਿਹੇ ਸਨ ਤੇ ਨਾ ਹੀ ਸਾਰੇ ਹਿੰਦੂ-ਸਿੱਖ। ਬਹੁਤ ਸਾਰੇ ਹਿੰਦੂ, ਸਿੱਖ, ਮੁਸਲਮਾਨ ਐਸੇ ਵੀ ਸਨ ਜੋ ਜਾਨਾਂ ਹੂਲਕੇ ਵੀ ਮਨੁੱਖਤਾ ਨੂੰ ਆਪਣਾ ਧਰਮ-ਮਜ਼੍ਹਬ ਸਮਝ ਕੇ ਲੋਕਾਂ ਨੂੰ ਬਚਾਉਣ ਅਤੇ ਜੱਥਿਆਂ ਵਿਚ ਪਹੁੰਚਾਉਣ ਦਾ ਉਪਰਾਲਾ ਕਰਦੇ ਰਹੇ। ਖ਼ੂੰਖ਼ਾਰ ਵਹਿਸ਼ੀ, ਜ਼ਾਲਮ ਭਾਵੇਂ ਥੋੜ੍ਹੇ ਸਨ ਪਰ ਉਨ੍ਹਾਂ ਦੇ ਮੂੰਹ ਨੂੰ ਲਹੂ ਲੱਗਾ ਹੋਇਆ ਸੀ। ਉਹ ਮਨੁੱਖਤਾ ਨੂੰ ਪ੍ਰੇਮ ਕਰਨ ਵਾਲਿਆਂ ਨੂੰ ਵੈਰੀ ਕਾਫ਼ਰ ਸਮਝ ਕੇ ਉਨ੍ਹਾਂ ਨੂੰ ਵੀ ਨਹੀਂ ਬਖ਼ਸ਼ਦੇ ਸਨ।

ਇਲਮਦੀਨ ਵਰਗੇ ਐਸੇ ਵੀ ਮੁਸਲਮਾਨ ਸਨ ਜਿਨ੍ਹਾਂ ਨੇ ਧਰਮਾਂ ਤੋਂ ਉੱਪਰ ਉੱਠ ਕੇ ਇਕ ਸਿੱਖ ਸਰਦਾਰ ਨੂੰ ਪੱਗ-ਵੱਟ ਭਰਾ ਵੀ ਮੰਨਿਆ ਤੇ ਇਸ ਪੱਗ ਦੀ ਲਾਜ ਵੀ ਰੱਖੀ। ਆਪਣੇ ਭਾਈਚਾਰੇ ਦਾ ਵਿਰੋਧ ਸਹਿ ਕੇ ਵੀ ਜਾਨ ਤਲੀ ਤੇ ਧਰ ਕੇ ਆਪਣੇ ਪੱਗਵੱਟ ਧਰਮ ਦੇ ਭਰਾ ਬਣੇ 'ਭੋਲਾ ਸਿੰਘ' ਦੀ ਧੀ 'ਸੁਮਿਤਰਾਂ' ਨੂੰ ਗੁੰਡਿਆਂ-ਜ਼ਾਲਮਾਂ ਤੋਂ ਬਚਾ ਕੇ ਉਸ ਦੇ ਪੰਜਾਬ ਆ ਗਏ ਪਰ ਦਰਿੰਦਿਆਂ ਹੱਥੋਂ ਕਤਲ ਹੋ ਚੁੱਕੇ ਭੋਲਾ ਸਿੰਘ ਦੀ ਪਤਨੀ 'ਸਿਮਰਨ' ਕੋਲ ਪਹੁੰਚਾਉਂਦਾ ਹੈ। ਇਸੇ ਤਰ੍ਹਾਂ ਬਹੁਤ ਸਾਰੇ ਹਿੰਦੂ ਸਿੱਖਾਂ ਨੇ ਵੀ ਮੁਸਲਿਮ ਧੀਆਂ ਨਾਲ ਕੀਤਾ ਪਰ ਉਹ ਅਣਗੌਲੇ ਵਰਕਿਆਂ ਵਿਚ ਗੁੰਮ ਹੋ ਗਏ ਪਰ ਲਛਮਣ ਸਿੰਘ ਰਠੌਰ ਨੇ ਇਸ ਕਹਾਣੀ ਰਾਹੀਂ ਉਸ ਅਣਗੌਲ਼ੇ ਪਾਤਰ ਨੂੰ ਉਭਾਰ ਕੇ ਫਿਰਕੂ ਜਨੂੰਨਾਂ ਦਾ ਸ਼ਿਕਾਰ ਹੋ ਗਏ ਵਹਿਸ਼ੀ ਕਾਰੇ ਕਰ ਰਹੇ ਦਰਿੰਦਿਆਂ ਦੇ ਮੂੰਹ 'ਤੇ ਚਪੇੜ ਮਾਰੀ ਹੈ ਤੇ ਨਾਲ ਹੀ ਇਹ ਸਿੱਧ ਵੀ ਕੀਤਾ ਹੈ ਕਿ ਮਨੁੱਖਤਾ ਕਦੇ ਵੀ ਮਰ ਨਹੀਂ ਸਕਦੀ।

ਪੰਜਾਬ ਦੇ ਧਰਾਤਲ 'ਤੇ ਹੀ ਵਾਪਰਦੀ ਇਕ ਹੋਰ ਘਟਨਾ ਜੋ ਸਮੂਹ ਭਾਰਤ ਤੇ ਖ਼ਾਸ ਕਰ ਕੇ ਪੰਜਾਬੀਆਂ ਲਈ ਕਲੰਕ ਦਾ ਕਾਰਨ ਬਣ ਰਹੀ ਹੈ, ਉਹ ਹੈ ਕੁੜੀਆਂ ਦੀ ਭਰੂਣ ਹੱਤਿਆ। ਜਗੀਰਦਾਰੀ ਸੋਚ ਅਜੇ ਵੀ ਸਮਾਜ ਵਿਚ ਭਾਰੂ ਹੈ। ਧੀਆਂ ਨਾਲੋਂ ਪੁੱਤਰਾਂ ਨੂੰ ਹਰ ਗੱਲ ਵਿਚ ਪਹਿਲ ਦਿੱਤੀ ਜਾਂਦੀ ਹੈ। ਧੀਆਂ ਦੇ ਦਾਜ ਦੀ ਸਮੱਸਿਆ, ਪ੍ਰੇਮ ਵਿਆਹ, ਵਿਆਹ 'ਤੇ ਖ਼ਰਚੇ ਅਤੇ ਅਨੇਕਾਂ ਹੋਰ ਸਮਾਜਕ ਤਾਣੇ-ਬਾਣੇ ਨੇ ਲੋਕਾਂ ਨੂੰ ਅਖੌਤੀ ਨੱਕ-ਨਮੋਸ਼ੀ ਦਾ ਕਾਰਨ ਬਣਾ ਕੇ ਰੱਖ ਦਿੱਤਾ ਹੈ। ਜਾਇਦਾਦ ਦੇ ਮਸਲੇ ਨੇ ਪੁਤਰਾਂ ਨੂੰ ਵਾਰਸ ਬਣਾਉਣ ਤੇ ਧੀਆਂ ਨੂੰ ਬਿਗਾਨਾ ਧਨ ਸਮਝਣ ਵਿਚ ਅਹਿਮ ਭੂਮਿਕਾ ਨਿਭਾਈ ਹੈ। ਸਿੱਟੇ ਵਜੋਂ ਪੰਜਾਬ ਵਿਚ ਭਰੂਣ ਹੱਤਿਆ ਇਕ ਸਭ ਤੋਂ ਵੱਡੀ ਚੁਣੌਤੀ ਬਣ ਗਈ ਹੈ। ਇਕ ਹਜ਼ਾਰ ਲੜਕਿਆਂ ਪਿੱਛੇ ਕੇਵਲ 750 ਲੜਕੀਆਂ ਰਹਿ ਗਈਆਂ ਹਨ। ਭਾਵ ਸਮਾਜ ਵਿਚ ਇਕ ਹਜ਼ਾਰ ਪਿੱਛੇ ਢਾਈ ਸੌ ਲੜਕਾ ਅਣਵਿਆਹਿਆ ਹੀ ਰਹੇਗਾ। ਇਸ ਦੇ ਜੋ ਸਿੱਟੇ ਵੀ ਸਮਾਜ ਨੂੰ ਭੁਗਤਣੇ ਪੈ ਰਹੇ ਨੇ ਉਹ ਇੱਕ ਵੱਖਰਾ ਵਿਸ਼ਾ ਹੈ। ਕੋਈ ਵੀ ਮਾਂ ਆਪਣੀ ਧੀ ਦੀ ਭਰੂਣ ਹੱਤਿਆ ਨਹੀਂ ਚਾਹੁੰਦੀ ਪਰ ਫੇਰ ਵੀ ਉਸ ਨੂੰ ਮਰਦ ਪ੍ਰਧਾਨ ਸਮਾਜ ਵਿਚ, ਔਰਤ ਨਾਲੋਂ ਮਰਦ ਨੂੰ ਪਹਿਲ ਦੇਣ ਦੇ ਨਾਤੇ, ਇਹ ਸਾਰਾ ਕੁਝ ਸਹਿਣ ਕਰਨਾ ਪੈਂਦਾ ਹੈ। ਲਛਮਣ ਸਿੰਘ ਰਠੌਰ ਦੀ ਹਥਲੀ ਪੁਸਤਕ ਵਿਚਲੀ ਕਹਾਣੀ 'ਮਾਸੂਮ ਧੀ ਦਾ ਕਤਲ' ਅਗਰ ਕੋਈ ਮਾਂ (ਕਮਲੇਸ਼) ਆਪਣੇ ਪਤੀ ਤੇ ਸੱਸ ਨੂੰ ਦੂਜੀ ਵਾਰ ਗਰਭ ਵਿਚ ਲੜਕੀ ਹੋਣ ਦਾ ਪਤਾ ਲੱਗ ਜਾਣ ਅਤੇ ਲੱਖ ਕੋਸ਼ਿਸ਼ਾਂ ਕਰਨ 'ਤੇ ਵੀ ਉਸਦੀ ਭਰੂਣ ਹੱਤਿਆ ਲਈ ਨਹੀਂ ਮੰਨਦੀ ਅਤੇ ਜਦ ਗੋਲ-ਮਟੋਲ ਚੰਨ ਤੋਂ ਵੀ ਸੁਹਣੀ, ਅੱਲੜ ਬੱਲੜ ਬਾਵਾ, ਰੂੰ ਦੇ ਗੋਹੜੇ ਵਰਗੀ ਧੀ ਜੰਮਦੀ ਹੈ ਪਰ ਫੇਰ ਵੀ ਉਸ ਮਾਂ ਨੂੰ ਖਿਡਾਉਣ, ਦੁੱਧ ਚੁੰਘਾਉਣ, ਪਿਆਰ ਕਰਨ ਦਾ ਮੌਕਾ ਵੀ ਨਹੀਂ ਮਿਲਦਾ। ਨੰਨ੍ਹੀ ਧੀ ਦੀ ਮਾਂ (ਕਮਲੇਸ਼) ਦਾ ਪਤੀ 'ਨਾਰੰਗ' ਆਪਣੀ ਮਾਂ ਨਾਲ ਅੰਦਰ ਖਾਤੇ ਸਾਜ਼ਿਸ਼ ਰਚ ਕੇ ਹਸਪਤਾਲ ਵਿਚ ਹੀ ਉਸ ਨੂੰ ਮਰਵਾਉਣ ਵਿਚ ਸਫ਼ਲ ਰਹਿੰਦਾ ਹੈ। ਮਾਂ ਰੋਂਦੀ, ਕੁਰਲਾਉਂਦੀ ਤੜਪਦੀ ਹੀ ਰਹਿ ਜਾਂਦੀ ਹੈ। ਇਸ ਤਰ੍ਹਾਂ ਇਹ ਕਹਾਣੀ 'ਧੀ ਦਾ ਕਤਲ' ਸਮਾਜਕ ਸਰੋਕਾਰਾਂ ਦੀ ਵਧੀਆ ਕਹਾਣੀ ਹੋ ਨਿਬੜਦੀ ਹੈ ਅਤੇ ਪਾਠਕਾਂ ਨੂੰ ਧੀਆਂ ਦੇ ਕਤਲ ਕਰਨ ਤੋਂ ਰੋਕਣ ਲਈ ਝੰਜੋੜਦੀ ਹੈ।

ਪੰਜਾਬ ਦੇ ਧਰਾਤਲ 'ਤੇ ਹੀ ਇਕ ਹੋਰ ਵਾਪਰਦੀ ਅਹਿਮ ਘਟਨਾ




ਅਤਿਵਾਦ ਨਾਲ ਸਬੰਧਤ ਇਕ ਕਹਾਣੀ 'ਅਤਿਵਾਦੀ ਕੌਣ?' ਹੈ। ਵੀਹਵੀਂ ਸਦੀ ਦੇ ਨੌਂਵੇਂ ਦਹਾਕੇ ਵਿਚ ਅਤਿਵਾਦ ਸ਼ਿਖ਼ਰ 'ਤੇ ਸੀ। ਹਜ਼ਾਰਾਂ ਜਾਨਾਂ ਅਜਾਈਂ ਗਈਆਂ। ਹਜ਼ਾਰਾਂ ਘਰ ਬਰਬਾਦ ਹੋਏ। ਹਜ਼ਾਰਾਂ ਜਵਾਨੀਆਂ ਇਸ ਗੰਦੀ ਸਾਜ਼ਿਸ਼ੀ ਖੇਡ ਦੀ ਭੇਟ ਚੜ੍ਹ ਗਈਆਂ। ਫਿਰਕੂ ਜਨੂੰਨ ਉਭਾਰਨ ਲਈ ਹਿੰਦੂਆਂ ਨੂੰ ਘਰਾਂ-ਬੱਸਾਂ 'ਚੋਂ ਕੱਢ-ਕੱਢ ਕੇ ਸ਼ਰੇਆਮ ਗੋਲੀਆਂ ਨਾਲ ਭੁੰਨਿਆਂ ਗਿਆ। ਨਿੱਜੀ ਕਿੜਾਂ ਕੱਢਣ ਲਈ ਮੁਖ਼ਬਰ ਕਹਿ ਕੇ ਹਜ਼ਾਰਾਂ ਲੋਕਾਂ ਦਾ ਘਾਣ ਹੋਇਆ। ਮੁੱਠੀ ਭਰ ਅਖੌਤੀ ਖ਼ਾਲਸਿਤਾਨੀ ਹਮਾਇਤੀਆਂ ਨੇ ਜਿਸ ਦੇ ਨਿਸ਼ਾਨੇ ਦਾ ਵੀ ਉਨ੍ਹਾਂ ਨੂੰ ਕੋਈ ਥਹੁ ਪਤਾ ਨਹੀਂ ਸੀ, ਭਾਰਤ ਵਰਗੀ ਵੱਡੀ ਸਟੇਟ ਨਾਲ ਆਢਾ ਲਾ ਲਿਆ। ਜੋਸ਼ ਵਿਚ ਅੰਨ੍ਹੀ ਤੇ ਹੋਸ਼ ਤੋਂ ਕੋਰੀ ਜਵਾਨੀ ਦੇ ਹੱਥ ਅਸਾਲਟਾਂ ਤੇ ਏ.ਕੇ. ਸੰਤਾਲੀ ਐਸੀਆਂ ਆਈਆਂ ਕਿ 'ਅੜੇ ਸੋ ਝੜੇ'। ਪੰਜਾਬ ਵਿੱਚੋਂ ਹਿੰਦੂ ਹਿਜ਼ਰਤ ਕਰ ਕੇ ਪਹਿਲਾਂ ਵੱਡੇ ਸ਼ਹਿਰੀਂ ਤੇ ਫੇਰ ਪੰਜਾਬੋਂ ਬਾਹਰ ਜਾਣ ਲੱਗੇ। ਏਸੇ ਦੌਰਾਨ ਸਮਾਜ ਵਿਰੋਧੀ ਅਨਸਰਾਂ ਦੀ ਵੀ ਖ਼ੂਬ ਚਾਂਦੀ ਹੋਈ ਤੇ ਪੁਲੀਸ ਦੀ ਵੀ। ਜਿੱਥੇ ਬੰਦੂਕਾਂ ਚੁੱਕੀ ਖ਼ੁਦ 'ਰੱਬ' ਬਣੀ ਜਵਾਨੀ ਨੇ ਲੋਕਾਂ ਨੂੰ ਖ਼ੂਬ ਲੁੱਟਿਆ ਤੇ ਕੁੱਟਿਆ, ਉੱਥੇ ਪੁਲੀਸ ਨੇ ਵੀ ਘੱਟ ਨਹੀਂ ਕੀਤੀ। ਅਸਲਾਧਾਰੀ ਅਤਿਵਾਦੀ ਕਿਸੇ ਦੇ ਵੀ ਘਰ ਵਿਚ ਜ਼ਬਰੀ ਜਾ ਵੜਦੇ। ਉਨ੍ਹਾਂ ਤੋਂ ਰੋਟੀਆਂ ਵੀ ਖਾਂਦੇ ਤੇ ਬੰਦੂਕਾਂ ਦੇ ਜ਼ੋਰ ਨਾਲ 'ਦਾਨ' ਵੀ ਮੰਗਦੇ ਸਨ। ਲੋਕ ਡਰਦੇ ਤਰ੍ਹਾ-ਤਰ੍ਹਾ ਕਰਦੇ ਸਨ। ਪਰ ਦੂਜੇ ਹੀ ਪਲ ਸੱਪ ਦੀ ਲਕੀਰ ਕੁੱਟਦੀ ਪੁਲੀਸ ਆ ਧਮਕਦੀ ਕਿ ਤੁਸਾਂ ਰੋਟੀ ਖੁਆਈ ਹੈ, ਪਨਾਹ ਦਿੱਤੀ ਹੈ। ਪੁਲੀਸ ਕਹਿਰਾਂ ਦਾ ਜ਼ੁਲਮ ਢਾਹੁੰਦੀ। ਕੁੱਟ-ਕੁੱਟ ਹੱਡ ਤੋੜ ਦਿੰਦੀ। ਰਿਸ਼ਵਤਾਂ ਲਈ ਲੋਕਾਂ ਨੂੰ ਜ਼ਮੀਨਾਂ ਤੀਕ ਵੇਚਣੀਆਂ ਪਈਆਂ। ਘਰੋਂ ਬੇਘਰ ਹੋ ਗਏ। ਕਈ ਮੁੰਡੇ ਤਾਂ ਮੌਤੋਂ ਡਰਦੇ ਮਾਰੇ ਸੱਚੀ-ਮੁੱਚੀ ਬਦਲਾ ਲਊ ਭਾਵਨਾ ਨਾਲ ਹੀ ਬੰਦੂਕਾਂ ਚੁੱਕ ਕੇ ਤੁਰ ਪਏ ਅਤੇ ਉਹ ਵੀ ਅਖੌਤੀ ਖ਼ਾਲਸਿਤਾਨ ਦੀ ਭੇਟ ਚੜ੍ਹ ਗਏ। ਐਸੀ ਹੀ ਕਹਾਣੀ ਦਾ ਬਿਰਤਾਂਤ ਸਫ਼ਲਤਾ ਪੂਰਵਕ ਉਸਾਰਦੀ ਹੈ ਇਹ ਕਹਾਣੀ 'ਕਿ ਆਖਿਰ ਅਤਿਵਾਦੀ ਕੌਣ?' ਪੁਲੀਸ, ਅਤਿਵਾਦੀ, ਜ਼ਬਰੀ ਘਰ ਆ ਕੇ ਰੋਟੀ ਖਾਣ ਵਾਲੇ ਜਾਂ ਮੁਖ਼ਬਰ।

'ਇਨਕਲਾਬ ਜ਼ਿੰਦਾਬਾਦ' ਰਾਹੀਂ ਕਹਾਣੀਕਾਰ 'ਇਨਕਲਾਬ' ਲਿਆ ਕੇ ਗ਼ਰੀਬੀ ਅਮੀਰੀ ਦਾ ਪਾੜਾ ਅਨਪੜ੍ਹਤਾ, ਬੇਰੁਜ਼ਗਾਰੀ, ਅੰਧਵਿਸ਼ਵਾਸ, ਸਰਕਾਰੀ ਜਬਰ ਤੇ ਸਮਾਜਕ ਬੇਇਨਸਾਫ਼ੀ ਆਦਿ ਲਾਹਨਤਾਂ ਦੇਸ਼ ਵਿੱਚੋਂ ਸਦੀਵੀ ਤੌਰ 'ਤੇ ਖ਼ਤਮ ਕਰਨ ਵਾਲੇ ਅਤੇ ਸੁਹਣੀ ਜ਼ਿੰਦਗੀ ਦੇ ਸੁਪਨੇ ਸਜਾ ਕੇ ਲੜ ਮਰਨ ਵਾਲੇ ਯੋਧਿਆਂ 'ਚੋਂ ਹੱਸ ਕੇ ਫਾਂਸੀ ਦਾ ਰੱਸਾ ਚੁੰਮਣ ਵਾਲੇ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਬਾਰੇ ਹੈ। ਨਵੀਂ ਪੀੜ੍ਹੀ ਭਗਤ ਸਿੰਘ ਨੂੰ ਭੁੱਲਦੀ ਜਾ ਰਹੀ ਹੈ। ਰਾਜ ਕਰ ਰਹੀ ਜਮਾਤ ਦੇ ਮੌਜੂਦਾ ਹਾਕਮ ਵੀ ਇਸ ਨੂੰ ਸਿਰਫ਼ ਯਾਦ ਕਰਨ, ਉਸ ਦੇ ਜਨਮ ਦਿਨ ਜਾਂ ਸ਼ਹੀਦੀ ਦਿਨ 'ਤੇ ਨਾਮੀ ਗਾਇਕ ਤੋਂ ਬੇਮਤਲਬੀ ਤੇ ਲੱਚਰ ਗੀਤ ਗਵਾ ਕੇ ਉਸ ਦੇ ਅਸਲ ਰਾਹ ਨੂੰ ਭੁਲਾਉਣਾ ਲੋਚਦੇ ਹਨ। ਭ੍ਰਿਸ਼ਟ ਨੇਤਾ ਉੱਪਰੋਂ-ਉੱਪਰੋਂ ਭਗਤ ਸਿੰਘ ਨੂੰ ਚੰਗਾ ਆਖਦੇ ਹਨ ਪਰ ਹਕੀਕਤ ਵਿਚ ਉਸ ਦੇ ਰਾਹ ਤੇ ਤੁਰਨ ਵਾਲੇ ਲੋਕਾਂ ਨੂੰ ਡਾਂਗਾਂ, ਗੋਲੀਆਂ ਨਾਲ ਭੁੰਨਦੇ ਹਨ। ਐਸੀ ਹਾਲਤ ਵਿਚ ਇਕ ਦਾਦੇ ਵਲੋਂ ਪੋਤੇ-ਪੋਤਰੀਆਂ ਨੂੰ ਭਗਤ ਸਿੰਘ ਬਾਰੇ ਜਾਣਕਾਰੀ ਦੇਂਦੀ ਇਹ ਸਫ਼ਲ ਕਹਾਣੀ ਹੈ।

ਬਿਗਾਨੇ ਦੇਸ਼ ਅਮਰੀਕਾ ਆ ਕੇ ਜਿਵੇਂ ਪੰਜਾਬੀਆਂ ਨਾਲ ਵਾਪਰਦਾ ਹੈ, ਉਸ ਬਾਰੇ ਵੀ ਬਹੁਤ ਸਾਰੀਆਂ ਕਹਾਣੀਆਂ ਹਨ। 'ਮਾਸਟਰ ਕੁੰਦਨ ਲਾਲ' ਕਹਾਣੀ ਵਿਚ ਆਪਣੇ ਸੇਵਾਮੁਕਤ ਅਧਿਆਪਕ ਜਿਸ ਨੇ ਬੜੀ ਜੱਦੋਜਹਿਦ ਨਾਲ ਬੱਚਿਆਂ ਨੂੰ ਪੜ੍ਹਾਇਆ ਲਿਖਾਇਆ, ਇੱਥੋਂ ਤੀਕ ਕਿ ਵਿਦੇਸ਼ ਭਿਜਵਾਇਆ ਹੈ, ਨੂੰ ਉਸੇ ਦੀ ਧੀ ਕਾਂਤਾ ਉਸ ਨੂੰ ਆਪਣੇ ਬੱਚੇ ਨੂੰ ਸਕੂਲ ਛੱਡਣ, ਉੱਥੋਂ ਲਿਆਉਣ ਅਤੇ ਉਸ ਦੀ ਦੇਖਭਾਲ ਕਰਨ ਲਈ ਆਪਣੇ ਕੋਲ ਅਮਰੀਕਾ ਸੱਦਦੀ ਹੈ। ਪਰ ਕੁੰਦਨ ਲਾਲ ਦੀਆਂ ਆਪਣੀਆਂ ਵੀ ਭਾਵਨਾਵਾਂ ਤੇ ਸਦਾਚਾਰ ਹੈ। ਉਹ ਸਦਾਚਾਰੀ ਜੀਵਨ ਬਿਤਾਉਣ ਦੇ ਉਪਦੇਸ਼ ਦੇਂਦਾ ਹੈ ਤਾਂ ਉਸ ਦੀ ਧੀ ਉਸ ਨੂੰ ਜ਼ਬਰੀ ਧੱਕੇ ਦੇ ਕੇ ਘਰੋਂ ਕੱਢ ਦੇਂਦੀ ਹੈ। ਕੁੰਦਨ ਲਾਲ ਨੂੰ ਰਾਤੋ ਰਾਤ ਟਿਕਟ ਲੈ ਕੇ ਵਾਪਸ ਆਉਣਾ ਪੈਂਦਾ ਹੈ। ਲੇਖਕ ਇਸ ਕਹਾਣੀ ਰਾਹੀਂ ਸਹੀ ਸੁਨੇਹਾ ਦੇਂਦਾ ਹੈ ਕਿ ਇਸ ਮਤਲਬੀ ਦੁਨੀਆ ਵਿਚ ਸਭ ਲੋੜਾਂ ਦੇ ਬੱਝੇ ਹਨ। ਪੈਸੇ ਦੀ ਅੰਨੀ ਦੌੜ ਨੇ ਕੋਈ ਮੋਹ ਪਿਆਰ ਨਹੀਂ ਰਹਿਣ ਦਿੱਤਾ।

'ਨਾਨਕਵਾੜਾ' ਕਹਾਣੀ ਵੀ ਕੁਝ ਐਸੀ ਹੀ ਕਹਾਣੀ ਹੈ। ਮਾਮਾ (ਪ੍ਰਗਟ) ਤੇ ਭਾਣਜਾ (ਹਰਕੰਵਲ) ਦੋਵੇਂ ਹਮਉਮਰ ਹਨ। ਕਰ ਕਰਾ ਕੇ ਭਣੇਵੇਂ ਹਰਕੰਵਲ ਦਾ ਬਾਹਰ ਅਮਰੀਕਾ ਜਾਣ ਦਾ ਸਬੱਬ ਬਣ ਜਾਂਦਾ ਹੈ। ਉਸ ਨੇ ਅਮਰੀਕਾ ਬਹੁਤ ਮਿਹਨਤ ਕੀਤੀ। ਏਧਰ ਉਸ ਦਾ ਮਾਮਾ ਪ੍ਰਗਟ ਖੇਤੀ ਵਿਚ ਹੋਈ ਬਰਬਾਦੀ ਕਾਰਨ ਬੁਰੀ ਹਾਲਤ ਵਿਚ ਕੰਗਾਲ ਹੋ ਜਾਂਦਾ ਹੈ। ਭਣੇਵਾਂ ਬਾਹਰੋਂ ਡਾਲਰ ਭੇਜ ਕੇ ਬਹੁਤ ਮਦਦ ਕਰਦਾ ਹੈ। ਪ੍ਰਗਟ ਉਸੇ ਤੋਂ ਵਾਪਸ ਕਰਨ ਦੀਆਂ ਕਸਮਾਂ ਖਾ ਕੇ, ਵਾਸਤੇ ਪਾ ਕੇ ਹਰਕੰਵਲ ਤੋਂ ਹੋਰ ਮਦਦ ਮੰਗਦਾ ਹੈ ਤਾਂ ਕਿ ਖੇਤੀ ਤੋਂ ਬਿਨਾਂ ਉਹ ਕੋਈ ਹੋਰ ਕੰਮ ਸ਼ੁਰੂ ਕਰ ਸਕੇ। 'ਹਰਕੰਵਲ' ਯਾਰਾਂ ਦੋਸਤਾਂ ਤੋਂ ਫੜ-ਫੜਾ ਕੇ ਕੁਝ ਕੋਲੋਂ ਪਾ ਕੇ ਸਾਢੇ ਸੱਤ ਲੱਖ ਰੁਪਏ ਭਾਰਤ ਪ੍ਰਗਟ ਨੂੰ ਭੇਜਦਾ ਹੈ। ਪ੍ਰਗਟ ਨਵਾਂ ਕਾਰੋਬਾਰ ਸ਼ੁਰੂ ਕਰਦਾ ਹੈ। ਕੰਮ ਚੱਲ ਨਿਕਲਦਾ ਹੈ ਪਰ ਪ੍ਰਗਟ ਆਪਣੇ ਸਕੇ ਭਣੇਵੇਂ ਨੂੰ ਮੰਗਣ 'ਤੇ ਪੈਸਾ ਵਾਪਸ ਕਰਨ ਤੋਂ ਇਨਕਾਰੀ ਹੋ ਜਾਂਦਾ ਹੈ।

'ਲਾਵੇ ਦੀ ਅੱਗ' ਭਾਰਤੀ ਪੰਜਾਬੀ ਸਰੋਕਾਰਾਂ ਨਾਲ ਜੁੜੀ ਇਕ ਹੋਰ ਵਧੀਆ ਕਹਾਣੀ ਹੈ। ਦਾਜ ਪ੍ਰਥਾ ਤੇ ਉਸ ਦਾ ਨੁਕਸਾਨ ਇਸ ਕਹਾਣੀ ਰਾਹੀਂ ਸਫ਼ਲਤਾ ਸਹਿਤ ਪੇਸ਼ ਕੀਤਾ ਗਿਆ ਹੈ। ਪ੍ਰਨੀਤ ਨਾਮ ਦੀ ਲੜਕੀ ਭਰ ਜਵਾਨ ਸੁੰਦਰ ਮੁਟਿਆਰ ਹੈ। ਪੜ੍ਹਾਈ ਵਿਚ ਵੀ ਬਹੁਤ ਲਾਇਕ ਹੈ। ਨਾਟਕਾਂ, ਗਿੱਧਿਆਂ ਤੇ ਹੋਰ ਕਿਰਿਆਵਾਂ ਵਿਚ ਵੀ ਉਸ ਦੀ ਕਾਰਗੁਜ਼ਾਰੀ ਬਹੁਤ ਵਧੀਆ ਹੈ। ਉਸ ਦੇ ਮਾਪੇ ਉਸ ਦਾ ਰਿਸ਼ਤਾ ਦਿੱਲੀ ਸ਼ਹਿਰ ਵਿਚ ਇਕ ਡਾਕਟਰ ਨਾਲ ਕਰ ਦੇਂਦੇ ਹਨ। ਦਾਜ ਨਾ ਦੇਣ ਦੀ ਗੱਲ ਪਹਿਲਾਂ ਹੀ ਤੈਅ ਹੋ ਜਾਂਦੀ ਹੈ ਤੇ ਪੈਲੇਸਾਂ ਦੇ ਫ਼ਾਲਤੂ ਖ਼ਰਚਿਆਂ ਤੋਂ ਬਚਣ ਬਾਰੇ ਵੀ। ਫੇਰ ਵੀ ਐਨ ਮੌਕੇ 'ਤੇ ਮੁੰਡੇ ਵਾਲਿਆਂ ਵੱਲੋਂ ਕਾਰ ਦੀ ਮੰਗ ਕੀਤੀ ਜਾਂਦੀ ਹੈ। ਇਸ 'ਤੇ ਪ੍ਰਨੀਤ ਹਿੰਮਤ ਕਰ ਕੇ ਖ਼ੁਦ ਹੀ ਰਿਸ਼ਤੇ ਤੋਂ ਨਾਂਹ ਕਰ ਦੇਂਦੀ ਹੈ ਤੇ ਸਹੁਰਿਆਂ ਵਿਰੁੱਧ ਪੁਲੀਸ ਕੋਲ ਪਰਚਾ ਦਰਜ ਕਰਾ ਦੇਣ ਦੀ ਦਲੇਰੀ ਕਰ ਕੇ ਵਧੀਆ ਮਿਸਾਲ ਪੇਸ਼ ਕਰਦੀ ਹੈ। ਦਾਜ ਪ੍ਰਥਾ ਵਿਰੁੱਧ ਲੇਖਕ ਲਛਮਣ ਸਿੰਘ ਰਠੌਰ ਦੀ ਇਹ ਸਫ਼ਲ ਕਹਾਣੀ ਹੈ।

ਕਹਾਣੀ 'ਸੰਝ ਦਾ ਚਾਨਣ' ਰਾਹੀਂ ਕਹਾਣੀਕਾਰ ਪੱਛਮੀ ਸਭਿਆਚਾਰ ਤੋਂ ਉਲਟ ਪੱਛਮ ਵਿਚ ਰਹਿ ਕੇ ਵੀ ਸਾਂਝੇ ਪਰਿਵਾਰ ਦੀ ਭਾਵਨਾ ਨੂੰ ਉਜਾਗਰ ਕਰਦੀ ਕਹਾਣੀ ਹੈ ਜੋ ਪਿਉ ਦੇ ਬਿਰਧ ਹੋਣ 'ਤੇ ਪੁੱਤਰ ਉਸ ਦੀ ਖ਼ੂਬ ਸੇਵਾ ਕਰਦਾ ਹੈ, ਉਸ ਨਾਲ ਸੱਚੇ ਦਿਲੋਂ ਮੋਹ ਤੇ ਮਾਣ-ਸਤਿਕਾਰ ਕਰਦਾ ਹੈ। ਇਸ ਨਾਲ ਸਰਮਾਏਦਾਰੀ ਸੋਚ ਨੇ ਜੋ ਰਿਸ਼ਤੇ ਤਾਰ-ਤਾਰ ਕਰ ਦਿੱਤੇ ਹਨ, ਉਨ੍ਹਾਂ ਨੂੰ ਪੁਨਰਸੁਰਜੀਤ ਕਰਨ ਲਈ ਇਹ ਕਹਾਣੀ ਨਵੀਂ ਰੂਹ ਫੂਕਦੀ ਹੈ।

ਮਿਸਟਰ ਜਾਰਜ, ਕੁਆਰਾ ਸੁਹਾਗ, ਮਾਹੀਆ, ਰਵਿੰਦ, ਮਾਈ ਹੀਰ ਦੇ ਮਕਬਰੇ, ਜੋਸ਼ ਜਵਾਨੀ ਦਾ, ਜਿਸਕੀ ਲਾਠੀ ਉਸ ਕੀ ਭੈਂਸ ਆਦਿ ਕਹਾਣੀਆਂ ਵੀ ਪਿਆਰ ਸਬੰਧਾਂ ਦੀਆਂ ਚੰਗੀਆਂ ਪੇਸ਼ਕਾਰੀ ਵਾਲੀਆਂ ਕਹਾਣੀਆਂ ਹਨ। 'ਸਰਬ ਧਰਮ ਸੰਮੇਲਨ' ਕਹਾਣੀ ਜਿੱਥੇ ਧਰਮਾਂ, ਮਜ਼ਹਬਾਂ, ਫਿਰਕਿਆਂ, ਇਲਾਕਿਆਂ ਤੋਂ ਉੱਪਰ ਉਠ ਕੇ ਸਾਂਝੀਵਾਲਤਾ ਦਾ ਉਪਦੇਸ਼ ਦੇਂਦੀ ਹੈ, ਉੱਥੇ 'ਯੂ.ਐਸ.ਏ. ਦਾ ਵੀਜ਼ਾ' ਕਹਾਣੀ ਅਖੌਤੀ ਬਾਬਿਆਂ ਦੀਆਂ ਠੱਗੀਆਂ ਤੋਂ ਸੁਚੇਤ ਕਰਕੇ ਅੰਨ੍ਹੀ ਸ਼ਰਧਾ ਵੱਸ ਚੜ੍ਹਾਵਾ ਚੜ੍ਹਾਈ ਜਾਂਦੇ ਲੋਕਾਂ ਨੂੰ ਅਸਲੀਅਤ ਤੋਂ ਜਾਣੂ ਹੋਣ ਲਈ ਵੀ ਪ੍ਰੇਰਦੀ ਹੈ।

ਲਛਮਣ ਸਿੰਘ ਰਠੌਰ ਦੀ ਇਸ ਹੱਥਲੀ ਪੁਸਤਕ 'ਇਲਮਦੀਨ ਦੀ ਧੀ' ਦੀਆਂ ਕਹਾਣੀਆਂ ਪੜ੍ਹਨਯੋਗ ਅਤੇ ਸਿੱਖਿਆ ਦਾਇਕ ਹਨ। ਆਸ ਹੈ ਕਿ ਰਠੌਰ ਹੋਰੀਂ ਅਗਲੀ ਪੁਸਤਕ ਵਿਚ ਇਸ ਤੋਂ ਹੋਰ ਵੀ ਵਧੀਆ ਕਹਾਣੀਆਂ ਦੀ ਪੇਸ਼ਕਾਰੀ ਕਰਨਗੇ।

# ਰੋਗਾਂ ’ਚ ਲੱਸਣ ਦੀ ਵਿਸ਼ੇਸ਼ਤਾ

ਸੁਖਮੰਦਰ ਸਿੰਘ ਤੂਰ

ਲੱਸਣ ਸਦੀਆਂ ਤੋਂ ਦਵਾਈ ਦੇ ਰੂਪ ਵਿਚ ਇਸਤੇਮਾਲ ਹੁੰਦਾ ਆਇਆ ਹੈ। ਮਾਹਰਾਂ ਦੇ ਦਸਣ ਅਨੁਸਾਰ ਲੱਸਣ ਵਿਚ ਅਨੇਕਾਂ ਗੰਧ ਵਾਲੇ ਤੱਤ ਮੌਜੂਦ ਹੁੰਦੇ ਹਨ, ਜੋ ਬੈਕਟੀਰੀਆ ਮਾਰੂ ਹੁੰਦੇ ਹਨ, ਉਨ੍ਹਾਂ ਨੂੰ ਵਧਣ ਅਤੇ ਉਨ੍ਹਾਂ ਵਰਗੇ ਹੋਰ ਜੀਵਾਣੂਆਂ ਨੂੰ ਪੈਦਾ ਕਰਨ ਦੀ ਸ਼ਕਤੀ ਨੂੰ ਨਸ਼ਟ ਕਰ ਦਿੰਦੇ ਹਨ। ਲੱਸਣ ‘ਕਲੈਸਟਰੋਲ’ ਘਟਾਉਂਦਾ ਹੈ ਅਤੇ ਖ਼ੂਨ ਦੀਆਂ ਗੱਠਾਂ ਬਣਨ ਤੋਂ ਰੋਕਦਾ ਹੈ। ਇਸ ਤਰ੍ਹਾਂ ਇਹ ਦਿਲ ਦੀ ਰੱਖਿਆ ਲਈ ਬੇਹੱਦ ਸਹਾਈ ਸਿੱਧ ਹੁੰਦਾ ਹੈ। ਲੱਸਣ ਵਿਚ ਇੱਕ ਬਹੁ-ਉਪਯੋਗੀ ਤੱਤ ਥਰੋਮਥਾਕਸੀਨ ਹੁੰਦਾ ਹੈ, ਜੋ ਦਿਲ ਦੀਆਂ ਧਮਣੀਆਂ ਨੂੰ ਤੇਜ਼ ਕਰਦਾ ਹੈ। ਇਸ ਪ੍ਰਕਾਰ ਲੱਸਣ ਦੇ ਪ੍ਰਭਾਵ ਨਾਲ ਖ਼ੂਨ ਦਾ ਵਹਾਅ ਸਹਿਜ ਅਤੇ ਆਸਾਨ ਬਣਿਆ ਰਹਿੰਦਾ ਹੈ, ਜਿਸ ਕਰਕੇ ਦਿਲ ਦੇ ਦੌਰੇ ਅਤੇ ਤੇਜ਼ ਖ਼ੂਨ ਦੇ ਵਹਾਅ ਦਾ ਖਤਰਾ ਘੱਟ ਜਾਂਦਾ ਹੈ।

ਆਧੁਨਿਕ ਖੋਜਾਂ ਤੋਂ ਇਹ ਸਿੱਧ ਹੋ ਚੁੱਕਾ ਹੈ ਕਿ ਲੱਸਣ ਸਰੀਰ ਦੀ ਰੋਗ ਪ੍ਰਤੀਰੋਧੀ ਸ਼ਕਤੀ ਵਿਚ ਵਾਧਾ ਕਰਦਾ ਹੈ, ਜਿਸ ਨਾਲ ਸਰੀਰ ਜ਼ਿਆਦਾ ਪ੍ਰਭਾਵੀ ਢੰਗ ਨਾਲ ਕੈਂਸਰ ਵਰਗੇ ਖਤਰਨਾਕ ਰੋਗਾਂ ਦਾ ਮੁਕਾਬਲਾ ਕਰ ਸਕਦਾ ਹੈ। ਇਸ ਦੇ ਲਗਾਤਾਰ ਇਸਤੇਮਾਲ ਨਾਲ ਵਡੇਰੀ ਉਮਰ ਵਿਚ ਹੋਣ ਵਾਲੇ ਜੋੜਾਂ ਦੇ ਦਰਦਾਂ ਤੋਂ ਰਾਹਤ ਮਿਲਦੀ ਹੈ। ਸਾਹ ਦੇ ਰੋਗੀਆਂ ਲਈ ਇਹ ਇੱਕ ਦੇਵਤੇ ਸਮਾਨ ਹੈ।

ਲੱਸਣ ਵਿਚੋਂ ਆਉਣ ਵਾਲੀ ਗੰਧ ਹੀ ਇਸ ਦਾ ਇੱਕ ਮਾਤਰ ਔਗੁਣ ਜਾਂ ਬੁਰਾਈ ਹੈ, ਜਿਸ ਕਰਕੇ ਕੁਝ ਲੋਕ ਇਸ ਨੂੰ ਇਸਤੇਮਾਲ ਕਰਨ ਤੋਂ ਹਿਚਕਿਚਾਉਂਦੇ ਹਨ। ਇਹ ਗੰਧ ਇਸ ਵਿਚਲੇ ਇੱਕ ਬਹੁ-ਮਹੱਤਵੀ ਤੱਤ ‘ਗੰਧਕ’ ਕਾਰਨ ਹੁੰਦੀ ਹੈ। ਇਹ ਤੱਤ ਇਸ ਦੇ ਉੱਡ ਜਾਣ ਵਾਲੇ ਇੱਕ ਤਰ੍ਹਾਂ ਦੇ ਤੇਲ ਵਿਚ ਵਧੇਰੇ ਮਾਤਰਾ ਵਿਚ ਪਾਇਆ ਜਾਂਦਾ ਹੈ, ਪ੍ਰੰਤੂ ਇਹੀ ਤੱਤ ਅਨੇਕਾਂ ਰੋਗਾਂ ’ਚ ਫਾਇਦੇਮੰਦ ਹੁੰਦਾ ਹੈ।

ਲੱਸਣ ’ਤੇ ਤਾਜ਼ਾ ਕੀਤੇ ਗਏ ਪ੍ਰਯੋਗਾਂ ਤੋਂ ਇਹ ਸਿੱਧ ਹੋ ਚੁੱਕਾ ਹੈ ਲੱਸਣ ਦੇ ਡਾਕਟਰੀ ਗੁਣਾਂ ਦੇ ਬਾਰੇ ਸਦੀਆਂ ਤੋਂ ਸੱਚ ਹੀ ਕਿਹਾ ਜਾਂਦਾ ਰਿਹਾ ਹੈ। ਇਨ੍ਹਾਂ ਪ੍ਰਯੋਗਾਂ ਨੇ ਤਾਂ ਇਹ ਵੀ ਦੱਸਿਆ ਹੈ ਕਿ ਲੱਸਣ ਤੋਂ ਵੱਧ ਕੇ ਹੋਰ ਕਿਸੇ ਵੀ ਖਾਧ-ਪਦਾਰਥ ਵਿਚ ਇੰਨੇ ਗੁਣ ਨਹੀਂ। ਇਸ ਦੇ ਕੁਝ ਸਰਲ ਦਵਾਈਆਂ ਵਾਲੇ ਗੁਣਾਂ ਦੀ ਚਰਚਾ ਇੱਥੇ ਕੀਤੀ ਜਾ ਰਹੀ ਹੈ, ਜਿਨ੍ਹਾਂ ਨੂੰ ਇੱਕ ਮਾਹਰ ਡਾਕਟਰ ਦੀ ਸਲਾਹ ਨਾਲ ਅਪਣਾਇਆ ਜਾ ਸਕਦਾ ਹੈ:



**ਖਤਰਨਾਕ ਰੋਗਾਂ ਵਿਚ :**

**ਸਾਹ ਦੇ ਰੋਗਾਂ ’ਚ :** ਲੱਸਣ ਦੀਆਂ 3/4 ਕਲੀਆਂ ਨੂੰ ਇੱਕ ਗਿਲਾਸ ਦੁੱਧ ਵਿਚ ਉਬਾਲ ਕੇ ਰੋਜ਼ ਰਾਤ ਨੂੰ ਸੌਂਦੇ ਵਕਤ ਪੀਣ ਨਾਲ ਸਾਹ ਦੇ ਰੋਗੀ ਨੂੰ ਆਰਾਮ ਮਿਲਦਾ ਹੈ। ਗੰਭੀਰ ਦੌਰੇ ਸਮੇਂ ਲੱਸਣ ਦੇ ਰਸ ਨੂੰ ਸ਼ਹਿਦ ਵਿਚ ਮਿਲਾ ਕੇ ਲੈਣ ਨਾਲ ਚਮਤਕਾਰੀ ਅਸਰ ਹੁੰਦਾ ਹੈ।

**ਦਿਲ ਦੇ ਦੌਰੇ ਤੋਂ :** ਜੇਕਰ ਦਿਲ ਦੇ ਦੌਰੇ ਤੋਂ ਬਾਅਦ ਰੋਗੀ ਲੱਸਣ ਖਾਣਾ ਸ਼ੁਰੂ ਕਰ ਦੇਵੇ ਤਾਂ ਉਸ ਨਾਲ ‘ਕਲੈਸਟਰੋਲ’ ਦਾ ਪੱਧਰ ਡਿੱਗਦਾ ਹੈ। ਪਹਿਲਾਂ ਹੋਇਆ ਨੁਕਸਾਨ ਤਾਂ ਪੂਰਿਆ ਨਹੀਂ ਜਾ ਸਕਦਾ, ਪਰ ਲੱਸਣ ਖਾਣ ਨਾਲ ਅੱਗੇ ਤੋਂ ਆਉਣ ਵਾਲੇ ਨਵੇਂ ਦੌਰਿਆਂ ਤੋਂ ਬਚਿਆ ਜਾ ਸਕਦਾ ਹੈ।

**ਟੀ.ਬੀ. ਰੋਗ ਤੋਂ :** ਲੱਸਣ ਅਤੇ ਅਦਰਕ ਨੂੰ ਦੁੱਧ ਵਿਚ ਉਬਾਲ ਕੇ ਲੈਣ ਨਾਲ ਟੀ.ਬੀ. ਰੋਗ ਨੂੰ ਰੋਕਿਆ ਜਾ ਸਕਦਾ ਹੈ। 500 ਗ੍ਰਾਮ ਦੁੱਧ ’ਚ 10/10 ਗ੍ਰਾਮ ਅਦਰਕ ਅਤੇ ਲੱਸਣ ਪਾ ਕੇ ਚੌਥਾਈ ਹਿੱਸਾ ਬਾਕੀ ਰਹਿ ਜਾਣ ਤੱਕ ਉਬਾਲੋ। ਇਸ ਤਰ੍ਹਾਂ ਤਿਆਰ ਕੀਤਾ ਮਿਸ਼ਰਣ ਦਿਨ ’ਚ ਦੋ ਵਾਰ ਲਓ।

**ਹਾਈ ਬਲੱਡ ਪ੍ਰੈਸ਼ਰ :** ਲੱਸਣ ਦੀਆਂ ਰੋਜ਼ਾਨਾ 2/3 ਕਲੀਆਂ ਖਾਲੀ ਪੇਟ ਲੈਣ ਨਾਲ ਛੋਟੀਆਂ-ਛੋਟੀਆਂ ਧਮਣੀਆਂ ਮੁਲਾਇਮ ਹੋ ਜਾਂਦੀਆਂ ਹਨ, ਜਿਸ ਨਾਲ ਖ਼ੂਨ ਦੀਆਂ ਨਾਲੀਆਂ ਦਾ ਦਬਾਅ ਸਹਿਜ ਹੋ ਜਾਂਦਾ ਹੈ, ਇਸ ਤਰ੍ਹਾਂ ਬਲੱਡ ਪ੍ਰੈਸ਼ਰ ਜ਼ਿਆਦਾ ਨਹੀਂ ਵਧਦਾ।

**ਕੈਂਸਰ ਤੋਂ:** ਜੋ ਵਿਅਕਤੀ ਰੋਜ਼ਾਨਾ ਕਿਸੇ ਨਾ ਕਿਸੇ ਰੂਪ ਵਿਚ ਲੱਸਣ ਦਾ ਉਪਯੋਗ ਕਰਦੇ ਹਨ, ਉਨ੍ਹਾਂ ਨੂੰ ਕੈਂਸਰ ਹੋਣ ਦੀਆਂ ਸੰਭਾਵਨਾਵਾਂ ਬਹੁਤ ਘੱਟ ਹੁੰਦੀਆਂ ਹਨ। ਚੂਹਿਆਂ ’ਤੇ ਕੀਤੇ ਗਏ ਇੱਕ ਤਾਜ਼ਾ ਅਧਿਐਨ ’ਚ ਕੁਝ ਚੂਹਿਆਂ ਨੂੰ ਲੱਸਣ ਦਿੱਤਾ ਗਿਆ ਅਤੇ ਕੁਝ ਨੂੰ ਨਹੀਂ। ਜਿਨ੍ਹਾਂ ਨੂੰ ਲੱਸਣ ਨਹੀਂ ਦਿੱਤਾ ਗਿਆ ਉਹ ਲੱਸਣ ਖਾਣ ਵਾਲੇ ਚੂਹਿਆਂ ਦੇ ਮੁਕਾਬਲੇ ਘੱਟ ਸਮੇਂ ਤੱਕ ਜੀਵਤ ਰਹੇ ਅਤੇ ਖਾਣ ਵਾਲੇ ਚੂਹੇ ਕਾਫੀ ਸਮਾਂ ਸਿਹਤਮੰਦ ਰਹੇ ਅਤੇ ਉਨ੍ਹਾਂ ਦੀ ਉਮਰ ਵਿਚ ਇੱਕ ਤੋਂ ਡੇਢ ਸਾਲ ਤੱਕ ਵਾਧਾ ਰਿਹਾ।

**ਫੁੱਟਕਲ ਰੋਗਾਂ ’ਚ:**

**ਉਲਟੀ ਤੋਂ :** ਅਦਰਕ ਅਤੇ ਲੱਸਣ ਦਾ ਰਸ 10/10 ਗ੍ਰਾਮ ਮਾਤਰਾ ’ਚ ਤੁਲਸੀ ਦੇ ਪੱਤਿਆਂ ਦੇ ਚੂਰਨ ’ਚ ਮਿਲਾ ਕੇ ਗੋਲੀਆਂ ਆਦਿ ਬਣਾ ਲਓ। ਚੂਰਨ ਦੀ ਮਾਤਰਾ 25 ਗ੍ਰਾਮ ਤੋਂ ਵੱਧ ਨਹੀਂ ਹੋਣੀ ਚਾਹੀਦੀ। ਇਨ੍ਹਾਂ ਗੋਲੀਆਂ ਨੂੰ ਇੱਕ-ਇੱਕ ਕਰਕੇ 4 ਘੰਟੇ ਦੇ ਵਕਫੇ ਬਾਅਦ ਤਾਜ਼ੇ ਪਾਣੀ ਨਾਲ ਲਓ। ਉਲਟੀ ਤੋਂ ਬਚਾਅ ਲਈ ਇਹ ਇੱਕ ਵਧੀਆ ਸਾਧਨ ਹੈ।

**ਪਾਚਣ ਪ੍ਰਣਾਲੀ ਦੀ ਗੜਬੜੀ ’ਚ :** ਪੇਟ ਦੇ ਹਾਜ਼ਮੇ ਨੂੰ ਠੀਕ ਰੱਖਣ ਵਿਚ ਲੱਸਣ ਸਭ ਤੋਂ ਵੱਧ ਫਾਇਦੇਮੰਦ ਹੈ। ਲਾਰ ਗ੍ਰੰਥੀ ’ਤੇ ਇਸ ਦਾ ਗੁਣਕਾਰੀ ਪ੍ਰਭਾਵ ਪੈਂਦਾ ਹੈ ਅਤੇ ਸਰੀਰ ਵਿਚੋਂ ਹਾਨੀਕਾਰਕ ਪਦਾਰਥਾਂ ਨੂੰ ਬਾਹਰ ਨਿਕਲਣ ਵਿਚ ਮਦਦ ਮਿਲਦੀ ਹੈ। ਪਾਚਣ ਪ੍ਰਣਾਲੀ ਨਾਲ ਸਬੰਧਤ ਕੋਈ ਵੀ ਗੜਬੜ ਦੋ ਕਲੀਆਂ ਲੱਸਣ ਦੀਆਂ ਪੀਸ ਕੇ ਦੁੱਧ ਦੇ ਨਾਲ ਲੈਣ ’ਤੇ ਦੂਰ ਹੋ ਜਾਂਦੀ ਹੈ।

**ਅੰਤੜੀ ਰੋਗ ਤੋਂ:** ਅੰਤੜੀਆਂ ਦੇ ਰੋਗੀਆਂ ਲਈ ਲੱਸਣ ਵਰਦਾਨ ਸਿੱਧ ਹੋਇਆ ਹੈ। ਸੁੰਗੜਨ ਅਤੇ ਫੈਲਣ ਦੀ ਕਿਰਿਆ ਨੂੰ ਲੱਸਣ ਨਾਲ ਉਤੇਜਨਾ ਮਿਲਦੀ ਹੈ, ਜਿਸ ਨਾਲ ਅੰਤੜੀਆਂ ਵਿਚੋਂ ਗੰਦਗੀ ਬਾਹਰ ਨਿਕਲ ਜਾਂਦੀ ਹੈ।

**ਕੰਨ ਦਰਦ ਤੋਂ :** ਲੱਸਣ ਦਾ ਰਸ ਤਿਲਾਂ ਦੇ ਤੇਲ ਵਿਚ ਮਿਲਾ ਕੇ ਕੰਨਾਂ ਵਿਚ ਪਾਉਣ ਨਾਲ ਕੰਨ ਦਰਦ ਦੂਰ ਹੋ ਜਾਂਦਾ ਹੈ। ਮਲਣ ਨਾਲ ਹੋਰ ਦਰਦਾਂ ’ਚ ਵੀ ਲਾਭ ਮਿਲਦਾ ਹੈ।

**ਕਿੰਨਾ ਅਤੇ ਕਿਵੇਂ ਖਾਈਏ ?**

☛ ਇਹ ਤਾਂ ਹਰ ਕੋਈ ਜਾਣਦਾ ਹੈ ਕਿ ਲੱਸਣ ਇੱਕ ਗਰਮ ਤਾਸੀਰ ਵਾਲਾ ਪਦਾਰਥ ਹੈ, ਪਰ ਇਸ ਨੂੰ ਕਿਸ ਰੂਪ ਵਿਚ ਅਤੇ ਕਿੰਨਾ ਖਾਣਾ ਫਾਇਦੇਮੰਦ ਹੈ, ਪਰ ਇਸ ’ਤੇ ਕੋਈ ਆਮ ਸਲਾਹ ਨਹੀਂ ਹੈ, ਪਰ ਫਿਰ ਵੀ ਲੱਸਣ ਦੀਆਂ 3/4 ਕਲੀਆਂ ਹਰ ਰੋਜ਼ ਕੱਚੀਆਂ ਜਾਂ ਕਿਸੇ ਖਾਧ ਪਦਾਰਥ ਵਿਚ ਮਿਲਾ ਕੇ ਖਾਣਾ ਠੀਕ ਮੰਨਿਆ ਜਾਂਦਾ ਹੈ।

☛ ਲੇਕਿਨ ਕਈ ਲੋਕ ਕੱਚਾ ਲੱਸਣ ਖਾਣ ਨਾਲ ਮੂੰਹ ’ਚੋਂ ਆਉਣ ਵਾਲੀ ਬਦਬੂ ਤੋਂ ਬਚਣ ਲਈ ਲੱਸਣ ਦੇ ਕੈਪਸੂਲ ਖਾਣਾ ਵਧੇਰੇ ਪਸੰਦ ਕਰਦੇ ਹਨ, ਪਰ ਮਾਹਰਾਂ ਦਾ ਕਹਿਣਾ ਹੈ ਕਿ ਕੈਪਸੂਲ ਵਿਚ ਜੋ ਘਾਟ ਹੁੰਦੀ ਹੈ, ਉਹ ਕੁਦਰਤੀ ਲੱਸਣ ਵਿਚ ਹੋਣ ਵਾਲੀਆਂ ਘਾਟਾਂ ਦੇ ਅਨੁਪਾਤ ਤੋਂ ਅਲੱਗ ਹੁੰਦੀ ਹੈ। ਇਸ ਲਈ ਜਿੱਥੋਂ ਤੱਕ ਸੰਭਵ ਹੋ ਸਕੇ ਲੱਸਣ ਕੁਦਰਤੀ ਢੰਗ ਨਾਲ ਹੀ ਖਾਣਾ ਚਾਹੀਦਾ ਹੈ।

**ਕੁਝ ਹੋਰ ਗੱਲਾਂ:**

☛ ਜਿੱਥੋਂ ਤੱਕ ਸੰਭਵ ਹੋ ਸਕੇ ਲੱਸਣ ਨੂੰ ਖਾਧ ਪਦਾਰਥ ’ਚ ਮਿਲਾ ਕੇ ਵਰਤੋ। ਇਸ ਤਰ੍ਹਾਂ ਕਰਨ ਨਾਲ ਸਰੀਰ ਨੂੰ ਇਸ ਦਾ ਕੋਈ ਨੁਕਸਾਨ ਨਹੀਂ ਹੁੰਦਾ, ਸਗੋਂ ਇਸ ਦੇ ਗੁਣਾਂ ਵਿਚ ਵਾਧਾ ਹੁੰਦਾ ਹੈ।

☛ ਲੱਸਣ ਦਾ ਖਾਲੀ ਪੇਟ ਉਪਯੋਗ ਲੰਮੇ ਸਮੇਂ ਤੱਕ ਨਹੀਂ ਕਰਨਾ ਚਾਹੀਦਾ। ਇਸ ਤਰ੍ਹਾਂ ਅੱਖਾਂ ਦੀ ਰੌਸ਼ਨੀ ਪ੍ਰਭਾਵਿਤ ਹੋ ਸਕਦੀ ਹੈ।

☛ ਲੱਸਣ ਪੀਲੀਏ ਦੇ ਰੋਗੀਆਂ ਲਈ ਇੱਕ ਘਾਤਕ ਪਦਾਰਥ ਹੈ।

☛ ਲੱਸਣ ਨੂੰ ਬੁਢਾਪਾ ਰੋਕਣ ਵਾਲਾ, ਸਰੀਰ ਨੂੰ ਦੁਬਾਰਾ ਜਵਾਨੀ ਦੇਣ ਵਾਲਾ ਮੰਨਿਆ ਗਿਆ ਹੈ, ਪਰ ਜੇਕਰ ਇਸ ਦਾ ਉਪਯੋਗ ਥੋੜ੍ਹੀ-ਥੋੜ੍ਹੀ ਮਾਤਰਾ ਵਿਚ ਖਾਧ-ਪਦਾਰਥਾਂ ’ਚ ਮਿਲਾ ਕੇ ਕੀਤਾ ਜਾਵੇ।







# ਫੀਲਡ ਹਾਕੀ ਮੈਨੀਟੋਬਾ ਨੇ ਲਾਇਆ ਕੈਂਪ



ਵਿਨੀਪੈਗ (ਨਦਬ) : ਪਿਛਲੇ ਦਿਨੀਂ ਡਾਊਨਟਾਊਨ ਦੇ ਪਾਰਕ ਮੈਦਾਨਾਂ ਵਿੱਚ ਫੀਲਡ ਹਾਕੀ ਦਾ ਕੈਂਪ ਲਾਇਆ ਗਿਆ। ਇਸ ਕੈਂਪ ਵਿੱਚ ਤਿੰਨ ਸ੍ਰੇਣੀਆਂ ਅੰਡਰ 12, ਅੰਡਰ 18 ਅਤੇ ਸੀਨੀਅਰ ਖਿਡਾਰੀਆਂ ਨੇ ਭਾਗ ਲਿਆ। ਕੈਂਪ ਜੂਨ ਵਿੱਚ ਸ਼ੁਰੂ ਕੀਤਾ ਗਿਆ, ਜਿਹੜਾ ਕਿ ਅਕਤੂਬਰ ਤੱਕ ਜਾਰੀ ਰਿਹਾ। ਇੱਥੇ ਜ਼ਿਕਰਯੋਗ ਹੈ ਕਿ ਅੰਡਰ 12 ਨੂੰ ਕੋਚ ਸੁਰਿੰਦਰ ਸਿੱਧੂ ਵੱਲੋਂ ਸਿਖਲਾਈ ਦਿੱਤੀ ਗਈ ਤੇ ਅੰਡਰ 18 ਨੂੰ ਗੁਰਵਿੰਦਰ ਸਿੰਘ ਸੋਹਲ ਨੇ ਕੋਚਿੰਗ ਦਿੱਤੀ। ਦੱਸਣਯੋਗ ਹੈ ਕਿ ਗੁਰਵਿੰਦਰ ਸਿੰਘ ਸੋਹਲ ਨੇ ਕਾਮਨ ਵੈਲਥ ਖੇਡਾਂ ਵਿੱਚ ਭਾਗ ਲਿਆ ਹੋਇਆ ਹੈ ਤੇ ਜੂਨੀਅਰ ਵਰਲਡ ਕੱਪ ਵਿੱਚ ਉਹਨਾਂ ਨੇ ਕੀਨੀਆ ਦੀ ਟੀਮ ਦੀ ਪ੍ਰਤੀਨਿਧਤਾ ਕੀਤੀ ਸੀ। ਕੋਚਾਂ ਵੱਲੋਂ ਬੱਚਿਆਂ ਨੂੰ ਖੇਡਾਂ ਪ੍ਰਤੀ ਉਤਸ਼ਾਹਿਤ ਕਰਨ ਲਈ ਸੇਵਾਵਾਂ ਮੁਫ਼ਤ ਨਿਭਾਈਆਂ ਗਈਆਂ ਹਨ।

ਬੱਚੇ ਕੈਂਪ ਨੂੰ ਲੈ ਕੇ ਕਾਫ਼ੀ ਉਤਸ਼ਾਹਿਤ ਹਨ ਤੇ ਉਹਨਾਂ ਨੇ ਕੈਂਪ ‘ਚ ਖ਼ੂਬ ਅਨੰਦ ਮਾਣਿਆ। ਕੋਚ ਗੁਰਵਿੰਦਰ ਸਿੰਘ ਸੋਹਲ ਨੇ ਕਿਹਾ ਕਿ ਅਜਿਹੇ ਕੈਂਪ ਅਕਸਰ ਲਾਉਣੇ ਚਾਹੀਦੇ ਹਨ ਤੇ ਇਹਨਾਂ ਕੈਂਪਾਂ ਲਈ ਬੱਚਿਆਂ ਨੂੰ ਮਾਪਿਆਂ ਦੁਆਰਾ ਉਤਸ਼ਾਹਤ ਕੀਤਾ ਜਾਣਾ ਚਾਹੀਦਾ ਹੈ। ਇਸ ਨਾਲ ਜਿੱਥੇ ਬੱਚੇ ਮਾੜੇ ਰੁਝਾਨਾਂ ਦੇ ਸ਼ਿਕਾਰ ਹੋਣ ਤੋਂ ਬਚਦੇ ਹਨ, ਉੱਥੇ ਉਹ ਆਪਣੀ ਤਾਕਤ ਦਾ ਸਦਉਪਯੋਗ ਕਰਨਾ ਵੀ ਸਿੱਖਦੇ ਹਨ। ਫੀਲਡ ਹਾਕੀ ਮੈਨੀਟੋਬਾ ਦੇ ਵਾਈਸ ਪ੍ਰਧਾਨ ਵਿੱਕੀ ਨੇ ਕਿਹਾ ਕਿ ਉਹਨਾਂ ਵੱਲੋਂ ਇਸ ਕੈਂਪ ਦਾ ਆਯੋਜਨ ਆਉਣ ਵਾਲੇ ਟੂਰਨਾਮੈਂਟਾਂ ਨੂੰ ਧਿਆਨ ਵਿੱਚ ਰੱਖ ਕੇ ਕੀਤਾ ਗਿਆ ਸੀ। ਇਹਨਾਂ ਖਿਡਾਰੀਆਂ ਨੂੰ ਕੈਲਗਰੀ ਅਤੇ ਐਡਮਿੰਟਨ ਦੇ ਟੂਰਨਾਮੈਂਟ ਵਿਚ ਖਿਡਾਇਆ ਜਵੇਗਾ। ਜੂਨੀਅਰ, ਸੀਨੀਅਰ ਦਾ ਇਕੱਠਾ ਕੈਂਪ ਲਾਉਣ ਦਾ ਸਾਡਾ ਮਕਸਦ ਇਹ ਸੀ ਕਿ ਜੂਨੀਅਰ ਖਿਡਾਰੀ ਸੀਨੀਅਰ ਖਿਡਾਰੀਆਂ ਤੋਂ ਕੁੱਝ ਚੰਗੇ ਨੁਕਤੇ ਸਿੱਖ ਲੈਣ।



# ਵਿਨੀਪੈਗ ’ਚ ਹੋਇਆ ਡਰੈਗਨ ਬੋਟ ਫੈਸਟੀਵਲ

ਵਿਨੀਪੈਗ (ਨਦਬ) : ਪਿਛਲੇ ਦਿਨੀਂ ਵਿਨੀਪੈਗ ਦੇ ਰੈਡ ਰੀਵਰ ਵਿੱਚ ਡਰੈਗਨ ਬੋਟ ਫੈਸਟੀਵਲ ਦਾ ਆਯੋਜਨ ਕੀਤਾ ਗਿਆ। ਇਸ ਫੈਸਟੀਵਲ ਵਿੱਚ 32 ਟੀਮਾਂ ਦੇ ਸੱਤ ਸੌ ਖਿਡਾਰੀਆਂ ਨੇ ਭਾਗ ਲਿਆ। ਇਸ ਖੇਡ ਵਿੱਚ ਕਿਸਤੀ ਨੂੰ 20 ਪੈਡਲਰਾਂ ਦੁਆਰਾ ਧੱਕਿਆ ਜਾ ਰਿਹਾ ਸੀ। ਟੀਮ ਦੀ ਅਗਵਾਈ ਕੋਕਸ ਦੁਆਰਾ ਕੀਤੀ ਜਾ ਰਹੀ ਸੀ ਤੇ ਇਸ ਮੌਕੇ ਲੈਅ ਨੂੰ ਢੋਲ ਦੇ ਡੱਗੇ ‘ਤੇ ਕਾਇਮ ਰੱਖਿਆ ਗਿਆ।

ਇਸ ਫੈਸਟੀਵਲ ਵਿੱਚ ਮੁਕਾਬਲਾ 500 ਮੀਟਰ ਲੰਮੀ ਰੇਸ ਦਾ ਸੀ। ਇੱਥੇ ਜ਼ਿਕਰਯੋਗ ਹੈ ਕਿ ਫੈਸਟੀਵਲ ਦਾ ਮਕਸਦ ਕੈਂਸਰ ਕੇਅਰ ਲਈ ਫੰਡ ਜੁਟਾਉਣਾ ਸੀ। ਇਸ ਗੱਲ ਨੂੰ ਧਿਆਨ ਵਿੱਚ ਰੱਖਦਿਆਂ ਫੈਸਟੀਵਲ ਲਈ ਸਮੁੱਚੇ ਪ੍ਰਬੰਧ ਕਨੇਡੀਅਨ ਕੈਂਸਰ ਸੁਸਾਇਟੀ ਵੱਲੋਂ ਕੀਤੇ ਗਏ ਸਨ। ਇਸ ਮੌਕੇ ਇਕੱਠਾ ਹੋਣ ਵਾਲਾ ਫੰਡ ਕੈਂਸਰ ਕੇਅਰ ਮੈਨੀਟੋਬਾ ਫਾਉਂਡੇਸ਼ਨ ਅਤੇ ਮੈਨੀਟੋਬਾ ਦੇ ਬੱਚਿਆਂ ਨਾਲ ਜੁੜੇ ਹਸਪਤਾਲਾਂ ਦੀ ਫਾਉਂਡੇਸ਼ਨ ਨੂੰ ਅੱਧਾ-ਅੱਧਾ ਮਿਲਿਆ। ਇਹ ਫੰਡ ਇਹਨਾਂ ਸੰਸਥਾਵਾਂ ਵੱਲੋਂ ਕੈਂਸਰ ਨਾਲ ਸਬੰਧਤ ਖੋਜਾਂ ਅਤੇ ਮਰੀਜ਼ਾਂ ‘ਤੇ ਖਰਚਿਆ ਜਾਵੇਗਾ। ਇਸ ਬੋਟ ਰੇਸ ਮੁਕਾਬਲੇ ਦਾ ਆਮ ਲੋਕਾਂ, ਖਿਡਾਰੀਆਂ, ਦਾਨ ਕਰਨ ਵਾਲਿਆਂ ਅਤੇ ਪ੍ਰਬੰਧਕਾਂ ਨੇ ਖ਼ੂਬ ਅਨੰਦ ਲਿਆ। ਇਸ ਖੇਡ ਵਿੱਚ ਖਿਡਾਰੀਆਂ ਲਈ ਬੱਚੇ, ਬੁੱਢੇ ਅਤੇ ਵਜ਼ਨ ਦਾ ਕੋਈ ਭੇਦ-ਭਾਵ ਨਹੀਂ ਸੀ।

# ਅਮੇਜ਼ਿੰਗ ਰੇਸ ਕਨੇਡਾ ’ਚ ਟਿਮ ਸੀਨੀਅਰ, ਜੂਨੀਅਰ ਰਹੇ ਅੱਵਲ

ਅਮੇਜਿੰਗ ਰੇਸ ਕਨੇਡਾ ਦਾ ਗਰੈਂਡ ਪ੍ਰਾਈਜ਼ ਟਿਮ ਹਾਗ ਸੀਨੀਅਰ ਅਤੇ ਟਿਮ ਹਾਗ ਜੂਨੀਅਰ ਨੇ ਫਾਈਨਲ ਐਪੀਸੋਡ ਵਿੱਚ ਦੋ ਟੀਮਾਂ ਨੂੰ ਹਰਾ ਕੇ ਜਿੱਤਿਆ ਹੈ। ਇਸ ਮੌਕੇ ਬਾਪ-ਪੁੱਤ ਨੂੰ ਢਾਈ ਲੱਖ ਡਾਲਰ ਦਾ ਇਨਾਮ ਦਿੱਤਾ ਗਿਆ। ਇਸ ਮੁਕਾਬਲੇ ਦਾ ਸਿੱਧਾ ਪ੍ਰਸਾਰਨ ਸੀ.ਟੀ.ਵੀ. ‘ਤੇ ਕੀਤਾ ਗਿਆ। ਇੱਥੇ ਦੱਸਣਯੋਗ ਹੈ ਕਿ ਇਸ ਦੌੜ ਵਿੱਚ ਭਾਗ ਲੈਣ ਵਾਲੀ ਇਹ ਵਿਨੀਪੈਗ ਦੀ ਇੱਕੋ-ਇੱਕ ਟੀਮ ਸੀ। ਇਹਨਾਂ ਦੋਹਾਂ ਨੇ ਗੱਲਬਾਤ ਕਰਦਿਆਂ ਕਿਹਾ ਕਿ ਸਾਨੂੰ ਖੁਸ਼ੀ ਹੈ ਕਿ ਅਸੀਂ ਰਾਸ਼ਟਰ ਪੱਧਰ ‘ਤੇ ਸਾਡੇ ਸ਼ਹਿਰ ਦੀ ਪ੍ਰਤੀਨਿਧਤਾ ਕੀਤੀ ਹੈ। ਟਿਮ ਜੂਨੀਅਰ ਨੇ ਕਿਹਾ ਕਿ ਅਸੀਂ ਉਪਲਬਧੀ ਪ੍ਰਾਪਤ ਕੀਤੀ ਹੈ ਜਿਸਦੀ ਸਾਨੂੰ ਪੂਰੀ ਤਰ੍ਹਾਂ ਉਮੀਦ ਨਹੀਂ ਸੀ। ਉਹਨਾਂ ਕਿਹਾ ਕਿ ਟਿਮ ਸੀਨੀਅਰ ਬੀਮਾਰ ਰਹਿੰਦਾ ਹੈ ਤੇ ਉਸਦਾ ਸਰੀਰ ਬੀਮਾਰੀ ਕਾਰਨ ਕਾਫ਼ੀ ਕਮਜ਼ੋਰ ਹੋ ਚੁੱਕਿਆ ਹੈ। ਉਸਨੂੰ ਥਕਾਵਟ ਵੀ ਬਹੁਤ ਹੁੰਦੀ ਹੈ ਪਰ ਫਿਰ ਵੀ ਉਹਨਾਂ ਨੇ ਚੰਗੀ ਹਿੰਮਤ ਮਾਰੀ ਹੈ। 50 ਸਾਲਾ ਬੀਮਾਰ ਆਦਮੀ ਲਈ ਇਹ ਸਭ ਕੁੱਝ ਕਰਨਾ ਕਾਫ਼ੀ ਮੁਸ਼ਕਿਲ ਹੁੰਦਾ ਹੈ। ਫਾਈਨਲ ਮੁਕਾਬਲੇ ਵਿੱਚ ਜਿੱਤਣ ਤੋਂ ਬਾਅਦ ਵਿਨੀਪੈਗ ਦੇ ਮੇਅਰ ਸੈਮ ਕਾਟਜ਼ ਨੇ ਬਾਪ-ਪੁੱਤ ਦੋਹਾਂ ਨੂੰ ਆਪਣੇ ਵਿਸ਼ੇਸ਼ ਸੰਦੇਸ਼ ਰਾਹੀਂ ਵਧਾਈਆਂ ਦਿੱਤੀਆਂ। ਉਹਨਾਂ ਆਪਣੇ ਸੰਦੇਸ਼ ਵਿੱਚ ਕਿਹਾ ਹੈ ਕਿ ਟਿਮ ਜੂਨੀਅਰ ਅਤੇ ਸੀਨੀਅਰ ਨੇ ਦੇਸ਼ ਭਰ ਵਿੱਚ ਪੂਰੇ ਸ਼ਹਿਰ ਦਾ ਨਾਮ ਰੌਸ਼ਨ ਕੀਤਾ ਹੈ।



# ਓਲੰਪਿਕ ਖੇਡਾਂ ਅਤੇ ਕਾਰਪੋਰੇਟ ਘਰਾਣੇ

ਰਜਿੰਦਰ ਸਿਵੀਆ

1896 ’ਚ ਏਥਨਜ਼ ਵਿਚ 14 ਦੇਸ਼ਾਂ ਦੇ 241 ਖਿਡਾਰੀਆਂ ਦੀ ਸ਼ਮੂਲੀਅਤ ਨਾਲ ਸ਼ੁਰੂ ਹੋਈਆਂ ਓਲੰਪਿਕ ਖੇਡਾਂ ਹੁਣ ਖੇਡਾਂ ਦਾ ਮਹਾਂ-ਕੁੰਭ ਬਣ ਚੁੱਕੀਆਂ ਹਨ। 2012 ’ਚ ਲੰਡਨ ’ਚ ਹੋਈਆਂ ਓਲੰਪਿਕ ਖੇਡਾਂ ਵਿਚ 204 ਦੇਸ਼ਾਂ ਦੇ 10500 ਖਿਡਾਰੀਆਂ ਨੇ ਹਿੱਸਾ ਲਿਆ। ਧੁਰ ਪੂਰਬੀ ਲੰਡਨ ’ਚ ਉਥੋਂ ਦੇ ਸਥਾਨਕ ਛੋਟੇ ਕਾਰੋਬਾਰੀਆਂ ਨੂੰ ਉਜਾੜ ਕੇ 450 ਏਕੜ ’ਚ ਵਸਾਏ ‘ਓਲੰਪਿਕ ਪਿੰਡ’ ’ਚ 7 ਲੱਖ ਲੋਕਾਂ ਨੇ ਸਿੱਧੇ ਤੌਰ ’ਤੇ ਅਤੇ ਕਰੋੜਾਂ ਲੋਕਾਂ ਨੇ ਟੈਲੀਵਿਜ਼ਨ, ਇੰਟਰਨੈਟ, ਰੇਡੀਓ ਆਦਿ ਰਾਹੀਂ ਇਨ੍ਹਾਂ ਖੇਡਾਂ ਨੂੰ ਦੇਖਿਆ, ਸੁਣਿਆ।

‘ਓਲੰਪਿਕ ਪਾਰਕ’ ਜਾਂ ‘ਓਲੰਪਿਕ ਪਿੰਡ’ ਵਸਾਉਣ ਲਈ ਬੇਕਸੂਰ ਲੋਕਾਂ ਦੇ ਘਰਾਂ ਨੂੰ ਉਜਾੜਨ ਦਾ ਸਿਲਸਿਲਾ ਕਿਸੇ ਤੋਂ ਲੁਕਿਆ ਹੋਇਆ ਨਹੀਂ ਹੈ। ਪਿਛਲੇ 20 ਸਾਲਾਂ ’ਚ 20 ਲੱਖ ਤੋਂ ਵੱਧ ਲੋਕਾਂ ਨੂੰ ਉਜਾੜਿਆ ਗਿਆ ਹੈ। ਜਨੇਵਾ ਅਧਾਰਤ ਜਥੇਬੰਦੀ ‘ਸੈਂਟਰ ਆਨ ਹਾਊਸਿੰਗ ਰਾਈਟਸ ਐਂਡ ਐਵਿਕਸ਼ਨ ਦੇ ਅਗਜੈਕਟਿਵ ਡਾਇਰੈਕਟਰ ਜੀ ਡੂ ਪਲੈਸਿਸ ਅਨੁਸਾਰ, ‘‘ਸਾਡੀ ਖੋਜ ਅਨੁਸਾਰ 1988 ’ਚ ਓਲੰਪਿਕ ਖੇਡਾਂ ਲਈ ਸਿਉਲ ਤੇ ਦੱਖਣੀ ਕੋਰੀਆ ਦੇ 7 ਲੱਖ 24 ਹਜ਼ਾਰ ਲੋਕ ਧੱਕੇ ਨਾਲ ਉਜਾੜੇ ਗਏ। ਇਹ ਬਹੁਤ ਪ੍ਰੇਸ਼ਾਨ ਕਰਨ ਵਾਲੀ ਗੱਲ ਹੈ ਅਤੇ ਅਸਹਿਣਯੋਗ ਹੈ। 2008 ’ਚ ਬੀਜਿੰਗ ਦੇ 1 ਲੱਖ 25 ਹਜ਼ਾਰ ਲੋਕਾਂ ਨੂੰ ਉਜਾੜਿਆ ਗਿਆ।’’

ਲੰਡਨ ਓਲੰਪਿਕ ਖੇਡਾਂ ਨੂੰ ਸਪਾਂਸਰ ਕਰਨ ਵਾਲੀਆਂ ਮੁੱਖ 18 ਕੰਪਨੀਆਂ ਜਿਵੇਂ ਕੋਕਾ ਕੋਲਾ, ਡੌ ਕੈਮੀਕਲ, ਸੈਮਸੰਗ ਆਦਿ ਹਨ, ਜਿਨ੍ਹਾਂ ਨੇ 8 ਹਜ਼ਾਰ 85 ਕਰੋੜ ਰੁਪਏ ਇਨ੍ਹਾਂ ਖੇਡਾਂ ਵਾਸਤੇ ਖ਼ਰਚੇ ਹਨ (ਏਸ ਤੋਂ ਵੀ ਵੱਡੇ ਖ਼ਰਚੇ ਇੰਗਲੈਂਡ ਦੇ ਆਮ ਲੋਕਾਂ ਦੇ ਟੈਕਸਾਂ ਤੋਂ ਇਕੱਠੇ ਕੀਤੇ ਧੰਨ ’ਚੋਂ ਖ਼ਰਚ ਕੀਤੇ ਗਏ ਹਨ)। ਓਲੰਪਿਕ ਸਟੇਡੀਅਮ ’ਚ ਆਪਣੇ ‘ਪ੍ਰੋਡਕਟ’ ਵੇਚ ਕੇ, ਮਸ਼ਹੂਰੀ ਕਰ ਕੇ, ਟੈਕਸ ਚੋਰੀ ਰਾਹੀਂ ਤੇ ਟੈਲੀਵਿਜ਼ਨ ਅਧਿਕਾਰ ਆਦਿ ਰਾਹੀਂ ਇਨ੍ਹਾਂ ਕੰਪਨੀਆਂ ਨੇ ਆਪਣੇ ਖ਼ਰਚੇ ਤੋਂ 15 ਗੁਣਾਂ ਵੱਧ ਕਮਾਈ ਕੀਤੀ ਹੈ। ਓਲੰਪਿਕ ਖੇਡਾਂ ’ਚ ਕਾਰਪੋਰੇਟ ਘਰਾਣਿਆਂ ਦੇ ਦਖ਼ਲ ਦੇ ਵਿਰੋਧ ’ਚ, ਰਾਜਧਾਨੀ ’ਚ ਮਿਜ਼ਾਇਲਾਂ ਲਾਉਣ ਦੇ ਵਿਰੋਧ ’ਚ ਤੇ ਸਥਾਨਕ ਵਾਤਾਵਰਨ ਦੇ ਉਜਾੜੇ ਦੇ ਵਿਰੋਧ ’ਚ 40 ਤੋਂ ਵੱਧ ਗਰੁੱਪਾਂ ਨੇ ਵਿਰੋਧ ਪ੍ਰਦਰਸ਼ਨ ਕੀਤੇ ਹਨ। ਆਕੂਪਾਈ ਲੰਡਨ ਦੇ ਇਕ ਸਮਰਥਕ ਕੇਟ ਮੋਰਿਸ ਅਨੁਸਾਰ, ‘‘ਓਲੰਪਿਕ ਦਾ ਮਤਲਬ ਮਨੁੱਖਈ ਸਮਰੱਥਾ ਦੀਆਂ ਉਚਾਈਆਂ ਨੂੰ ਮਾਣਨਾ ਹੈ ਨਾ ਕਿ ਕਾਰਪੋਰੇਟ ਘਰਾਣਿਆਂ ਦੀ ਪ੍ਰਭੁਸੱਤਾ ਅੱਗੇ ਗੋਡੇ ਟੇਕਣੇ ਹਨ। ਇਸ ਤੋਂ ਬਿਨਾਂ ਓਲੰਪਿਕ ਤੇ ਖ਼ਰਚ ਹੋਏ 11 ਬਿਲੀਅਨ ਡਾਲਰ ਦਾ ਬੋਝ ਸਾਡੇ ਦੇਸ਼ ’ਤੇ ਪਵੇਗਾ ਜਦਕਿ ਅਸੀਂ ਤਾਂ ਪਹਿਲਾਂ ਹੀ ਮੰਦਵਾੜੇ ਦੀ ਮਾਰੇ ਹੇਠ ਆਏ ਹੋਏ ਹਾਂ।’’

ਕਾਰਪੋਰੇਟ ਘਰਾਣੇ ਜੋ ਇਨ੍ਹਾਂ ਖੇਡਾਂ ਨੂੰ ਸਪਾਂਸਰ ਕਰਦੇ ਹਨ, ਕਰੋੜਾਂ ਲੋਕਾਂ ਦੀ ਗਰੀਬੀ, ਭੁੱਖਮਰੀ ਤੇ ਬੇਰੁਜ਼ਗਾਰੀ ਲਈ ਜ਼ਿੰਮੇਵਾਰ ਹਨ, ਹਜ਼ਾਰਾਂ ਲੋਕਾਂ ਨੂੰ ਅਪਾਹਜ ਬਣਾਉਣ ਦੇ ਗੁਨਾਹਗਾਰ ਹਨ। ਵੀਅਤਨਾਮ, ਨਿਕਾਰਗੂਆ, ਇਰਾਕ ਆਦਿ ਵਰਗੇ ਦੇਸ਼ਾਂ ’ਚ ਇਨ੍ਹਾਂ ਕੰਪਨੀਆਂ ਨੇ ਸ਼ਰੇਆਮ ਮਨੁੱਖਤਾ ਦਾ ਘਾਣ ਕੀਤਾ ਹੈ। ਲੰਡਨ ਓਲੰਪਿਕ ਨੂੰ ਸਪਾਂਸਰ ਕਰਨ ਵਾਲੀ ਮੁੱਖ ਕੰਪਨੀ ‘ਡੋ ਕੈਮੀਕਲਜ਼’ (ਯੂਨੀਅਨ ਕਾਰਬਾਈਡ ਦੀ ਮਾਲਕ) ਭੋਪਾਲ ’ਚ 1984 ਵਿਚ ਵਾਪਰੇ ਅਣਮਨੁੱਖੀ ਕਾਂਡ ਲਈ ਸਿੱਧੇ ਤੌਰ ’ਤੇ ਜ਼ਿੰਮੇਵਾਰ ਹੈ। ਉਦੋਂ ਤੋਂ ਲੈ ਕੇ ਹੁਣ ਉਥੇ ਨਸਲਾਂ ਅਪਾਹਜ ਪੈਦਾ ਹੁੰਦੀਆਂ ਹਨ। ਭੋਪਾਲ ਗੈਸ ਕਾਂਡ ਦੇ ਪੀੜਤਾਂ ਵੱਲੋਂ ਪੰਜ ਜਥੇਬੰਦੀਆਂ ’ਤੇ ਅਧਾਰਤ ‘ਭੋਪਾਲ ਗਰੁੱਪ ਆਫ਼ ਇਨਫਰਮੇਸ਼ਨ ਐਂਡ ਐਕਸ਼ਨ’ ਵਲੋਂ ਡੋ ਕੈਮੀਕਲਜ਼ ਦੀ ਸਪਾਂਸਰਸ਼ਿਪ ਵਿਰੁੱਧ ਪ੍ਰਦਰਸ਼ਨ ਕੀਤਾ ਗਿਆ। ਵਿਰੋਧ ਦੀ ਸ਼ਕਲ ’ਚ ਉਨ੍ਹਾਂ ਨੇ 26 ਅਗਸਤ ਨੂੰ ‘ਭੋਪਾਲ ਸਪੈਸ਼ਲ ਓਲੰਪਿਕ’ ਖੇਡਾਂ ਕਰਵਾਈਆਂ ਗਈਆਂ। ਗੈਸ ਕਾਂਡ ਤੋਂ ਪੀੜਤ ਅਪਾਹਜ ਬੱਚਿਆਂ ਨੇ ਵਿਅੰਗਮਈ ਖੇਡਾਂ ’ਚ ਭਾਗ ਲਿਆ ਜਿਵੇਂ ਕਿ ‘ਰੁੜ ਰੁੜ ਕੇ ਦੌੜਨਾ’, 125 ਮੀਟਰ ਤੇਜ਼ ਦੌੜ ’ਤੇ ‘ਸਹਾਰੇ ਦੀ ਮੱਦਦ ਨਾਲ ਦੌੜਨਾ’’। ਪਰ ਬੰਬਈ ਦੀਆਂ ਝੌਂਪੜ ਪੱਟੀਆਂ ਦੇ ਗਰੀਬਾਂ ਤੇ ‘ਸਲੱਮ ਡੌਗ ਮਿਲੇਨੀਅਰ’ ਫ਼ਿਲਮ ਬਣਾ ਕੇ ਅਰਬਾਂ ਰੁਪਏ ਕਮਾਉਣ ਵਾਲੇ ਨਿਰਦੇਸ਼ਕ ਡੇਨੀਅਲ ਬੋਇਲ ਦੀ ਨਿਰਦੇਸ਼ਨਾ ਹੇਠ ਅਰਬ ਰੁਪਏ ਖ਼ਰਚ ਕੇ ਕੀਤੇ ਉਦਘਾਟਨੀ ਸਮਾਰੋਹ ਦੀ ਚਕਾਚੌਂਦ ’ਚ ਇਨ੍ਹਾਂ ਵਿਚਾਰਿਆਂ ਦੀਆਂ ਚੀਕਾਂ ਕੌਣ ਸੁਣਦਾ? ਸਾਮਰਾਜੀ ਦਾਬੇ ਦੀ ਇਹਵੀ ਇਕ ਮਿਸਾਲ ਹੈ ਕਿ 69 ਦੇਸ਼ਾਂ ਦੇ ਫ਼ੌਜੀ ਜਵਾਨਾਂ ਦੀ ਡਿਊਟੀ ਓਲੰਪਿਕ ਖੇਡਾਂ ’ਚ ਲੱਗੀ ਸੀ। ਕਈ ਦੇਸ਼ਾਂ ਦੇ ਫ਼ੌਜੀ ਜਵਾਨਾਂ ਦੀ ਗਿਣਤੀ ਉਥੋਂ ਦੇ ਅਥਲੀਟਾਂ ਨਾਲੋਂ ਵੀ ਵੱਧ ਸੀ। ਕਾਊਂਟਰ ਕਰੰਟਸ ’ਚ ਛਪੇ ਲੇਖ, ‘‘ਅਥਲੀਟਾਂ ਨਾਲੋਂ ਵੱਧ ਫ਼ੌਜੀ’’ ’ਚ ਡੇਵਿਡ ਸਵੈਨਸਨ ਅਨੁਸਾਰ, ‘‘ਸਵਾਲ ਇਹ ਪੈਦਾ ਹੁੰਦਾ ਹੈ ਕਿ ਉਹ ਦੇਸ਼ ਜੋ ਸਿਹਤ, ਸਿਖਿਆ, ਸੁਰੱਖਿਆ ਤੇ ਸਾਧਨਾਂ ਪੱਖੋਂ ਬਹੁਤ ਹੀ ਪਛੜੇ ਹੋਏ ਹਨ, ਨੂੰ ਇਨ੍ਹਾਂ ਖੇਡਾਂ ਲਈ ਅਥਲੀਟਾਂ ਨਾਲੋਂ ਵੱਧ ‘ਵਰਦੀਧਾਰੀ ਪ੍ਰਤੀਨਿਧ’ ਭੇਜਣੇ ਪੈਂਦੇ ਹਨ। ਓਲੰਪਿਕ ਖੇਡਾਂ ’ਚ ਤਮਗੇ ਜਿੱਤਣ ਵਾਲੇ ਬਹੁਗਿਣਤੀ ਖਿਡਾਰੀ ਵੀ ਸਾਮਰਾਜੀ ਮੁਲਕਾਂ ਦੇ ਹੀ ਹੁੰਦੇ ਹਨ, ਜਿਨ੍ਹਾਂ ਨੂੰ ਬਹੁਤ ਹੀ ਮਹਿੰਗੀਆਂ ਟਰੇਨਿੰਗਾਂ ਅਤੇ ਸਹੂਲਤਾਂ ਮਿਲਦੀਆਂ ਹਨ। ਬਹੁ-ਕੌਮੀ ਕੰਪਨੀਆਂ ਦੀ ਛਤਰ ਛਾਇਆ ਹਾਸਲ ਇਨ੍ਹਾਂ ਖਿਡਾਰੀਆਂ ਦਾ ਮੁਕਾਬਲਾ ਬੇਰੁਜ਼ਗਾਰੀ, ਗਰੀਬੀ ਅਤੇ ਭੁੱਖਮਰੀ ਨਾਲ ਲੜਨ ਵਾਲੇ ਗਰੀਬ ਦੇਸ਼ਾਂ ਦੇ ਖਿਡਾਰੀ ਕਿਵੇਂ ਕਰ ਸਕਦੇ ਹਨ। ਲੰਡਨ ਓਲੰਪਿਕ ’ਚ ਵੀ ਹਰ ਵਾਰ ਦੀ ਤਰ੍ਹਾਂ ਅਮਰੀਕਾ, ਚੀਨ, ਜਾਪਾਨ, ਇਟਲੀ ਅਤੇ ਆਸਟਰੇਲੀਆ ਵਰਗੇ ਮੁਲਕ ਹੀ ਮੈਡਲਾਂ ਦੀ ਲਿਸਟ ’ਚ ਸਭ ਤੋਂ ਉਪਰ ਹਨ। ਵੈਸੇ ਵੀ 204 ਮੁਲਕਾਂ ’ਚੋਂ ਸਿਰਫ਼ 79 ਮੁਲਕ ਹੀ ਇਸ ਲਿਸਟ ’ਚ ਸ਼ਾਮਲ ਹੋ ਸਕੇ। ਖੇਡਾਂ ਨੂੰ ਪ੍ਰਫੁੱਲਤ ਕਰਨ ਅਤੇ ਖੇਡ ਭਾਵਨਾ ਨਾਲ ਸ਼ੁਰੂ ਹੋਈਆਂ ਇਹ ਖੇਡਾਂ ਹੁਣ ਪੂਰੀ ਤਰ੍ਹਾਂ ਸਾਮਰਾਜੀ ਘਰਾਣਿਆਂ ਲਈ ਮੁਨਾਫ਼ੇ ਦੀ ਵੱਡੀ ਮੰਡੀ ਬਣ ਗਈਆਂ ਹਨ।





OCTOBER 21, 2013

RE–ELECT

AMARJEET
SOHI
COUNCILLOR WARD 12

OPEN • ENERGETIC • EFFECTIVE

- Hard-working, people-first leader, bringing community groups, and government together to get things done.
- Accessible, and accountable; committed to a strong economy and strong communities.
- An articulate voice for Ward 12, with a proven record of achievements.

Amarjeet has served on City Council since 2007, with the support of his wife Sarbjeet and daughter Seerat.



AMARJEET SOHI IS COMMITTED TO:

- Invest in public infrastructure, like the South East LRT, libraries, and leisure/ recreation facilities, which build a healthy, affordable, and vibrant city.
- Build inclusive, safe, confident, and prosperous communities, where individuals and families enjoy a high quality of life.
- Create a bold long-term vision, with fresh and innovative ideas to build more sustainable and attractive urban communities.
- Advocate for quality public services with a fair share of taxes from other orders of government to keep property taxes reasonable.



OCTOBER 21

RE–ELECT

AMARJEET
SOHI
COUNCILLOR WARD 12

VOLUNTEER • DONATE • TAKE A LAWN SIGN • SHARE YOUR IDEAS

Website: www.amarjeetsohi.com
Phone: 780 271 3000
Email: amarjeetsohi2013@gmail.com
Facebook: www.facebook.com/amarjeet.sohi
Twitter: @VoteSohi or @SohiAmarjeet
Office : 115-9303-34 Avenue



# DASHMESH TIRE & LUBE



All Brands of Tires
MRF or JK (Indian)
B.F Goodrich, Michelin, Dunlop
Tire Repairs, Brakes, Oil Change & Lubrication
Do Service on Remote Locations Including Weighing Scales
Vehicle Inpection By Certified Mechanics
ਲੌਂਗਹਾਲ, ਗਰੇਵਲ ਆਦਿ ਹਰ ਤਰ੍ਹਾਂ ਦੇ ਟਰੱਕਾਂ ਦੀ ਫਾਇਨਾਇੰਗ ਕੀਤੀ ਜਾਂਦੀ ਹੈ।
ਕਿਸੇ ਵੀ ਸਮੇਂ, ਕਿਸੇ ਵੀ ਤਰ੍ਹਾਂ ਦੇ ਟਰੱਕਾਂ ਦੇ ਲੋਨ ਲੈਣ ਲਈ ਸੰਪਰਕ ਕਰੋ।
Call: Manjit S.Khosa, Garry Dhaliwal
Ph: 780-298-1114, 780-993-4441
6609 34 St. Edmonton, Alberta.
Enough Parking Space

# ਨਵੀਂ ਦੁਨੀਆ ਦੀ ਪੰਜਾਬੀ ਅਦਬ ਵਿਚ ਨਵੀਂ ਪਹਿਲ

## ਨਵੀਂ ਦੁਨੀਆ ਪ੍ਰਕਾਸ਼ਨ

ਲੇਖਕ ਮਿਆਰੀ ਕਿਤਾਬਾਂ ਰਿਆਇਤੀ ਦਰਾਂ 'ਤੇ ਛਪਵਾਉਣ ਲਈ ਸੰਪਰਕ ਕਰਨ

ਫ਼ੋਨ : 780 465 9118
ਫ਼ੈਕਸ : 780 465 0661
Email : info@nawidunia.com

# STP ELECTRIC LTD.



stpelectric@hotmail.com
Offering Full Range of Electrical Services of
C. 780.984 2356
F. 780.463 6276
- Residential
- Commercial
- Industrial Installations

ਹਰ ਤਰ੍ਹਾਂ ਦੇ ਇਲੈਕਟ੍ਰੀਕਲ ਦੇ ਕੰਮ ਲਈ ਸੰਪਰਕ ਕਰੋ
Sushil Singh
Certified Master Electrician
ਸਰਟੀਫਾਈਡ ਮਾਸਟਰ ਇਲੈਕਟ੍ਰੀਸ਼ਨ

# WILDROSE MASONARY & STONE WORKS



Commertial & Residential
Ph: 780 340 1400
Off: 780 450 1413
Fax: 780 490 4888
Dave Johal
ਘਰਾਂ ਦੇ ਬਾਹਰ ਜਾਂ ਅੰਦਰ ਕਲਚਰ ਸਟੋਨ, ਇੱਟਾਂ, ਹਰ ਤਰ੍ਹਾਂ ਦੇ ਬਲਾਕ ਲਗਵਾਉਣਾ ਚਾਹੁੰਦੇ ਹੋ, ਇੱਕ ਵਾਰ ਸਾਡੇ ਤੋਂ ਜ਼ਰੂਰ ਐਸਟੀਮੇਟ ਲਗਵਾਓ



Culture Stone | Bricks
Blocks | Glass Blocks
email:wildrosemasonary@live.ca ✦ 1404-69th St. SW Edmonton, AB T6L 1L4

# HARRY'S EXCAVATING

PH: 780-918-2252



Specialist in :
Digging Basements & All Kind Of Services
ਨਵੇਂ ਘਰ ਲਈ ਬੇਸਮੈਂਟ ਪੁਟਾਉਣੀ ਹੋਵੇ ਜਾਂ ਕੋਈ ਹੋਰ ਟੋਆ ਪੁਟਾਉਣਾ ਹੋਵੇ,
ਟਰੱਕ ਅਤੇ ਮਿੱਟੀ-ਰੇਤੇ ਦਾ ਕੋਈ ਵੀ ਕੰਮ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ।



Sales Representative
Harinder Hundal
M.Sc. Eco, M.B.A

Residential | Commertial | Investment Properties
Home Life/United Realty Inc. Brokerage
Independently Owned & Operated.
Higher Standards Agents... Higher Results™
Cell: 647 818 6880
Bus: 905 672 1234
FAX: 905 672 0672
hpshundal@gmail.com
ਟੋਰਾਂਟੋ ਦੇ ਇਲਾਕੇ 'ਚ ਜਾਇਦਾਦ ਖਰੀਦਣ ਜਾਂ ਵੇਚਣ ਲਈ ਇੱਕ ਭਰੋਸੇਮੰਦ ਨਾਂ
MLS MULTIPLE LISTING SERVICE
REALTOR
50 SunnyVale Gate, Unit # 7,
Brampton, ON L6S 0C4

# ਮੁਲਾਕਾਤ Productions

ਟੀ . ਵੀ ਪ੍ਰੋਗਰਾਮ ਮੁਲਾਕਾਤ
Aired on VISION TV
1:00 pm to 1:30 pm
(Alberta Time / Every Saturday)
Charanjit Brar
Producer & Host
Ph: 647 300 8436
cbrar@rogers.com



# NEW WAY Stucco Ltd.



Quality work at reasonable rates.
We do Splash Dash Stucco and Acrylic. For free estimates call
(BALJIT) Ph.: (780)-708-1436, Fax: (780)-462-0691
All Kind of Stucco Acrylic & Rain Screen Residential & Commercial
ਕਿਸੇ ਵੀ ਕਿਸਮ ਦੀ ਵਧੀਆ ਸਟੱਕੋ ਕਰਵਾਉਣ ਲਈ ਸਾਨੂੰ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਉ

# Moga Painting Company

Serving Since 1985
Experts in Interior & Exterior Paint



Residential & Commercial
> Excellent Colour Matching
> Guaranteed Work
> Reasonable Rates
Office Painting, Spray Painting, Staircase Railing, Stain & Varnish
ਆਪਣੇ ਘਰ ਜਾਂ ਦਫ਼ਤਰ 'ਚ ਵਧੀਆ ਪੇਂਟ ਵਾਜਬ ਦਾਮ 'ਤੇ ਕਰਵਾਉਣ ਲਈ ਅੱਜ ਹੀ ਸੁਰਜੀਤ ਨੂੰ ਕਾਲ ਕਰੋ।
For Free ESTIMATES Call SURJIT
Edmonton (780) 934-3535 Winnipeg (204) 979-7070

# JASON MILLAR WARD 2

FOR CITY COUNCIL
Building our future together......



WWW.JASONMILLAR.NET
PHONE: 780-245-3687
EMAIL: JMILLAR2013@HOTMAIL.COM



SHOWHOMES NOW OPEN!
Laurel CROSSING
A well-rounded community
Single family homes & duplexes
Settle into the well-rounded community of Laurel Crossing, where you're sure to find all the convenience your family could ever really need!
Community lake
Affordable living
Convenient location
Located in South East Edmonton!
SINGLE FAMILY HOMES
Sterling Homes 780.760.1160
Pacesetter Homes 780.756.0833
Tristate Signature Homes 780.756.4941
Landmark Homes 780.702.7279
DUPLEX STYLE HOMES
S2 by Sterling Homes 780.756.9409
Pacesetter Homes 780.757.7982
Bedrock Homes 780.436.8000
WHITEMUD FWY
50 STREET
34 STREET
17 STREET
23 AVENUE
16A AVENUE
www.laurel-crossing.com
780.463.1126
QUALICO where community begins




PUNJABI HERITAGE THEATRE SOCIETY OF ALBERTA
ਇੱਕੋ ਰਾਹ ਸਵੱਲੜਾ
ਪੰਜਾਬੀ ਨਾਟਕ Punjabi Play
Ikko Raah Sawallarah
ਲੇਖਕ: ਡਾ. ਸਾਹਿਬ ਸਿੰਘ
ਨਿਰਦੇਸ਼ਕ : ਗੁਰਜੀਤ ਕੰਗ
ਭਾਜੀ ਗੁਰਸ਼ਰਨ ਸਿੰਘ ਜੀ ਨੂੰ ਸਮਰਪਿਤ
SATURDAY OCTOBER 12, 2013, SATURDAY OCTOBER 19, 2013
SATURDAY OCTOBER 26, 2013, SUNDAY OCTOBER 27, 2013
2.00 PM at
Punjabi Heritage Theatre Society of Alberta
3320-34 Street SW, Edmonton AB
For More Information:
Ticket $10
Parmjeet Gill: 780 660 2900
Nirmal Gill : 780 937 9067
Poster Design : Inderpal Sanghera




ਗ਼ਦਰ ਸ਼ਤਾਬਦੀ ਨੂੰ ਸਮਰਪਿਤ
Punjabi Cultural Association of Alberta
PRESENTS
31st Annual Cultural Program
Sunday 13th October 2013 @ 2.00PM
Jubilee Auditorium, 11455 87 Ave. Edmonton
ਬੜੇ ਮਾਣ ਨਾਲ ਪੇਸ਼ ਕਰਦੀ ਹੈ
31ਵਾਂ ਸਲਾਨਾ ਸੱਭਿਆਚਾਰਕ ਮੇਲਾ
ਐਤਵਾਰ 13 ਅਕਤੂਬਰ 2013 ਨੂੰ ਜੁਬਲੀ ਆਡੀਟੋਰੀਅਮ ਵਿਖੇ 2.00 ਵਜੇ
ਜਿਸ ਵਿਚ ਗਿੱਧਾ-ਭੰਗੜਾ, ਗੀਤ-ਸੰਗੀਤ, ਹਾਸਾ-ਠੱਠਾ, ਸਕਿੱਟਾਂ ਤੇ ਹੋਰ ਬਹੁਤ ਕੁਝ
Program Ticket
$ 5.00
Kids Under 10 Year Free
For More Info:
ਗੁਰਚਰਨ ਬਰਾੜ (780-265-3752), ਇੰਦਰਾ ਸਰੋਆ (780-904-6463),
ਦਲਬੀਰ ਸਾਂਗਿਆਂਣ (780-995-5475), ਗੁਰਸੇਵਕ ਮਾਨ (587-920-7710),
ਪਰਮਿੰਦਰ ਧਾਲੀਵਾਲ (780-994-1886), ਬਖ਼ਸ਼ ਸੰਘਾ (780-461-7528),
ਅਰਵਿੰਦ ਸ਼ੇਖੋਂ (780-965-9508), ਕਿਰਤਮੀਤ ਕੁਹਾੜ (780-200-5328),
ਵਰਿੰਦਰ ਭੁੱਲਰ (780-966-3121), ਗੁਰਵਿੰਦਰ ਗਿੱਲ (780-497-8801),
ਕੁਲਦੀਪ ਧਾਲੀਵਾਲ (780-278-0627)

# ਗ਼ਦਰ ਸ਼ਤਾਬਦੀ ਸਮਾਗਮ ਲੜੀ 2013






## ਪ੍ਰੋਗਰੈਸਿਵ ਪੀਪਲਜ਼ ਫਾਊਂਡੇਸ਼ਨ ਆਫ਼ ਐਡਮਿੰਟਨ

(ਸਾਂਝਾ ਮੰਚ : ਪੰਜਾਬੀ ਕਲਚਰਲ ਐਸੋਸੀਏਸ਼ਨ ਆਫ਼ ਐਡਮਿੰਟਨ, ਮੇਪਲ ਲੀਫ਼ ਰਾਈਟਰਜ਼ ਫਾਊਂਡੇਸ਼ਨ ਆਫ਼ ਐਡਮਿੰਟਨ, ਪੰਜਾਬੀ ਆਰਟ ਐਸੋਸੀਏਸ਼ਨ ਅਤੇ ਸੈਕੂਲਰ ਪੀਪਲਜ਼ ਆਫ਼ ਐਡਮਿੰਟਨ)

ਵਲੋਂ

**ਟਿਕਟ**
$ 25
ਬੱਚੇ : $ 15
(ਉਮਰ 15 ਸਾਲ ਤੋਂ ਘੱਟ)

# ਜਨਤਕ ਸਮਾਗਮ ਅਤੇ ਡਿਨਰ

**Ticket**
$ 25
Kids : $ 15
(Under 15 year)

**16 ਨਵੰਬਰ 2013 ਦਿਨ ਸ਼ਨੀਵਾਰ : ਸ਼ਾਮ 6.00 ਵਜੇ ਸਥਾਨ : ਮਹਾਰਾਜਾ ਪੈਲੇਸ, 9257 34ਏ ਐਵੀਨਿਊ, ਐਡਮਿੰਟਨ**

## ਬੁਲਾਰੇ Speakers



ਮੰਗਤ ਰਾਮ ਪਾਸਲਾ
**Mangat Ram Pasla**
ਟਰੱਸਟੀ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ
Renown Speaker; Trustee Desh Bhagat Yadgar Committee Jalandhar



ਡਾ. ਸੁਖਦੇਵ ਸਿੰਘ ਸਿਰਸਾ
**Dr. Sukhdev Singh Sirsa**
ਮੁਖੀ ਪੰਜਾਬੀ ਅਧਿਐਨ ਸਕੂਲ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ
Chairman, School of Punjabi Studies, Punjab University, Chandigarh



ਡਾ. ਰਾਜ ਪੰਨੂ
**Dr. Raj Pannu**
ਪ੍ਰੋਫ਼ੈਸਰ ਸਮਾਜਕ ਸ਼ਾਸਤਰ ਵਿਭਾਗ ਯੂਨੀਵਰਸਿਟੀ ਆਫ਼ ਅਲਬਰਟਾ (ਸੇਵਾ ਮੁਕਤ), ਐਡਮਿੰਟਨ
Professor Emeritus, University of Alberta Edmonton

ਸਮਾਗਮ ਵਿਚ ਸਥਾਨਕ ਕਲਾਕਾਰਾਂ ਵਲੋਂ ਗ਼ਜ਼ਲਾਂ ਅਤੇ ਗੀਤ ਪੇਸ਼ ਕੀਤੇ ਜਾਣਗੇ

# Ghadr Centennial Commemoration 2013

A Tribute to Patriotic Heroes of the Ghadr Movement

## Progressive Peoples Foundation of Edmonton

(An Umbrella organization comprising Punjabi Cultural Association of Edmonton, Maple Leaf Writers Foundation of Edmonton, Punjabi Art Association of Edmonton, Secular Peoples of Edmonton)

*Holds*

# *Public Meeting & Dinner*

An entertaining inspiring cultural program, will be a part of the festivity.

**On Saturday November 16, 2013 at 6:00 PM Venue: Maharaja Palace, 9257 34A Ave, Edmonton**




**Book Release**

A source book on the Ghadr Movement titled
**"Ghadr Movement and India's Anti-Imperialist Struggle"**
Edited by Dr. P.R. Kalia and published by
Progressive Peoples Foundation of Edmonton will be released on this occasion.




The Ghadr Centennial Commemoration Planning Team:

Dalbir Sangione: 780-995-5475, Kirtmeet Kohar: 780-200-5328, Gurwarinder (Sony) Gill: 780-497-8801, Navtej Bains: 780-200-2872, Dr. P.R. Kalia: 780-440-2766, Joginder Randhawa: 780-914-625, Gurcharan Brar: 780-265-3752, Bakhash Sangha: 780-660-7520, Kashmira Badesha: 587-709-3070, Darshan Khaira: 780-984-1208, Rabinder Sra: 780-431-1692, Surinder Deol: 780-239-9038, Jasbir Sangha: 780-461-7528, Varinder Bhachu: 780-297-5301, Gursewak Mann: 587-920-7710, Gurminder Moom: 780-450-2075, Pavitter Dhaliwal: 780-990-3315, Usha Bhachu; 780-200-3078, Parminder Dhaliwal: 780-994-1886, Gurtej Brar: 780-906-0371, Devinder Sunner: 780-952-7334, Parminder Sooch: 780-297-6105, Harjinder Badesha: 780-265-1920, Navtej Johal: 780-266-2145, Jaswinder Minhas: 587-231-3350, Baljinder Gill: 780-964-6000, Gurmail Dhaliwal: 780-265-6990, Parteek Mann: 780-289-9678

# ਬਾਬਾ ਜਵਾਲਾ ਸਿੰਘ ਦਾ ਸਿਦਕ

ਡਾ. ਤੇਜਿੰਦਰ ਵਿਰਲੀ
+91-94647-97400
virli@rediffmail.com



**ਅਸੀਂ ਗ਼ਦਰ ਲਹਿਰ ਦੀ ਸਤਾਬਦੀ ਮਨਾ ਰਹੇ ਹਾਂ, ਇਸਨੂੰ ਧਿਆਨ 'ਚ ਰੱਖਦਿਆਂ ਗ਼ਦਰ ਲਹਿਰ ਦੇ ਮਹੱਤਵਪੂਰਨ ਤੱਥਾਂ ਅਤੇ ਇਸ ਲਹਿਰ ਦੇ ਮਹਾਨ ਨਾਇਕਾਂ ਬਾਰੇ 'ਨਵੀਂ ਦੁਨੀਆਂ' ਦੇ ਹਰ ਅੰਕ ਵਿੱਚ ਛਾਪਣ ਦੀ ਯੋਜਨਾ ਬਣਾਈ ਹੈ।
ਇਸੇ ਲੜੀ ਤਹਿਤ ਅਸੀਂ ਡਾ. ਤੇਜਿੰਦਰ ਵਿਰਲੀ ਦਾ ਇਹ ਵਿਸ਼ੇਸ਼ ਲੇਖ ਇੱਥੇ ਛਾਪ ਰਹੇ ਹਾਂ।**

*ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ*

ਮਾਈਕਲ ਓਡਵਾਇਰ ਲਿਖਦਾ ਹੈ, " ਪਹਿਲੇ ਸੰਸਾਰ ਯੁੱਧ ਸਮੇਂ ਹਕੂਮਤ ਬਹੁਤ ਹੀ ਕਮਜੋਰ ਹੋ ਚੁੱਕੀ ਸੀ, ਕੇਵਲ ਤੇਰਾਂ ਹਜ਼ਾਰ ਗੋਰੇ ਸਿਪਾਹੀ ਸਨ। ਜਿਨ੍ਹਾਂ ਦਾ ਦਿਖਾਵਾ ਹਿੰਦੁਸਤਾਨ ਭਰ ਵਿਚ ਕੀਤਾ ਜਾ ਰਿਹਾ ਸੀ। ਇਹ ਵੀ ਬੁੱਢੇ ਸਨ ਜਾਂ ਬੱਚੇ। ਨੌਜਵਾਨ ਤਾਂ ਯੂਰਪ ਦੀ ਰਣਭੂਮੀ ਵਿਚ ਲੜ ਰਹੇ ਸਨ। ਜੇ ਇਹਨਾਂ ਹਾਲਤਾਂ ਵਿਚ ਸਾਨਫਰਾਂਸਿਸਕੋ ਤੋਂ ਚੱਲਣ ਵਾਲੇ ਗ਼ਦਰ ਪਾਰਟੀ ਦੇ ਸਿਪਾਹੀਆਂ ਦੀ ਆਵਾਜ਼ ਦੇਸ਼ ਸੁਣਦਾ ਤਾਂ ਯਕੀਨੀ ਸੀ ਕਿ ਹਿੰਦੁਸਤਾਨ ਅੰਗਰੇਜ਼ ਦੇ ਹੱਥੋਂ ਨਿਕਲ ਜਾਂਦਾ। " ਜਦੋਂ ਅਸੀ ਓਡਵਾਇਰ ਦੀ ਗ਼ਦਰ ਪਾਰਟੀ ਬਾਰੇ ਕੀਤੀ ਟਿਪਣੀ ਨੂੰ ਪੜ੍ਹ ਰਹੇ ਹਾਂ ਤਾਂ ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਉਸ ਸਮੇਂ ਸਾਡੇ ਧਾਰਮਿਕ ਆਗੂਆਂ ਨੇ ਇਨ੍ਹਾਂ ਗ਼ਦਰੀਆਂ ਨੂੰ ਆਪਣੇ ਪੰਥ ਵਿੱਚੋਂ ਖਾਰਜ ਕਰ ਦਿੱਤਾ ਸੀ। ਕਿਹਾ ਗਿਆ ਸੀ ਕਿ ਇਹ ਸਿੱਖ ਨਹੀਂ ਇਨ੍ਹਾਂ ਨਾਲ ਰੋਟੀ ਬੇਟੀ ਦੀ ਸਾਂਝ ਨਾ ਰੱਖੀ ਜਾਵੇ। ਇਹ ਵੱਖਰੀ ਕਿਸਮ ਦਾ ਵਾਰ ਸੀ ਜਿਹੜਾ ਹੋਰਾਂ ਦੇ ਨਾਲ ਨਾਲ ਜਵਾਲਾ ਸਿੰਘ ਨੂੰ ਵੀ ਬਰਦਾਸ਼ਤ ਕਰਨਾ ਪਿਆ ਸੀ। ਅਮਰੀਕਾ ਦੇ ਸਵਰਗ ਨੂੰ ਲੱਤ ਮਾਰਕੇ ਆਏ ਗੁਰੂ ਗੋਬਿੰਦ ਸਿੰਘ ਜੀ ਦੇ ਇਨ੍ਹਾਂ ਸਿੰਘਾਂ ਨੂੰ ਇਸ ਬੇਇਨਸਾਫੀ ਦੀ ਆਸ ਨਹੀਂ ਸੀ।

ਪਰ ਜੇਲ੍ਹ ਵਿਚ ਕੈਦ ਸਾਰੇ ਗ਼ਦਰੀਆਂ ਵਾਂਗ ਜਵਾਲਾ ਸਿੰਘ ਵੀ ਚੜ੍ਹਦੀ ਕਲਾ ਵਿਚ ਸਨ। ਉਹ ਸਾਰੇ ਜੇਲ੍ਹ ਦੇ ਅੰਦਰ ਵੀ ਲੜ੍ਹ ਰਹੇ ਸਨ। ਪ੍ਰੇਸ਼ਾਨ ਸਨ ਉਨ੍ਹਾਂ ਦੇ ਪਰਿਵਾਰ ਦੇ ਮੇਂਬਰ। ਰਾਵਲ ਪਿੰਡੀ ਦੀ ਜੇਲ੍ਹ ਵਿਚ ਜਵਾਲਾ ਸਿੰਘ ਨੇ ਬੰਬ ਬਣਾਉਣ ਵਾਲੇ ਮਸਾਲੇ ਦਾ ਪ੍ਰਬੰਧ ਕਰ ਲਿਆ ਸੀ ਪਰ ਛੇਤੀ ਹੀ ਇਹ ਮਸਾਲਾ ਜੇਲ੍ਹ ਵਿੱਚੋਂ ਫੜਿਆ ਗਿਆ ਸੀ। ਇਸ ਕਰਕੇ ਬਾਬਾ ਜਵਾਲਾ ਸਿੰਘ ਨੂੰ ਅੰਡੇਮਾਨ ਦੀ ਜੇਲ੍ਹ ਵਿਚ ਤਬੀਲ ਕਰਨ ਦਾ ਹੁਕਮ ਹੋਇਆ ਸੀ। ਇਹ ਜੇਲ੍ਹ ਨਰਕ ਦੀ ਹੀ ਦੂਸਰੀ ਤਸਵੀਰ ਸੀ। ਇੱਥੇ ਕੈਦੀਆਂ ਤੋਂ ਸਮਰਥਾ ਤੋਂ ਵਧ ਮੁਸ਼ੱਕਤ ਕਰਵਾਈ ਜਾਂਦੀ ਸੀ। ਉਦਾਹਰਣ ਦੇ ਤੌਰ ਤੇ ਹਰ ਇਕ ਕੈਦੀ ਤੋਂ ਤੀਹ ਪੌਂਡ ਨਾਰੀਅਲ ਦਾ ਤੇਲ ਕਢਵਾਇਆ ਜਾਂਦਾ ਸੀ। ਇਹ ਬਹੁਤ ਹੀ ਕਠਨ ਕਾਰਜ ਸੀ ਜਿਸ ਤੋਂ ਤੰਗ ਆਕੇ ਬਹੁਤ ਸਾਰੇ ਕੈਦੀ ਖੁਦਕਸ਼ੀ ਕਰ ਲੈਂਦੇ ਸਨ। ਬਾਬਾ ਜਵਾਲਾ ਸਿੰਘ ਨੇ ਇਸ ਮੁਸ਼ੱਕਤ ਨੂੰ ਗੈਰ ਕਾਨੂੰਨੀ ਆਖਦਿਆਂ ਕੈਦੀਆਂ ਨੂੰ ਲਾਮ ਬੰਦ ਕੀਤਾ ਤੇ ਸੰਘਰਸ਼ ਰਾਹੀ ਇਹ ਅਣ ਮਨੁੱਖੀ ਵਰਤਾਰਾ ਬੰਦ ਵੀ ਕਰਵਾਇਆ। ਹੋਰਨਾ ਦੇ ਨਾਲ ਨਾਲ ਇਸ ਅੰਦੋਲਨ ਦੀ ਕੀਮਤ ਵੀ ਜਵਾਲਾ ਸਿੰਘ ਨੂੰ ਹੀ ਸਭ ਤੋਂ ਵੱਧ ਤਾਰਨੀ ਪਈ ਉਨ੍ਹਾਂ ਨੂੰ ਛੇ ਮਹੀਨੇ 'ਖੜੀ ਹੱਥ ਕੜੀ'( ਜਿਸ ਵਿਚ ਕੈਦੀ ਬੈਠ ਨਹੀਂ ਸੀ ਸਕਦਾ ) ਛੇ ਮਹੀਨੇ ਕੋਠੀ ਬੰਦ ਰੱਖਣ ਤੇ ਡੰਡਾ ਬੇੜੀ ਦੀ ਸਜਾ ਦਿੱਤੀ ਗਈ। ਇਸ ਸਾਰੀ ਸਜ਼ਾ ਦੇ ਨਾਲ ਨਾਲ ਉਨ੍ਹਾਂ ਨੂੰ ਬਹੁਤ ਹੀ ਘੱਟ ਖੁਰਾਕ ਦਿੱਤੀ ਜਾਂਦੀ ਸੀ। ਅਜਿਹੀਆਂ ਸਜ਼ਾਵਾਂ ਬਾਬਾ ਜਵਾਲਾ ਸਿੰਘ ਤੇ ਉਨ੍ਹਾਂ ਸਾਥੀਆਂ ਲਈ ਹੀ ਰਾਖਵੀਆਂ ਸਨ ਜਿਹੜੇ ਇਸ ਅਣਮਨੁੱਖੀ ਮਸ਼ੱਕਤ ਦੇ ਖਿਲਾਫ ਸੰਘਰਸ਼ ਕਰ ਰਹੇ ਸਨ। ਜਦੋਂ ਬਾਬਾ ਜਵਾਲਾ ਸਿੰਘ ਤੇ ਸਾਥੀਆਂ ਦਾ ਸੰਘਰਸ਼ ਖਤਮ ਨਾ ਹੋਇਆ ਤਾਂ ਸਰਕਾਰ ਨੇ ਕੁਝ ਕੈਦੀਆਂ ਵਾਸਤੇ ਪਿੰਜਰੇ ਬਣਾ ਲਏ ਜਿਨ੍ਹਾਂ ਵਿਚ ਕੈਦੀ ਨਾ ਤਾਂ ਠੀਕ ਤਰਾਂ ਨਾਲ ਬੈਠ ਸਕਦਾ ਸੀ ਤੇ ਨਾ ਹੀ ਲੱਕ ਸਿੱਧਾ ਕਰ ਸਕਦਾ ਸੀ ਇਹ ਵਰਤਾਰਾ ਚਾਰ ਸਾਲ ਤੱਕ ਚਲਦਾ ਰਿਹਾ। ਜੇਲ੍ਹ ਵਿਚ ਕੈਦੀਆਂ ਨੂੰ ਨਾ ਸੂਰਜ ਦੇਖਣ ਦਿੱਤਾ ਜਾਂਦਾ ਸੀ ਨਾਂ ਹੀ ਧੁੱਪ ਛਾਂ।

ਜਿਹੜਾ ਅੰਦੋਲਨ ਗੈਰ ਮਨੁੱਖੀ ਮਸ਼ੱਕਤ ਦੇ ਖਿਲਾਫ ਸੀ ਉਹ ਹੁਣ ਅੰਡੇਮਾਨ ਜੇਲ੍ਹ ਦੇ ਖਿਲਾਫ ਹੀ ਹੋ ਗਿਆ ਸੀ। ਇਸ ਜੇਲ੍ਹ ਦੇ ਅਣਮਨੁੱਖੀ ਵਰਤਾਰੇ ਬਾਰੇ ਦੇਸ਼ ਦੇ ਅੰਦਰ ਵੀ ਬੁੱਧੀਜੀਵੀ ਧਿਰਾਂ ਆਵਾਜ਼ ਬਲੰਦ ਕਰਨ ਲੱਗ ਪਈਆਂ ਸਨ। ਅੰਡੇਮਾਨ ਦੀ ਜੇਲ੍ਹ ਦੇ ਨਰਕ ਖਿਲਾਫ ਜੇਲ੍ਹ ਦੇ ਅੰਦਰ ਵੀ ਤੇ ਬਾਹਰ ਵੀ ਅੰਦੋਲਨ ਹੋਣ ਲੱਗੇ। ਸਿੱਟੇ ਵਜੋਂ 1920 ਵਿਚ ਰਾਇਲ ਅੰਡੇਮਾਨ ਕਮਿਸ਼ਨ ਨੇ ਜੇਲ੍ਹ ਦਾ ਦੌਰਾ ਕੀਤਾ ਤੇ ਜੇਲ੍ਹ ਦੀਆਂ ਭੈੜੀਆਂ ਹਾਲਤਾਂ ਦੇਖ ਕੇ ਸਾਰੇ ਕੈਦੀ ਮੁਲਕ ਦੀਆਂ ਜੇਲ੍ਹ ਵਿਚ ਹੀ ਤਬਦੀਲ ਕਰਨ ਦੀ ਸ਼ਿਫਾਰਸ਼ ਕੀਤੀ ਗਈ। 1921 ਇਚ ਇਹ ਅਣਮਨੁੱਖੀ ਜੇਲ੍ਹ ਰਾਜਸੀ ਕੈਦੀਆਂ ਲਈ ਬੰਦ ਕਰ ਦਿੱਤੀ ਗਈ।

ਉਸ ਸਮੇਂ ਬਾਬਾ ਜਵਾਲਾ ਸਿੰਘ ਜੀ ਵੀ ਸਾਥੀਆਂ ਸਮੇਤ ਬੰਗਾਲ ਦੀ ਜੇਲ੍ਹ ਕੈਂਮਬਟੌਰ ਵਿਚ ਤਬਦੀਲ ਕਰ ਦਿੱਤੇ ਗਏ। ਇਹ ਮੋਪਲਿਆਂ ਦੇ ਗ਼ਦਰ ਦਾ ਜਮਾਨਾ ਸੀ। ਹਜਾਰਾ ਦੀ ਗਿਣਤੀ ਵਿਚ ਮੋਪਲੇ ਕੈਂਮਬਟੌਰ ਜੇਲ੍ਹ ਵਿਚ ਕੈਦ ਸਨ। ਇਨ੍ਹਾਂ ਕੈਦੀਆਂ ਲਈ ਜੇਲ੍ਹ ਵਿਚ ਨਾ ਖਾਣ ਦਾ ਵਧੀਆ ਪ੍ਰਬੰਧ ਸੀ ਤੇ ਨਾ ਹੀ ਰਹਾਇਸ਼ ਦਾ। ਜੇਲ੍ਹ ਵਿਚ ਮੋਪਲਿਆਂ ਦੇ ਬੱਚੇ ਤੇ ਔਰਤਾਂ ਵੀ ਉਨ੍ਹਾਂ ਅੰਦੋਲਨਕਾਰੀਆਂ ਦੇ ਨਾਲ ਹੀ ਭੁੱਖੇ ਮਰ ਰਹੇ ਸਨ। ਪਰ ਪੰਜਾਬੀ ਕੈਦੀਆਂ ਲਈ ਵੱਖਰਾ ਖਾਣ ਪੀਣ ਦਾ ਪ੍ਰਬੰਧ ਸੀ। ਬਾਬਾ ਜਵਾਲਾ ਸਿੰਘ ਅੰਦੋਲਨਕਾਰੀ ਮੋਪਲਿਆਂ ਦੇ ਬੱਚਿਆਂ ਨੂੰ ਆਪਣੀ ਰੋਟੀ ਵਿਚੋ ਰੋਟੀ ਦੇ ਦਿਆ ਕਰਦੇ ਸਨ। ਜੋ ਜੇਲ੍ਹ ਪ੍ਰੰਬਧਕਾਂ ਨੂੰ ਇਹ ਹਰਗਿਜ ਮੰਜੂਰ ਨਹੀਂ ਸੀ। ਜੇਲ੍ਹਰ ਨੇ ਕਈ ਵਾਰ ਬਾਬਾ ਜੀ ਨੂੰ ਅਜਿਹਾ ਕਰਨ ਤੋਂ ਮਨ੍ਹਾ ਕੀਤਾ ਪਰ ਬਾਬਾ ਜੀ ਲਈ ਇਹ ਸੰਭਵ ਹੀ ਨਹੀਂ ਸੀ ਕਿ ਦੇਸ਼ ਦੇ ਬੱਚੇ ਭੁੱਖੇ ਵਿਲਕ ਰਹੇ ਹੋਣ ਤੇ ਬਾਬਾ ਜੀ ਰੱਜ ਕੇ ਰੋਟੀ ਖਾ ਲੈਣ। ਬਾਬਾ ਜੀ ਨੇ ਉਨ੍ਹਾਂ ਵਾਸਤੇ ਜੇਲ੍ਹ ਵਿਚ ਭੁੱਖ ਹੜਤਾਲ ਕਰ ਦਿੱਤੀ। ਜੇਲ੍ਹ ਹਾਕਮ ਤਾਂ ਪਹਿਲਾਂ ਹੀ ਚਿੜੇ ਬੈਠੇ ਸਨ। ਹੁਣ ਉਨ੍ਹਾਂ ਨੂੰ ਬਹਾਨਾ ਮਿਲ ਗਿਆ ਸੀ ਉਨ੍ਹਾਂ ਨੇ ਬਾਬਾ ਜੀ ਨੂੰ ਆਪਣੇ ਖਾਣੇ ਵਿਚੋ ਮੋਪਲਿਆਂ ਦੇ ਬੱਚਿਆਂ ਨੂੰ ਖਾਣਾ ਦੇਣ ਦੇ ਜੁਰਮ ਵਿਚ ਤੀਂਹ ਬੈਂਤਾਂ ਦੀ ਸਜਾ ਸੁਣਾ ਦਿੱਤੀ। ਬਾਬਾ ਜਵਾਲਾ ਸਿੰਘ ਜੀ ਨੂੰ ਤੀਹ ਬੈਤਾਂ ਲਈ ਟਿਕਟਿਕੀ ਤੇ ਚਾੜ੍ਹ ਲਿਆ ਗਿਆ। ਬਾਬਾ ਜੀ ਨੇ ਫਿਰ ਹੱਸਦੇ ਹੱਸਦੇ ਇਹ ਸਜਾ ਬਰਦਾਸਤ ਕੀਤੀ। ਇਸ ਭੁੱਖ ਹੜਤਾਲ ਵਿਚ ਬਾਬਾ ਜੀ ਦਾ ਭਾਰ ਘੱਟਕੇ ਦੋ ਸੌ ਪੌਂਡ ਤੋਂ ਸੌ ਪੌਂਡ ਹੀ ਰਹਿ ਗਿਆ ਸੀ। ਜੇਲ੍ਹ ਦੀ ਬੱਦਸਲੂਕੀ ਵਿਰੁਧ ਬਾਬਾ ਜੀ ਨੂੰ ਜਾਨ ਦੀ ਬਾਜੀ ਲਾਉਣੀ ਪੈਂਦੀ ਤਾਂ ਉਹ ਇਹ ਵੀ ਲਾ ਦਿੰਦੇ। ਪਰ ਸਰਕਾਰ ਨੇ ਬਾਬਾ ਜਵਾਲਾ ਸਿੰਘ ਜੀ ਨੂੰ ਭੰਡਾਰਾ ਜੇਲ੍ਹ ਸੀ.ਪੀ. ਵਿਚ ਬਦਲ ਦਿੱਤਾ। ਬਾਬਾ ਜੀ ਨੇ ਇਸ ਤਰ੍ਹਾਂ ਸੰਘਰਸ ਕਰਕੇ ਆਪਣੀਆਂ ਜੇਲ੍ਹ ਸੰਬੰਧੀ ਸਾਰੀਆਂ ਮੰਗਾਂ ਮਨਵਾ ਲਈਆਂ।

ਦੇਸ਼ ਵਿਚ ਗ਼ਦਰ ਕਰਕੇ ਦੇਸ਼ ਨੂੰ ਆਜਾਦ ਕਰਵਾਉਣ ਆਏ ਗ਼ਦਰੀਆਂ ਦੀਆਂ ਸਜਾਵਾਂ ਪੂਰੀਆਂ ਹੋ ਚੱਕੀਆਂ ਸਨ ਪਰ ਸਰਕਾਰ ਰਿਹਆ ਕਰਨ ਦਾ ਨਾਮ ਤਕ ਨਹੀਂ ਸੀ ਲੈਂਦੀ ਸਗੋ ਕਿਸੇ ਆਨੇ ਬਹਾਨੇ ਜੇਲ੍ਹਾਂ ਅੰਦਰ ਹੋਰ ਤੇ ਹੋਰ ਤਸੀਹੇ ਦਿੱਤੇ ਜਾ ਰਹੇ ਸਨ। ਇਸ ਵਿਰੁਧ ਘੋਲ ਵੀ ਜੇਲ੍ਹਾਂ ਦੇ ਅੰਦਰ ਹੀ ਲੜ੍ਹਿਆ ਗਿਆ। ਜੇਲ੍ਹ ਦੇ ਅੰਦਰ ਕੈਦੀਆਂ ਨੇ ਫਿਰ ਭੁੱਖ ਹੜਤਾਲ ਕਰ ਦਿੱਤੀ ਸਰਕਾਰ ਨੂੰ ਕੈਦੀ ਛੱਡਣੇ ਪਏ, ਤਾਂ ਜਾ ਕੇ ਬਾਬਾ ਜਵਾਲਾ ਸਿੰਘ ਜੀ 1933 ਵਿਚ ਰਿਹਾ ਹੋਏ। ਇਹ ਗ਼ਦਰੀਆਂ ਦੀ ਬੜੀ ਵੱਡੀ ਜਿੱਤ ਸੀ। ਇਸੇ ਸਾਲ ਕਾਬਲ ਦੀ ਹਕੂਮਤ ਦੇ ਖਿਲਾਫ ਚਲ ਰਹੇ ਘੋਲ ਵਿਚ ਸ਼ਾਮਲ ਹੋ ਗਏ। ਪੰਜਾਬ ਵਿਚ ਵੀ ਇਹ ਜੋਰਾਂ ਉਪਰ ਸੀ। ਜਵਾਲਾ ਸਿੰਘ ਜੇਲ੍ਹ ਵਿੱਚੋਂ ਰਿਹਾ ਹੁੰਦੇ ਹੀ ਇਸ ਅੰਦੋਲਨ ਵਿਚ ਪ੍ਰਵੇਸ਼ ਕਰ ਗਏ। ਇਸੇ ਸਮੇ ਦੌਰਾਨ ਸ਼ਹੀਦ ਭਾਗ ਸਿੰਘ ਹੁਰਾਂ ਦੀ ਸਪੁੱਤਰੀ ਸਖਤ ਬਿਮਾਰ ਹੋ ਗਏ ਉਨ੍ਹਾਂ ਦੀ ਦੇਖ ਭਾਲ ਦੀ ਜੁੰਮੇਵਾਰੀ ਆਪ ਨੂੰ ਸੌਂਪੀ ਗਈ। ਪਰ ਬੜੇ ਯਤਨਾ ਨਾਲ ਵੀ ਸ਼ਹੀਦ ਦੀ ਇਮਾਨਤ ਨੂੰ ਬਚਾ ਨਾ ਸਕੇ। 1934, ਵਿਚ ਜਵਾਲਾ ਸਿੰਘ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਦੇ ਐਕਟਿੰਗ ਪ੍ਰਧਾਨ ਬਣੇ ਤੇ ਸ਼ਹੀਦਾਂ ਦੇ ਪਰਿਵਾਰਾਂ ਲਈ ਚੰਦਾ ਇਕੱਠਾ ਕਰਨ ਲਈ ਸਾਰੇ ਦੇਸ਼ ਦਾ ਭਰਮਣ ਕੀਤਾ। ਇਸੇ ਸਾਲ ਆਪ ਨੂੰ ਕਿਰਤੀ ਅਖਬਾਰ ਦੇ ਮੈਨੇਜਰ ਦੀ ਡੀਉਟੀ ਵੀ ਸੌਂਪ ਦਿੱਤੀ ਗਈ। 1935 ਦੇ ਸਾਲ ਆਪ ਨੂੰ ਫਿਰ ਗ੍ਰਿਫਤਾਰ ਕਰ ਲਿਆ ਗਿਆ ਤੇ ਇਕ ਸਾਲ ਦੀ ਸਖਤ ਸਜਾ ਹੋਈ। ਜਦੋਂ ਹੀ ਬਾਬਾ ਜੀ ਰਿਹਆ ਹੋਏ ਉਸੇ ਸਾਲ ਨਵੀਂ ਰਾਜ ਬਣਤਰ ਹੇਠ ਚੋਣਾ ਦੀ ਤਿਆਰੀ ਹੋ ਰਹੀ ਸੀ। ਇਸ ਵਿਚ ਸੋਸਲਿਸਟ ਉਮੀਦਵਾਰਾਂ ਨੂੰ ਸਫਲ ਬਨਾਉਣ ਲਈ ਦੇਸ਼ ਭਗਤ ਇਲੈਕਸ਼ਨ ਬੋਰਡ ਕਾਇਮ ਕੀਤਾ ਗਿਆ ਜਵਾਲਾ ਸਿੰਘ ਜੀ ਇਸ ਬੋਰਡ ਦੇ ਪ੍ਰਧਾਨ ਬਣੇ।



ਚੋਣਾਂ ਦੇ ਸੰਬੰਧ ਵਿਚ ਘੁੰਮਣ 'ਤੇ ਤਲਖ ਤਜਰਬਾ ਹੋਇਆ ਕਿ ਦੇਸ਼ ਨੂੰ ਅੰਨ ਦੇਣ ਵਾਲੇ ਕਿਸਾਨ ਦੀ ਹਾਲਤ ਤਾਂ ਬਹੁਤ ਮਾੜੀ ਹੈ ਤੇ ਇਸ ਦਾ ਇਕੋ ਇਕ ਕਾਰਨ ਕਿਸੇ ਜਥੇਬੰਦੀ ਦੀ ਅਣਹੋਂਦ ਹੀ ਸੀ। ਬਾਬਾ ਜੀ ਨੇ ਪੰਜਾਬ ਦੇ ਕਿਸਾਨਾ ਦੀ ਪਹਿਲੀ ਜਥੇਬੰਦੀ ਬਣਾਈ। ਥੋੜੇ ਹੀ ਸਮੇਂ ਵਿਚ,75000 ਕਿਸਾਨ ਇਸ ਦੇ ਮੈਬਰ ਬਣ ਗਏ। ਇਸ ਜਥੇਬੰਦੀ ਦੀ ਪ੍ਰਧਾਨਗੀ ਦੀ ਜਿੰਮੇਵਾਰੀ ਵੀ ਬਾਬਾ ਜੀ ਦੇ ਸਿਰ ਹੀ ਸੀ। ਨੀਲੀਬਾਰ ਵਿਚ ਜਦੋਂ 50,000 ਮੁਜਾਰਿਆਂ ਨੇ ਜਿੰਮੀਂਦਾਰਾਂ ਦੇ ਜੁਲਮਾਂ ਵਿਰੁਧ ਹੜਤਾਲ ਕੀਤੀ ਤਾਂ ਬਾਬਾ ਜੀ ਆਪਣੇ ਸਾਥੀਆਂ ਨਾਲ ਉਸ ਅੰਦੋਲਨ ਵਿਚ ਸ਼ਾਮਲ ਹੋ ਗਏ।

ਆਪਣੀ ਜਿੰਦਗੀ ਦੀ ਆਖਰੀ ਲੜਾਈ ਉਨ੍ਹਾਂ ਨੇ ਨੀਲੀਬਾਰ ਵਿਚ ਲੜੀ। ਜਦੋਂ 50,000 ਮੁਜ਼ਾਰਿਆਂ ਨੇ ਜਿੰਮੀਦਾਰਾਂ ਦੇ ਜੁਲਮੋਂ ਸਿਤਮ ਦੇ ਵਿਰੁਧ ਹੜਤਾਲ ਕੀਤੀ ਸੀ। ਬਾਬਾ ਜੀ ਆਪਣੇ ਸਾਥੀਆਂ ਸਮੇਤ ਉਨ੍ਹਾਂ ਦੇ ਘੋਲ ਦਾ ਸਾਥ ਦੇਣ ਲਈ ਉੱਥੇ ਪਹੁੰਚੇ ਸਨ ਤੇ ਮੁਜ਼ਾਰਿਆਂ ਦੀ ਧਿਰ ਬਣਕੇ ਖੜ ਗਏ ਸਨ। ਇਸ ਸੰਘਰਸ਼ ਨੂੰ ਦੇਸ਼ ਵਿਆਪੀ ਹੁੰਗਾਰਾ ਮਿਲਣ ਨਾਲ ਮੁਜ਼ਾਰਿਆਂ ਦੀ ਜਿੱਤ ਹੋਈ ਸੀ। ਬਾਬਾ ਭਗਤ ਸਿੰਘ ਬਿਲਗਾ ਨੇ ਲਿਖਿਆ ਹੈ ਕਿ " ਇਹ ਮੁਜ਼ਾਰਿਆਂ ਦੀ ਪਹਿਲੀ ਵੱਡੀ ਜਿੱਤ ਸੀ।"

1938,ਵਿਚ ਕੋਮੀਲਾ (ਬੰਗਾਲ) ਵਿਚ ਹੋਣ ਵਾਲੀ ਆਲ ਇੰਡੀਆ ਕਿਸਾਨ ਕਾਨਫਰੰਸ ਵਿਚ ਸ਼ਾਮਲ ਹੋਣ ਲਈ ਇਸੇ ਦੀਆਂ ਤਿਆਰੀਆਂ ਦੇ ਸੰਬੰਧ ਵਿਚ 6, ਮਈ 1938, ਵਿਚ ਬੱਸ ਰਾਹੀ ਲਾਹੌਰ ਨੂੰ ਜਾ ਰਹੇ ਸਨ। ਰਸਤੇ ਵਿਚ ਦੋ ਬੱਸਾਂ ਦੀ ਭਿਆਨਕ ਟੱਕਰ ਹੋ ਗਈ। ਬਾਬਾ ਜੀ ਨੂੰ ਵੀ ਸਖਤ ਚੋਟਾਂ ਲੱਗੀਆਂ। ਚਾਰ ਪੱਸਲੀਆਂ ਟੁੱਟ ਗਈਆਂ ਤੇ ਖੱਬੀ ਬਾਂਹ ਵੀ ਚੂਰ ਚੂਰ ਹੋ ਗਈ। ਅਣਗਿਣਤ ਸੱਟਾਂ ਦੀ ਤਾਬ ਝੱਲਦੇ ਹੋਏ ਵੀ ਬਾਬਾ ਜਵਾਲਾ ਸਿੰਘ ਜੀ ਪੂਰੀ ਹੋਸ਼ ਵਿਚ ਸਨ। ਕਿਸਾਨ ਅੰਦੋਲਨ ਨੂੰ ਲਾਮਬੰਦ ਕਰਨ ਵਾਲਾ ਇਹ ਯੋਧਾ ਆਖਰ ਆਪਣੇ ਖ਼ੂਨ ਦੇ ਆਖਰੀ ਕਿਣਕੇ ਨਾਲ ਇਸ ਲਹਿਰ ਨੂੰ ਸਿੰਝਕੇ 9, ਮਈ 1938 ਨੂੰ ਸਵੇਰੇ ਸਵੱਖਤੇ ਹੀ ਇਸ ਜਹਾਨ ਤੋਂ ਕੂਚ ਕਰ ਗਿਆ।

ਡਾ. ਭਾਗ ਸਿੰਘ ਸਾਰੀ ਉਮਰ ਬਾਬਾ ਜੀ ਦੇ ਨਾਲ ਰਹੇ.। ਉਨ੍ਹਾਂ ਨੇ ਜਵਾਲਾ ਸਿੰਘ ਜੀ ਬਾਰੇ ਇਕ ਛੋਟੀ ਕਿਤਾਬ ਲਿਖੀ ਸੀ। ਜਿਨ੍ਹਾਂ ਦੇ ਮੁਤਾਬਕ ਜਦੋਂ ਬਾਬਾ ਜੀ ਦੀ ਮੌਤ ਹੋਈ ਉਹ 72 ਸਾਲਾਂ ਦੇ ਸਨ। ਇਸ ਅਨੁਮਾਨ ਨਾਲ ਅਸੀ ਇਹ ਕਹਿ ਸਕਦੇ ਹਾਂ ਕਿ ਉਨ੍ਹਾਂ ਦਾ ਜਨਮ 1866 ਈ. ਵਿਚ ਬਾਬਾ ਬਕਾਲਾ ਲਾਗੇ ਪਿੰਡ ਠੱਠੀਆਂ ਵਿਚ ਸਰਦਾਰ ਘਨਈਆ ਜੀ ਦੇ ਘਰ ਹੋਇਆ ਸੀ।( ਮੈਨੂੰ ਅਫਸੋਸ ਹੈ ਕਿ ਮੈਂ ਉਨ੍ਹਾਂ ਜੀ ਜਨਮ ਤਰੀਕ ਤੇ ਮਾਤ ਜੀ ਬਾਰੇ ਠੀਕ ਜਾਣਕਾਰੀ ਇਕੱਠੀ ਨਹੀਂ ਕਰ ਸਕਿਆ ) ਲੋਕਾਂ ਲਈ ਜੀਣ ਵਾਲਾ ਤੇ ਲੋਕਾਂ ਲਈ ਮਰਨ ਵਾਲੇ ਇਸ ਯੋਧੇ ਦੇ ਪਿੰਡ ਵਿਚ ਅੱਜ ਉਸ ਦੇ ਨਾਮ 'ਤੇ ਕੁਝ ਵੀ ਅਜਿਹਾ ਨਹੀਂ ਜਿਸ ਰਾਹੀ ਉਸ ਪਿੰਡ ਦੇ ਨੌਜਵਾਨ ਤੇ ਬੱਚੇ ਉਸ ਮਹਾਨ ਨਾਇਕ ਨੂੰ ਜਾਣ ਸਕਣ।

☛ ਬਾਕੀ ਸਫ਼ਾ 41 'ਤੇ

A City Limos Ltd.
Ph: 780-462-4940
Toll Free: 1-888-462-4623

Wedding
School Proms
Birthday
City Tours
Airport Service
Edmonton-Calgary Vancouver

Contact
780-951-7260
e-mail: dhaliwalsd@hotmail.com, www.acitylimousine.com

ਸਫ਼ਾ 32 ਦੀ ਬਾਕੀ

# ਬੰਦਾ ਬਹਾਦਰ ਬਾਰੇ ਇਤਿਹਾਸਕ ਤੱਥਾਂ ਦੀ ਪੇਸ਼ਕਾਰੀ

ਵੱਡਾ ਮੁਅਜ਼ਮ, ਜੋ ਉਸ ਸਮੇਂ ਕਾਬਲ ਦਾ ਗਵਰਨਰ ਸੀ, ਲਾਹੌਰ ਦੀ ਗਵਰਨਰੀ ਦੀ ਵੀ ਦੇਖ ਰੇਖ ਕਰਦਾ ਸੀ, ਉਸ ਨੇ ਆਪਣੇ ਭਰੋਸੇਦਾਰ ਮੁਨਿਅਮ ਖ਼ਾਂ ਨੂੰ ਲਾਹੌਰ ਦਾ ਸਰਬਾ-ਸਰਬ ਬਣਾਇਆ ਹੋਇਆ ਸੀ, ਦੂਜਾ ਮੁਹੰਮਦ ਆਜ਼ਮ ਸ਼ਾਹ ਔਰੰਗਜ਼ੇਬ ਦੇ ਨਾਲ ਸੀ। ਤੀਜਾ ਕਾਮ ਬਖ਼ਸ਼ ਬੀਜਾਪੁਰ ਵਿਖੇ ਸੀ। ਮੁਅਜ਼ਮ ਬਾਕੀ ਦੋ ਭਰਾਵਾਂ ਤੋਂ ਘੱਟ ਤੁਅਸਵੀ ਸੀ ਅਤੇ ਧਾਰਮਕ ਅਮਨ ਸਹਿਹੋਂਦ ਵਿਚ ਯਕੀਨ ਰੱਖਦਾ ਸੀ। ਨੰਦ ਲਾਲ ਗੋਇਆ ਉਸ ਲਈ ਸਹਾਇਤਾ ਪ੍ਰਾਪਤ ਕਰਨ ਲਈ ਸਿੱਖ ਹਾਕਮ ਰਾਏ ਨੂੰ ਨਾਲ ਲੈ ਕੇ ਆਪਣੇ ਡਿਪਲੋਮੈਟਿਕ ਮਿਸ਼ਨ 'ਤੇ ਬਘੌਰ ਵਿਖੇ ਗੁਰੂ ਜੀ ਨੂੰ ਆ ਮਿਲਿਆ। ਹੇਠ ਲਿਖੀਆਂ ਚਾਰ ਮੱਦਾਂ ਤੇ ਮੁਅਜ਼ਮ ਦੀ ਸਹਾਇਤਾ ਕਰਨ ਲਈ ਸ਼ਰਤਨਾਮੇ 'ਤੇ ਸਹਿਮਤੀ ਹੋ ਗਈ।

1. ਬਾਦਸ਼ਾਹ ਹਿੰਦੂ ਤੇ ਮੁਸਲਮਾਨਾਂ ਨੂੰ ਸਮਾਨ ਸਮਝੇਗਾ
2. ਜਨਤਾ ਨਾਲ ਇਨਸਾਫ਼ ਕੀਤਾ ਜਾਵੇਗਾ।
3. ਧਰਮ ਹਰ ਇਕ ਦਾ ਆਪਣਾ ਨਿੱਜੀ ਮਾਮਲਾ ਹੋਵੇਗਾ, ਰਾਜ ਇਸ ਵਿਚ ਦਖ਼ਲ ਨਹੀਂ ਦੇਵੇਗਾ।
4. ਬਾਦਸ਼ਾਹ ਜ਼ੁਲਮ ਕਰਨ ਵਾਲੇ ਪੰਥ ਦੋਖੀਆਂ ਨੂੰ ਸਜ਼ਾਵਾਂ ਦੇਵੇਗਾ। ਜੰਜੂਆ ਦੇ ਸਥਾਨ 'ਤੇ ਦਿੱਲੀ ਤਖ਼ਤ ਲਈ ਭਰਾਵਾਂ ਵਿਚ ਗਹਿਗੱਚ ਲੜਾਈ ਹੋਈ। ਗੁਰੂ ਜੀ ਦੀ ਸਰਗਰਮ ਸ਼ਮੂਲੀਅਤ ਰਾਹੀਂ ਹੀ ਮੁਅਜ਼ਮ (ਬਹਾਦਰ ਸ਼ਾਹ) ਦੀ ਜਿੱਤ ਹੋਈ। ਗੁਰੂ ਜੀ ਦੇ ਤੀਰ ਨਾਲ ਹੀ ਆਜ਼ਮ ਮਾਰਿਆ ਗਿਆ ਸੀ।

ਇਥੋਂ ਲੇਖਕ ਬਿਲਕੁਲ ਇਕ ਹੋਰ ਵੱਖਰਾ ਹੀ ਰਾਹ ਅਖ਼ਤਿਆਰ ਕਰਦਾ ਹੈ। ਮੁਨੀਅਮ ਖ਼ਾਂ ਨੇ ਮੁਅਜ਼ਮ (ਗਵਰਨਰ ਕਾਬਲ) ਦੇ ਕਹਿਣ 'ਤੇ ਪੰਜਾਬ ਤੋਂ ਫ਼ੌਜ ਵਿਚ ਸਿੱਖਾਂ ਦੀ ਭਰਤੀ ਦੀ ਮੁਹਿੰਮ ਚਲਾਈ। ਵੱਖਰੀ ਫ਼ੌਜੀ ਟੁਕੜੀ ਦਾ ਗਠਨ ਕੀਤਾ, ਜਿਸ ਨੂੰ ਗੁਰੂ ਦੀ ਸੰਗਤ ਕਹਿੰਦੇ ਸਨ, ਬੰਦਾ ਸਿੰਘ ਬਹਾਦਰ ਇਸ ਦਾ ਆਗੂ ਸੀ। ਜੰਜੂਅ ਦੇ ਸਥਾਨ 'ਤੇ ਦਿੱਲੀ ਦੇ ਤਖ਼ਤ ਲਈ ਔਰੰਗਜ਼ੇਬ ਦੇ ਪੁੱਤਰਾਂ ਵਿਚ ਹੋਈ ਲੜਾਈ ਵਿਚ ਬੰਦਾ ਸਿੰਘ ਬਹਾਦਰ ਦੀ ਕਮਾਨ ਹੇਠ ਇਸੇ ਟੁਕੜੀ ਦੀ ਸ਼ਮੂਲੀਅਤ ਦੀ ਗੱਲ ਕਰਦਾ ਹੈ। ਇਤਿਹਾਸਕ ਤੱਥਾਂ ਦੇ ਉਲਟ ਲਿਖਦਾ ਹੈ ਕਿ ਗੁਰੂ ਜੀ ਤਾਂ ਜੰਜੂਆ ਦੇ ਸਥਾਨ 'ਤੇ ਹੋਈ ਲੜਾਈ ਵਿਚ ਸ਼ਾਮਲ ਹੀ ਨਹੀਂ ਸਨ। ਇਕ ਹੋਰ ਭੁਲੇਖਾ ਖੜਾ ਕਰਨ ਦਾ ਯਤਨ ਕਰਦਾ ਹੈ, 'ਇਤਿਹਾਸਕਾਰ ਭੁਲੇਖਾ ਖਾ ਗਏ ਕਿਉਂਕਿ ਬੰਦੇ ਬਹਾਦਰ ਦਾ ਕੱਦ ਕਾਠ ਗੁਰੂ ਜੀ ਨਾਲ ਮੇਲ ਖਾਂਦਾ ਸੀ।' ਹੈਰਾਨੀ ਹੁੰਦੀ ਹੈ ਕਿ ਕੀ ਇਤਿਹਾਸਕਾਰ ਐਡੇ ਹੀ ਕਮ ਅਕਲ ਸਨ ਕਿ ਦੋ ਅਹਿਮ ਸਖ਼ਸ਼ੀਅਤਾਂ ਜੋ ਵੱਖੋ ਵੱਖਰੀ ਆਪਣੀ ਆਪਣੀ ਪ੍ਰਤਿਭਾ ਰੱਖਦੀਆਂ ਸਨ, ਵਿਚ ਅੰਤ ਨਾ ਕਰ ਸਕੇ।

ਡਾ. ਸੁਖਦਿਆਲ ਸਿੰਘ ਤਾਂ ਇਥੋਂ ਤਕ ਕਹਿਣ ਵਿਚ ਚਲਿਆ ਗਿਆ, ਕਿ "ਸੈਨਿਕਾਂ ਦੀ ਟੁਕੜੀ ਪਹਿਲਾਂ ਬਹਾਦਰ ਸ਼ਾਹ ਕੋਲ ਸੀ, ਜਿਸ ਦਾ ਕਮਾਂਡਰ ਬੰਦਾ ਸਿੰਘ ਬਹਾਦਰ ਸੀ, ਕਈ ਨਵੇਂ ਸੈਨਿਕ ਗੁਰੂ ਜੀ ਨੇ ਨਹੀਂ ਦਿੱਤੇ।" ਬੰਦਾ ਸਿੰਘ ਇਸੇ ਫ਼ੌਜੀ ਟੁਕੜੀ ਨਾਲ ਗੁਰੂ ਜੀ ਨੂੰ ਦੱਖਣ ਵਿਚ ਮਿਲਿਆ ਸੀ। ਸਮਝੌਤੇ 'ਤੇ ਅਮਲ ਨਾ ਹੋਣ ਦੀ ਸੂਰਤ ਵਿਚ ਗੁਰੂ ਜੀ ਨੇ ਬੰਦਾ ਬਹਾਦਰ ਦੀ ਇਸੇ ਟੁਕੜੀ ਤੇ ਹੋਰ ਖ਼ਾਲਸਾ ਫ਼ੌਜ ਦੋਖੀਆਂ ਨੂੰ ਸੋਧਣ ਪੰਜਾਬ ਵੱਲ ਤੋਰੀ ਸੀ। ਡਾ. ਸੁਖਦਿਆਲ ਆਪਣੀ ਪੁਸਤਕ 'ਖ਼ਾਲਸਾ ਰਾਜ ਦਾ ਬਾਨੀ ਬੰਦਾ ਬਹਾਦਰ' ਦੇ ਪੰਨਾ ਨੰਬਰ 10 'ਤੇ ਲਿਖਦਾ ਹੈ, "ਬੰਦਾ ਬਹਾਦਰ ਨਾਲ ਨੰਦੇੜ ਸਾਹਿਬ ਤੋਂ ਹੀ ਬਹੁਤ ਵੱਡੀ ਫ਼ੌਜ ਸੀ, ਇਸ ਵਿਚ ਉਹ ਸਿੱਖ ਫ਼ੌਜ ਵੀ ਸੀ, ਜੋ ਬਾਦਸ਼ਾਹ ਬਹਾਦਰ ਸ਼ਾਹ ਨਾਲ ਸੀ। ਗੁਰੂ ਜੀ ਉਪਰ ਮਾਰੂ ਹਮਲਾ ਹੋ ਜਾਣ ਦੀ ਖ਼ਬਰ ਸੁਣ ਕੇ ਬਾਦਸ਼ਾਹ ਵਿਚਲੀ ਸਿੱਖ ਫ਼ੌਜ ਗੁਰੂ ਜੀ ਕੋਲ ਪੁੱਜ ਗਈ। ਗੁਰੂ ਜੀ ਦੇ ਜੋਤੀ ਜੋਤ ਸਮਾਉਣ ਪਿਛੋਂ ਇਸ ਫ਼ੌਜ ਨੇ ਨੰਦੇੜ ਸਾਹਿਬ ਵਿਖੇ ਤਰਥੱਲੀ ਮਚਾ ਦਿੱਤੀ ਭਾਵੇਂ ਤੱਥਾਂ ਨੂੰ ਦੱਸਣ ਵਾਲੇ ਸਪੱਸ਼ਟ ਸਰੋਤ ਅਜੇ ਤਕ ਸਾਨੂੰ ਮਿਲੇ ਨਹੀਂ ਪਰ ਕੁਝ ਅਸਪੱਸ਼ਟ ਸਰੋਤਾਂ ਤੋਂ ਇਸ ਦੀ ਪੁਸ਼ਟੀ ਹੁੰਦੀ ਲਗਦੀ ਹੈ।"

ਡਾ. ਸੁਖਦਿਆਲ ਸਿੰਘ ਆਪਣੇ ਹੀ ਸਰੋਤਾਂ ਨੂੰ ਅਸਪੱਸ਼ਟ ਤੇ ਅਪੁਸ਼ਟ ਕਹਿੰਦਾ ਹੈ। ਉਸ 'ਤੇ ਹਰਪਾਲ ਸਿੰਘ ਕਿਉਂ ਐਵੇਂ ਕਲਮ ਘਸਾਈ ਕਰੀ ਜਾ ਰਿਹਾ ਹੈ। ਹੁਣ ਲੇਖਕ ਆਪਣੀ ਲੇਖ ਲੜੀ ਨੂੰ ਕਿਧਰ ਨੂੰ ਤੋਰੇਗਾ ਇਹ ਤਾਂ ਉਹ ਹੀ ਜਾਣਨ। ਕਿਸੇ ਇਤਿਹਾਸਕਾਰ ਵਲੋਂ ਬੰਦਾ ਸਿੰਘ ਬਹਾਦਰ ਤੇ ਉਸ ਦੇ ਰਾਜ ਬਾਰੇ ਲਿਖੇ ਅਪਸ਼ਬਦਾਂ ਦਾ ਬੇਲੋੜਾ ਗੁੱਸਾ ਨਹੀਂ ਕਰਨਾ ਚਾਹੀਦਾ। ਰਾਜ ਹਮੇਸ਼ਾ ਹੀ ਜਮਾਤੀ ਹੁੰਦਾ ਹੈ। ਆਪਣੀ ਜਮਾਤ ਦੀ ਪ੍ਰਤੀਨਿਧਤਾ ਕਰਦਾ ਹੈ ਤੇ ਉਸ ਦੇ ਹੱਕ ਵਿਚ ਭੁਗਤਦਾ ਹੈ। ਬੰਦਾ ਬਹਾਦਰ ਦਾ ਰਾਜ ਗੁਰੂ ਗੋਬਿੰਦ ਸਿੰਘ ਦੇ ਖਾਲਸਾਈ ਆਸ਼ੇ ਮੰਨਸ਼ੇ ਅਨੁਸਾਰ ਰਹੇ ਹਨ। ਪਾਤਸ਼ਾਹੀ ਦੇ ਸੰਕਲਪ ਨਾਲ ਸਮਾਜ ਦੇ ਨਿਤਾਣੇ, ਹਾਸ਼ੀਏ 'ਤੇ ਧੱਕੇ ਗਏ ਅਸਮਰਥ ਵਰਗ ਦੀ ਪ੍ਰਤੀਨਿਧਤਾ ਕਰਦਿਆਂ ਕਿਰਤ ਕਰ ਕੇ ਖਾਣ ਵਾਲੇ ਵਾਹੀਕਾਰਾਂ, ਕਾਸ਼ਤਕਾਰਾਂ, ਕਿਰਤੀਆਂ ਹਰ ਧਰਮ ਦੀ ਕਦਰ ਕਰਨ ਵਾਲਿਆਂ ਦਾ ਰਾਜ ਸੀ। ਇਹੀ ਲੋਕ ਸਨ, ਜੋ ਉਸ ਨੂੰ ਆਪਣਾ ਮਸੀਹਾ ਮੰਨਦੇ ਸਨ, ਇਨਹੂੰ ਕੋ ਦਊਂ ਪਾਤਸ਼ਾਹੀ ਗੁਰੂ ਗੋਬਿੰਦ ਸਿੰਘ ਵਲੋਂ ਸੰਗਠਤ ਕੀਤੇ ਖ਼ਾਲਸਾ ਪੰਥ ਦੇ ਸਹੀ ਅਸੂਲਾਂ ਅਨੁਸਾਰ ਸੀ। ਤੁਅੱਸਬੀ ਕੱਟੜ ਮੁਸਲਮਾਨ ਜ਼ਾਲਮ ਮੁਗ਼ਲ ਸ਼ਾਸਕ ਜੋ ਜਗੀਰਦਾਰੀ ਸਾਮੰਤਵਾਦੀਆਂ, ਲੁਟੇਰਿਆਂ ਦੀਆਂ ਹੀ ਸੁੱਖ ਸਹੂਲਤਾਂ ਤੇ ਐਸ਼ੋ ਇਸ਼ਰਤ ਦਾ ਧਿਆਨ ਰੱਖਦੇ ਸਨ। ਉਨਾਂ ਲਈ ਬੰਦਾ ਬਹਾਦਰ ਜਮਦੂਤ ਤੇ ਜ਼ਾਲਮ ਸੀ। ਪੰਜਾਬ ਦੇ ਅਜੋਕੇ ਹਾਕਮ ਜੋ ਪੰਥਕ ਪ੍ਰਤੀਨਿਧ ਹੋਣ ਦਾ ਦਮ ਭਰਦੇ ਹਨ। ਮਹਾਰਾਜਾ ਰਣਜੀਤ ਸਿੰਘ ਦਾ ਰਾਜ ਲਿਆਉਣ ਦੀ ਗੱਲ ਤਾਂ ਕਰਦੇ ਹਨ, ਬੰਦੇ ਬਹਾਦਰ ਵਰਗੇ ਰਾਜ ਦੀ ਗੱਲ ਨਹੀਂ ਕਰਦੇ ਕਿਉਂਕਿ ਅਜਿਹਾ ਰਾਜ ਉਨਾਂ ਦੇ ਜਮਾਤੀ ਹਿਤਾਂ ਦੀ ਤਰਜ਼ਮਾਨੀ ਨਹੀਂ ਕਰਦਾ।

ਅਖ਼ੀਰ 'ਤੇ ਮੈਂ ਵਿਦਵਾਨ, ਇਤਿਹਾਸਕਾਰਾਂ, ਇਤਿਹਾਸ ਦੇ ਖੋਜੀਆਂ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਉਹ ਪ੍ਰਾਆਯੋਜਤ, ਮਨ ਇੱਛਤ, ਮਨ ਵਾਂਛਤ ਨਤੀਜੇ ਕੱਢਣ ਲਈ ਪਾਠਕਾਂ ਸਾਹਮਣੇ ਅਸਪੱਸ਼ਟ, ਅਪੁਸ਼ਟ ਇਤਿਹਾਸਕ ਘਟਨਾਵਾਂ, ਮਿਤੀਆਂ, ਮਿਥਾਂ ਅਤੇ ਵੇਰਵਿਆਂ ਨੂੰ ਨਾ ਲਿਖਣ। ਇਸ ਨਾਲ ਹੋਰ ਵਿਗਾੜ ਪੈਦਾ ਹੁੰਦਾ ਹੈ ਅਤੇ ਧੁੰਦਲਕਾ ਫ਼ੈਲਦਾ ਹੈ ਅਤੇ ਕੌਮ ਦਾ ਨੁਕਸਾਨ ਹੁੰਦਾ ਹੈ। ਇਤਿਹਾਸ ਨੂੰ ਦਰੁਸਤ ਜਮਾਤੀ ਪ੍ਰੀਪੇਖ ਵਿਚ ਹੀ ਵਾਚਣਾ ਚਾਹੀਦਾ ਹੈ। ਮੈਂ ਸੁਰਜੀਤ ਸਿੰਘ ਪੰਛੀ, ਪ੍ਰਸਿੱਧ ਸਿੱਖ ਇਤਿਹਾਸ ਦੇ ਖੋਜਕਾਰ ਦਾ ਵੀ ਧੰਨਵਾਦ ਕਰਦਾ ਹਾਂ, ਜਿਨਾਂ ਮੈਨੂੰ ਪੁਰਾਤਨ ਇਤਿਹਾਸ ਦੀ ਪੁਸਤਕ ਸਮਗਰੀ ਮੁਹੱਈਆ ਕਰਵਾਈ।

ਪਹਿਲੇ ਸਫ਼ੇ ਦੀ ਬਾਕੀ

## ਦਾਗੀ ਸੰਸਦ ਮੈਂਬਰਾਂ ਬਾਰੇ ਆਰਡੀਨੈਂਸ ਵਾਪਸ

"ਕੇਂਦਰੀ ਕੈਬਨਿਟ ਨੇ ਸਰਬਸੰਮਤੀ ਨਾਲ ਰੀਪਰਜੈਂਟੇਸ਼ਨ ਆਫ਼ ਦੀ ਪੀਪਲਜ਼ ਐਕਟ ਦੀਆਂ ਕੁਝ ਸ਼ਰਤਾਂ ਬਾਰੇ ਲਾਏ ਜਾਣ ਵਾਲੇ ਆਰਡੀਨੈਂਸ ਦੇ ਨਾਲ ਹੀ (ਸੰਸਦ 'ਚ ਲਟਕੇ) ਬਿਲ ਨੂੰ ਵਾਪਸ ਲੈਣ ਦ ਫ਼ੈਸਲਾ ਕੀਤਾ ਹੈ।" ਇਸ ਸਬੰਧੀ ਕਾਂਗਰਸ ਦੇ ਉਪ ਪ੍ਰਧਾਨ ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨਾਲ ਮੁਲਾਕਾਤ ਕੀਤੀ। ਮੀਟਿੰਗ ਵਿਚ ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਨਾਲ ਸਖ਼ਤ ਭਾਸ਼ਾ ਦੀ ਵਰਤੋਂ ਕਰਨ 'ਤੇ ਅਫ਼ਸੋਸ ਪ੍ਰਗਟ ਕੀਤਾ। ਇਸ ਤੋਂ ਬਾਅਦ ਸੋਨੀਆ ਗਾਂਧੀ ਦੀ ਅਗਵਾਈ ਵਿਚ ਕਾਂਗਰਸ ਕੋਰ ਗਰੁੱਪ ਦੀ ਮੀਟਿੰਗ ਹੋਈ।

ਆਰਡੀਨੈਂਸ ਨੂੰ ਲੈ ਕੇ ਰਾਹੁਲ ਗਾਂਧੀ ਨੇ ਜਨਤਕ ਤੌਰ 'ਤੇ ਦਿੱਤੇ ਬਿਆਨ ਅਤੇ ਵਿਰੋਧੀ ਧਿਰ ਦੇ ਨਾਲ-ਨਾਲ ਸਹਿਯੋਗੀਆਂ ਦੇ ਦਬਾਅ ਤੋਂ ਬਾਅਦ ਸਰਕਾਰ ਨੇ ਇਸ ਨੂੰ ਵਾਪਸ ਲੈਣ ਦੇ ਇਰਾਦੇ ਬਾਰੇ ਦੱਸ ਦਿੱਤਾ ਸੀ। ਜਿਹੜੀਆਂ ਸਹਿਯੋਗੀ ਧਿਰਾਂ ਦੇ ਆਗੂਆਂ ਨਾਲ ਗੱਲਬਾਤ ਕੀਤੀ ਗਈ, ਉਨ੍ਹਾਂ ਵਿਚ ਐਨ.ਸੀ.ਪੀ. ਦੇ ਸ਼ਰਦ ਪਵਾਰ ਅਤੇ ਰਾਸ਼ਟਰੀ ਲੋਕ ਦਲ ਦੇ ਅਜੀਤ ਸਿੰਘ ਪ੍ਰਮੁੱਖ ਹਨ। ਪ੍ਰਧਾਨ ਮੰਤਰੀ ਨੇ ਇਸ ਮੁੱਦੇ 'ਤੇ ਅਟਾਰਨੀ ਜਨਰਲ ਨਾਲ ਵੀ ਗੱਲ ਕਰ ਕੇ ਸਲਾਹ ਲਈ ਸੀ। ਰਾਹੁਲ ਗਾਂਧੀ ਨੇ ਇਸ ਆਰਡੀਨੈਂਸ ਨੂੰ 'ਬਕਵਾਸ' ਕਹਿ ਕੇ 'ਪਾੜ ਕੇ ਰੱਦੀ ਦੀ ਟੋਕਰੀ ਵਿਚ ਸੁੱਟਣ' ਦੀ ਗੱਲ ਕਹੀ ਸੀ। ਇਹ ਉਦੋਂ ਦੀ ਗੱਲ ਹੈ ਜਦੋਂ ਪ੍ਰਧਾਨ ਮੰਤਰੀ ਸੰਯੁਕਤ ਰਾਸ਼ਟਰ ਦੀ ਸਾਲਾਨਾ ਆਮ ਸਭਾ ਵਿਚ ਸ਼ਾਮਲ ਹੋਣ ਲਈ ਨਿਊਯਾਰਕ ਗਏ ਸਨ।

## ਚਾਰਾ ਘੁਟਾਲੇ ਵਿਚ ਲਾਲੂ ਨੂੰ ਪੰਜ ਸਾਲ ਦੀ ਕੈਦ

ਇਸ ਤੋਂ ਇਲਾਵਾ ਜਨਤਾ ਦਲ ਯੂਨਾਈਟਡ ਦੇ ਸੰਸਦ ਮੈਂਬਰ ਜਗਦੀਸ਼ ਸ਼ਰਮਾ 'ਤੇ ਚਾਰ ਸਾਲ ਦੀ ਕੈਦ ਅਤੇ ਪੰਜ ਲੱਖ ਰੁਪਏ ਜੁਰਮਾਨਾ ਲਾਇਆ ਹੈ। ਸਾਬਕਾ ਵਿਧਾਇਕ ਆਰ.ਕੇ. ਰਾਣਾ ਨੂੰ ਪੰਜ ਸਾਲ ਅਤੇ 30 ਲੱਖ ਰੁਪਏ ਦਾ ਜੁਰਮਾਨੇ, ਬੈਕ ਜੁਲੀਅਸ ਨੂੰ ਚਾਰ ਸਾਲ ਦੀ ਸਜ਼ਾ ਅਤੇ ਦੋ ਲੱਖ ਰੁਪਏ ਜੁਰਮਾਨੇ, ਫੂਲਚੰਦਰ ਸਿੰਘ ਨੂੰ ਚਾਰ ਸਾਲ ਦੀ ਸਜ਼ਾ ਅਤੇ ਦੋ ਲੱਖ ਰੁਪਏ ਜੁਰਮਾਨੇ, ਮਹੇਸ਼ ਪ੍ਰਸਾਦ ਨੂੰ ਚਾਰ ਸਾਲ ਦੀ ਸਜ਼ਾ ਅਤੇ ਦੋ ਲੱਖ ਰੁਪਏ ਜੁਰਮਾਨਾ ਅਤੇ ਅਧਿਕਾਰੀ ਚੰਦਰ ਨੂੰ ਚਾਰ ਸਾਲ ਦੀ ਸਜ਼ਾ ਅਤੇ ਦੋ ਲੱਖ ਰੁਪਏ ਦੇ ਜੁਰਮਾਨੇ ਦੀ ਸਜ਼ਾ ਸੁਣਾਈ ਗਈ ਹੈ। ਲਾਲੂ ਪ੍ਰਸਾਦ ਅਤੇ 44 ਹੋਰ ਲੋਕਾਂ ਨੂੰ ਚਾਈਬਾਸਾ ਕੋਸ਼ਾਗ੍ਰਹਿ 'ਚੋਂ 90 ਦੇ ਦਹਾਕੇ ਵਿਚ 37.7 ਕਰੋੜ ਰੁਪਏ ਕੱਢਣ ਦੇ ਮਾਮਲੇ ਵਿਚ ਦੋਸ਼ੀ ਬਣਾਇਆ ਗਿਆ ਸੀ। ਇਸ ਮਾਮਲੇ ਵਿਚ ਸ਼ਿਵਾਨੰਦ ਤਿਵਾੜੀ, ਸਰਊ ਰਾਏ, ਰਾਜੀਵ ਰੰਜਨ ਸਿੰਘ ਅਤੇ ਰਵੀਸ਼ੰਕਰ ਪ੍ਰਸਾਦ ਨੇ ਪਟਨਾ ਹਾਈਕੋਰਟ ਵਿਚ ਜਨਹਿਤ ਪਟੀਸ਼ਨ ਦਾਇਰ ਕੀਤੀ ਸੀ। ਪਟਨਾ ਹਾਈਕੋਰਟ ਨੇ 11 ਮਾਰਚ 1996 ਨੂੰ 950 ਕਰੋੜ ਰੁਪਏ ਦੇ ਕਥਿਤ ਚਾਰਾ ਘੁਟਾਲੇ ਦੇ ਮਾਮਲੇ ਦੀ ਜਾਂਚ ਸੀ.ਬੀ.ਆਈ. ਨੂੰ ਸੌਂਪਣ ਦੇ ਹੁਕਮ ਦਿੱਤੇ ਸਨ।

## ਵਾਸ਼ਿੰਗਟਨ ਵਿਚ ਭਾਰਤੀ ਸਫ਼ਾਰਤਖ਼ਾਨੇ ਦੀ ਜਾਸੂਸੀ

ਨਵੀਂ ਦਿੱਲੀ (ਨਦਬ) ਅਮਰੀਕੀ ਰਾਸ਼ਟਰੀ ਸੁਰੱਖਿਆ ਏਜੰਸੀ (ਐਨ.ਐਸ.ਏ.) ਨੇ ਵਾਸ਼ਿੰਗਟਨ ਵਿਚ ਭਾਰਤੀ ਦੂਤਾਵਾਸ ਅਤੇ ਸੰਯੁਕਤ ਰਾਸ਼ਟਰ ਵਿਚ ਭਾਰਤੀ ਮਿਸ਼ਨ ਦੀ ਜਾਸੂਸੀ ਕੀਤੀ ਹੈ। ਆਧੁਨਿਕ ਯੰਤਰਾਂ ਨਾਲ ਕੀਤੀ ਗਈ ਇਸ ਜਾਸੂਸੀ ਵਿਚ ਹਾਰਡ ਡਿਸਕ ਦੀ ਵੀ ਕਾਪੀ ਕਰ ਲਏ ਜਾਣ ਦਾ ਖਦਸ਼ਾ ਹੈ। ਇਹ ਜਾਣਕਾਰੀ ਮੀਡੀਆ ਰਿਪੋਰਟ ਵਿਚ ਦਿੱਤੀ ਗਈ। 'ਦ ਗਾਰਡੀਅਨ' ਦੇ ਪੱਤਰਕਾਰ ਗਲੇਨ ਗ੍ਰੀਨਵਾਲਡ ਦੇ ਸਹਿਯੋਗ ਨਾਲ 'ਦ ਹਿੰਦੂ' ਅਖ਼ਬਾਰ ਨੇ ਇਹ ਰਿਪੋਰਟ ਦਿੱਤੀ ਹੈ। ਇਸ ਅਨੁਸਾਰ, "ਭਾਰਤ ਜਾਸੂਸੀ ਲਈ ਅਮਰੀਕਾ ਦੀ ਟਾਪ ਸੀਕਰੇਟ ਲਿਸਟ ਵਿਚ ਸ਼ਾਮਲ ਸੀ। ਐਨ. ਐਸ.ਏ. ਨੇ ਯੂ.ਐਨ. ਵਿਚ ਭਾਰਤੀ ਮਿਸ਼ਨ ਦੇ ਕੰਪਿਊਟਰਾਂ ਅਤੇ ਟੈਲੀਫ਼ੋਨ ਵਿਚ ਹਾਈਟੈਕ ਬਗਸ ਰਾਹੀਂ ਘੁਸਪੈਠ ਲਈ 'ਲੋਕੇਸ਼ਨ ਟਾਰਗੇਟ' ਬਣਾਇਆ ਸੀ।" ਰਿਪੋਰਟ ਅਨੁਸਾਰ, 'ਐਨ.ਐਸ. ਏ. ਨੇ ਜਾਸੂਸੀ ਕੀਤੀਆਂ ਕਈ ਤਕਨੀਕਾਂ ਦੀ ਵਰਤੋਂ ਕੀਤੀ। ਇਨ੍ਹਾਂ ਵਿਚੋਂ ਇਕ ਦਾ ਕੋਡਨਾਮ ਲਾਈਫ਼ਸੇਵਰ ਸੀ। ਇਹ ਕੰਪਿਊਟਰਾਂ ਦੀ ਹਾਰਡ ਡਿਸਕ ਤੋਂ ਤਸਵੀਰਾਂ ਕੱਢਣ ਵਿਚ ਮਦਦ ਕਰਦਾ ਸੀ। ਤਾਜ਼ਾ ਜਾਣਕਾਰੀ ਐਨ.ਐਸ.ਏ. ਦੇ ਸਾਬਕਾ ਕੰਟ੍ਰੈਕਟਰ ਐਡਵਰਡ ਸਨੋਡੇਨ ਵਲੋਂ ਲੀਕ ਕੀਤੇ ਗਏ ਦਸਤਾਵੇਜ਼ਾਂ ਤੋਂ ਸਾਹਮਣੇ ਆਈ ਹੈ।

ਸਫ਼ਾ 40 ਦੀ ਬਾਕੀ

## ਬਾਬਾ ਜਵਾਲਾ ਸਿੰਘ ਦਾ ਸਿਦਕ

ਪੱਛੜੇ ਵਰਗ ਵਿਚ ਪੈਦਾ ਹੋਣ ਵਾਲੇ ਇਸ ਮਾਹਨ ਵਿਅਕਤੀ ਦੇ ਨਾਮ ਅੱਜ ਇਕ ਮਰਲਾ ਵੀ ਜਮੀਨ ਨਹੀਂ ਹੈ। ਅੰਗਰੇਜ਼ ਸਰਕਾਰ ਦੇ ਦਸਤਾਵੇਜ਼ਾਂ ਦੇ ਮੁਤਾਬਕ ਉਹ ਪਰਜ਼ਾਪਤ ਜਾਤੀ ਵਿਚ ਪੈਦਾ ਹੋਏ ਪਰ ਪਿੰਡ ਦੇ ਲੋਕਾਂ ਤੇ ਯੁੱਧ ਦੇ ਸਾਥੀਆਂ ਦੇ ਮੁਤਾਬਕ ਉਹ ਪਿੰਡ ਵਿਚ ਲਾਗ ਦਾ ਕੰਮ ਕਰਨ ਵਾਲੀ ਝੀਉਰ ਬਰਾਦਰੀ ਵਿਚ ਪੈਦਾ ਹੋਏ ਪਰ ਅਸਲ ਵਿਚ ਉਹ ਉਸ ਮਰਦ ਅਗੰਬੜੇ ਦੇ ਪੈਰੋਕਾਰ ਸਨ ਜਿਹੜੇ ਲੁਟ ਘਸੁੱਟ ਰਹਿਤ ਸਮਾਜ ਦਾ ਸੁਪਨਾ ਲੈਕੇ ਕੇ ਦੁਨੀਆਂ ਉਪਰ ਆਏ ਸਨ। ਜਿਹੜਾ ਅੱਜ ਬਾਬਾ ਜਵਾਲਾ ਸਿੰਘ ਦੇ ਵਾਰਸਾਂ ਦਾ ਆਦਰਸ਼ ਹੈ। ਜਿਨ੍ਹਾਂ ਦੇ ਸੀਨਿਆਂ ਅੰਦਰ ਬਾਬਾ ਜੀ ਲਈ ਅੱਜ ਵੀ ਓਨ੍ਹੀ ਹੀ ਥਾਂ ਹੈ ਜਿਨੀ ਸ਼ਹੀਦ ਕਰਤਾਰ ਸਰਾਭਾ ਤੇ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਮਨ ਵਿਚ ਉਦੋਂ ਸੀ ਜਦੋਂ ਉਨ੍ਹਾਂ ਨੇ ਜਿੰਦਗੀ ਦੇ ਕਠਨ ਕਾਰਜ ਨੂੰ ਚੁਣਿਆਂ ਸੀ।

ਕਿਸੇ ਵੇਲੇ ਅਮਰੀਕਾ ਵਿਚ ਆਲੂਆ ਦਾ ਬਾਦਸ਼ਾਹ ਕਹਾਉਣ ਵਾਲਾ ਉਹ ਸਿਰੜੀ ਇਨਕਲਾਬੀ ਆਪਣੇ ਪਿਛੇਂ ਰੋਂਦੇ ਵਿਲਕਦੇ ਕਰੋੜਾਂ ਲੋਕਾਂ ਦੇ ਕਾਫਲੇ ਨੂੰ ਅਲਵਿਦਾ ਆਖ ਗਿਆ ਜਦੋਂ ਦੇਸ਼ ਨੂੰ ਉਸ ਦੀ ਅੰਤਾਂ ਦੀ ਲੋੜ ਸੀ। ਪਿੰਡ ਪਿੰਡ ਫਿਰਨ ਵਾਲਾ ਬੇਗਰਜ ਇਨਕਲਾਬੀ ਆਪਣੇ ਵਾਰਸਾਂ ਲਈ ਛੱਡ ਗਿਆ ਆਪਣੀ ਅਣਖਾਂ ਵਾਲੀ ਬੇਦਾਗ ਪੱਗ ਤੇ ਫਿਕਰਾਂ ਦਾ ਪ੍ਰਤੀਕ ਮੋਢੇ ਦਾ ਸਾਫਾ । ਜਿਹੜਾ ਉਸ ਦੇ ਖ਼ੂਨ ਪਸੀਨੇ ਦੀ ਕਮਾਈ ਦਾ ਗਵਾਹ ਹੈ। ਭਾਰਤੀ ਆਜ਼ਾਦੀ ਦੇ ਇਤਿਹਾਸ ਵਿਚ ਬਾਬਾ ਜਵਾਲਾ ਸਿੰਘ ਠੱਠੀਆਂ ਦਾ ਜਿਕਰ ਉਦੋ ਤਕ ਹੁੰਦਾ ਰਹੇਗਾ ਜਦੋਂ ਤਕ ਆਜ਼ਾਦੀ ਦੇ ਘੋਲਾਂ ਦੀ ਗੱਲ ਚੱਲੇਗੀ। ਜਦ ਕਦੇ ਵੀ ਜੰਗੇ ਆਜ਼ਾਦੀ ਦਾ ਜਿਕਰ ਆਏਗਾ ਇਸ ਲਈ ਲ਼ੜੇ ਗਏ ਘੋਲਾਂ ਦਾ ਜਿਕਰ ਹੋਏਗਾ ਤਾਂ ਗ਼ਦਰ ਪਾਰਟੀ ਦਾ ਜਿਕਰ ਹੋਏਗਾ, ਗ਼ਦਰ ਪਾਰਟੀ ਦੇ ਸੁਨਿਹਰੀ ਵਰਕੇ ਜਦ ਕਦੇ ਵੀ ਫਰੋਲੇ ਜਾਣਗੇ ਤਾਂ ਇਸ ਜਾਂਬਾਜ ਯੋਧੇ ਦਾ ਜਿਕਰ ਹਰ ਪੰਨੇ ਉਪਰ ਹੋਵੇਗਾ। ਜੇ ਅੰਗਰੇਜਾਂ ਵਲੋ ਕੀਤੇ ਗਏ ਤਸ਼ੱਦਦ ਦੀ ਹੀ ਗਲ ਕੀਤੀ ਜਾਵੇ ਜਾਂ ਵੀ ਬਾਬਾ ਜਵਾਲਾ ਸਿੰਘ ਜੀ ਦਾ ਜਿਕਰ ਉਨ੍ਹਾਂ ਲੋਕਾਂ ਵਿਚ ਆਵੇਗਾ ਜਿਨ੍ਹਾਂ ਨੇ ਆਪਣੇ ਪਿੰਡਿਆਂ ਤੇ ਅੰਤਾਂ ਦਾ ਤਸ਼ੱਦਦ ਸਹਾਰਿਆ ਪਰ ਮੂਹੋ ਸੀ ਤਕ ਨਹੀਂ ਕੀਤੀ। ਬਾਬਾ ਜਵਾਲਾ ਸਿੰਘ ਦਾ ਜੀਵਨ ਬ੍ਰਿਤਾਂਤ ਇਸ ਲਈ ਵੀ ਰੋਚਕ ਹੈ ਕਿਉਕੇ ਲੰਮੀਆਂ ਸਜਾਵਾਂ ਕੱਟਣ ਤੋਂ ਬਾਅਦ ਵੀ ਸੰਘਰਸ਼ ਜਾਰੀ ਰੱਖਣ ਵਾਲਾ ਇਹ ਯੋਧਾ ਨਾ ਕਦੇ ਡੋਲਿਆ ਨਾ ਕਦੇ ਡਰਿਆ। ਦੇਸ਼ ਨੂੰ ਆਜ਼ਾਦ ਦੇਖਣ ਦੀ ਐਸੀ ਧੁਨ ਲੱਗੀ ਕਿ ਤਨ ਮਨ ਧਨ ਸਭ ਦੇਸ਼ ਦੀ ਆਜ਼ਾਦੀ ਲਈ ਕੁਰਬਾਨ ਕਰ ਦਿਤਾ। **(ਸਮਾਪਤ)**

Harjeet Sandhu
REALTOR
"Serving all your Real Estate needs"
ਕਿਸੇ ਵੀ ਪ੍ਰਕਾਰ ਦੀ ਜਾਇਦਾਦ ਵੇਚਣੀ ਜਾਂ ਖ੍ਰੀਦਣੀ ਹੋਵੇ ਤਾਂ ਆਪਣੀ ਕਮਿਊਨਿਟੀ ਦੇ ਭਰੋਸੇਯੋਗ ਰੀਅਲਟਰ ਹਰਜੀਤ ਸੰਧੂ ਨੂੰ ਮਿਲੋ ਜਾਂ ਫੋਨ ਕਰੋ ।
"CONVERTING YOUR DREAMS INTO REALITY"

(780) 233-3100
Friendly Service & Free Market Evaluation

To view Thousands of properties online visit:
www.harjeetsandhu.com
harjsandhu@gmail.com
Realty Executives Polaris
Each Office Independently Owned and Operated
4107-99 St., Edmonton AB T6E 3N4
Tel: (780) 450-6300 (24hrs),
Fax: (780) 450-6670
Polaris
Member - Edmonton Real Estate Board, Residential & Commercial Divsion

# ਮੈਂ ਹਿੰਦੂ ਹਾਂ

ਅਸਗਰ ਵਜਾਹਤ



ਅਜਿਹੀ ਚੀਕ ਕਿ ਮੁਰਦੇ ਵੀ ਕਬਰ ਵਿਚੋਂ ਉੱਠ ਕੇ ਖੜ੍ਹੇ ਹੋ ਜਾਣ। ਇਵੇਂ ਲੱਗਾ ਕਿ ਆਵਾਜ਼ ਜਿਵੇਂ ਕੰਨਾਂ ਦੇ ਬਿਲਕੁਲ ਨੇੜਿਉਂ ਆਈ ਹੋਵੇ। ਉਸ ਹਾਲਤ 'ਚ ....ਮੈਂ ਉੱਛਲ ਕੇ ਮੰਜੇ 'ਤੇ ਉੱਠ ਬੈਠਾ। ਅਸਮਾਨ ਵਿਚ ਅਜੇ ਵੀ ਤਾਰੇ ਸਨ .... ਸ਼ਾਇਦ ਰਾਤ ਦੇ ਤਿੰਨ ਵਜੇ ਹੋਣਗੇ। ਅੱਬਾ ਜਾਨ ਵੀ ਉੱਠ ਬੈਠੇ। ਚੀਕ ਫੇਰ ਸੁਣਾਈ ਦਿੱਤੀ। ਸੈਫੂ ਆਪਣੇ ਢਿੱਲੇ ਮੰਜੇ 'ਤੇ ਪਿਆ ਚੀਖ਼ ਰਿਹਾ ਸੀ। ਵਿਹੜੇ ਵਿਚ ਇਕ ਸਿਰਿਓਂ ਸਭ ਦੇ ਮੰਜੇ ਡੱਠੇ ਸਨ।

"ਲਾਹੌਲ ਵਿਲਾ ਕੁਵੱਅਤ ...." ਅੱਬਾ ਜਾਨ ਨੇ ਲਾਹੌਲ ਪੜ੍ਹੀ।

"ਖ਼ੁਦਾ ਜਾਣੇ ਇਹ ਸੁੱਤਾ ਪਿਆ ਰੌਲ਼ਾ ਕਿਉਂ ਪਾਉਣ ਲੱਗ ਪੈਂਦਾ ਹੈ" ਅੰਮਾ ਬੋਲੀ।

"ਅੰਮਾ ਇਹਨੂੰ ਰਾਤ ਭਰ ਮੁੰਡੇ ਡਰਾਉਂਦੇ ਹਨ.... " ਮੈਂ ਦੱਸਿਆ।

"ਉਨ੍ਹਾਂ ਮਰ ਜਾਣਿਆਂ ਨੂੰ ਵੀ ਚੈਨ ਨਹੀਂ ਆਉਂਦਾ..... ਲੋਕਾਂ ਦੀ ਜਾਨ ਨੂੰ ਬਣੀ ਐਂ ਤੇ ਉਨ੍ਹਾਂ ਨੂੰ ਸ਼ਰਾਰਤਾਂ ਸੁੱਝਦੀਆਂ ਹਨ" ਅੰਮਾ ਕਹਿਣ ਲੱਗੀ।

ਸਫੀਆ ਨੇ ਚਾਦਰ ਵਿਚੋਂ ਮੂੰਹ ਬਾਹਰ ਕੱਢਦਿਆਂ ਕਿਹਾ "ਇਹਨੂੰ ਕਹੋ ਕਿ ਛੱਤ ਉੱਤੇ ਸੌਂਇਆ ਕਰੇ"

ਸੈਫੂ ਅਜੇ ਤਕ ਨਹੀਂ ਜਾਗਿਆ ਸੀ। ਮੈਂ ਉਸ ਦੇ ਮੰਜੇ ਕੋਲ ਗਿਆ ਅਤੇ ਝੁੱਕ ਕੇ ਦੇਖਿਆ ਤਾਂ ਉਸ ਦੇ ਚਿਹਰੇ 'ਤੇ ਪਸੀਨਾ ਸੀ। ਵਾਲ ਪਸੀਨੇ ਨਾਲ ਤਰ ਹੋਏ ਪਏ ਸਨ ਅਤੇ ਕੁੱਝ ਲਟਾਂ ਮੱਥੇ ਉੱਤੇ ਚਿਪਕ ਗਈਆਂ ਸਨ। ਮੈਂ ਸੈਫੂ ਨੂੰ ਦੇਖਦਾ ਰਿਹਾ ਅਤੇ ਉਨ੍ਹਾਂ ਮੁੰਡਿਆਂ ਦੇ ਪ੍ਰਤੀ ਮਨ ਵਿਚ ਗ਼ੁੱਸਾ ਆਉਂਦਾ ਰਿਹਾ, ਜਿਹੜੇ ਉਸ ਨੂੰ ਡਰਾਉਂਦੇ ਹਨ।

ਉਦੋਂ ਦੰਗੇ ਇੰਜ ਨਹੀਂ ਹੁੰਦੇ ਸਨ ਜਿਵੇਂ ਅੱਜ-ਕੱਲ੍ਹ ਹੁੰਦੇ ਹਨ। ਦੰਗਿਆਂ ਦੇ ਪਿੱਛੇ ਲੁਕੀ ਰਾਜਨੀਤੀ, ਰਣਨੀਤੀ, ਕਾਰਜ-ਵਿਧੀ ਅਤੇ ਰਫ਼ਤਾਰ ਵਿਚ ਬਹੁਤ ਤਬਦੀਲੀ ਆਈ ਹੈ। ਅੱਜ ਤੋਂ ਪੰਝੀ ਤੀਹ ਸਾਲ ਪਹਿਲਾਂ ਨਾ ਤਾਂ ਲੋਕਾਂ ਨੂੰ ਜਿਊਂਦਿਆਂ ਸਾੜਿਆ ਜਾਂਦਾ ਸੀ ਅਤੇ ਨਾ ਹੀ ਸਮੁੱਚੀਆਂ ਬਸਤੀਆਂ ਉਜਾੜ ਦਿੱਤੀਆਂ ਜਾਂਦੀਆਂ ਸਨ। ਉਸ ਜ਼ਮਾਨੇ ਵਿਚ ਪ੍ਰਧਾਨ ਮੰਤਰੀਆਂ, ਗ੍ਰਹਿ ਮੰਤਰੀਆਂ ਅਤੇ ਮੁੱਖ ਮੰਤਰੀਆਂ ਦਾ ਆਸ਼ੀਰਵਾਦ ਵੀ ਦੰਗਾਕਾਰੀਆਂ ਨੂੰ ਨਹੀਂ ਮਿਲਦਾ ਸੀ। ਇਹ ਕੰਮ ਛੋਟੇ-ਮੋਟੇ ਸਥਾਨਕ ਨੇਤਾ ਆਪਣਾ ਲੋਕਲ ਤੇ ਘਟੀਆ ਕਿਸਮ ਦਾ ਸਵਾਰਥ ਪੂਰਾ ਕਰਨ ਵਾਸਤੇ ਕਰਦੇ ਸਨ। ਵਪਾਰਕ ਸ਼ਰੀਕੇਬਾਜ਼ੀ, ਜ਼ਮੀਨ 'ਤੇ ਕਬਜ਼ਾ ਕਰਨਾ, ਮਿਉਂਸਪੈਲਟੀਆਂ ਦੀਆਂ ਚੋਣਾਂ ਵਿਚ ਹਿੰਦੂ ਜਾਂ ਮੁਸਲਿਮ ਵੋਟ ਠੱਗਣ ਵਰਗੇ ਉਦੇਸ਼ ਹੋਇਆ ਕਰਦੇ ਸਨ। ਹੁਣ ਤਾਂ ਦਿੱਲੀ ਦਰਬਾਰ 'ਤੇ ਕਬਜ਼ਾ ਕਰਨ ਵਾਸਤੇ ਸਾਧਨ ਬਣ ਗਏ ਹਨ ਫ਼ਿਰਕਾਪ੍ਰਸਤ ਦੰਗੇ। ਦੁਨੀਆ ਦੇ ਵਿਸ਼ਾਲ ਲੋਕਤੰਤਰ ਦੇ ਨੱਕ ਵਿਚ ਉਹ ਹੀ ਨੱਥ ਪਾ ਸਕਦਾ ਹੈ ਜੋ ਫ਼ਿਰਕੂ ਹਿੰਸਾ ਅਤੇ ਨ਼ਫ਼ਰਤ ਦੇ ਆਸਰੇ ਖ਼ੂਨ ਦੀਆਂ ਨਦੀਆਂ ਵਹਾ ਸਕਦਾ ਹੋਵੇ।

ਸੈਫ਼ੂ ਨੂੰ ਜਗਾਇਆ ਗਿਆ। ਉਹ ਬੱਕਰੀ ਦੇ ਮਸੂਮ ਛਲਾਰੂ ਦੀ ਤਰ੍ਹਾਂ ਚਾਰੇ ਪਾਸੇ ਇੰਜ ਦੇਖ ਰਿਹਾ ਸੀ ਜਿਵੇਂ ਮਾਂ ਨੂੰ ਲੱਭ ਰਿਹਾ ਹੋਵੇ। ਅੱਬਾ ਜਾਨ ਨੂੰ ਮਤਰੇਏ ਭਰਾ ਦੀ ਸਭ ਤੋਂ ਛੋਟੀ ਔਲਾਦ ਸੈਫ਼ੂਦੀਨ ਉਰਫ਼ ਸੈਫ਼ੂ ਨੇ ਜਦੋਂ ਆਪਣੇ ਆਪ ਨੂੰ ਘਰ ਦੇ ਸਭ ਜੀਆਂ ਵਿਚ ਘਿਰਿਆ ਦੇਖਿਆ ਤਾਂ ਹੱਕਾ-ਬੱਕਾ ਜਿਹਾ ਹੋ ਕੇ ਖੜ੍ਹਾ ਹੋ ਗਿਆ।

ਸੈਫ਼ੂ ਦੇ ਅੱਬਾ ਕੌਸਰ ਚਾਚਾ ਦੇ ਮਰਨ ਦਾ ਆਇਆ ਇਕ ਖੂੰਜੇ ਤੋਂ ਪਾੜਿਆ ਹੋਇਆ ਕਾਰਡ ਮੈਨੂੰ ਚੰਗੀ ਤਰ੍ਹਾਂ ਯਾਦ ਹੈ। ਪਿੰਡ ਵਾਲਿਆਂ ਨੇ ਖ਼ਤ ਵਿਚ ਕੌਸਰ ਚਾਚਾ ਦੇ ਮਰਨ ਦੀ ਖ਼ਬਰ ਹੀ ਨਹੀਂ ਦਿੱਤੀ ਸਗੋਂ ਇਹ ਵੀ ਲਿਖਿਆ ਸੀ ਕਿ ਉਨ੍ਹਾਂ ਦਾ ਸਭ ਤੋਂ ਛੋਟਾ ਪੁੱਤਰ ਸੈਫ਼ੂ ਹੁਣ ਇਸ ਦੁਨੀਆ ਵਿਚ ਬਿਲਕੁਲ ਇਕੱਲਾ ਰਹਿ ਗਿਆ ਹੈ। ਸੈਫ਼ੂ ਦੇ ਵੱਡੇ ਭਰਾ ਉਸ ਨੂੰ ਆਪਣੇ ਨਾਲ ਬੰਬਈ ਨਹੀਂ ਲੈ ਕੇ ਗਏ। ਉਨ੍ਹਾਂ ਨੇ ਸਾਫ਼ ਆਖ ਦਿੱਤਾ ਹੈ ਕਿ ਸੈਫ਼ੂ ਵਾਸਤੇ ਉਹ ਕੁੱਝ ਨਹੀਂ ਕਰ ਸਕਦੇ। ਹੁਣ ਅੱਬਾ ਜਾਨ ਤੋਂ ਬਿਨਾਂ ਦੁਨੀਆ ਵਿਚ ਉਸ ਦਾ ਕੋਈ ਨਹੀਂ ਹੈ। ਇਕ ਖੂੰਜੇ ਤੋਂ ਪਾਟਿਆ ਪੋਸਟ ਕਾਰਡ ਫੜੀ ਅੱਬਾ ਜਾਨ ਬਹੁਤ ਦੇਰ ਤਕ ਚੁੱਪ ਬੈਠੇ ਰਹੇ ਸਨ। ਅੰਮਾ ਨਾਲ ਕਈ ਵਾਰ ਲੜਾਈ ਹੋਣ ਤੋਂ ਬਾਅਦ ਅੱਬਾ ਜਾਨ ਜੱਦੀ ਪਿੰਡ ਧਨਵਾ ਖੇੜਾ ਗਏ ਸਨ। ਅਤੇ ਬਚੀ ਖੁਚੀ ਜ਼ਮੀਨ ਵੇਚ ਸੈਫ਼ੂ ਨੂੰ ਨਾਲ ਲੈ ਕੇ ਵਾਪਸ ਆਏ ਸਨ। ਸੈਫ਼ੂ ਨੂੰ ਦੇਖ ਕੇ ਸਾਨੂੰ ਸਭ ਨੂੰ ਹਾਸਾ ਆਇਆ ਸੀ। ਕਿਸੇ ਗੰਵਾਰ ਲੜਕੇ ਨੂੰ ਦੇਖ ਕੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੇ ਸਕੂਲ ਵਿਚ ਪੜ੍ਹਨ ਵਾਲਾ ਨੌਜਵਾਨ ਅਤੇ ਅਬਦੁੱਲਾ ਗਰਲਜ਼ ਕਾਲਜ ਦੇ ਸਕੂਲ ਵਿਚ ਪੜ੍ਹਨ ਵਾਲੀ ਸਫ਼ੀਆ ਦੀ ਹੋਰ ਕੀ ਪ੍ਰਤੀਕ੍ਰਿਆ ਹੋ ਸਕਦੀ ਸੀ। ਪਹਿਲੇ ਦਿਨ ਹੀ ਅਜਿਹਾ ਲੱਗਾ ਸੀ ਕਿ ਸੈਫ਼ੂ ਸਿਰਫ਼ ਗੰਵਾਰ ਹੀ ਨਹੀਂ ਸਗੋਂ ਨੀਮ ਪਾਗਲ ਹੋਣ ਦੀ ਹੱਦ ਤਕ ਸਿੱਧਾ ਜਾਂ ਬੇਵਕੂ਼ਫ਼ ਹੈ। ਅਸੀਂ ਉਸ ਨੂੰ ਵੱਖੋ-ਵੱਖ ਤਰ੍ਹਾਂ ਚਿੜਾਇਆ ਜਾਂ ਬੇਵਕੂ਼ਫ਼ ਬਣਾਇਆ ਕਰਦੇ ਸੀ। ਇਸ ਦਾ ਇਕ ਫ਼ਾਇਦਾ ਸੈਫ਼ੂ ਨੂੰ ਇਹ ਹੋਇਆ ਕਿ ਅੱਬਾ ਜਾਨ ਅਤੇ ਅੰਮਾ ਜਾਨ ਦਾ ਉਸ ਨੇ ਦਿਲ ਜਿੱਤ ਲਿਆ। ਸੈਫ਼ੂ ਮਿਹਨਤ ਦਾ ਪੁਤਲਾ ਸੀ। ਕੰਮ ਕਰਦਿਆਂ ਕਦੀ ਨਹੀਂ ਥੱਕਦਾ ਸੀ। ਅੰਮਾ ਨੂੰ ਉਸ ਦੀ ਇਹ 'ਅਦਾ' ਬਹੁਤ ਪਸੰਦ ਸੀ। ਜੇ ਉਹ ਦੋ ਰੋਟੀਆਂ ਵੱਧ ਖਾਂਦਾ ਹੈ ਤਾਂ ਕੀ ? ਕੰਮ ਵੀ ਤਾਂ ਜਾਨ ਤੋੜ ਕੇ ਕਰਦਾ ਹੈ। ਸਾਲਾਂ ਦੇ ਸਾਲ ਲੰਘਦੇ ਗਏ ਅਤੇ ਸੈਫ਼ੂ ਸਾਡੀ ਜ਼ਿੰਦਗੀ ਦਾ ਹਿੱਸਾ ਬਣ ਗਿਆ। ਅਸੀਂ ਸਾਰੇ ਉਹਦੇ ਨਾਲ ਸਹਿਜ ਹੁੰਦੇ ਚਲੇ ਗਏ। ਹੁਣ ਮੁਹੱਲੇ ਦਾ ਕੋਈ ਮੁੰਡਾ ਉਹਨੂੰ ਪਾਗਲ ਕਹਿ ਦਿੰਦਾ ਤਾਂ ਮੈਂ ਉਸ ਦਾ ਮੂੰਹ ਭੰਨ ਦਿੰਦਾ ਸੀ। ਸਾਡਾ ਭਰਾ ਹੈ, ਤੂੰ ਪਾਗਲ ਕਿਹਾ ਕਿਵੇਂ ? ਪਰ ਘਰ ਦੇ ਅੰਦਰ ਸੈਫ਼ੂ ਦੀ ਹੈਸੀਅਤ ਕੀ ਸੀ ਇਹ ਅਸੀਂ ਹੀ ਜਾਣਦੇ ਸਾਂ।

ਸ਼ਹਿਰ ਵਿਚ ਦੰਗਾ ਓਵੇਂ ਹੀ ਸ਼ੁਰੂ ਹੋਇਆ ਕਰਦਾ ਸੀ, ਭਾਵ ਮਸਜਿਦ ਵਿਚ ਕਿਸੇ ਨੂੰ ਇਕ ਪੋਟਲੀ ਮਿਲੀ ਸੀ, ਜਿਸ ਵਿਚ ਕਿਸੇ ਕਿਸਮ ਦਾ ਗੋਸ਼ਤ (ਮੀਟ) ਸੀ। ਅਤੇ ਗੋਸ਼ਤ ਨੂੰ ਦੇਖੇ ਬ਼ਗੈਰ ਹੀ ਇਹ ਤੈਅ ਕਰ ਲਿਆ ਗਿਆ ਸੀ ਕਿਉਂਕਿ ਉਹ ਮਸਜਿਦ ਵਿਚ ਸੁੱਟਿਆ ਗਿਆ ਗੋਸ਼ਤ ਹੈ, ਇਸ ਕਰ ਕੇ ਸੂਰ ਦੇ ਗੋਸ਼ਤ ਤੋਂ ਬਿਨਾਂ ਹੋਰ ਕਿਸੇ ਜਾਨਵਰ ਦਾ ਹੋ ਹੀ ਨਹੀਂ ਸਕਦਾ। ਇਸ ਦੇ ਬਦਲੇ ਵਿਚ ਮੁ਼ਗਲਪੁਰਾ ਮੁਹੱਲੇ ਵਿਚ ਗਾਂ ਵੱਢ ਦਿੱਤੀ ਗਈ ਸੀ ਅਤੇ ਦੰਗਾ ਭੜਕ ਪਿਆ ਸੀ। ਕੁੱਝ ਦੁਕਾਨਾਂ ਸੜੀਆਂ ਸਨ ਅਤੇ ਬਹੁਤੀਆਂ ਲੁੱਟੀਆਂ ਗਈਆਂ ਸਨ। ਚਾਕੂ ਛੁਰੀ ਦੀਆਂ ਵਾਰਦਾਤਾਂ ਵਿਚ ਲਗਭਗ ਸੱਤ ਅੱਠ ਲੋਕ ਮਰੇ ਸਨ। ਪਰ ਪ੍ਰਸ਼ਾਸਨ ਏਨਾ ਸੰਵੇਦਨਸ਼ੀਲ ਸੀ ਕਿ ਕਰਫ਼ਿਊ ਲਾ ਦਿੱਤਾ ਗਿਆ ਸੀ। ਅੱਜਕੱਲ੍ਹ ਵਾਲੀ ਗੱਲ ਨਹੀਂ ਸੀ। ਹਜ਼ਾਰਾਂ ਲੋਕਾਂ ਦੇ ਮਾਰੇ ਜਾਣ ਤੋਂ ਬਾਅਦ ਵੀ ਮੁੱਖ ਮੰਤਰੀ ਮੁੱਛਾਂ ਨੂੰ ਤਾਅ ਦੇ ਕੇ ਘੁੰਮਦਾ ਹੈ ਅਤੇ ਕਹਿੰਦਾ ਹੈ ਕਿ ਜੋ ਕੁੱਝ ਹੋਇਆ ਠੀਕ ਹੀ ਹੋਇਆ।

ਦੰਗਾ ਕਿਉਂਕਿ ਆਸ ਪਾਸ ਦੇ ਪਿੰਡਾਂ ਵਿਚ ਵੀ ਫੈਲ ਗਿਆ ਸੀ, ਇਸ ਕਰ ਕੇ ਕਰਫ਼ਿਊ ਵਧਾ ਦਿੱਤਾ ਗਿਆ ਸੀ। ਮੁ਼ਗਲਪੁਰਾ ਮੁਸਲਮਾਨਾਂ ਦਾ ਸਭ ਤੋਂ ਵੱਡਾ ਮਹੱਲਾ ਸੀ, ਇਸ ਕਰ ਕੇ ਉੱਥੇ ਕਰਫ਼ਿਊ ਦਾ ਅਸਰ ਵੀ ਸੀ ਅਤੇ "ਜਹਾਦ" ਵਰਗਾ ਮਾਹੌਲ ਵੀ ਬਣ ਗਿਆ ਸੀ। ਮਹੱਲੇ ਦੀਆਂ ਗਲੀਆਂ ਤਾਂ ਸਨ ਹੀ ਪਰ ਕਈ ਦੰਗਿਆਂ ਦੇ ਤਜਰਬਿਆਂ ਨੇ ਇਹ ਵੀ ਸਿਖਾ ਦਿੱਤਾ ਸੀ ਕਿ ਘਰਾਂ ਦੇ ਵਿਚੋ-ਵਿਚੀਂ ਵੀ ਰਸਤੇ ਬਣੇ ਹੋਣੇ ਚਾਹੀਦੇ ਹਨ, ਭਾਵ ਐਮਰਜੈਂਸੀ ਪੈਕੇਜ। ਘਰਾਂ ਦੇ ਅੰਦਰੋਂ ਤੇ ਛੱਤਾਂ ਦੇ ਉੱਪਰੋਂ ਕੰਧਾਂ ਨੂੰ ਟੱਪਦੇ ਹੋਏ ਕੁੱਝ ਅਜਿਹੇ ਰਸਤੇ ਵੀ ਬਣ ਗਏ ਸਨ ਕਿ ਕੋਈ ਜੇ ਉਨ੍ਹਾਂ ਨੂੰ ਜਾਣਦਾ ਹੋਵੇ ਤਾਂ ਮਹੱਲੇ ਦੇ ਇਕ ਸਿਰੇ ਤੋਂ ਦੂਜੇ ਸਿਰੇ ਤਕ ਜਾ ਸਕਦਾ ਸੀ। ਮਹੱਲੇ ਵਿਚਲੀ ਤਿਆਰੀ ਜੰਗੀ ਕਿਸਮ ਦੀ ਸੀ। ਸੋਚਿਆ ਗਿਆ ਸੀ ਕਿ ਜੇ ਕਰਫ਼ਿਊ ਮਹੀਨਾ ਭਰ ਵੀ ਲੱਗਾ ਰਹੇ ਤਾਂ ਲੋੜ ਦੀਆਂ ਸਭ ਚੀਜ਼ਾਂ ਮਹੱਲੇ ਵਿਚੋਂ ਹੀ ਮਿਲ ਜਾਣ।

ਦੰਗਾ ਮਹੱਲੇ ਦੇ ਮੁੰਡਿਆਂ ਵਾਸਤੇ ਅਜੀਬ ਕਿਸਮ ਦਾ ਉਤਸ਼ਾਹ ਵਿਖਾਉਣ ਦਾ ਮੌਸਮ ਹੋਇਆ ਕਰਦਾ ਸੀ। 'ਵੇਖਦਾ ਰਵ੍ਹੀਂ ਅਸੀਂ ਤਾਂ ਹਿੰਦੂਆਂ ਨੂੰ ਜ਼ਮੀਨ ਚਟਾ ਦਿਆਂਗੇ। ਸਮਝ ਕੀ ਰੱਖਿਆ ਹੈ ਇਨ੍ਹਾਂ ਧੋਤੀ ਬੰਨ੍ਹਾਂ ਨੇ.... ਇਹ ਤਾਂ ਬੁਜ਼ਦਿਲ ਹੁੰਦੇ ਹਨ....ਇਕ ਮੁਸਲਮਾਨ ਤਾਂ ਦਸ ਹਿੰਦੂਆਂ ਤੋਂ ਵੀ ਤਕੜਾ ਹੁੰਦਾ ਹੈ..... "ਹੱਸ ਕੇ ਲਿਆ ਹੈ ਪਾਕਿਸਤਾਨ ਲੜ ਕੇ ਲਵਾਂਗੇ ਹਿੰਦੁਸਤਾਨ" ਵਰਗਾ ਮਾਹੌਲ ਬਣ ਜਾਂਦਾ ਸੀ। ਪਰ ਮਹੱਲੇ ਤੋਂ ਬਾਹਰ ਨਿਕਲਦਿਆਂ ਸਭ ਦੀ ਨਾਨੀ ਮਰਦੀ ਸੀ। ਪੀ.ਏ.ਸੀ. ਦੀ ਚੌਕੀ ਦੋਹਾਂ ਸਿਰਿਆਂ 'ਤੇ ਸੀ। ਪੀ.ਏ.ਸੀ. ਦੇ ਬੂਟਾਂ ਅਤੇ ਉਨ੍ਹਾਂ ਦੀਆਂ ਰਾਈਫਲਾਂ ਦੇ ਬੱਟਾਂ ਦੀ ਮਾਰ ਕਈਆਂ ਨੂੰ ਯਾਦ ਸੀ। ਇਸ ਕਰ ਕੇ ਜ਼ੁਬਾਨੀ ਜਮਾਂ-ਖਰਚ ਤਾਂ ਸਭ ਠੀਕ ਸੀ ਪਰ ਉਸ ਤੋਂ ਅੱਗੇ.....

ਸੰਕਟ ਏਕਤਾ ਸਿਖਾ ਦਿੰਦਾ ਹੈ। ਏਕਤਾ ਅਨੁਸ਼ਾਸਨ ਅਤੇ ਅਨੁਸ਼ਾਸਨ ਵਿਹਾਰਕਤਾ। ਹਰ ਘਰ ਤੋਂ ਇਕ ਲੜਕਾ ਪਹਿਰੇ 'ਤੇ ਰਿਹਾ ਕਰੇਗਾ। ਸਾਡੇ ਘਰ ਵਿਚ ਮੈਥੋਂ ਬਿਨਾਂ, ਉਸ ਜ਼ਮਾਨੇ ਵਿਚ ਮੈਨੂੰ ਮੁੰਡਾ ਨਹੀਂ ਕਿਹਾ ਜਾ ਸਕਦਾ ਸੀ ਕਿਉਂਕਿ ਮੈਂ ਤਾਂ ਪੰਝੀਆਂ ਨੂੰ ਟੱਪ ਚੁੱਕਾ ਸੀ। ਮੁੰਡਾ ਸੈਫੂ ਹੀ ਸੀ, ਇਸ ਕਰ ਕੇ ਉਹਨੂੰ ਰਾਤ ਦੇ ਪਹਿਰੇ 'ਤੇ ਰਹਿਣਾ ਪੈਂਦਾ ਸੀ। ਰਾਤ ਦਾ ਪਹਿਰਾ ਛੱਤਾਂ 'ਤੇ ਹੋਇਆ ਕਰਦਾ ਸੀ। ਮੁ਼ਗਲਪੁਰਾ ਕਿਉਂਕਿ ਸ਼ਹਿਰ ਦੇ ਸਭ ਤੋਂ ਉੱਚੇ ਹਿੱਸੇ ਵਿਚ ਪੈਂਦਾ ਸੀ, ਇਸ ਤਰ੍ਹਾਂ ਛੱਤਾਂ ਉੱਪਰੋਂ ਸਾਰਾ ਸ਼ਹਿਰ ਦਿਖਾਈ ਦਿੰਦਾ ਸੀ। ਮਹੱਲੇ ਦੇ ਮੁੰਡਿਆਂ ਨਾਲ ਸੈਫੂ ਪਹਿਰੇ 'ਤੇ ਜਾਇਆ ਕਰਦਾ ਸੀ। ਇਹ ਮੇਰੇ ਅੱਬਾ ਜਾਨ, ਅੰਮਾ ਅਤੇ ਸਫੀਆ ਸਾਰਿਆਂ ਲਈ ਬਹੁਤ ਅੱਛਾ ਸੀ। ਜੇ ਸਾਡੇ ਘਰ ਵਿਚ ਸੈਫੂ ਨਾ ਹੁੰਦਾ ਤਾਂ ਸ਼ਾਇਦ ਮੈਨੂੰ ਰਾਤ ਦੇ ਧੱਕੇ ਖਾਣੇ ਪੈਂਦੇ। ਸੈਫੂ ਦੇ ਪਹਿਰੇ 'ਤੇ ਜਾਣ ਕਰ ਕੇ ਉਹਨੂੰ ਕੁੱਝ ਸਹੂਲਤਾਂ ਵੀ ਦੇ ਦਿੱਤੀਆਂ ਗਈਆਂ ਸਨ, ਜਿਵੇਂ ਉਹਨੂੰ ਅੱਠ ਵਜੇ ਤਕ ਸੌਣ ਦਿੱਤਾ ਜਾਂਦਾ ਸੀ। ਉਹਨੂੰ ਝਾੜੂ ਵੀ ਨਹੀਂ ਦੇਣਾ ਪੈਂਦਾ ਸੀ। ਇਹ ਕੰਮ ਸਫੀਆਂ ਦੇ ਹਵਾਲੇ ਹੋ ਗਿਆ ਸੀ, ਜਿਹੜੀ ਇਹਨੂੰ ਬੇਹੱਦ ਨਾ-ਪਸੰਦ ਕਰਦੀ ਸੀ।

ਕਦੀ ਕਦੀ ਰਾਤ ਵੇਲੇ ਮੈਂ ਵੀ ਛੱਤਾਂ ਉੱਪਰ ਪਹੁੰਚ ਜਾਂਦਾ ਸੀ। ਛੱਤਾਂ ਦੀ ਦੁਨੀਆ ਉੱਤੇ ਮਹੱਲੇ ਦੇ ਮੁੰਡਿਆਂ ਦਾ ਰਾਜ ਹੋਇਆ ਕਰਦਾ ਸੀ। ਲਾਠੀਆਂ, ਡੰਡੇ, ਗੰਡਾਸੇ ਅਤੇ ਇੱਟਾਂ ਦੇ ਢੇਰ ਇੱਧਰ ਉੱਧਰ ਲਾਏ ਗਏ ਸਨ। ਦੋ ਚਾਰ ਮੁੰਡਿਆਂ ਕੋਲ ਦੇਸੀ ਪਸਤੌਲ ਅਤੇ ਬਹੁਤਿਆਂ ਕੋਲ ਚਾਕੂ ਸਨ। ਉਹ ਸਾਰੇ ਹੀ ਛੋਟਾ ਮੋਟਾ ਕੰਮ ਕਰਨ ਵਾਲੇ ਕਾਰੀਗਰ ਸਨ। ਬਹੁਤੇ ਜਿੰਦਰਿਆਂ ਦੇ ਕਾਰਖ਼ਾਨੇ ਵਿਚ ਕੰਮ ਕਰਦੇ ਸਨ। ਕਿਉਂਕਿ ਇੱਧਰ ਬਾਜ਼ਾਰ ਬੰਦ ਸੀ, ਇਸ ਕਰ ਕੇ ਉਨ੍ਹਾਂ ਦੇ ਧੰਦੇ ਵੀ ਠੱਪ ਸਨ। ਉਨ੍ਹਾਂ 'ਚੋਂ ਬਹੁਤਿਆਂ ਦੇ ਘਰਾਂ ਵਿਚ ਕਰਜ਼ੇ ਨਾਲ ਹੀ ਚੁੱਲ੍ਹਾ ਜਲ਼ ਰਿਹਾ ਸੀ। ਪਰ ਉਹ ਖ਼ੁਸ਼ ਸਨ। ਛੱਤਾਂ ਉੱਤੇ ਬੈਠ ਕੇ ਉਹ ਦੰਗਿਆਂ ਦੀਆਂ ਤਾਜ਼ਾ ਖ਼ਬਰਾਂ 'ਤੇ ਤਬਸਰਾ ਕਰਦੇ ਸਨ ਜਾਂ ਹਿੰਦੂਆਂ ਨੂੰ ਗਾਲ੍ਹਾਂ ਕੱਢਿਆਂ ਕਰਦੇ ਸਨ। ਹਿੰਦੂਆਂ ਨਾਲੋਂ ਵੀ ਬਹੁਤੀਆਂ ਗਾਲ੍ਹਾਂ ਉਹ ਪੀ.ਏ.ਸੀ. ਨੂੰ ਦਿੰਦੇ ਸਨ। ਪਾਕਿਸਤਾਨੀ ਰੇਡੀਓ ਦਾ ਪੂਰਾ ਪ੍ਰੋਗਰਾਮ ਉਨ੍ਹਾਂ ਨੂੰ ਜ਼ੁਬਾਨੀ ਯਾਦ ਸੀ ਅਤੇ ਹੌਲੀ ਆਵਾਜ਼ ਵਿਚ ਉਹ ਰੇਡੀਓ ਲਹੌਰ ਸੁਣਿਆਂ ਕਰਦੇ ਸਨ। ਇਨ੍ਹਾਂ ਮੁੰਡਿਆਂ ਵਿਚੋਂ ਦੋ ਚਾਰ ਜਿਹੜੇ ਪਾਕਿਸਤਾਨ ਜਾ ਚੁੱਕੇ ਸਨ, ਉਨ੍ਹਾਂ ਦੀ ਇੱਜ਼ਤ ਹਾਜੀਆਂ ਵਾਂਗ ਹੁੰਦੀ ਸੀ। ਉਹ ਪਾਕਿਸਤਾਨ ਦੀ ਰੇਲ ਗੱਡੀ 'ਤੇਜਗਾਮ' ਅਤੇ 'ਗੁਲਸ਼ਨੇ ਇਕਬਾਲ ਕਾਲੋਨੀ' ਦੇ ਅਜਿਹੇ ਕਿੱਸੇ ਸੁਣਾਉਂਦੇ ਸਨ ਤਾਂ ਲੱਗਦਾ ਕਿ ਸਵਰਗ ਜੇ ਧਰਤੀ 'ਤੇ ਕਿਧਰੇ ਹੈ ਤਾਂ ਪਾਕਿਸਤਾਨ ਵਿਚ ਹੈ। ਪਾਕਿਸਤਾਨ ਦੀਆਂ ਸਿਫ਼ਤਾਂ ਤੋਂ ਜਦੋਂ ਉਨ੍ਹਾਂ ਦਾ ਦਿਲ ਭਰ ਜਾਇਆ ਕਰਦਾ ਸੀ ਤਾਂ ਸੈਫੂ ਨਾਲ ਛੇੜ ਛਾੜ ਕਰਿਆ ਕਰਦੇ ਸਨ। ਸੈਫੂ ਨੇ ਪਾਕਿਸਤਾਨ ਅਤੇ ਪਾਕਿਸਤਾਨ ਦਾ ਹਾਲ ਹਵਾਲ ਸੁਣਨ ਤੋਂ ਬਾਅਦ ਇਕ ਦਿਨ ਪੁੱਛਿਆ ਸੀ ਕਿ ਪਾਕਿਸਤਾਨ ਹੈ ਕਿੱਥੇ ? ਇਸ ਗੱਲ 'ਤੇ ਮੁੰਡਿਆਂ ਨੇ ਉਸ ਦੀ ਖ਼ੂਬ ਗਤ ਬਣਾਈ ਸੀ। ਉਹ ਕੁੱਝ ਸਮਝਿਆ ਤੇ ਕੁੱਝ ਨਹੀਂ ਸਮਝਿਆ ਪਰ ਉਸ ਨੂੰ ਇਹ ਪਤਾ ਨਹੀਂ ਸੀ ਲੱਗਿਆ ਕਿ ਪਾਕਿਸਤਾਨ ਕਿੱਥੇ ਹੈ।

ਗਸ਼ਤੀ ਮੁੰਡੇ ਸੈਫੂ ਨੂੰ ਮਖ਼ੌਲ ਜਿਹੇ ਵਿਚ ਹੀ ਸੰਜੀਦਗੀ ਨਾਲ ਡਰਾਇਆ ਕਰਦੇ ਸਨ- "ਦੇਖ, ਸੈਫੂ ਜੇ ਤੈਨੂੰ ਹਿੰਦੂਆਂ ਨੇ ਫੜ ਲਿਆ ਨਾ, ਤਾਂ ਪਤਾ ਕੀ ਕਰਨਗੇ ? ਪਹਿਲਾਂ ਤਾਂ ਤੈਨੂੰ ਨੰਗਾ ਕਰ ਦੇਣਗੇ।" ਮੁੰਡੇ ਜਾਣਦੇ ਸਨ ਕਿ ਸੈਫੂ ਨੀਮ ਪਾਗਲ ਹੋਣ ਦੇ ਬਾਵਜੂਦ ਨੰਗਾ ਹੋਣ ਨੂੰ ਬਹੁਤ ਬੁਰਾ ਤੇ ਖ਼ਰਾਬ ਚੀਜ਼ ਸਮਝਦਾ ਹੈ "ਉਸ ਤੋਂ ਬਾਅਦ ਹਿੰਦੂ ਤੇਰੇ ਤੇਲ ਮਲਨਗੇ।"

"ਕਿਉਂ, ਤੇਲ ਕਿਉਂ ਮਲਨਗੇ ?"

"ਇਸ ਕਰ ਕੇ ਕਿ ਜਦੋਂ ਉਹ ਤੈਨੂੰ ਬੈਂਤ ਨਾਲ ਕੁੱਟਣ ਤਾਂ ਤੇਰੀ ਚਮੜੀ ਉੱਧੜ ਜਾਵੇ। ਉਸ ਤੋਂ ਬਾਅਦ ਗਰਮ ਸਲਾਖ਼ਾਂ ਨਾਲ ਤੈਨੂੰ ਦਾਗਣਗੇ ........"

"ਨਹੀਂ" ਉਹਨੂੰ ਵਿਸ਼ਵਾਸ ਨਹੀਂ ਹੋਇਆ।

ਰਾਤ ਨੂੰ ਮੁੰਡੇ ਜਿਹੜੇ ਡਰਾਉਣੇ ਤੇ ਹਿੰਸਕ ਕਿੱਸੇ ਸੁਣਾਇਆ ਕਰਦੇ ਸਨ, ਉਨ੍ਹਾਂ ਕਰ ਕੇ ਉਹ ਬਹੁਤ ਡਰ ਗਿਆ ਸੀ। ਕਦੀ ਕਦੀ ਮੇਰੇ ਨਾਲ ਪੁੱਠੀਆਂ ਸਿੱਧੀਆਂ ਗੱਲਾਂ ਕਰਿਆ ਕਰਦਾ ਸੀ। ਮੈਂ ਬੁਰਾ ਮਹਿਸੂਸ ਕਰਦਾ ਤੇ ਉਹਨੂੰ ਚੁੱਪ ਕਰਾ ਦਿੰਦਾ ਸੀ। ਪਰ ਉਹਦੇ ਅੰਦਰਲੀ ਜਗਿਆਸਾ ਸ਼ਾਂਤ ਨਹੀਂ ਹੁੰਦੀ ਸੀ। ਇਕ ਦਿਨ ਪੁੱਛਣ ਲੱਗਾ "ਬੜੇ ਭਾਈ ਕੀ ਪਾਕਿਸਤਾਨ ਵਿਚ ਵੀ ਮਿੱਟੀ ਹੁੰਦੀ ਹੈ ?"

"ਕਿਉਂ, ਉੱਥੇ ਮਿੱਟੀ ਕਿਉਂ ਨਹੀਂ ਹੋਵੇਗੀ"

"ਸੜਕਾਂ ਹੀ ਸੜਕਾਂ ਨਹੀਂ......ਉੱਥੇ ਟੈਰਾਲੀਨ ਵੀ ਮਿਲਦੀ ਹੈ....ਉੱਥੇ ਸਸਤੀ ਹੈ........"

"ਦੇਖ ਇਹ ਸਾਰੀਆਂ ਗੱਲਾਂ ਮਨਘੜਤ ਹਨ..... ਤੂੰ ਅਲਤਾਫ਼ ਬਗੈਰਾ ਦੀਆਂ ਗੱਲਾਂ 'ਤੇ ਬਹੁਤਾ ਕੰਨ ਨਾ ਧਰਿਆ ਕਰ" ਮੈਂ ਉਹਨੂੰ ਸਮਝਾਇਆ।

"ਬੜੇ ਭਾਈ, ਕੀ ਹਿੰਦੂ ਅੱਖਾਂ ਕੱਢ ਲੈਂਦੇ ਹਨ..... "

"ਬਕਵਾਸ ਹੈ ,.... ਇਹ ਤੈਨੂੰ ਕੀਹਨੇ ਕਿਹਾ ?"

"ਵੱਛਣ ਨੇ"

"ਗ਼ਲਤ ਐ"

"ਤਾਂ, ਚਮੜੀ ਵੀ ਨਹੀਂ ਉਧੇੜਦੇ ?"

"ਉਹ ਹੋ, ਇਹ ਤੂੰ ਕੀ ਬਕਵਾਸ ਕਰ ਰਿਹੈਂ....."

ਉਹ ਚੁੱਪ ਹੋ ਗਿਆ ਪਰ ਉਸ ਦੀਆਂ ਅੱਖਾਂ ਵਿਚ ਸੈਂਕੜੇ ਸਵਾਲ ਸਨ। ਮੈਂ ਬਾਹਰ ਚਲਾ ਗਿਆ। ਉਹ ਸਫੀਆ ਨਾਲ ਇਸੇ ਤਰ੍ਹਾਂ ਦੀਆਂ ਗੱਲਾਂ ਕਰਨ ਲੱਗ ਪਿਆ।

ਕਰਫ਼ਿਊ ਲੰਬਾ ਹੁੰਦਾ ਚਲਾ ਗਿਆ। ਰਾਤ ਦੀ ਗਸ਼ਤ ਜਾਰੀ ਰਹੀ। ਸਾਡੇ ਘਰ ਵੱਲੋਂ ਸੈਫੂ ਹੀ ਜਾਂਦਾ ਰਿਹਾ। ਕੁੱਝ ਦਿਨਾਂ ਦੇ ਬਾਅਦ ਇਕ ਦਿਨ ਸੁੱਤਾ ਪਿਆ ਸੈਫੂ ਚੀਕਣ-ਚਿਲਾਉਣ ਲੱਗ ਪਿਆ। ਅਸੀਂ ਸਭ ਘਬਰਾ ਗਏ ਪਰ ਇਹ ਸਮਝਣ ਵਿਚ ਦੇਰ ਨਾ ਲੱਗੀ ਕਿ ਇਹ ਸਭ ਉਹਨੂੰ ਡਰਾਏ ਜਾਣ ਕਰ ਕੇ ਹੀ ਹੈ। ਅੱਬਾ ਜਾਨ ਨੂੰ ਮੁੰਡਿਆਂ 'ਤੇ ਬਹੁਤ ਗ਼ੁੱਸਾ ਆਇਆ ਸੀ ਅਤੇ ਉਨ੍ਹਾਂ ਨੇ ਮਹੱਲੇ ਦੇ ਕੁੱਝ ਬਜ਼ੁਰਗਾਂ ਨੂੰ ਕਿਹਾ ਵੀ ਪਰ ਉਸ ਦਾ ਕੋਈ ਅਸਰ ਨਾ ਹੋਇਆ। ਮੁੰਡੇ, ਉਹ ਵੀ ਮਹੱਲੇ ਦੇ ਮੁੰਡੇ ਉਹ ਕਿਸੇ ਮਨੋਰੰਜਨ ਤੋਂ ਕਿਉਂ ਵਾਂਝੇ ਹੋ ਜਾਂਦੇ ?

ਗੱਲ ਕਿਥੋਂ ਤੋਂ ਕਿੱਥੇ ਪਹੁੰਚ ਗਈ ਹੈ ਇਸ ਦਾ ਅੰਦਾਜ਼ਾ ਮੈਨੂੰ ਉਸ ਵਕਤ ਨਹੀਂ ਸੀ ਜਦੋਂ ਇਕ ਦਿਨ ਸੈਫੂ ਨੇ ਬੜੀ ਗੰਭੀਰਤਾ ਨਾਲ ਮੈਨੂੰ ਪੁੱਛਿਆ "ਬੜੇ ਭਾਈ, ਮੈਂ ਹਿੰਦੂ ਹੋ ਜਾਵਾਂ ?"

ਸਵਾਲ ਸੁਣ ਕੇ ਮੈਂ ਸੁੰਨ ਹੀ ਹੋ ਗਿਆ। ਪਰ ਜਲਦੀ ਹੀ ਸਮਝ ਗਿਆ ਕਿ ਇਹ ਰਾਤ ਨੂੰ ਡਰਾਉਣੇ ਕਿੱਸੇ ਸੁਣਾਏ ਜਾਣ ਦਾ ਨਤੀਜਾ ਹੈ। ਮੈਨੂੰ ਗ਼ੁੱਸਾ ਆਇਆ, ਫੇਰ ਸੋਚਿਆ ਕਿ ਪਾਗਲ ਉੱਤੇ ਗ਼ੁੱਸਾ ਕਰਨ ਦੀ ਥਾਂ ਗ਼ੁੱਸਾ ਪੀ ਹੀ ਜਾਵਾਂ ਅਤੇ ਉਹਨੂੰ ਸਮਝਾਉਣ ਦੀ ਕੋਸ਼ਿਸ਼ ਕਰਾਂ।

ਮੈਂ ਪੁੱਛਿਆ ? "ਕਿਉਂ, ਤੂੰ ਹਿੰਦੂ ਕਿਉਂ ਹੋਣਾ ਚਾਹੁੰਦਾ ਹੈਂ ?"

"ਬਚ ਜਾਵਾਂਗਾ" ਸੈਫੂ ਬੋਲਿਆ

"ਇਸ ਦਾ ਮਤਲਬ ਹੈ ਕਿ ਮੈਂ ਨਹੀਂ ਬਚ ਸਕਾਂਗਾ" ਮੈਂ ਉਹਨੂੰ ਪੁੱਛਿਆ।

"ਤਾਂ ਤੁਸੀਂ ਵੀ ਹੋ ਜਾਓ" ਉਹਨੇ ਫੇਰ ਕਿਹਾ।

"ਅਤੇ ਤੇਰੇ ਤਾਇਆ, - ਅੱਬਾ" ਮੈਂ ਆਪਣੇ ਪਿਉ ਤੇ ਉਹਦੇ ਤਾਏ ਦੀ ਗੱਲ ਕੀਤੀ।

"ਨਹੀਂ..... ਉਨ੍ਹਾਂ ਨੂੰ....." ਉਹ ਕੁੱਝ ਸੋਚਣ ਲੱਗਾ। ਅੱਬਾ ਜਾਨ ਦੀ ਸਫ਼ੈਦ ਤੇ ਲੰਬੀ ਦਾੜ੍ਹੀ ਵਿਚ ਉਹ ਕਿਧਰੇ ਉਲ਼ਝ ਗਿਆ ਹੋਵੇਗਾ।

"ਦੇਖ ਇਹ ਸਭ ਮੁੰਡਿਆਂ ਦੀ ਸ਼ਰਾਰਤ ਹੈ ਜੋ ਤੈਨੂੰ ਬਹਿਕਾਉਂਦੇ ਹਨ। ਇਹ ਜੋ ਕੁੱਝ ਵੀ ਤੈਨੂੰ ਦੱਸਦੇ ਹਨ ਸਭ ਝੂਠ ਹੈ। ਹਾਂ ! ਤੂੰ ਮਹੇਸ਼ ਨੂੰ ਨਹੀਂ ਜਾਣਦਾ ?"

"ਉਹ ਜੋ ਸਕੂਟਰ 'ਤੇ ਆਉਂਦੇ ਹਨ....." ਉਹ ਖ਼ੁਸ਼ ਹੋ ਗਿਆ।

"ਹਾਂ..ਹਾਂ ਉਹ ਹੀ"

"ਉਹ ਹਿੰਦੂ ਹੈ ?"

" ਹਾਂ ਹਿੰਦੂ ਹੈ" ਮੈਂ ਕਿਹਾ, ਪਹਿਲਾਂ ਤਾਂ ਉਹਦੇ ਚਿਹਰੇ 'ਤੇ ਨਿਰਾਸ਼ਾ ਭਰੀ ਹਲਕੀ ਜਿਹੀ ਉਦਾਸੀ ਉੱਭਰੀ, ਫੇਰ ਉਹ ਚੁੱਪ ਹੋ ਗਿਆ।

"ਇਹ ਤਾਂ ਸਭ ਗੁੰਡੇ, ਬਦਮਾਸ਼ਾਂ ਦੇ ਕੰਮ ਹਨ... ਨਾ ਹਿੰਦੂ ਲੜਦੇ ਹਨ ਨਾ ਹੀ ਮੁਸਲਮਾਨ...ਗੁੰਡੇ ਲੜਦੇ ਹਨ। ਸਮਝਿਆ ?"

ਦੰਗਾ ਸ਼ੈਤਾਨ ਦੀ ਆਂਦਰ ਵਾਂਗ ਖਿੱਚ ਹੁੰਦਾ ਚਲਾ ਗਿਆ ਅਤੇ ਮਹੱਲੇ ਵਿਚ ਲੋਕ ਤੰਗ ਆਉਣ ਲੱਗ ਪਏ। ਯਾਰ, ਸ਼ਹਿਰ ਵਿਚ ਦੰਗਾ ਕਰਨ ਵਾਲੇ ਬਦਮਾਸ਼ਾਂ ਨੂੰ ਮਿਲਾ ਵੀ ਲਿਆ ਜਾਵੇ ਤਾਂ ਕਿੰਨੇ ਕੁ ਹੋਣਗੇ। ਵੱਧ ਤੋਂ ਵੱਧ ਇਕ ਹਜ਼ਾਰ। ਚਲੋ, ਦੋ ਹਜ਼ਾਰ ਮੰਨ ਲਓ। ਤਾਂ ਭਾਈ ਦੋ ਹਜ਼ਾਰ ਆਦਮੀਆਂ ਨੇ ਲੱਖਾਂ ਲੋਕਾਂ ਦੀ ਜ਼ਿੰਦਗੀ ਨੂੰ ਨਰਕ ਬਣਾ ਰੱਖਿਆ ਹੈ ਤੇ ਅਸੀਂ ਲੋਕ ਘਰਾਂ ਵਿਚ ਲੁੱਕ ਕੇ ਬੈਠੇ ਹੋਏ ਹਾਂ। ਇਹ ਤਾਂ ਉਂਜ ਹੀ ਹੋਇਆ ਜਿਵੇਂ ਕਿ ਦਸ ਹਜ਼ਾਰ ਅੰਗਰੇਜ਼ ਕਰੋੜਾਂ ਹਿੰਦੁਸਤਾਨੀਆਂ ਉੱਪਰ ਰਾਜ ਕਰਦੇ ਸਨ ਅਤੇ ਸਾਰਾ ਨਿਜ਼ਾਮ ਉਨ੍ਹਾਂ ਦੇ ਅਧੀਨ ਚੱਲਦਾ ਰਹਿੰਦਾ ਸੀ। ਫੇਰ, ਇਨ੍ਹਾਂ ਦੰਗਿਆਂ ਤੋਂ ਫ਼ਾਇਦਾ ਕਿਸ ਨੂੰ ਹੈ ? ਫ਼ਾਇਦਾ ? ਹੋਰ ਕੀ, - ਹਾਜੀ ਅਬਦੁਲ ਕਰੀਮ ਨੂੰ ਫ਼ਾਇਦਾ ਹੈ ਜੋ ਮਿਉਂਸਪੈਲਟੀ ਦੀ ਚੋਣ ਲੜੇਗਾ ਅਤੇ ਉਹਨੂੰ ਮੁਸਲਮਾਨ ਵੋਟ

ਮਿਲਣਗੇ, ਫ਼ਾਇਦਾ ਪੰਡਿਤ ਯੋਗੇਸ਼ਵਰ ਨੂੰ ਹੈ, ਜਿਹਨੂੰ ਹਿੰਦੂਆਂ ਦੇ ਵੋਟ ਮਿਲਣਗੇ। ਤਾਂ ਫੇਰ ਅਸੀਂ ਕੀ ਹਾਂ? ਤੁਸੀਂ ਵੋਟਰ ਹੋ- ਹਿੰਦੂ ਵੋਟਰ, ਮੁਸਲਮਾਨ ਵੋਟਰ, ਪਛੜੇ ਵੋਟਰ, ਸੁੰਨੀ ਵੋਟਰ, ਸ਼ੀਆ ਵੋਟਰ। ਇਹ ਹੀ ਸਭ ਹੁੰਦਾ ਰਹੇਗਾ ਇਸ ਦੇਸ਼ ਵਿਚ? ਹਾਂ ਕਿਉਂ ਨਹੀਂ? ਇੱਥੇ ਲੋਕ ਜਾਹਲ ਹਨ। ਇੱਥੇ ਕਿਰਾਏ ਦੇ ਹਤਿਆਰੇ ਮਿਲ ਜਾਂਦੇ ਹਨ। ਜਿੱਥੇ ਰਾਜਸੀ ਨੇਤਾ ਆਪਣੀਆਂ ਗੱਦੀਆਂ ਖ਼ਾਤਰ ਦੰਗੇ ਕਰਵਾਉਂਦੇ ਹਨ, ਉੱਥੇ ਹੋਰ ਕੀ ਹੋ ਸਕਦਾ ਹੈ? ਯਾਰ, ਕੀ ਅਸੀਂ ਲੋਕਾਂ ਨੂੰ ਪੜ੍ਹਾ ਨਹੀਂ ਸਕਦੇ? ਸਮਝਾ ਨਹੀਂ ਸਕਦੇ? ਹਾ..ਹਾ..ਹਾ.. ਤੁਸੀਂ ਕੌਣ ਹੁੰਦੇ ਹੋ ਪੜ੍ਹਾਉਣ ਵਾਲੇ, ਸਰਕਾਰ ਪੜ੍ਹਾਏਗੀ ਜੇ ਚਾਹੇਗੀ। ਜੇ ਸਰਕਾਰ ਨਾ ਚਾਹਵੇ ਤਾਂ ਇਸ ਦੇਸ਼ ਵਿਚ ਕੁੱਝ ਨਹੀਂ ਹੋ ਸਕਦਾ? ਹਾਂ..... ਅੰਗਰੇਜ਼ਾਂ ਨੇ ਸਾਨੂੰ ਇਹ ਹੀ ਸਿਖਾਇਆ ਹੈ ....ਅਸੀਂ ਇਸ ਦੇ ਆਦੀ ਹਾਂ....ਚਲੋ ਛੱਡੋ। ਤਾਂ ਦੰਗੇ ਹੁੰਦੇ ਰਹਿਣਗੇ? ਹਾਂ, ਹੁੰਦੇ ਰਹਿਣਗੇ। ਮੰਨ ਲਓ ਕਿ ਇਸ ਦੇਸ਼ ਦੇ ਸਾਰੇ ਮੁਸਲਮਾਨ ਹਿੰਦੂ ਹੋ ਜਾਣ? ਲਾਹੌਲ ਵਿਲਾ ਕੁੱਅਵਤ, ਇਹ ਕੀ ਕਹਿ ਰਹੇ ਹੋ ਤੁਸੀਂ? ਅੱਛਾ ਫ਼ਰਜ਼ ਕਰੋ ਕਿ ਇਸ ਦੇਸ਼ ਦੇ ਸਾਰੇ ਹਿੰਦੂ ਮੁਸਲਮਾਨ ਹੋ ਜਾਣ?, ਸੁਭਾਨ ਅੱਲਾ.... ਵਾਹ ਵਾਹ ਕੀ ਗੱਲ ਕਹੀ ਹੈ..... ਤਾਂ ਕੀ ਦੰਗੇ ਰੁਕ ਜਾਣਗੇ?

ਇਹ ਤਾਂ ਸੋਚਣ ਦੀ ਗੱਲ ਹੈ ..... ਪਾਕਿਸਤਾਨ ਵਿਚ ਸ਼ੀਆ, ਸੁੰਨੀ ਇਕ ਦੂਜੇ ਦੀ ਜਾਨ ਦੇ ਦੁਸ਼ਮਣ ਹਨ ...... ਬਿਹਾਰ ਵਿਚ ਬ੍ਰਾਹਮਣ ਹਰੀਜਨ ਦੇ ਪਰਛਾਵੇਂ ਤੋਂ ਵੀ ਬਚਦੇ ਹਨ..... ਤਾਂ ਕੀ ਯਾਰ ਆਦਮੀ ਜਾਂ ਕਹੋ ਇਨਸਾਨ ਸਾਲਾ ਹੈ ਹੀ ਅਜਿਹਾ ਜੋ ਲੜਦਾ ਹੀ ਰਹਿਣਾ ਚਾਹੁੰਦਾ ਹੈ? ਉਂਜ ਦੇਖੋ ਤਾਂ ਜੁੰਮਨ ਤੇ ਮੈਕੂ ਦੀ ਬੜੀ ਦੋਸਤੀ ਹੈ ਤਾਂ ਫੇਰ ਕਿਉਂ ਨਾ ਅਸੀਂ ਮੈਕੂ ਤੇ ਜੁੰਮਨ ਬਣ ਜਾਈਏ.... ਵਾਹ ਕਿੰਨੇ ਪਤੇ ਦੀ ਗੱਲ ਕੀਤੀ, ਮਤਲਬ ... ਮਤਲਬ ... ਮਤਲਬ......

ਮੈਂ ਸਵੇਰੇ ਸਵਖਤੇ ਹੀ ਰੇਡੀਓ ਦੇ ਕੰਨ ਮਰੋੜ ਰਿਹਾ ਸੀ। ਸਫ਼ੀਆ ਝਾੜੂ ਦੇ ਰਹੀ ਸੀ ਕਿ ਰਾਜਾ ਦਾ ਛੋਟਾ ਭਰਾ ਅਕਰਮ ਦੌੜਦਾ ਹੋਇਆ ਆਇਆ ਅਤੇ ਆਪਣੇ ਤੇਜ਼ ਚੱਲਦੇ ਹੋਏ ਸਾਹ ਨੂੰ ਰੋਕਣ ਦੀ ਨਾਕਾਮ ਕੋਸ਼ਿਸ਼ ਕਰਦਾ ਹੋਇਆ ਕਹਿਣ ਲੱਗਾ, ਸੈਫੂ ਨੂੰ ਪੀ.ਏ.ਸੀ. ਵਾਲੇ ਕੁੱਟ ਰਹੇ ਹਨ।

ਕੀ? ਕੀ ਕਹਿ ਰਿਹੈਂ?

"ਸੈਫੂ ਨੂੰ ਪੀ.ਏ.ਸੀ. ਵਾਲੇ ਕੁੱਟ ਰਹੇ ਹਨ" ਉਹ ਅਟਕ ਕੇ ਬੋਲਿਆ।

"ਕਿਉਂ ਕੁੱਟ ਰਹੇ ਹਨ? ਕੀ ਗੱਲ ਹੈ?"

"ਪਤਾ ਨਹੀਂ.... ਨੁੱਕਰ 'ਤੇ...."

"ਉੱਥੇ, ਜਿੱਥੇ ਪੀ.ਏ.ਸੀ. ਦੀ ਚੌਕੀ ਹੈ?"

"ਹਾਂ, ਉੱਥੇ ਹੀ"

"ਪਰ ਕਿਉਂ......" ਮੈਨੂੰ ਪਤਾ ਸੀ ਕਿ ਅੱਠ ਵਜੇ ਤੋਂ ਦਸ ਵਜੇ ਤਕ ਕਰਫ਼ਿਊ ਖੁੱਲਣ ਲੱਗ ਪਿਆ ਹੈ ਅਤੇ ਸੈਫੂ ਨੂੰ ਅੱਠ ਵਜੇ ਦੇ ਕਰੀਬ ਅੰਮਾ ਨੇ ਦੁੱਧ ਲੈਣ ਭੇਜਿਆ ਸੀ। ਸੈਫੂ ਵਰਗੇ ਪਾਗਲ ਨੂੰ ਵੀ ਪਤਾ ਸੀ ਕਿ ਉਹਨੇ ਜਲਦੀ ਤੋਂ ਜਲਦੀ ਵਾਪਸ ਆਉਣਾ ਹੈ ਪਰ ਹੁਣ ਤਾਂ ਦਸ ਵੱਜ ਗਏ ਹਨ।

"ਚੱਲ, ਮੈਂ ਚੱਲਦਾ ਹਾਂ" ਰੇਡੀਓ ਵਿਚੋਂ ਆਉਂਦੀ ਬੇਢੰਗੀ ਆਵਾਜ਼ ਦਾ ਫ਼ਿਕਰ ਕੀਤੇ ਬਗੈਰ ਮੈਂ ਤੇਜ਼ ਕਦਮੀਂ ਬਾਹਰ ਨਿਕਲ ਗਿਆ। ਪਾਗਲ ਨੂੰ ਕਿਉਂ ਮਾਰ ਰਹੇ ਹਨ ਪੀ.ਏ.ਸੀ. ਵਾਲੇ, ਉਹਨੇ ਕਿਹੜਾ ਅਜਿਹਾ ਜੁਰਮ ਕੀਤਾ ਹੈ? ਉਹ ਕਰ ਹੀ ਕੀ ਸਕਦਾ ਹੈ? ਉਹ ਖ਼ੁਦ ਹੀ ਇੰਨਾ ਡਰਿਆ ਹੋਇਆ ਰਹਿੰਦਾ ਹੈ ਕਿ ਉਹਨੂੰ ਕੁੱਟਣ ਦੀ ਕੀ ਜ਼ਰੂਰਤ ਹੈ ...ਫੇਰ ਕੀ ਕਾਰਨ ਹੋ ਸਕਦਾ ਹੈ? ਪੈਸੇ? ਉਹਨੂੰ ਤਾਂ ਅੰਮਾ ਨੇ ਦੋ ਰੁਪਏ ਦਿੱਤੇ ਸਨ। ਦੋ ਰੁਪਏ ਵਾਸਤੇ ਪੀ.ਏ.ਸੀ. ਵਾਲੇ ਉਹਨੂੰ ਕਿਉਂ ਕੁੱਟਣਗੇ?

ਨੁੱਕਰ 'ਤੇ ਮੁੱਖ ਸੜਕ ਦੇ ਬਰਾਬਰ ਮਕਾਨਾਂ ਉੱਤੇ ਮਹੱਲੇ ਦੇ ਕੁੱਝ ਲੋਕ ਜਮ੍ਹਾ ਸਨ। ਸਾਹਮਣੇ ਸੈਫੂ ਪੀ.ਏ.ਸੀ. ਵਾਲਿਆਂ ਦੇ ਅੱਗੇ ਖੜ੍ਹਾ ਸੀ। ਉਹਦੇ ਸਾਹਮਣੇ ਪੀ.ਏ.ਸੀ. ਦੇ ਜਵਾਨ ਸਨ। ਸੈਫੂ ਜ਼ੋਰ ਸ਼ੋਰ ਨਾਲ ਆਕੜ ਰਿਹਾ ਸੀ "ਮੈਨੂੰ ਤੁਸੀਂ ਕਿਉਂ ਮਾਰਿਆ... ਮੈਂ ਹਿੰਦੂ ਹਾਂ... ਹਿੰਦੂ ਹਾਂ...."

ਮੈਂ ਅੱਗੇ ਵਧਿਆ। ਮੈਨੂੰ ਦੇਖਣ ਤੋਂ ਬਾਅਦ ਵੀ ਸੈਫੂ ਚੁੱਪ ਨਹੀਂ ਹੋਇਆ ਉਹ ਕਹਿੰਦਾ ਰਿਹਾ "ਹਾਂ.... ਹਾਂ ਮੈਂ ਹਿੰਦੂ ਹਾਂ" ਉਹ ਲੜਖੜਾ ਰਿਹਾ ਸੀ। ਉਹਦੇ ਬੁੱਲ੍ਹਾਂ ਦੇ ਕੋਨਿਆਂ ਤੋਂ ਖ਼ੂਨ ਦੀ ਇਕ ਬੂੰਦ ਨਿਕਲ ਕੇ ਠੋਡੀ 'ਤੇ ਜੰਮ ਗਈ ਸੀ।

"ਤੁਸੀਂ ਮੈਨੂੰ ਕੁੱਟਿਆਂ ਕਿਵੇਂ .... ਮੈਂ ਹਿੰਦੂ...."

"ਸੈਫੂ ...ਇਹ ਕੀ ਹੋ ਰਿਹਾ ਹੈ...ਘਰ ਚੱਲ"

"ਮੈਂ...ਮੈਂ ਹਿੰਦੂ ਹਾਂ"

ਮੈਨੂੰ ਬਹੁਤ ਹੈਰਾਨੀ ਹੋਈ ..... ਕੀ ਇਹ ਉਹ ਹੀ ਸੈਫੂ ਹੈ ਜੋ ਸੀ.... ਇਹਦੀ ਤਾਂ ਕਾਇਆ ਹੀ ਪਲਟ ਗਈ ਹੈ। ਇਹਨੂੰ ਹੋ ਕੀ ਗਿਆ?

"ਸੈਫੂ ਹੋਸ਼ ਵਿਚ ਆ" ਮੈਂ ਉਹਨੂੰ ਜ਼ੋਰ ਨਾਲ ਡਾਂਟਿਆ।

ਮਹੱਲੇ ਦੇ ਦੂਸਰੇ ਲੋਕ ਪਤਾ ਨਹੀਂ ਕੀਹਦੇ ਉੱਤੇ ਅੰਦਰ ਹੀ ਅੰਦਰ ਦੂਰ ਤੋਂ ਹੱਸ ਰਹੇ ਸਨ। ਮੈਨੂੰ ਗ਼ੁੱਸਾ ਆਇਆ। ਸਾਲੇ ਇਹ ਨਹੀਂ ਸਮਝਦੇ ਕਿ ਇਹ ਪਾਗਲ ਹੈ।

"ਇਹ ਤੁਹਾਡਾ ਕੀ ਲੱਗਦਾ ਹੈ" ਇਕ ਪੀ.ਏ.ਸੀ. ਵਾਲੇ ਨੇ ਮੈਨੂੰ ਪੁੱਛਿਆ।

"ਮੇਰਾ ਭਰਾ ਹੈ... ਥੋੜ੍ਹੀ ਮੈਂਟਲ ਪ੍ਰਾਬਲਮ ਹੈ ਇਹਨੂੰ"।

"ਤਾਂ ਇਹਨੂੰ ਘਰ ਲੈ ਜਾ?" ਇਕ ਸਿਪਾਹੀ ਬੋਲਿਆ।

"ਸਾਨੂੰ ਤਾਂ ਪਾਗਲ ਕਰ ਦਿੱਤਾ ਇਹਨੇ" ਦੂਸਰੇ ਨੇ ਕਿਹਾ।

"ਚੱਲ .... ਸੈਫੂ ਘਰ ਚੱਲ। ਕਰਫ਼ਿਊ ਲੱਗ ਗਿਆ ਹੈ... ਕਰਫ਼ਿਊ..."

"ਨਹੀਂ... ਨਹੀਂ ਜਾਊਂਗਾ... ਮੈਂ ਹਿੰਦੂ ਹਾਂ ... ਹਿੰਦੂ ... ਮੈਨੂੰ ...ਮੈਨੂੰ..."

ਉਹ ਧਾਹਾਂ ਮਾਰ ਕੇ ਰੋਣ ਲੱਗ ਪਿਆ ..... "ਕੁੱਟਿਆ ... ਮੈਨੂੰ ਮਾਰਿਆ ... ਮੈਨੂੰ ਮਾਰਿਆ ... ਮੈਂ ਹਿੰਦੂ ਹਾਂ ... ਮੈਂ ..."

ਸੈਫੂ ਘੜੰਮ ਕਰ ਕੇ ਜ਼ਮੀਨ 'ਤੇ ਡਿਗ ਪਿਆ ... ਸ਼ਾਇਦ ਬੇਹੋਸ਼ ਹੋ ਗਿਆ ਸੀ .....

ਹੁਣ ਉਹਨੂੰ ਚੁੱਕ ਕੇ ਲੈ ਜਾਣਾ ਸੌਖਾ ਸੀ।

ਅਨੁਵਾਦ - ਕੇਹਰ ਸ਼ਰੀਫ਼

ਹਕੀਕਤ

# ਬੇਬੇ ਦੀ ਛਾਂ



ਵਿਸ਼ਾਲ
+91-99884-23237

ਤੁਰ ਗਈ ਉਹ ..... ਭਰਿਆ ਭਰਾਇਆ ਇਕ ਵੱਡਾ ਪਰਿਵਾਰ ਛੱਡ ਕੇ। ਮੇਰੇ ਬਾਪ ਦੀ ਮਾਂ ....... ਮੇਰੀ ਦੋਹਰੀ ਮਾਂ, ਮੇਰੀ ਬੇਬੇ "ਕੇਸੋ"। ਅੰਤਲੇ ਦਿਨਾਂ 'ਚ ਉਹ ਬਹੁਤ ਇੱਕਲੀ ਹੋ ਗਈ। ਘਰ ਦੇ ਵਿਹੜੇ 'ਚ ਬੈਠ ਕੇ ਬੇਬੇ ਪਤਾ ਨਹੀਂ ਕੀ ਕੀ ਸੋਚਦੀ ਹੋਵੇਗੀ, ਜਿਸ ਦੀ ਕੁੱਖ ਨੇ ਸਿਰਜਣਾ ਕੀਤੀ-ਪੋਤਰੇ-ਪੋਤਰੀਆਂ, ਦੋਹਤੇ-ਦੋਹਤੀਆਂ ਦੀ। ਉਸ ਨੂੰ ਜਦ ਮੈਂ ਮੰਜੀ 'ਤੇ ਪਈ ਨੂੰ ਵੇਖਦਾ ਤਾਂ ਉਹਦੇ ਚਿਹਰੇ ਦੀਆਂ ਝੁਰੜੀਆਂ ਮੇਰੀ ਜ਼ੁਬਾਨ 'ਤੇ ਪੈ ਜਾਂਦੀਆਂ। ਵੰਡ ਤੋਂ ਬਾਅਦ ਉਹ ਏਧਰਲੇ ਪੰਜਾਬ ਆ ਗਈ, ਆਪਣਾ ਟੱਬਰ ਟੀਰ ਲੈ ਕੇ। ਉਸ ਨੂੰ ਹੌਲੀ ਹੌਲੀ ਤੁਰਦੀ ਨੂੰ ਵੇਖਦਾ, ਉਹਦੇ ਚਿਹਰੇ 'ਤੇ ਸਦੀ ਦੀਆਂ ਤ੍ਰਿਕਾਲਾਂ ਢਲ ਰਹੀਆਂ ਸਨ। ਬੇਬੇ ਨੇ ਆਪਣੀ ਠੋਡੀ 'ਤੇ ਜੁਆਨੀ ਵੇਲੇ ਜਿਹੜਾ ਤਿਲ ਖੁਣਵਾਇਆ ਸੀ, ਉਹ ਬਹੁਤ ਮੱਧਮ ਰਹਿ ਗਿਆ, ਉਹਦੇ ਚਿਹਰੇ ਦੇ ਸਿਆਹ ਹੋ ਰਹੇ ਰੰਗ 'ਚ ਦਿਸਦਾ ਹੀ ਨਹੀਂ ਸੀ। ਮੈਂ ਵੇਖਦਾ, ਬੇਬੇ ਕਦੀ ਕਦੀ ਉਸ ਤਿਲ 'ਤੇ ਹੱਥ ਰੱਖਦੀ ਉਦਾਸ ਹੋ ਜਾਂਦੀ। ਖੌਰੇ! ਉਨ੍ਹਾਂ ਦਿਨਾਂ ਨੂੰ ਯਾਦ ਕਰਦੀ ਹੋਵੇ, ਜਿਨ੍ਹਾਂ ਚਾਵਾਂ 'ਚ ਉਹ ਵਣਜਾਰੇ ਕੋਲੋਂ ਖੁਣਵਾਇਆ ਹੋਵੇਗਾ ਜਾਂ ਫਿਰ ਭਰੇ ਵਿਹੜੇ ਨੂੰ ਛੱਡ ਕੇ ਤੁਰ ਜਾਣ ਦੇ ਵੇਲੇ ਨੂੰ।

ਬਹੁਤ ਛੋਟਾ ਸਾਂ ਉਦੋਂ, ਜਦ ਉਹਨੂੰ ਚਰਖਾ ਕੱਤਦੀ ਨੂੰ ਵੇਖਦਾ। ਉਹ ਪੇਂਜੇ ਤੋਂ ਰੂੰ ਪਿੰਜਾਅ ਕੇ ਲਿਆਉਂਦੀ। ਪਿੰਡ ਦੇ ਘਰ ਦੇ ਇਕ ਕਮਰੇ 'ਚ ਉਹਨੇ ਖੱਡੀ ਲਾਈ ਹੋਈ ਸੀ। ਸੂਤ ਨੂੰ ਰੰਗ ਚੜ੍ਹਾ ਕੇ ਰੰਗ ਬਰੰਗੀਆਂ ਦਰੀਆਂ-ਖੇਸ ਬੁਣਦੀ ਜਿਵੇਂ ਕਿਤੇ ਆਪਣੇ ਪਰਿਵਾਰ ਲਈ ਸੁਪਨੇ ਬੁਣੇ ਹੋਣਗੇ। ਦਰੀਆਂ ਜਦ ਤਿਆਰ ਹੋ ਜਾਂਦੀਆਂ ਤਾਂ ਬੇਬੇ ਖ਼ੁਸ਼ੀ 'ਚ ਖੀਵੀ ਹੋ ਹੋ ਜਾਂਦੀ ਕਿ ਕਿਸੇ ਧੀ-ਧਿਆਣੀ ਦੀ ਵਰੀ 'ਚ ਕੰਮ ਆਉਣਗੀਆਂ। ਮੇਰੇ ਚਾਚੇ-ਚਾਚੀ ਦਾ ਉਹ ਬਹੁਤ ਹੀ ਫ਼ਿਕਰ ਕਰਦੀ। ਚਾਚੇ ਨੇ ਸਾਰੀ ਉਮਰ ਹੀ ਫੱਕਰਾਂ ਵਾਂਗੂੰ ਹੰਢਾਈ, ਚਾਚੀ ਵੀ ਸਿੱਧੀ ਸਾਧੀ। ਅੱਗੋਂ ਛੋਟਾ ਮੁੰਡਾ ਵੀ ਨਿਰਾ ਸਾਧ। ਮੈਨੂੰ ਕਦੇ ਕਦੇ ਬੇਬੇ ਆਖਦੀ, ਤੂੰ ਆਪਣੇ ਗਾਸ਼ੀ ਚਾਚੇ ਨੂੰ ਆਖ ਕਿ ਦਾੜ੍ਹੀ ਹੀ ਕਟਵਾ ਲਵੇ, ਕਿਵੇਂ ਕਮਲਾ ਬਣਿਆ ਫਿਰਦਾ ਏ। ਉਹ ਸਾਰੇ ਪਿੰਡ ਦੀ ਬੇਬੇ ਸੀ। ਕਿਸੇ ਦੇ ਪੈਰ ਨੂੰ ਮੋਚ ਆ ਜਾਂਦੀ, ਕਿਸੇ ਨੂੰ ਬੁਖ਼ਾਰ ਆ ਜਾਣਾ, ਉਹ ਬੇਬੇ ਕੋਲ ਪਹੁੰਚ ਜਾਂਦਾ।

ਸਾਡੇ ਨੇੜੇ ਹੀ ਬਾਬੇ ਬਕਾਲੇ ਮੱਸਿਆ ਲੱਗਦੀ ਹੈ ਮਹੀਨੇ ਬਾਅਦ। ਓਥੋਂ ਮੇਰੇ ਲਈ ਖਿੱਦੋ-ਖੂੰਡੀ ਖ਼ਰੀਦ ਲਿਆਉਂਦੀ। ਕੋਲ ਬਿਠਾ ਕੇ ਚੂਰੀ ਖਵਾਉਂਦੀ। ਘਰ 'ਚ ਕਿਸੇ ਨੂੰ ਬੁਖ਼ਾਰ ਚੜ੍ਹਿਆ ਹੋਵੇ, ਬੇਬੇ ਸਰ੍ਹੋਂ ਦੇ ਤੇਲ ਨਾਲ ਗਲਾ ਮਲਦੀ, ਲੱਤਾਂ ਘੁੱਟਦੀ ਤੇ ਬੁਖ਼ਾਰ ਚਲਾ ਜਾਂਦਾ। ਕਿਸੇ ਨੂੰਹ ਕੁੜੀ ਨੂੰ ਬੱਚਾ ਜੰਮਣ ਵਾਲਾ ਹੋਵੇ ਤਾਂ ਸ਼ਿਲੇ ਦੇ ਦਿਨਾਂ 'ਚ ਬੇਬੇ ਚੌਵੀ ਘੰਟੇ ਉਸਦੇ ਕੋਲ ਰਹਿੰਦੀ। ਉਹਦਾ ਨੱਪ-ਘੁੱਟ ਕਰਦੀ। ਇੰਝ ਬੇਬੇ ਦੀ ਸਾਰੀ ਘਰ 'ਤੇ ਛਾਂ ਰਹਿੰਦੀ। ਉਹਦੀ ਹਵਾ 'ਚ ਸਾਰੇ ਸਾਹ ਲੈਂਦੇ। 1984 'ਚ ਪੰਜਾਬ ਦੇ ਹਾਲਾਤ ਵਿਗੜੇ ਤਾਂ ਸਾਰੀਆਂ ਮਾਵਾਂ ਵਾਂਗ ਬੇਬੇ ਵੀ ਡੁੱਬ-ਡੁੱਬ ਜਾਂਦੀ। ਮੇਰੇ ਬਾਪ ਨੂੰ ਨਸੀਹਤਾਂ ਦੇਂਦੀ, "ਵੇ ਬਖ਼ਸ਼ੀਸ਼! ਟੈਮ ਨਾਲ ਘਰ ਆਇਆ ਕਰ ਤੇ ਮੁੰਡਿਆਂ ਨੂੰ ਵੀ ਆਖ।" ਹਾਲਾਤ ਕੁਝ ਹੋਰ ਵਿਗੜੇ ਤਾਂ ਅਸੀਂ ਪਿੰਡ ਦੋਲੋਨੰਗਲ ਛੱਡ ਕੇ ਬਿਆਸ ਆ ਗਏ। ਮੇਰੀ ਵੱਡੀ ਭੈਣ ਪੰਜਾਬ ਛੱਡ ਕੇ ਹਰਿਆਣੇ ਚਲੀ ਗਏ ਤਾਂ ਜਾਂਦੇ ਟੱਰਕ ਵੱਲ ਵੇਖ ਕੇ ਬੇਬੇ ਨੇ ਕਿਹਾ, "ਅੱਜ ਦੂਜੀ ਵੇਰ ਉੱਜੜੇ ਹਾਂ, ਪਤਾ ਨਹੀਂ ਪਹਿਲਾਂ ਵੀ ਕੀ ਮਾਰ ਵੱਜੀ ਸੀ ਤੇ ਹੁਣ ਫਿਰ।" ਬਹੁਤ ਉਦਾਸ ਸੀ ਬੇਬੇ।

ਵਿਹਲੇ ਸਮੇਂ 'ਚ ਮੈਂ ਉਹਦੇ ਕੋਲ ਜਾ ਬੈਠਦਾ। ਪਾਕਿਸਤਾਨ ਦੀਆਂ ਗੱਲਾਂ ਸੁਣਾਉਂਦੀ ਉਹ ਮੈਨੂੰ। ਦੱਸਦੀ ਕਿ, "ਭਾਈ ਫੇਰੂ ਕੇ (ਲਾਹੌਰ) ਉਹਨਾਂ ਦਾ ਪਿੰਡ ਹੁੰਦਾ ਸੀ। ਉਹ ਦਿਨ ਕਿਥੇ ਆਉਣੇ ਨੇ। ਨਾ ਕੋਈ ਭੇਦ-ਭਾਵ, ਨਾ ਕੋਈ ਨਿੰਦ-ਵਿਚਾਰ।" ਬੇਬੇ ਉਹਨਾਂ ਦਿਨਾਂ ਦੀ ਵੀ ਬਾਤ ਪਾਉਂਦੀ, ਜਦੋਂ ਉਹ ਜੁਆਨ ਹੁੰਦੀ ਸੀ। ਕੋਟਲਾ ਛਪਾਕੀ ਖੇਡਦੀ ਸੀ, ਪਿੱਠੂ ਗਰਮ ਖੇਡਦੀ ਸੀ। ਮੈਂ ਮਜ਼ਾਕ ਕਰਦਾ, "ਬੇਬੇ! ਫਿਰ ਬਾਬੇ ਨਾਲ ਕਿਵੇਂ ਚੱਕਰ ਚਲਾਇਆ।" ਬੇਬੇ ਹੱਸਦੀ ਹੱਸਦੀ ਮੇਰੇ ਸਿਰ 'ਤੇ ਪਟੋਕੀ ਮਾਰਦੀ, ਚੱਲ ਪਰ੍ਹਾਂ, ਬੇਸ਼ਰਮ ਨਾ ਹੋਵੇ ਤਾਂ, ਕੇਡੀ ਆਖ਼ਰ ਆਈ ਏ ਤੈਨੂੰ।"



ਚਾਚੇ ਨੇ ਪਿੰਡ ਦੀ ਦੁਕਾਨ ਛੱਡ ਦਿੱਤੀ, ਜਿਹੜੀ ਦੁਕਾਨ ਬਾਬਾ ਕਰਦਾ ਹੁੰਦਾ ਸੀ। ਬੇਬੇ ਦੀ ਰੋਟੀ ਸਾਡੇ ਘਰ ਪੱਕਣ ਲੱਗੀ। ਬੇਬੇ ਸੌਂਦੀ ਚਾਚੇ ਦੇ ਘਰ ਹੀ ਸੀ। ਉਹ ਡੁੱਬੀ ਜਿਹੀ ਰਹਿੰਦੀ। ਰਾਤ ਨੂੰ ਮੈਂ ਵਿਹਲੇ ਸਮੇਂ ਬੇਬੇ ਕੋਲ ਚਲਾ ਜਾਂਦਾ। "ਬੇਬੇ! ਪਾਕਿਸਤਾਨ ਦੀਆਂ ਗੱਲਾਂ ਸੁਣਾ।" ਉਹ ਦੱਸਦੀ, "ਹੁਣ ਤਾਂ ਭਲੇ ਜਹੇ ਨਾਂ ਵੀ ਚੇਤੇ ਨਹੀਂ ਰਹੇ, ਉਹ ਸਾਰੀਆਂ ਬਹੁਤ ਚੰਗੀਆਂ ਸਨ। ਖੇਡਣ ਮੱਲਣ ਦੀ ਉਮਰੇ ਅਸੀਂ ਮਜੂਰੀ ਵੀ ਇੱਕਠੀਆਂ ਹੀ ਕਰਦੀਆਂ।" ਇਹ ਦੱਸਦਿਆਂ ਬੇਬੇ ਉਦਾਸ ਹੋ ਗਈ ਕਿ "ਹੱਲਿਆਂ ਵੇਲੇ ਜਦ ਅਸੀਂ ਆਪਣਾ ਘਰ-ਬਾਰ ਛੱਡ ਕੇ ਆ ਰਹੇ ਸਾਂ, ਸਾਰਾ ਸਾਮਾਨ ਗੱਡੇ 'ਚ ਲੱਦਿਆ ਸੀ। ਓਧਰਲਿਆਂ ਹੱਲਾ ਬੋਲ ਦਿੱਤਾ। ਅਸੀਂ ਜਾਨ ਬਚਾ ਕੇ ਭੱਜੇ, ਖਾਲੀ ਹੱਥ। ਉਸ ਸਾਮਾਨ 'ਚ ਮੇਰੀਆਂ ਟੂੰਬਾਂ ਵੀ ਸਨ। ਬਚਦੇ ਬਚਾਉਂਦੇ ਅਸੀਂ ਜੰਡਿਆਲੇ (ਅੰਮ੍ਰਿਤਸਰ) ਆ ਗਏ। ਤੇਰਾ ਪਿਉ ਠਠਿਆਲਾਂ ਨਾਲ ਭਾਂਡੇ ਕੁੱਟਣ 'ਤੇ ਲੱਗ ਗਿਆ ਤੇ ਰੋਟੀ ਟੁੱਕ ਚੱਲਿਆ। ਫਿਰ ਅਸੀਂ ਦੋਲੋਨੰਗਲ ਆ ਗਏ, ਤੇਰੇ ਬਾਪ ਨੇ ਹੱਟੀ ਖੋਲ੍ਹ ਲਈ।" ਇੰਝ ਉਹ ਹੋਰ ਵੀ ਕਈ ਗੱਲਾਂ ਸੁਣਾਉਂਦੀ।

ਪਿੰਡ ਰਹਿੰਦਿਆਂ ਬੇਬੇ ਵਾਲੇ ਘਰ ਦੇ ਖੁੱਲ੍ਹੇ ਵਿਹੜੇ 'ਚ ਮੈਂ ਤੇ ਮੇਰਾ ਭਰਾ ਬੈਟ-ਬੱਲਾ ਖੇਡਦੇ। ਗੇਂਦ ਗੁਆਂਢੀਆਂ ਦੇ ਚੌਂਕੇ 'ਚ ਜਾ ਡਿੱਗਦੀ। ਬੇਬੇ ਹੀ ਝਗੜਾ ਨਿਬੇੜਦੀ। ਇਹ ਰੋਜ਼ ਦਾ ਹੀ ਸਿਲਸਿਲਾ ਸੀ।

ਅੰਤਲੇ ਦਿਨਾਂ ਵਿਚ ਬੇਬੇ ਇਕ ਸਦੀ ਦੇ ਕੰਢੇ 'ਤੇ ਖੜ੍ਹੋਤੀ ਸੀ। ਉਸ ਦੀ ਪਛਾਨਣ ਸ਼ਕਤੀ ਵੀ ਬਹੁਤ ਘੱਟ ਗਈ। ਦਿਮਾਗ਼ੀ ਸੰਤੁਲਨ ਵੀ ਵਿਗੜ ਗਿਆ। ਘਰੋਂ ਬਾਹਰ ਨਿਕਲ ਜਾਣਾ, ਨੰਗੇ ਪੈਰੀਂ ਬਾਜ਼ਾਰ ਵੱਲ ਭੱਜ ਜਾਣਾ, ਆਪਣੇ ਕਪੜੇ ਇਕ ਗਠੜੀ ਵਿਚ ਬੰਨ੍ਹ ਕੇ ਕਹਿਣਾ ਕਿ 'ਮੈਂ ਹੁਣ ਚੱਲੀ ਹਾਂ'। ਬੇਬੇ ਦੀ ਇਹ ਹਾਲਤ ਮੈਥੋਂ ਵੇਖੀ ਨਾ ਜਾਂਦੀ। ਇਕ ਸਿਖ਼ਰ ਦੁਪਹਿਰ ਨੂੰ ਬੇਬੇ ਮੈਨੂੰ ਕਹਿਣ ਲੱਗੀ ਕਿ ਮੈਨੂੰ ਪਿੰਡ ਲੈ ਕੇ ਚੱਲ। ਉਹਦੀ ਗਠੜੀ ਉਹਦੇ ਹੱਥ ਵਿਚ ਹੀ ਸੀ। ਮੈਂ ਸਕੂਟਰ 'ਤੇ ਬਿਠਾ ਕੇ ਪਿੰਡ ਵਾਲੇ ਘਰ ਮਾਂ ਕੋਲ ਲੈ ਗਿਆ। ਬੇਬੇ ਕਹਿਣ ਲੱਗੀ ਕਿ ਮੈਂ ਪਿਆਰੇ ਟਾਂਗੇ ਵਾਲੇ ਕੋਲੋਂ ਪੰਜ ਰੁਪਈਏ ਲੈਣੇ ਹਨ, ਮੈਨੂੰ ਓਧਰ ਲੈ ਕੇ ਚੱਲ। ਮਾਂ ਨੇ ਚੇਤੇ ਕਰਦਿਆਂ ਦੱਸਿਆ ਕਿ ਇਹ 20 ਸਾਲ ਪੁਰਾਣੀ ਗੱਲ ਹੈ। ਪਤਾ ਨਹੀਂ ਕਦੀ ਕਦੀ ਕੀ ਹੋ ਜਾਂਦਾ ਹੈ ਬੇਬੇ ਨੂੰ। ਮੈਂ ਕਿਹਾ ਬੇਬੇ, 'ਤੂੰ ਪੈਸਿਆਂ ਨੂੰ ਛੱਡ ਦੇ ਏਥੇ ਰਹਿ।' ਪਰ ਬੇਬੇ ਗਠੜੀ ਚੁੱਕ ਕੇ ਮੇਰੇ ਨਾਲ ਹੀ ਤੁਰ ਪਈ ਕਿ ਮੈਨੂੰ ਬਿਆਸ ਹੀ ਲੈ ਚੱਲ। ਇਸ ਤਰ੍ਹਾਂ ਉਸ ਨੇ ਮੇਰੇ ਪੰਜ ਛੇ ਚੱਕਰ ਲਵਾਏ। ਉਹ ਜਿਸ ਤਰ੍ਹਾਂ ਕਹੇ, ਮੈਂ ਕਰੀਂ ਜਾਵਾਂ, ਕਿਉਂਕਿ ਮੈਂ ਸੋਚਦਾ ਸਾਂ ਇਸ ਹਾਲਤ ਵਿਚ ਬੇਬੇ ਨੂੰ ਸਿਰਫ਼ ਮੈਂ ਹੀ ਸਮਝ ਸਕਦਾ ਹਾਂ। ਸਾਡੀ ਗਲੀ ਵਾਲੇ ਤੇ ਨੇੜਲੇ ਰਿਸ਼ਤੇਦਾਰ ਬੇਬੇ ਨੂੰ ਇੰਝ ਕਰਦੀ ਵੇਖ ਰਹੇ ਸਨ। ਕੋਈ ਕਹੇ ਕਿ ਬੇਬੇ ਨੂੰ ਨੀਂਦ ਦਾ ਟੀਕਾ ਲਵਾ ਦਿਓ। ਜਿੰਨੇ ਮੂੰਹ, ਓਨੀਆਂ ਗੱਲਾਂ। ਕਿਸੇ ਨੇ ਇਹ ਵੀ ਕਿਹਾ ਕਿ ਬੇਬੇ ਤਾਂ ਸ਼ੁਦੈਣ ਹੋ ਗਈ ਹੈ, ਨਾਲ ਪੋਤਰਾ ਵੀ ਹੋ ਗਿਆ।

ਖ਼ੈਰ! ਇਨ੍ਹਾਂ ਗੱਲਾਂ ਨੂੰ ਕੋਈ ਗੰਭੀਰਤਾ ਨਾਲ ਨਹੀਂ ਸੀ ਲੈ ਰਿਹਾ, ਮੈਂ ਤਾਂ ਇਹ ਪਤਾ ਕਰਨਾ ਚਾਹੁੰਦਾ ਸਾਂ ਕਿ ਬੇਬੇ ਇਸ ਅਵਸਥਾ 'ਚ ਕੀ ਸੋਚ ਰਹੀ ਹੈ। ਉਸ ਦੀ ਕਿਹੜੀ ਅੰਦਰ ਕਲਪ ਰਹੀ ਹੈ। ਇਸ ਹਾਲਤ 'ਚ ਵੀ ਬੇਬੇ ਮੇਰੇ ਨਾਲ ਕਈ ਗੱਲਾਂ ਕਰ ਰਹੀ ਸੀ। ਗੱਲ ਸ਼ੁਰੂ ਕਿਤਿਓਂ ਕਰਦੀ ਤੇ ਖ਼ਤਮ ਕਿਤੇ। ਕਿਸੇ ਗੱਲ ਦਾ ਸਿਰ ਪੈਰ ਨਹੀਂ ਸੀ। ਪਰ ਗੱਲ ਤਾਂ ਕੋਈ ਜ਼ਰੂਰ ਸੀ। ਇਸ ਹਾਲਤ 'ਚ ਮੈਂ ਬੇਬੇ ਨੂੰ ਵੱਧ ਤੋਂ ਵੱਧ ਸੁਣਨਾ ਚਾਹੁੰਦਾ ਸਾਂ। ਏਨੇ ਨੂੰ ਬੇਬੇ ਨੇ ਫਿਰ ਮੈਨੂੰ ਕਿਹਾ ਕਿ ਪਿੰਡ ਚੱਲ ਤੇ ਮੈਂ ਤੁਰ ਪਿਆ। ਰਸਤੇ 'ਚ ਫਿਰ ਉਸ ਇੱਛਾ ਜ਼ਾਹਿਰ ਕੀਤੀ ਕਿ ਮੈਨੂੰ ਆਪਣੀ ਮਾਂ ਕੋਲ ਲੈ ਕੇ ਚੱਲ। ਘਰ ਪਹੁੰਚ ਕੇ ਬੇਬੇ ਨੇ ਮੰਜੇ 'ਤੇ ਬਹਿੰਦੀ ਨੇ ਕਿਹਾ ਕਿ, 'ਰਤਨ ਕੁਰੇ! ਤੇਰੇ ਕੋਲ ਆ ਕੇ ਠੰਢ ਜਿਹੀ ਪੈ ਜਾਂਦੀ ਹੈ।" ਮੈਂ ਉਠ ਕੇ ਜਾਣ ਲੱਗਾ ਤਾਂ ਬੇਬੇ ਫਿਰ ਮੇਰੇ ਨਾਲ ਤੁਰ ਪਈ ਕਿ ਮੈਨੂੰ ਨਾਲ ਹੀ ਲੈ ਕੇ ਚੱਲ। ਬੇਬੇ ਨੇ ਗਠੜੀ ਚੁੱਕੀ ਤੇ ਮਾਂ ਨੇ ਮੇਰੇ ਪਿੱਛੇ ਸਕੂਟਰ 'ਤੇ ਬਿਠਾ ਦਿੱਤਾ। ਬੇਬੇ ਨੇ ਕਿਹਾ ਕਿ ਗੁਰਦੁਆਰੇ ਵੱਲ ਨੂੰ ਚੱਲ, ਮੈਂ ਕਿਸੇ ਦੇ ਘਰ ਅਫ਼ਸੋਸ ਕਰਨ ਜਾਣਾ ਹੈ। ਮੈਂ ਹੈਰਾਨ ਸਾਂ ਕਿ ਬੇਬੇ ਦਾ 'ਚੇਤਾ' ਵੀ ਕਿਵੇਂ ਠੀਕ ਹੋ ਜਾਂਦਾ ਹੈ, ਕਿਉਂਕਿ ਥੋੜ੍ਹੇ ਦਿਨ ਪਹਿਲਾਂ ਹੀ ਕਿਸੇ ਜਾਣਕਾਰ ਦੀ ਮੌਤ ਹੋਈ ਸੀ। ਬੇਬੇ ਉਨ੍ਹਾਂ ਦੇ ਘਰ ਗਈ ਤੇ ਮੁੜਦੇ ਪੈਰੀਂ ਵਾਪਸ ਆ ਗਈ ਤੇ ਫਿਰ ਪੈਦਲ ਹੀ ਤੁਰ ਪਈ। ਮੈਂ ਵੀ ਪਿੱਛੇ-ਪਿੱਛੇ। ਪਿੰਡ ਦੇ ਥੜ੍ਹੇ ਨੇੜੇ ਖੜ੍ਹੇ ਕੇ ਬੇਬੇ ਇਕ ਇਮਾਰਤ ਵੱਲ ਚੁੱਪਚਾਪ ਵੇਖੀ ਜਾਵੇ ਤੇ ਬਸ ਵੇਖੀ ਹੀ ਜਾਵੇ। ਓਨੀ ਕੁ ਥਾਂ 'ਤੇ ਚੱਕਰ ਕੱਟੇ ਤੇ ਫਿਰ ਓਥੇ ਹੀ ਆ ਜਾਵੇ। ਮੈਂ ਵੇਖਿਆ ਬੇਬੇ ਦਾ ਝੁਰੜੀਆਂ ਭਰਿਆ ਚਿਹਰਾ ਹੋਰ ਵੀ ਸੁੰਗੜ ਗਿਆ। ਉਹ ਮੇਰਾ ਹੱਥ ਫੜ ਕੇ ਕਹਿਣ ਲੱਗੀ ਕਿ ਏਥੇ ਤੇਰੇ ਬਾਬੇ ਦੀ ਹੱਟੀ ਹੁੰਦੀ ਸੀ। ਬਾਬੇ ਨੂੰ ਮਰਿਆਂ 25 ਸਾਲ ਹੋ ਗਏ ਸਨ। ਮੈਨੂੰ ਲੱਗਾ ਕਿ ਇਕ ਸਦੀ ਦੀਆਂ ਝੁਰੜੀਆਂ ਮੇਰੀ ਜ਼ੁਬਾਨ 'ਤੇ ਪੈ ਗਈਆਂ ਹੋਣ।

ਸਾਰੀ ਗੱਲ ਸਮਝ ਆ ਗਈ ਕਿ ਬੇਬੇ ਨੂੰ ਕੀ ਹੁੰਦਾ ਹੋਵੇਗਾ। ਉਹ ਵਾਰ-ਵਾਰ ਪਿੰਡ ਵੱਲ ਕਿਉਂ ਭੱਜਦੀ ਸੀ। ਮੇਰੇ ਸਾਰੇ ਬੋਲ ਮੁੱਕ ਗਏ, ਫਿਰ ਬੇਬੇ ਬਿਆਸ ਵਾਲੇ ਘਰ ਜਾਣ ਨੂੰ ਕਾਹਲੀ ਪੈ ਗਈ। ਮੈਂ 'ਬੇਬੇ' ਹੋ ਕੇ ਸੋਚ ਰਿਹਾ ਸਾਂ। ਘਰ ਪਹੁੰਚ ਕੇ ਮੇਰੀ ਉਦਾਸੀ ਕਿਸ ਨੇ ਸਮਝਣੀ ਸੀ। ਏਸੇ ਦਰਮਿਆਨ ਮੇਰਾ ਇਟਲੀ ਜਾਣ ਦਾ ਪ੍ਰੋਗਰਾਮ ਬਣ ਗਿਆ। ਜਦ ਘਰੋਂ ਚੱਲਿਆ ਤਾਂ ਬੇਬੇ ਸੁੱਤੀ ਪਈ ਸੀ, ਜਿਵੇਂ ਤੂਤ ਦੀ ਉਦਾਸ ਛਾਂ। ਮੈਂ ਘਰ ਫੋਨ ਕਰ ਕੇ ਬੇਬੇ ਦਾ ਹਾਲ ਪੁੱਛਦਾ ਰਹਿੰਦਾ। ਇਕ ਦਿਨ ਪਿਤਾ ਦਾ ਫ਼ੋਨ ਆਇਆ ਕਿ ਤੇਰੀ ਬੇਬੇ ਨਹੀਂ ਰਹੀ। ਮੈਨੂੰ ਲੱਗਾ ਬੇਬੇ ਦਾ ਠੋਡੀ 'ਤੇ ਖੁਣਵਾਇਆ ਤਿਲ ਫਿਰ ਗਾੜ੍ਹਾ ਹੋ ਗਿਆ ਹੈ। ਉਹ ਬਾਬੇ ਦੀ ਹੱਟੀ 'ਚ ਚਲੀ ਗਈ ਹੈ। ਬੇਬੇ ਦੀ ਛਾਂ ਹੋਰ ਵੀ ਸੰਘਣੀ ਹੋ ਗਈ ਹੈ।

# Matrimonial

## ਕੰਨਿਆ ਦੀ ਲੋੜ

ਇੰਗਲੈਂਡ ਦੀ ਯੂਨੀਵਰਸਿਟੀ ਤੋਂ ਪੋਸਟ ਗਰੈਜੂਏਸ਼ਨ ਇਨ ਮੈਨੇਜਮੈਂਟ, (ਐਮ.ਬੀ.ਏ.) ਅਤੇ ਐਮ.ਐਸ.ਸੀ. ਆਈ.ਟੀ. ਪਾਸ 30 ਸਾਲਾ 6'.2' ਜੱਟ ਸਿੱਖ ਭਾਰਤ ਰਹਿੰਦੇ ਲੜਕੇ ਲਈ ਕਨੇਡੀਅਨ/ ਅਮਰੀਕਨ ਲੜਕੀ ਦੀ ਜ਼ਰੂਰਤ ਹੈ। ਕੋਈ ਡਿਮਾਂਡ ਨਹੀਂ। ਬਾਇਓਡਾਟਾ jjssnice@yahoo.co.in 'ਤੇ ਭੇਜਿਆ ਜਾ ਸਕਦਾ ਹੈ। ਵਧੇਰੇ ਜਾਣਕਾਰੀ ਲਈ ਕਨੇਡਾ ਰਹਿੰਦੇ ਭਰਾ ਨਾਲ 587-708-2627 ਜਾਂ 780-200-5328 'ਤੇ ਸੰਪਰਕ ਕੀਤਾ ਜਾ ਸਕਦਾ ਹੈ।

---

Smart match for MBBS Handsome single boy, 6-11-1988, 5'-10", father-mother Govt. employees, sister married. Contact: hotincoolsingh@yahoo.com, 94171-88904.

## ਵਰ ਦੀ ਲੋੜ

Smart match for Beautiful girl of vaishno gursikh family, B.Sc Nurring,14 month experience of DMC Ludhiana, Parents Govt. Employees, DOB 22-06-1988. Contact: +91-84275-00644.

## ਕੰਨਿਆ ਦੀ ਲੋੜ

ਕਨੇਡਾ ਵਾਸੀ ਜੱਟ ਸਿੱਖ ਉਮਰ 39 ਸਾਲ 5'5" ਨਸ਼ਿਆਂ ਤੋਂ ਰਹਿਤ ਕਲੀਨ ਸ਼ੇਵ, ਸੁਹਣੇ-ਸੁਨੱਖੇ ਲੜਕੇ ਲਈ ਲੜਕੀ ਦੀ ਜਰੂਰਤ ਹੈ।ਤਲਾਕਸ਼ੁਦਾ (ਬੱਚੇ ਤੋਂ ਬਗੈਰ) ਜਾਂ ਸਟੂਡੈਂਟ ਵੀਜੇ 'ਤੇ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਸੰਪਰਕ +1-250-552-0867

## ਕੰਨਿਆ ਦੀ ਲੋੜ

ਜੱਟ ਸਿੱਖ ਮੋੜ 27 ਸਾਲ 6'-1' ਬੈਂਕ ਵਿਚ ਜੌਬ ਕਰਦੇ, ਹਾਕੀ ਪਲੇਅਰ, ਨਸ਼ਿਆਂ ਤੋਂ ਰਹਿਤ ਇੰਡੀਆ ਰਹਿੰਦੇ ਲੜਕੇ ਲਈ ਕਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੇ ਪਿਤਾ ਜੀ ਬੈਂਕ ਆਫ਼ਿਸਰ ਹਨ ਤੇ ਸ਼ਹਿਰੀ ਤੇ ਪੇਂਡੂ ਪ੍ਰਾਪਰਟੀ ਹੈ। ਕਨੇਡਾ 'ਚ ਸੈਟਲ ਕਰਨ ਲਈ ਪੂਰੀ ਮਦਦ ਕੀਤੀ ਜਾਵੇਗੀ। ਹੋਰ ਜਾਣਕਾਰੀ ਲਈ 780-669-0456 ਜਾਂ ਈ ਮੇਲ daman.passion@gmail.com 'ਤੇ ਸੰਪਰਕ ਕਰੋ।

# Classified Plus




## City Estates

**All Types of Property, Plots & Kothis available for Sale & Purchase in Chandigarh/Mohali/ Panchkula.**

ਮੋਹਾਲੀ, ਚੰਡੀਗੜ੍ਹ, ਪੰਚਕੂਲਾ 'ਚ ਜਾਇਦਾਦ ਖਰੀਦਣ ਤੇ ਵੇਚਣ ਲਈ ਇਕ ਭਰੋਸੇਮੰਦ ਨਾਂ

ਸਿਟੀ ਅਸਟੇਟਸ

For More Info Contact: SCO 123, Phase 7, Mohali (Punjab)

**011 91 98147 11263 or 011 91 98729 73304**

## ਮੋਹਾਲੀ ਵਿੱਚ ਪ੍ਰਾਪਰਟੀ ਵਿਕਾਊ

ਇੰਡਸਟਰੀਅਲ ਏਰੀਆ ਫ਼ੇਸ 7 ਮੋਹਾਲੀ 'ਚ 2 ਕਨਾਲ ਅਤੇ 5 ਕਨਾਲ ਦੇ ਦੋ ਪਲਾਟ ਵਿਕਾਊ ਹਨ।

*6 ਲੇਨ ਏਅਰ ਪੋਰਟ ਰੋਡ ਦੇ ਉੱਤੇ *ਵਧੀਆ ਲੁਕੇਸ਼ਨ

**ਸੰਪਰਕ: ਜਸਮੇਰ ਸਿੰਘ 780-504-7254**

## Fort Road Drycleaners

Dry cleaning Elegance...through pride of Craftsmanship




* Wedding Dresses * Leather
* Suede * Drapes * Sleeping Bags
* Quilts * Featuring Deluxe Shirts Service



Weekdays : 7.30 am to 7.00 pm Saturday: 9.00 am to 5.30 pm

Call: Baljit Minhas

5521A- 137 Ave Edmonton, AB T5A 3L4

780-478-1811

## Laddi Padda Realtor

ਘਰ ਛੋਟਾ ਹੋਵੇ ਜਾਂ ਵੱਡਾ, ਹਮੇਸ਼ਾਂ ਯਾਦ ਰੱਖੋ ਲਾਡੀ ਪੱਡਾ

PROFESSIONAL
REALTY GROUP

ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਭਰੋਸੇਮੰਦ ਰੀਐਲਟਰ ਲਾਡੀ ਪੱਡਾ ਨੂੰ ਮਿਲੋ ਜਾਂ ਫੋਨ ਕਰੋ।



**Cell: 780-909-5154**



**9222-51 Avenue, Edmonton, AB T6E 5L8**

**Phone: 780-439-9818, Fax: 780-439-1257**

# ਦ ਇੰਟਰਨਸ਼ਿਪ

## ਫ਼ਿਲਮ ਹੈ ਜਾਂ ਗੂਗਲ ਦਾ 'ਇਸ਼ਤਿਹਾਰ' ?

ਟਾਮ ਬੁਰਕ
ਬੀ.ਬੀ.ਸੀ. ਪੱਤਰਕਾਰ



ਅੱਜਕਲ੍ਹ ਫ਼ਿਲਮਾਂ ਵਿਚ ਵੱਖ-ਵੱਖ ਕੰਪਨੀਆਂ ਦੇ ਉਤਪਾਦ ਫ਼ਰੇਮ ਦਰ ਫ਼ਰੇਮ ਦੇਖਣ ਨੂੰ ਮਿਲ ਜਾਂਦੇ ਹਨ। ਪਰ ਹਾਲੀਵੁੱਡ ਦੀ ਨਵੀਂ ਕਾਮੇਡੀ ਫ਼ਿਲਮ 'ਦ ਇੰਟਰਨਸ਼ਿਪ' ਨੇ ਬ੍ਰਾਂਡ ਪਲੇਸਮੈਂਟ ਨੂੰ ਕਿਸੇ ਹੋਰ ਹੀ ਥਾਂ ਪਹੁੰਚਾ ਦਿੱਤਾ ਹੈ। ਇਹ ਫ਼ਿਲਮ ਨਹੀਂ, ਗੂਗਲ ਦੀ ਅੱਛਾ ਖਾਸਾ ਇਸ਼ਤਿਹਾਰ ਹੈ। ਇਸ ਫ਼ਿਲਮ ਵਿਚ ਅਦਾਕਾਰ ਓਵਨ ਵਿਲਸਨ ਅਤੇ ਵਿੰਸ ਵਾਨ ਨੇ ਦੋ ਅਸਫ਼ਲ ਸੇਲਜ਼ਮੈਨ ਦੀ ਭੂਮਿਕਾ ਨਿਭਾਈ ਹੈ ਜੋ ਕੁਝ ਨਵਾਂ ਕਰਨ ਦੀ ਤਲਾਸ਼ ਵਿਚ ਗੂਗਲ ਦੇ ਇੰਟਰਨਸ਼ਿਪ ਪ੍ਰੋਗਰਾਮ ਵਿਚ ਦਾਖ਼ਲ ਹੁੰਦੇ ਹਨ। ਜ਼ਿਆਦਾਤਰ ਸੀਨ ਇਸ ਸਰਚ ਇੰਜਨ ਦੇ ਮੁੱਖ ਦਫ਼ਤਰ ਵਿਚ ਦਿਖਾਏ ਗਏ ਹਨ, ਜਿਥੇ ਗੂਗਲ ਦੇ ਉਤਪਾਦ ਦਿਖ ਰਹੇ ਹਨ ਅਤੇ ਪੂਰੀ ਫ਼ਿਲਮ ਇਹ ਦਿਖਾਉਣ ਦੀ ਕੋਸ਼ਿਸ਼ ਵਿਚ ਹੈ ਕਿ ਕੰਮ ਕਰਨ ਲਈ ਇਹ ਕੰਪਨੀ ਸਭ ਤੋਂ ਵਧੀਆ ਹੈ। ਸ਼ਾਇਦ ਹੋਵੇ ਵੀ ਪਰ ਹੁਣ ਤੁਸੀਂ ਫ਼ਿਲਮ ਵਿਚ ਇਕ ਗੂਗਲ ਮੁਲਾਜ਼ਮ ਨੂੰ ਇਹ ਬੋਲਦੇ ਹੋਏ ਸੁਣਦੇ ਹੋ ਕਿ ਅਸੀਂ ਇਥੇ ਜੋ ਕਰਦੇ ਹਾਂ ਉਸ ਨਾਲ ਲੋਕਾਂ ਦੀ ਜ਼ਿੰਦਗੀ ਥੋੜੀ ਬਿਹਤਰ ਹੋ ਜਾਂਦੀ ਹੈ। ਉਦੋਂ ਤੁਸੀਂ ਸੋਚ ਵਿਚ ਪੈ ਜਾਂਦੇ ਹੋ ਕਿ ਮੈਂ ਇਕ ਫ਼ਿਲਮ ਦੇਖ ਰਿਹਾ ਹਾਂ ਜਾਂ ਫਿਰ ਕਿਸੇ ਏਜੰਸੀ ਦੇ ਕਾਪੀਰਾਈਟਰ ਵਲੋਂ ਤਿਆਰ ਕੀਤਾ ਗਿਆ ਇਸ਼ਤਿਹਾਰ ?

ਹਵਿੰਗਟਨ ਪੋਸਟ ਵਿਚ ਅਮਰੀਕਾ ਦੇ ਮਨੋਰੰਜਨ ਲੇਖਕ ਮਾਈਕਲ ਰਾਈਨ ਨੇ ਲਿਖਿਆ ਹੈ ਕਿ 'ਦ ਇੰਟਰਨਸ਼ਿਪ' ਨੂੰ ਦਰਅਸਲ ਮੁਫ਼ਤ ਵਿਚ ਦਿਖਾਇਆ ਜਾਣਾ ਚਾਹੀਦਾ ਹੈ ਕਿਉਂਕਿ ਇਹ ਤਾਂ ਗੂਗਲ ਦਾ ਦੋ ਘੰਟੇ ਦਾ 'ਇਸ਼ਤਿਹਾਰ' ਹੈ। ਇਸ ਦੀ ਜਾਣਕਾਰੀ ਤਾਂ ਨਹੀਂ ਹੈ ਕਿ ਗੂਗਲ ਅਤੇ 'ਦ ਇੰਟਰਨਸ਼ਿਪ' ਵਿਚਕਾਰ ਕੀ ਗੱਲਬਾਤ ਹੋਈ ਹੈ ਪਰ ਅਦਾਕਾਰ ਵਿੰਸ ਦਾ ਕਹਿਣਾ ਹੈ ਕਿ ਕੰਪਨੀ ਨੇ ਫ਼ਿਲਮ ਵਿਚ ਕਿਸੇ ਤਰ੍ਹਾਂ ਦਾ ਪੈਸਾ ਨਹੀਂ ਲਾਇਆ। ਅਜਿਹਾ ਕਿਹਾ ਜਾ ਰਿਹਾ ਸੀ ਕਿ ਗੂਗਲ ਨੇ ਨਿਰਮਾਤਾਵਾਂ ਨਾਲ ਮਿਲ ਕੇ ਕੰਮ ਕੀਤਾ ਅਤੇ ਸਕ੍ਰਿਪਟ ਵੀ ਪੜ੍ਹੀ ਪਰ ਫ਼ਿਲਮ ਦੇ ਨਿਰਦੇਸ਼ਕ ਸ਼ਾਨ ਲੇਵੀ ਮੁਤਾਬਕ ਕੰਪਨੀ ਨੇ ਕਿਸੇ ਤਰ੍ਹਾਂ ਦੀ ਸੰਪਾਦਕੀ ਦਖ਼ਲ ਅੰਦਾਜ਼ੀ ਨਹੀਂ ਕੀਤੀ। ਜੇਕਰ ਗੂਗਲ ਦੇ ਨਜ਼ਰੀਏ ਨਾਲ ਦੇਖਿਆ ਜਾਵੇ ਤਾਂ ਉਨ੍ਹਾਂ ਦੇ ਬ੍ਰਾਂਡ ਦੇ ਪ੍ਰਚਾਰ ਦਾ ਇਹ ਸੁਨਹਿਰੀ ਮੌਕਾ ਸੀ ਅਤੇ ਮੁੱਖ ਕਾਰਜਕਾਰੀ ਅਧਿਕਾਰੀ ਲੈਰੀ ਪੇਜ ਨੇ ਮੰਨਿਆ ਵੀ ਹੈ ਕਿ ਉਹ ਇਸ ਫ਼ਿਲਮ ਨਾਲ ਇਸ ਲਈ ਜੁੜੇ ਕਿਉਂਕਿ ਉਨ੍ਹਾਂ ਦੀ ਕੰਪਨੀ ਮਾਰਕੀਟਿੰਗ ਵਿਚ ਕੱਚੀ ਹੈ।

ਹਾਲਾਂਕਿ 'ਇੰਟਰਨਸ਼ਿਪ' ਕੋਈ ਪਹਿਲੀ ਫ਼ਿਲਮ ਨਹੀਂ ਹੈ ਜਿਸ ਨੇ ਬ੍ਰਾਂਡ ਪ੍ਰਮੋਸ਼ਨ ਦੀ ਸੀਮਾ ਪਾਰ ਕਰ ਦਿੱਤੀ ਹੈ। ਇਸ ਵਿਚ ਪਹਿਲਾਂ ਵੀ ਹਾਲੀਵੁੱਡ ਦੀਆਂ ਕਈ ਫ਼ਿਲਮਾਂ ਨੇ ਇਹ ਕੰਮ ਕੀਤਾ ਹੈ। 2002 ਵਿਚ ਬਾਂਡ ਫ਼ਿਲਮ 'ਡਾਇ ਅਨੈਦਰ ਡੇ' ਨੂੰ 'ਬਾਇ ਅਨੈਦਰ ਡੇ' ਕਿਹਾ ਜਾਣ ਲੱਗਾ ਸੀ ਕਿਉਂਕਿ ਬਹੁਤ ਸਾਰੀਆਂ ਕੰਪਨੀਆਂ ਨੇ ਫ਼ਿਲਮ ਵਿਚ ਆਪਣੇ ਉਤਪਾਦ ਦਿਖਾਉਣ ਲਈ ਪੈਸੇ ਦਿੱਤੇ ਸਨ। ਹਾਲਾਂਕਿ ਫ਼ਿਲਮ ਅਧਿਐਨ ਨਾਲ ਜੁੜੇ ਲੋਕਾਂ ਦਾ ਮੰਨਣਾ ਹੈ ਕਿ 'ਦ ਇੰਟਰਨਸ਼ਿਪ' ਨੇ ਤਾਂ ਹੱਦ ਹੀ ਕਰ ਦਿੱਤੀ ਹੈ। ਗੂਗਲ ਇਹ ਦਿਖਾਉਣ ਦੀ ਕੋਸ਼ਿਸ਼ ਵਿਚ ਹੈ ਕਿ ਉਹ ਕੋਈ ਵਿਸ਼ਾਲਕਾਰੀ ਕਾਰਪੋਰੇਟ ਨਹੀਂ ਬਲਕਿ ਇਕ ਬੇਹੱਦ ਹੀ 'ਪਿਆਰੀ' ਜਿਹੀ ਥਾਂ ਹੈ ਜਿਥੇ ਸਭ ਬਹੁਤ 'ਖ਼ੁਸ਼' ਹਨ। ਕੁਝ ਮੀਡੀਆ ਮਾਹਰਾਂ ਦਾ ਇਹ ਵੀ ਕਹਿਣਾ ਹੈ ਕਿ ਗੂਗਲ ਲਈ ਪਬਲੀਸਿਟੀ ਪਾਉਣ ਦਾ ਇਹ ਚੰਗਾ ਮੌਕਾ ਹੈ। ਵੈਸੇ ਵੀ ਸਨੋਡੇਨ ਦੇ ਖੁਲਾਸੇ ਤੋਂ ਬਾਅਦ ਕਈ ਲੋਕਾਂ ਦਾ ਵੱਡੀਆਂ ਆਈ.ਟੀ. ਕੰਪਨੀਆਂ ਤੋਂ ਭਰੋਸਾ ਉਠਦਾ ਜਾ ਰਿਹਾ ਹੈ। ਅਜਿਹੇ ਵਿਚ ਇਹ ਗੂਗਲ ਦੇ ਅਕਸ ਨੂੰ ਬਚਾਈ ਰੱਖਣ ਵਿਚ ਮੱਦਦ ਕਰ ਸਕਦੀ ਹੈ। ਹਾਲਾਂਕਿ ਬਾਕਸ ਆਫ਼ਿਸ 'ਤੇ ਇਹ ਫ਼ਿਲਮ ਬਹੁਤ ਕਮਾਲ ਨਹੀਂ ਕਰ ਸਕੀ ਪਰ ਇਸ ਦੇ ਬਾਵਜੂਦ ਮੈਨੂੰ ਲਗਦਾ ਹੈ ਕਿ ਹੁਣ ਇਸ ਫ਼ਿਲਮ ਦੀ ਦੇਖਾ ਦੇਖੀ ਦੂਜੀਆਂ ਹੋਰ ਕੰਪਨੀਆਂ ਵੀ ਫ਼ਿਲਮ ਦਾ ਕੇਂਦਰੀ ਬਿੰਦੂ ਬਣਨ ਦੀ ਫ਼ਿਰਾਕ ਵਿਚ ਰਹਿਣਗੀਆਂ।

ਮਾਰਕੀਟਿੰਗ ਦੇ ਲੋਕਾਂ ਦੀ ਹਮਲਾਵਰੀ ਸੁਰ ਇਸ ਹੱਦ ਤਕ ਵੱਧ ਗਈ ਹੈ ਕਿ ਇਸ਼ਤਿਹਾਰ ਸਾਡੀ ਜ਼ਿੰਦਗੀ ਵਿਚ ਪੂਰੀ ਤਰ੍ਹਾਂ ਦਾਖ਼ਲ ਕਰ ਦਿੱਤੇ ਗਏ ਹਨ। ਫਿਰ ਉਹ ਆਨਲਾਈਨ ਹੋਣ ਜਾਂ ਫ਼ਿਰ ਫਿਲਮਾਂ। 'ਦ ਇੰਟਰਨਸ਼ਿਪ' ਵਰਗੀ ਫ਼ਿਲਮ ਵੀ ਅਜਿਹਾ ਕੁਝ ਹੀ ਕਰ ਰਹੀ ਹੈ, ਜਿਸ ਵਿਚ ਤੁਹਾਨੂੰ ਗੂਗਲ ਦੀ ਦੁਨੀਆ ਵਿਚ ਬੰਦ ਕਰ ਦਿੱਤਾ ਜਾਂਦਾ ਹੈ। ਇਕ ਚੰਗੀ ਖਾਸੀ ਫ਼ਿਲਮ ਨੂੰ ਬਿਨਾ ਰੁਕਾਵਟ ਦੇ ਖੇਦ ਵਾਲਾ ਇਸ਼ਤਿਹਾਰ ਬਣਾ ਦਿੱਤਾ ਗਿਆ ਹੈ।

ਸਫ਼ਾ 7 ਦੀ ਬਾਕੀ

## ਸ਼ਹਿਰ ਦੇ ਪ੍ਰਬੰਧਨ 'ਚ ਸਾਰੇ...

ਵੱਖ-ਵੱਖ ਬਹੁ ਭਾਸ਼ਾਈ ਅਖ਼ਬਾਰਾਂ ਵਿੱਚ ਜ਼ਿੰਮੇਵਾਰੀਆਂ ਨਿਭਾ ਰਹੇ ਹਨ। ਮੁਜਾਹਿਦ ਚੱਕ ਨੇ ਗੱਲਬਾਤ ਕਰਦਿਆਂ ਕਿਹਾ ਕਿ ਮੇਰਾ ਵਿਸ਼ਵਾਸ ਹੈ ਕਿ ਵਾਰਡ ਦੀ ਪ੍ਰਤੀਨਿਧਤਾ ਉਹ ਵਿਅਕਤੀ ਹੀ ਵਧੀਆ ਢੰਗ ਨਾਲ ਕਰ ਸਕਦਾ ਹੈ, ਜਿਹੜਾ ਵਾਰਡ ਵਿੱਚ ਰਹਿ ਰਿਹਾ ਹੋਵੇ ਤੇ ਵਾਰਡ ਦੇ ਪਰਿਵਾਰਾਂ ਦੀ ਭਲਾਈ ਲਈ ਕੰਮ ਕਰਨ ਦਾ ਚਾਹਵਾਨ ਹੋਵੇ। ਉਹਨਾਂ ਕਿਹਾ ਕਿ ਮੈਂ ਕਮਿਊਨਿਟੀ ਸੰਗਠਨਾਂ, ਗੈਰ ਮੁਨਾਫੇ ਵਾਲੀਆਂ ਏਜੰਸ਼ੀਆਂ, ਸੱਭਿਆਚਾਰਕ ਅਤੇ ਧਾਰਮਿਕ ਸੰਸਥਾਵਾਂ ਦੇ ਹੱਕ ਵਿੱਚ ਹਾਂ, ਕਿਉਂਕਿ ਇਹ ਸੰਸਥਾਵਾਂ ਸ਼ਹਿਰ ਅਤੇ ਸਮਾਜ ਦੀ ਭਲਾਈ ਲਈ ਕੰਮ ਕਰਦੀਆਂ ਹਨ। ਮੁਜਾਹਿਦ ਚੱਕ ਦੀ ਇੱਛਾ ਹੈ ਕਿ ਉਹ ਸਮਾਜ ਭਲਾਈ ਦੇ ਕੰਮ ਨਾ ਸਿਰਫ਼ ਵਾਰਡ ਸਗੋਂ ਸੂਬਾ ਅਤੇ ਫੈਡਰਲ ਪੱਧਰ 'ਤੇ ਵੀ ਕਰੇ, ਜਿਹੜੇ ਕਿ ਦੂਸਰੇ ਲੋਕਾਂ ਲਈ ਇੱਕ ਮਿਸ਼ਾਲ ਬਣਨ। ਪਰ ਅਜਿਹਾ ਕਰਨ ਲਈ ਜ਼ਰੂਰੀ ਹੈ ਕਿ ਵਾਰਡ ਦੇ ਲੋਕ ਉਸਨੂੰ ਆਪਣੀ ਸਹਿਮਤੀ ਦੇਣ। ਮੁਜਾਹਿਦ ਚੱਕ ਦੇ ਦੋ ਮੁੱਖ ਉਦੇਸ਼ ਹਨ, ਇੱਕ ਐਲਆਰਟੀ ਦਾ ਸਮਰਥਨ ਅਤੇ ਦੂਸਰਾ ਇਹ ਕਿ ਸ਼ਹਿਰ ਦੇ ਪ੍ਰਬੰਧਨ ਵਿੱਚ ਸਾਰੇ ਹੀ ਭਾਈਚਾਰਿਆਂ ਦੇ ਲੋਕ ਸ਼ਾਮਲ ਹੋਣ। ਮੁਜਾਹਿਦ ਚੱਕ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਦਫ਼ਤਰ ਆ ਕੇ ਉਸਨੂੰ ਮਿਲਣ ਤੇ ਵਾਰਡ ਦੀਆਂ ਸਮੱਸਿਆਵਾਂ ਬਾਰੇ ਵਿਚਾਰ-ਵਟਾਂਦਰਾ ਕਰਨ ਤਾਂ ਜੋ ਉਹਨਾਂ ਦੀ ਆਵਾਜ਼ ਨੂੰ ਸਿਟੀ ਕੌਂਸਲ ਤੱਕ ਪਹੁੰਚਾਇਆ ਜਾ ਸਕੇ। ਚੱਕ ਦਾ ਚੋਣ ਦਫ਼ਤਰ 8211 ਅਰਜਿਲ ਰੋਡ 'ਤੇ ਸਥਿਤ ਹੈ। ਹੋਰ ਜਾਣਕਾਰੀ ਲਈ www.chak11.ca. 'ਤੇ ਵਿਜ਼ਿਟ ਕੀਤਾ ਜਾ ਸਕਦਾ ਹੈ।

## ਦਫ਼ਤਰੀ ਢਿੱਲ ਨੂੰ ਘਟਾਇਆ ਜਾਵੇਗਾ: ਜੇਸਨ ਮਿਲਰ

ਪ੍ਰੋਪਰਟੀ ਟੈਕਸ ਬਾਰੇ ਗੱਲ ਕਰਦਿਆਂ ਉਹਨਾਂ ਕਿਹਾ ਕਿ ਮੈਂ ਇਸਦਾ ਕੋਈ ਵਿਵਹਾਰਿਕ ਬਦਲ ਨਹੀਂ ਦੇਖਦਾ। ਇਸ ਖੇਤਰ ਵਿੱਚ ਵੱਡੇ ਪੱਧਰ 'ਤੇ ਨਿਵੇਸ਼ ਕਰਨ ਦੀ ਜਰੂਰਤ ਹੈ, ਮੁਢਲੇ ਵਿਕਾਸ ਅਤੇ ਸੇਵਾਵਾਂ ਵਿੱਚ ਸੁਧਾਰ ਕਰਨ ਦੀ ਸਖ਼ਤ ਜਰੂਰਤ ਹੈ। ਇਸ ਖੇਤਰ ਵਿੱਚ ਜੇਕਰ ਟੈਕਸ ਨੂੰ ਸਥਿਰ ਰੱਖਣਾ ਹੈ ਜਾਂ ਇਹ ਯਕੀਨੀ ਬਣਾਉਣਾ ਹੈ ਕਿ ਇਸ ਵਿੱਚ ਘੱਟ ਤੋਂ ਘੱਟ ਵਾਧਾ ਹੋਵੇ ਤਾਂ ਸਾਨੂੰ ਨਵੇਂ ਰਾਹ ਤਲਾਸ਼ਣੇ ਪੈਣਗੇ। ਉਹਨਾਂ ਕਿਹਾ ਕਿ ਵਿੱਤੀ ਮਾਮਲਿਆਂ ਬਾਰੇ ਮੇਰੀ ਰਾਇ ਇਹ ਹੈ ਕਿ ਸਾਨੂੰ ਡਾਲਰ ਦੀ ਵਰਤੋਂ ਪੂਰੀ ਸਮਝਦਾਰੀ ਨਾਲ ਕਰਨੀ ਹੋਵੇਗੀ। ਖਰਚੇ ਗਏ ਇੱਕ-ਇੱਕ ਡਾਲਰ ਦਾ ਹਿਸਾਬ-ਕਿਤਾਬ ਅਤੇ ਨਤੀਜਾ ਸਭ ਦੇ ਸਾਹਮਣੇ ਹੋਣਾ ਚਾਹੀਦਾ ਹੈ। ਟੈਕਸ ਦੇ ਰੂਪ ਵਿੱਚ ਆਏ ਡਾਲਰਾਂ ਨੂੰ ਉੱਥੇ ਖਰਚਣਾ ਚਾਹੀਦਾ ਹੈ, ਜਿੱਥੇ ਖਰਚ ਦੀ ਬਹੁਤ ਜਰੂਰਤ ਹੋਵੇ। ਖਰਚ ਦੇ ਮਾਮਲੇ ਵਿੱਚ ਇੱਛਾ ਨਾਲੋਂ ਜਰੂਰਤ ਨੂੰ ਪਹਿਲ ਦੇਣੀ ਚਾਹੀਦੀ ਹੈ। 20 16 ਦੀਆਂ ਅਗਲੀਆਂ ਚੋਣਾਂ ਤਕ ਉਹਨਾਂ ਦੀਆਂ ਕੀ ਪ੍ਰਾਪਤੀਆਂ ਹੋਣਗੀਆਂ, ਇਸ ਬਾਰੇ ਪੁੱਛੇ ਜਾਣ 'ਤੇ ਜੇਸਨ ਮਿਲਰ ਨੇ ਕਿਹਾ ਕਿ ਵਾਰਡ ਦਫ਼ਤਰ ਦੇ ਰਾਹੀਂ ਕੌਂਸਲਰਾਂ ਨਾਲ ਗੂੜਾ ਤਾਲਮੇਲ ਰੱਖਣਾ, ਬਜ਼ੁਰਗਾਂ ਦੇ ਆਰਾਮ ਅਤੇ ਮਨ ਪ੍ਰਚਾਵੇ ਲਈ ਸਬਸਿਡੀ ਨਾਲ ਚਲਾਏ ਜਾਣ ਵਾਲੇ ਕਮਿਊਨਿਟੀ ਹਾਲਾਂ ਨਾਲ ਜੁੜੇ ਪ੍ਰੋਗਰਾਮਾਂ ਵਿੱਚ ਵਾਧਾ ਕਰਨਾ ਮੇਰੀਆਂ ਪ੍ਰਾਪਤੀਆਂ ਹੋਣਗੀਆ। ਇਸ ਤੋਂ ਇਲਾਵਾ ਮੈਂ ਇਸ ਗੱਲ ਨੂੰ ਯਕੀਨੀ ਬਣਾਵਾਂਗਾ ਕਿ ਟੈਕਸਾਂ ਦੇ ਰੂਪ ਵਿੱਚ ਆਮ ਲੋਕਾਂ ਤੋਂ ਇਕੱਠਾ ਕੀਤੇ ਧਨ ਦਾ ਜ਼ਿਆਦਾ ਹਿੱਸਾ ਤਨਖ਼ਾਹ ਦੇ ਰੂਪ ਵਿੱਚ ਮੁਲਾਜ਼ਮਾਂ ਨੂੰ ਨਾ ਦਿੱਤਾ ਜਾਵੇ ਸਗੋਂ ਇਹ ਧਨ ਲੋਕਾਂ ਦੇ ਵਿਕਾਸ ਹਿਤ ਖਰਚਿਆ ਜਾਵੇ।

## ...ਪ੍ਰਤੀਬੱਧ ਰਹਾਂਗੀ : ਨੀਟਾ ਜਲਕੇਨਨ

ਮੈਂ ਗਰਮੀਆਂ ਵਿੱਚ ਅਜਿਹੇ ਬਹੁਤ ਸਾਰੇ ਲੋਕਾਂ ਨੂੰ ਮਿਲੀ ਹਾਂ। ਇਹਨਾਂ ਲੋਕਾਂ ਲਈ ਬਦਲ ਢੂੰਡਣਾ ਸਖ਼ਤ ਜਰੂਰੀ ਹੈ। ਵਿੱਤੀ ਮਾਮਲਿਆਂ ਬਾਰੇ ਉਹਨਾਂ ਨੇ ਆਪਣੀ ਰਾਇ ਦਿੰਦਿਆਂ ਕਿਹਾ ਕਿ ਭਵਿੱਖ ਨੂੰ ਨਜ਼ਰ ਵਿੱਚ ਰੱਖਦਿਆਂ ਉਚਿਤ ਕਾਰਜਾਂ ਲਈ ਉਧਾਰ ਲੈਣ ਵਿੱਚ ਕੋਈ ਬੁਰਾਈ ਨਹੀਂ। ਪਰ ਇਹ ਪ੍ਰਕਿਰਿਆ ਸਤੁੰਲਿਤ ਹੋਣੀ ਚਾਹੀਦੀ ਹੈ। ਟੈਕਸ ਦੇਣ ਵਾਲਿਆਂ (ਵਪਾਰਕ ਜਾਂ ਵਿਅਕਤੀਗਤ) 'ਤੇ ਇਸਦਾ ਅਣਉਚਿਤ ਭਾਰ ਨਹੀਂ ਪੈਣਾ ਚਾਹੀਦਾ ਤੇ ਨਾ ਹੀ ਬਿਨਾ ਕਿਸੇ ਤਰਕ ਤੋਂ ਲੰਮੀ ਮਿਆਦ ਦਾ ਅਜਿਹਾ ਕਰਜ਼ਾ ਲੈਣਾ ਚਾਹੀਦਾ ਹੈ, ਜਿਸਦਾ ਪ੍ਰਭਾਵ ਸਾਡੀ ਆਉਣ ਵਾਲੀ ਪੀੜ੍ਹੀ 'ਤੇ ਪਵੇ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਸਾਨੂੰ ਖਰਚ ਸੋਚ-ਸਮਝ ਕੇ ਕਰਨਾ ਚਾਹੀਦਾ ਹੈ, ਇੱਕ-ਇੱਕ ਡਾਲਰ ਪਿੱਛੇ ਲੋਕਾਂ ਨੇ ਸਖ਼ਤ ਮਿਹਨਤ ਕੀਤੀ ਹੁੰਦੀ ਹੈ, ਸਾਨੂੰ ਲੋਕਾਂ ਵੱਲੋਂ ਕੀਤੀ ਮਿਹਨਤ ਦੀ ਕਦਰ ਕਰਨੀ ਚਾਹੀਦੀ ਹੈ। 2016 ਦੀਆਂ ਅਗਲੀਆਂ ਚੋਣਾਂ ਤਕ ਉਹਨਾਂ ਦੀਆਂ ਕੀ ਪ੍ਰਾਪਤੀਆਂ ਹੋਣਗੀਆਂ, ਇਸ ਬਾਰੇ ਪੁੱਛੇ ਜਾਣ 'ਤੇ ਉਹਨਾਂ ਨੇ ਕਿਹਾ ਕਿ ਲੋਕਾਂ ਨਾਲ ਲੋਕਤਾਂਤਰਿਕ ਢੰਗ ਦਾ ਗੂੜਾ ਤਾਲਮੇਲ ਅਤੇ ਵਾਰਡ ਨੰਬਰ ਦੋ ਦੇ ਲੋਕਾਂ ਦੇ ਹਿੱਤਾਂ ਲਈ ਜੱਦੋ-ਜਹਿਦ ਮੇਰੀ ਪ੍ਰਾਪਤੀ ਹੋਵੇਗੀ।

## ਮੈਂ ਯੋਗ ਹਾਂ ਇਹ ਸਾਬਤ ਕਰਾਂਗਾ: ਦੇਵਜੀ

ਭਵਿੱਖ ਬਾਰੇ ਗੱਲ ਕਰਦਿਆਂ ਦੇਵਜੀ ਨੇ ਕਿਹਾ ਕਿ ਇਹ ਯਕੀਨੀ ਬਣਾਵਾਂਗਾ ਕਿ ਸਿਟੀ ਹਾਲ ਅਤੇ ਵਾਰਡ ਦੇ ਲੋਕਾਂ ਵਿੱਚ ਤਾਲਮੇਲ ਵਧੀਆ ਹੋਵੇ ਤੇ ਇਸੇ ਗੱਲ ਲਈ ਮੈਨੂੰ ਯਾਦ ਕੀਤਾ ਜਾਵੇਗਾ। ਦੂਜੀ ਗੱਲ ਇਹ ਕਿ ਮੈਂ ਯਕੀਨੀ ਬਣਾਵਾਂਗਾ ਕਿ ਪਹਿਲਾਂ ਹੋਏ ਨਿਵੇਸ਼ ਨੂੰ ਸੰਭਾਲਿਆ ਜਾਵੇ। ਤੀਜੀ ਇਹ ਕਿ ਮੈਂ ਨਾ ਸਿਰਫ਼ ਵਾਰਡ ਦੇ ਲੋਕਾਂ ਵਿੱਚ ਆਪਸੀ ਪਿਆਰ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰਾਂਗਾ ਸਗੋਂ ਇਸ ਮਾਮਲੇ ਵਿੱਚ ਵਾਰਡ ਦੇ ਲੋਕਾਂ ਦਾ ਪੂਰੇ ਸ਼ਹਿਰ ਨਾਲ ਤਾਲਮੇਲ ਵਧੇ, ਇਸ ਲਈ ਕੰਮ ਕਰਾਂਗਾ। ਦੂਜਿਆਂ ਤੋਂ ਵੱਖ ਹੋਣ ਬਾਰੇ ਉਹਨਾਂ ਨੇ ਵੱਖਰੀ ਗੱਲ ਕਰਦਿਆਂ ਕਿਹਾ ਕਿ ਮੈਂ ਸਾਰਿਆਂ ਦਾ ਆਦਰ ਕਰਦਾ ਹਾਂ, ਮੈਂ ਕਿਸੇ ਤੋਂ ਬਿਹਤਰ ਨਹੀਂ, ਹਾਂ ਪਰ ਮੈਂ ਕੌਂਸਲਰ ਦੇ ਤੌਰ 'ਤੇ ਯੋਗ ਜਰੂਰ ਹਾਂ ਤੇ ਇਹ ਸਾਬਿਤ ਕਰਨ ਲਈ ਮੈਂ ਤਨਦੇਹੀ ਨਾਲ ਕੰਮ ਕਰਾਂਗਾ।

## ਟਰਾਂਟੋ ਅਤੇ ਵੈਨਕੂਵਰ ਵਰਗਾ...

ਜੇਕਰ ਤੁਸੀਂ ਐਡਮਿੰਟਨ ਵਿੱਚ ਆਪਣਾ ਬਿਜ਼ਨਸ ਚਲਾ ਰਹੇ ਹੋ ਤੇ ਆਸ ਰੱਖਦੇ ਹੋ ਕਿ ਇਸ ਦਾ ਵਿਸਥਾਰ ਸੇਂਟ ਅਲਬਰਟ ਤਕ ਕੀਤਾ ਜਾਵੇ ਤਾਂ ਇਸ ਲਈ ਤੁਹਾਨੂੰ ਵੱਖਰੇ ਤਰ੍ਹਾਂ ਦੇ ਮਿਊਂਸੀਪਲ ਨਿਯਮਾਂ ਅਨੁਸਾਰ ਸਵੀਕ੍ਰਿਤੀ ਲੈਣੀ ਹੋਵੇਗੀ। ਸਾਡੇ ਕੋਲ ਹੁਣ ਇਹ ਇੱਕ ਮੌਕਾ ਹੈ ਕਿ ਨਵਾਂ ਸੰਵੇਦਨਸ਼ੀਲ ਮਿਊਂਸੀਪਲ ਢਾਂਚਾ ਤਿਆਰ ਕਰੀਏ। ਇਸ ਮਾਮਲੇ ਵਿੱਚ ਸਾਨੂੰ ਟਰਾਂਟੋ ਅਤੇ ਵੈਨਕੂਵਰ ਵਰਗਾ ਢਾਂਚਾ ਤਿਆਰ ਕਰਨਾ ਚਾਹੀਦਾ ਹੈ। ਇੱਥੇ ਕਈਂ ਮਿਊਂਸੀਪਲਟੀਆਂ ਦਾ ਮਿਲਾਓ ਕਰਕੇ ਇੱਕ ਪ੍ਰਸਾਸ਼ਨਿਕ ਬਾਡੀ ਬਣਾਈ ਗਈ ਹੈ। ਜਿਹੜੀ ਕਿ ਯੋਜਨਾਬੱਧ ਤੇ ਇਲਾਕੇ ਦੇ ਭੂਗੋਲਿਕ ਹਾਲਤਾਂ ਅਨੁਸਾਰ ਕੰਮ ਕਰਦੀ ਹੈ। ਇੱਥੇ ਅਸੀਂ ਐਡਮਿੰਟਨ ਦੇ ਮਾਮਲੇ ਵਿੱਚ ਮਿਲਾਓ ਦੀ ਗੱਲ ਨਹੀਂ ਕਰਦੇ ਪਰ ਆਉਂਦੇ ਸਾਲਾਂ ਵਿੱਚ ਛੋਟੇ-ਵੱਡੇ ਸ਼ਹਿਰਾਂ ਦੀਆਂ ਮਿਊਂਸੀਪਲਟੀਆਂ ਇਸ ਤਰ੍ਹਾਂ ਇੱਕ ਦੂਜੇ ਵਿੱਚ ਆ ਵੜਨਗੀਆਂ ਕਿ ਇੱਕ ਮਿਊਂਸੀਪਲਟੀ ਦਾ ਫੈਸਲਾ ਦੂਜੀ ਨੂੰ ਪ੍ਰਭਾਵਿਤ ਕਰੇਗਾ। ਤੁਸੀਂ ਸੋਚੋ ਇਸ ਵੇਲੇ ਸ਼ੇਰਵੁੱਡ ਪਾਰਕ ਆਪਣੇ ਦੱਖਣੀ ਪਾਸੇ ਵਾਲੇ ਗੁਆਂਢੀ ਐਨਥਨੀ ਹਾਂਡੇ ਨਾਲੋਂ ਵੀ ਡਾਊਨਟਾਊਨ ਐਡਮਿੰਟਨ ਦੇ ਜ਼ਿਆਦਾ ਨੇੜੇ ਆ ਗਿਆ ਹੈ। ਜਿਨ੍ਹਾਂ ਨੇ ਹੁਣ ਤੱਕ ਇਸ ਸਮੱਸਿਆ ਬਾਰੇ ਨਹੀਂ ਸੋਚਿਆ ਸੀ ਉਹਨਾਂ ਨੂੰ ਹੁਣ ਗਰੇਟਰ ਐਡਮਿੰਟਨ ਰਿਜਨਲ ਮਿਊਂਸੀਪਲ ਪ੍ਰਸਾਸ਼ਨ ਬਾਰੇ ਸੋਚਣਾ ਚਾਹੀਦਾ ਹੈ।

## ਲੋਕਾਂ ਦੀ ਸੇਵਾ ਕਰਨ ਲਈ ਦ੍ਰਿੜ ਹਾਂ: ਹਾਰਵੇ ਪਨੇਸਰ

ਕਿਉਂਕਿ ਸਮੱਸਿਆ ਲੋਕਾਂ ਨੂੰ ਹੈ, ਇਸ ਲਈ ਇਸਦਾ ਸਹੀ ਹੱਲ ਵੀ ਲੋਕ ਹੀ ਦੱਸ ਸਕਦੇ ਹਨ। ਵਿੱਤੀ ਮਾਮਲਿਆਂ ਬਾਰੇ ਗੱਲ ਕਰਦਿਆਂ ਉਹਨਾਂ ਕਿਹਾ ਕਿ ਮੇਰਾ ਮੰਨਣਾ ਇਹ ਹੈ ਕਿ ਐਡਮਿੰਟਨ ਲਗਾਤਾਰ ਵਿਕਾਸ ਕਰਨ ਵਾਲਾ ਸ਼ਹਿਰ ਹੈ। ਸਾਨੂੰ ਨਿਵੇਸ਼ ਦੇ ਮਾਮਲੇ ਵਿੱਚ ਸਮਝਦਾਰੀ ਵਰਤਣੀ ਹੋਵੇਗੀ, ਫਿਰ ਸਭ ਤਰ੍ਹਾਂ ਦੀਆਂ ਸਮੱਸਿਆਵਾਂ ਹੱਲ ਹੋਣਗੀਆਂ। ਹਾਰਵੇ ਪਨੇਸਰ ਨੇ ਕਿਹਾ ਕਿ ਕਾਰਜ ਕਾਲ ਵਿੱਚ ਦੱਖਣੀ-ਪੂਰਬੀ ਐਲਆਰਟੀ ਪ੍ਰੋਜੈਕਟ ਪੂਰਾ ਕਰਨਾ ਮੇਰੀ ਪ੍ਰਾਪਤੀ ਹੋਵੇਗੀ। ਨਿਕਾਸ ਪ੍ਰਣਾਲੀ ਅਤੇ ਸੜਕਾਂ 'ਤੇ ਬਰਫ਼ ਹਟਾਉਣ ਸਬੰਧੀ ਸੁਵਿਧਾਵਾਂ ਵਿੱਚ ਵਾਧਾ ਕਰਨਾ ਵੀ ਮੇਰੀ ਤਰਜੀਹ ਵਿੱਚ ਸ਼ਾਮਲ ਹੋਵੇਗਾ। ਤੀਜੀ ਗੱਲ ਇਹ ਕਿ ਮੈਂ ਚਾਹੁੰਦਾ ਹਾਂ ਕਿ ਐਡਮਿੰਟਨ ਨੌਜਵਾਨ ਪੇਸ਼ੇਵਰਾਂ ਲਈ ਇੱਕ ਸਵਰਗ ਦੀ ਤਰ੍ਹਾਂ ਹੋਵੇ। ਉਹ ਇੱਥੇ ਰਹਿਣ ਅਤੇ ਲੋਕਾਂ ਲਈ ਕੰਮ ਕਰਨ ਇਹ ਮੇਰੀ ਇੱਛਾ ਹੈ। ਦੂਜਿਆਂ ਦੇ ਮੁਕਾਬਲੇ ਆਪਣੀ ਗੱਲ ਕਰਦਿਆਂ ਉਹਨਾਂ ਕਿਹਾ ਕਿ ਮੈਂ ਨਿਸਚਿਤ ਤੌਰ 'ਤੇ ਸਾਕਾਰਾਤਮਕ ਬਦਲ ਲੈ ਕੇ ਆਵਾਂਗਾ। ਮੇਰੇ ਵਿੱਚ ਉਹ ਸਮੱਰਥਾ ਹੈ ਕਿ ਮੈਂ ਵਾਰਡ ਦੇ ਲੋਕਾਂ ਦੇ ਹਿੱਤਾਂ ਦੀ ਰੱਖਿਆ ਲਈ ਲੜਾਈ ਲੜ ਸਕਦਾ ਹਾਂ।

TAMARACK COMMON

LIFE made Easy




MY DREAM COMMUNITY:

Schools ✓ Playground ✓
Shopping ✓ Sports Fields ✓
Gas Stations ✓ Restaurants ✓

Now Pre-selling!
Introducing Tamarack Common… A new South Edmonton community that makes life easy with shopping, schools and sports facilities close to home. Choose from a variety of lots and housing styles, and build to suit your budget. Tamarack Common will fulfill your dream now and as your family grows.

Choose from Three Builders!
Pacesetter Homes
Sterling Homes
Parkwood Master Buider

Located in South Edmonton




www.tamarackcommon.com

QUALICO Communities

ਫ਼ਿਲਮ

# ਨਾਬਰ

## ਹੱਕ ਇਨਸਾਫ਼ ਦੀ ਬਾਤ

ਹਰਜੀਤ ਤੇਜਾ ਸਿੰਘ
+91-94644-17200



ਜਦੋਂ ਆਪਣੇ ਅਤੇ ਸਰਬੱਤ ਦੇ ਭਲੇ ਵਿਚੋਂ ਇਕ ਹੀ ਚੁਣ ਸਕਣ ਦੀ ਚੁਣੌਤੀ ਤੁਹਾਡੇ ਸਾਹਮਣੇ ਆ ਖੜ੍ਹੇ ਤਾਂ ਤੁਸੀ ਕੀ ਚੁਣਦੇ ਹੋ ਅਤੇ ਆਪਣੀ ਇਸ ਚੋਣ ਦਾ ਕਿੰਨਾਂ ਕੁ ਮੁੱਲ ਤਾਰ ਸਕਦੇ ਹੋ !- ਪੰਜਾਬੀ ਬੰਦੇ ਦੇ ਸਾਹਮਣੇ ਆ ਖੜ੍ਹੇ ਇਸ ਸਵਾਲ ਨਾਲ ਜੂਝਦੇ ਬਾਪ ਦੀ ਕਹਾਣੀ ਹੈ ਫਿਲਮ 'ਨਾਬਰ'। ਆਪਣੇ ਵਿਸ਼ੇ ਦੀ ਚੋਣ ਤੋਂ ਹੀ ਫਿਲਮ ਪੰਜਾਬੀ ਫਿਲਮਾਂ ਦੀ ਉਸ ਰਵਾਇਤ ਨੂੰ ਤੋੜਦੀ ਹੈ ਜਿਹੜੀ ਪਰਦੇ 'ਤੇ, ਵਿਦੇਸ਼ੀਂ ਜਾ ਵਸੇ ਕਾਮਯਾਬ ਪੰਜਾਬੀਆਂ ਦੀ ਬਾਤ ਤਾਂ ਪਾਉਂਦੀ ਹੈ ਪਰ ਅਸਫਲਤਾ ਦੀ ਭੇਟ ਚੜ੍ਹੀਆਂ ਜ਼ਿੰਦਗੀਆਂ ਦੇ ਦੁੱਖ ਕਦੇ ਨਹੀਂ ਛੋਂਹਦੀ ਜਦ ਕਿ ਜ਼ਮੀਨੀ ਅਸਲੀਅਤ ਇਹ ਹੈ ਕਿ ਰੁਜ਼ਗਾਰ ਅਤੇ ਸੁਨਿਹਰੀ ਭਵਿੱਖ ਦੀ ਭਾਲ ਵਿਚ ਵਿਦੇਸ਼ਾਂ ਦਾ ਰੁਖ਼ ਕਰਨ ਵਾਲੇ ਪੰਜਾਬੀ ਨੌਜਵਾਨਾਂ ਵਿਚੋਂ ਕਾਮਯਾਬ ਘੱਟ ਪਰ ਨਕਲੀ ਏਜੰਟਾਂ ਦੇ ਢਹੇ ਚੜ੍ਹ ਕੇ ਤਬਾਹ ਹੋਣ ਵਾਲੇ ਬਹੁਤੇ ਹੁੰਦੇ ਹਨ। 'ਨਾਬਰ' ਉਨ੍ਹਾਂ ਬਹੁਤਿਆਂ ਵਿਚੋਂ ਇਕ ਨੌਜਵਾਨ ਦੇ ਸੂਰਬੀਰ ਪਿਤਾ ਦੀ ਕਹਾਣੀ ਹੈ। ਇਕ ਛੋਟਾ ਕਿਸਾਨ, ਸੁਰਜਨ, ਅਪਣੇ ਬੇਟੇ ਦੇ ਕਤਲ ਦੇ ਨਿਰੋਲ ਨਿੱਜੀ ਦੁੱਖ ਨੂੰ ਸਮਾਜਕ ਬੇਹਤਰੀ ਵਿਚ ਬਦਲਣ ਲਈ ਸੰਘਰਸ਼ ਦੇ ਰਾਹ ਪੈਂਦਾ ਹੈ ਤੇ ਰਾਹ ਵਿਚ ਆਉਣ ਵਾਲੀ ਹਰ ਔਕੜ ਨੂੰ 'ਸਿੱਧੇ ਮੱਥੇ' ਟੱਕਰਦਾ ਹੈ। ਜ਼ਿੰਦਗੀ ਦੇ ਹਰ ਪੱਧਰ 'ਤੇ, ਲੜਾਈ ਦੇ ਹਰ ਮੋੜ 'ਤੇ ਸਾਹ ਸੂਤ ਲੈਣ ਵਾਲੀਆਂ ਪਰਸਥਿਤੀਆਂ ਦੇ ਸਾਹਮਣੇ ਇਕ ਸੱਚੇ ਸੁੱਚੇ ਬੰਦੇ ਵਲੋਂ ਜਿੱਤਣ ਤਕ ਖੜ੍ਹੇ ਰਹਿਣ ਦੀ ਇਹ ਵਾਰਤਾ ਦਰਸ਼ਕ ਨੂੰ ਕੀਲ ਲੈਣ ਦੇ ਸਮਰੱਥ ਹੈ।




ਨਾ-ਸਿਰਫ਼ ਪੰਜਾਬੀ ਸਗੋਂ ਬਹੁਤੀਆਂ ਹਿੰਦੀ ਫਿਲਮਾਂ ਵਿਚ ਵੀ ਇਕ 'ਫਿਲਰ' ਤਕ ਘਟਾ ਦਿੱਤੇ ਗਏ ਔਰਤ ਕਿਰਦਾਰਾਂ ਦੇ ਐਨ ਉਲਟ ਇਸ ਫਿਲਮ ਵਿਚ ਆਉਣ ਵਾਲੇ ਔਰਤ ਕਿਰਦਾਰ ਨਾ ਸਿਰਫ ਕਹਾਣੀ ਨੂੰ ਨਿਰਣਾਇਕ ਰੂਪ ਵਿਚ ਪ੍ਰਭਾਵਤ ਕਰਦੇ ਹਨ ਸਗੋਂ ਫਿਲਮ ਦੀ ਨਾਇਕਾ ਸਾਬਤ ਕਰਦੀ ਹੈ ਕਿ ਅਸਲ ਵਿਚ ਪਿਆਰ ਦੇ ਮਾਅਨੇ ਹੁੰਦੇ ਕੀ ਹਨ ! ਇਸ ਪੱਖੋਂ 'ਨਾਬਰ' ਸ਼ਾਇਦ ਪੰਜਾਬੀ ਦੀ ਪਹਿਲੀ ਫਿਲਮ ਹੋਵੇ ਜਿਹੜੀ ਪਿਆਰ ਵਰਗੀ ਪਵਿੱਤਰ ਮਨੁੱਖੀ ਭਾਵਨਾ ਨੂੰ ਉਸ ਦੀ ਹਰ ਸੰਭਵ ਗਹਿਰਾਈ ਅਤੇ ਉਚਾਈ ਤਕ ਬਿਆਨਦੀ ਹੈ। ਇਸ ਫਿਲਮ ਨੂੰ ਜਸਬੀਰ ਸਿੰਘ ਡੇਰੇਵਾਲ ਨੇ 'ਹੈਂਡਜ਼ ਔਨ ਪਰੋਡਕਸ਼ਨਜ਼' ਦੇ ਨਾਂ ਹੇਠ ਬਣਾਇਆ ਹੈ। ਜਸਬੀਰ ਸਿੰਘ ਪਹਿਲਾਂ ਵੀ ਚੈਨਲ ਪੰਜਾਬ ਰਾਹੀਂ ਪੰਜਾਬੀ ਦੀ ਮੁੱਲਵਾਨ ਸੇਵਾ ਨਿਭਾ ਚੁੱਕੇ ਹਨ। ਇਸ ਫਿਲਮ ਦਾ ਸੰਗੀਤ ਚੰਨੀ ਸਿੰਘ ਯੂ.ਕੇ. ਨੇ ਦਿੱਤਾ ਹੈ। ਸਾਰਾ ਪੰਜਾਬੀ ਸੰਸਾਰ ਚੰਨੀ ਸਿੰਘ ਨੂੰ ਯੂ.ਕੇ. ਵਿਚ ਭੰਗੜਾ ਸੰਗੀਤ ਦੇ ਮੋਢੀ ਵਜੋਂ ਜਾਣਦਾ ਹੈ। ਚੰਨੀਂ ਸਿੰਘ ਪਹਿਲੇ ਏਸ਼ੀਅਨ ਹਨ ਜਿਨ੍ਹਾਂ ਨੂੰ ਸੰਗੀਤ ਦੀ ਸੇਵਾ ਲਈ ਇੰਗਲੈਂਡ ਦੀ ਮਹਾਰਾਣੀ ਵਲੋਂ ਵਿਸ਼ੇਸ਼ ਸਨਮਾਨ ਦਿੱਤਾ ਗਿਆ ਹੈ। ਇਸ ਫਿਲਮ ਤੋਂ ਪਹਿਲਾਂ ਚੰਨੀ ਸਿੰਘ ਨੂੰ ਦਰਸ਼ਕ, ਹਿੰਦੀ ਫਿਲਮਾਂ, ਵਿਸ਼ੇਸ਼ ਤੌਰ 'ਤੇ ਫਿਰੋਜ਼ ਖਾਨ ਦੀਆਂ ਕਿੰਨੀਆਂ ਹੀ ਹਿੱਟ ਫਿਲਮਾਂ ਦੇ ਸੰਗੀਤਕਾਰ ਵਜੋਂ ਸੁਣ ਤੇ ਮਾਣ ਚੁੱਕੇ ਹਨ। ਜਿੱਥੋਂ ਤਕ ਗਾਇਕੀ ਦਾ ਸਬੰਧ ਹੈ ਤਾਂ ਇਸ ਖੇਤਰ ਵਿਚ ਵੀ ਫਿਲਮ ਦੇ ਪਰੋਡਿਊਸਰ ਅਤੇ ਡਾਇਰੈਕਟਰ ਨਵੀਂ ਪਿਰਤ ਪਾਉਂਦੇ ਹਨ। ਜਿੱਥੇ ਦਰਸ਼ਕਾਂ ਨੇ ਪੰਜਾਬ ਦੇ ਸੂਫੀ ਗਾਇਕ ਬਰਕਤ ਸਿੱਧੂ ਨੂੰ ਪਹਿਲੀ ਵਾਰ ਪਿੱਠ-ਭੂਮੀ ਗਾਇਕ ਦੇ ਰੂਪ ਵਿਚ ਸੁਣਿਆ ਉਥੇ ਜੋਤੀ-ਨੂਰਾਂ ਦੀ ਜੋੜੀ ਵਿਚੋਂ ਵੀ ਇਕ ਲੜਕੀ ਨੇ ਪਹਿਲੀ ਵਾਰ ਫਿਲਮੀ ਸੰਗੀਤ ਵਿਚ ਹਾਜ਼ਰੀ ਲਵਾਈ। ਜਦ ਕਿ ਬਹੁਤੇ ਸੰਗੀਤ ਪ੍ਰੇਮੀਆਂ ਨੂੰ ਪਟਿਆਲਾ ਘਰਾਣੇ ਦੇ ਵੱਡੇ ਗੁਲਾਮ ਅਲੀ ਖਾਨ ਸਾਹਿਬ ਦੇ ਪੋਤਰੇ ਉਸਤਾਦ ਰਜ਼ਾ ਅਲੀ ਖਾਨ ਨੂੰ ਇਸ ਫਿਲਮ ਵਿਚ ਸੁਣਨਾ ਵੱਖਰਾ ਆਨੰਦ ਦੇ ਰਿਹਾ ਹੈ।

ਇਸ ਫਿਲਮ ਦਾ ਇਕ ਜਮ੍ਹਾਂ ਪਹਿਲੂ ਇਹ ਵੀ ਹੈ ਕਿ ਇਸ ਦੀ ਕਹਾਣੀ ਅਤੇ ਨਿਰਦੇਸ਼ਨ ਰਾਜੀਵ ਸ਼ਰਮਾ ਵਰਗੇ ਸੁਘੜ ਅਤੇ ਗੰਭੀਰ ਨਿਰਦੇਸ਼ਕ ਦਾ ਹੈ। ਰਾਜੀਵ ਸ਼ਰਮਾ 'ਅਪਣਾ ਪਾਸ਼' ਅਤੇ 'ਆਤੂ ਖੋਜੀ' ਫਿਲਮਾਂ ਰਾਹੀਂ ਪੰਜਾਬੀ ਸਿਨੇਮਾ ਵਿਚ ਅਪਣੀ ਕਾਬਲੀਅਤ ਦਾ ਲੋਹਾ ਪਹਿਲਾਂ ਵੀ ਮਨਵਾ ਚੁੱਕਿਆ ਹੈ। ਫਿਲਮ ਦੀ ਪਟ-ਕਥਾ ਅਤੇ ਸੰਵਾਦ, ਕਹਾਣੀਕਾਰ ਬਲਵਿੰਦਰ ਸਿੰਘ ਗਰੇਵਾਲ ਨੇ ਲਿਖੇ ਹਨ।

ਅਦਾਕਾਰੀ ਪੱਖੋਂ ਵੀ ਫਿਲਮ 'ਤੇ ਮਿਹਨਤ ਕੀਤੀ ਗਈ ਹੈ। ਥੀਏਟਰ ਦੇ ਉੱਘੇ ਕਲਾਕਾਰ ਹਰਦੀਪ ਗਿੱਲ, ਹਰਵਿੰਦਰ ਕੌਰ ਬਬਲੀ, ਸੁਰਿੰਦਰ ਸ਼ਰਮਾ, ਰਜਿੰਦਰ ਧਾਲੀਵਾਲ, ਗੌਰਵ ਵਿੱਜ, ਅਨੀਤਾ ਦੇਵਗਨ, ਗੀਤਾਂਜਲੀ ਗਿੱਲ ਅਤੇ ਤੇਜਿੰਦਰ ਧੀਰ ਨੇ ਆਪੋ ਆਪਣੀਆਂ ਭੂਮਿਕਾਵਾਂ ਖੂਬ ਨਿਭਾਈਆਂ ਹਨ। ਪੰਜਾਬ ਦੇ ਉੱਭਰ ਰਹੇ ਕਲਾਕਾਰ ਰਾਜ ਅਤੇ ਜਤਿੰਦਰ ਸ਼ਰਮਾ ਵੀ ਮਹੱਤਵਪੂਰਨ ਭੂਮਿਕਾ ਵਿਚ ਨਜ਼ਰ ਆ ਰਹੇ ਹਨ। ਫਿਲਮ ਦੀ ਵਿਸ਼ੇਸ਼ ਖਿੱਚ ਇਸ ਦਾ ਨਾਇਕ 'ਤੇਰੀ ਫੋਟੋ ਕਿਓਂ ਨੀ ਭਗਤ ਸਿਆਂ ਲਗਦੀ ਨੋਟਾਂ ਤੇ', ਗਾ ਕੇ ਪ੍ਰਸਿੱਧੀ ਪ੍ਰਾਪਤ ਕਰਨ ਵਾਲਾ ਗਾਇਕ ਨਿਸ਼ਾਨ ਭੁੱਲਰ ਹੈ। ਪੰਜਾਬੀ ਦੇ ਪ੍ਰਸਿੱਧ ਕਾਮੇਡੀਅਨ ਰਾਣਾ ਰਣਬੀਰ ਦੀ ਅਦਾਕਾਰੀ ਨਿਸ਼ਚਤ ਹੀ ਪੰਜਾਬੀ ਕਾਮੇਡੀ ਵਿਚ ਵਿਲੱਖਣ ਅਧਿਆਇ ਜੋੜਦੀ।



ਫ਼ਿਲਮ ਨਾਬਰ ਦੇ ਡਾਇਰੈਕਟਰ ਰਾਜੀਵ ਸ਼ਰਮਾ

ਇਸ ਫਿਲਮ ਤੋਂ ਇਹ ਉਮੀਦ ਬੱਝਦੀ ਹੈ ਕਿ ਇਹ ਪੰਜਾਬੀ ਸਿਨੇਮੇ ਵਿਚ ਗੰਭੀਰ ਅਤੇ ਕਮਰਸ਼ੀਅਲ ਸਿਨੇਮੇ ਦਾ ਇਕ ਮੁੱਲਵਾਨ ਸੁਮੇਲ ਸਿੱਧ ਹੋਵੇਗੀ ਅਤੇ ਪੰਜਾਬੀ ਫਿਲਮਾਂ ਵਿਚ ਵਿਸ਼ਿਆਂ ਦੇ ਦੁਹਰਾਅ ਦਾ ਜਮੂਦ ਵੀ ਟੁੱਟੇਗਾ। ਅੱਤ ਦੀਆਂ ਔਖੀਆਂ ਘੜੀਆਂ 'ਚ ਪੰਜਾਬੀ ਬੰਦੇ ਦੀ ਜਿਊਣ ਸ਼ਕਤੀ ਦਾ ਪ੍ਰਦਰਸ਼ਨ ਇਸ ਫਿਲਮ ਦਾ ਸਿਖਰਲਾ ਹਾਸਲ ਹੈ।


Royal
Royal Executive Homes
Executive Homes
TOWN HOUSES IN WILDWOOD
HURRY ONLY 3 LEFT
Available from 1232 sq ft. to 1589 sq ft. with attached Single and Double Garage. Starting price: $ 309,900
PRICE REDUCED
Now only $289,900
Excellent Location
Close to all Amenities
Transit Access
Affordable Prices
Future Rec Center
Close to white Mud & Anthony Henday
5 Appliances & Fully Landscaped
10 Year Home Warranty
Granite Counter Top & Maple Kitchen
Whitemud
Anthony Henday
19th St.
Commercial Land
17th St.
34th Ave
FUTURE SHOPPING CENTER
23rd Ave
SHOW HOME OPEN
NOW
For Show Home Hours:
Contact 780-965-7390
Wild Wood
TOWN HOUSES
1820, 34th Ave
Edmonton.
780-965-7390
780-906-4497
royalexecutivehomes@hotmail.com
Jessy Parihar
Ranjit Deol
Call
Sales Contact :
Roohi@ 780-905-6970 OR
Kul Bhatia @ 780-266-5500

SOHAIL QUADRI, MLA
EDMONTON - MILL WOODS

# WISHING YOU A HAPPY DURGA PUJA & DUSSHERA

ਦੁਰਗਾ ਪੂਜਾ ਤੇ ਦੁਸ਼ਹਿਰੇ ਦੀਆਂ ਲੱਖ-ਲੱਖ ਵਧਾਈਆਂ

শারদীয়ার প্রীতি শুভেচ্ছা

Committees and Councils the MLA is a member of:
- Deputy Chair for Select Special Chief Electoral Officer Search Committee
- Standing Committee on Alberta's Economic Future
- Standing Committee on Legislative Offices
- Standing Committee on Public Accounts
- Private Members Business Committee
- Montana – Alberta Bilateral Advisory Council
- Results Based Budgeting – Economic Development Challenge Panel

Sohail Quadri, MLA
Edmonton – Mill Woods Constituency Office
# 101, 9807 - 34 Ave Edmonton, AB, T6E 5X9
Ph: 780-414-1000 edmonton.millwoods@assembly.ab.ca



BRIDGEPORT HOMES LTD.

BEST PRICES IN TOWN
WE ASSURE BEATING MARKET PRICE

Now New Homes in wildwood crs (South Edmonton)
loaded with Upgrades & Ready to Move

Special Offer $350000.00 only

2 Car Detached Garage
Homes only in $350000.00



ਵਧੀਆ ਕੀਮਤਾਂ ਅਤੇ ਭਰੋਸੇਮੰਦ ਸੇਵਾਵਾਂ ਲਈ
ਅੱਜ ਹੀ ਡੌਲੀ ਚੌਹਾਨ ਨਾਲ
780-935-7718 'ਤੇ ਗੱਲਬਾਤ ਕਰੋ

Fully Upgraded 2300 Sq. Ft. Homes to be Built with your own choice of Interior only in $470000 .00

3000 Sq. Ft. Homes loaded with Upgrades & ready to move in only $569999.00 for limited time

For more information Call: DOLLY CHAUHAN @ 780-935-7718